

Ray Dhaliwal
Real Estate Broker

# Moving to Indiana?

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 49; December 9, 2023



Email:punjabtimes1@gmail.com
www.punjabtimesusa.com
20451 N. Plum Grove Rd., Palatine, IL 60074
Ph:847-359-0746, Fax:847-705-9388


# ਚੋਣ ਨਤੀਜਿਆਂ ਨਾਲ ਭਾਜਪਾ ਦੇ ਹੌਸਲੇ ਬੁਲੰਦ

## ਕਾਂਗਰਸ ਨੂੰ ਤਕੜਾ ਝਟਕਾ; 'ਆਪ' ਦੀ ਝੋਲੀ ਖਾਲੀ

**ਚੰਡੀਗੜ੍ਹ:** ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਅਤੇ ਮਿਜ਼ੋਰਮ ਦੀਆਂ ਵਿਧਾਨ ਸਭਾ ਚੋਣਾਂ ਨੇ ਸਿਆਸੀ ਮਾਹਿਰਾਂ ਦੀਆਂ ਗਿਣਤੀਆਂ-ਮਿਣਤੀਆਂ ਹਿਲਾ ਕੇ ਰੱਖ ਦਿੱਤੀਆਂ ਹਨ। ਇਹ ਚੋਣ ਨਤੀਜੇ ਅਗਲੇ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਬਾਰੇ ਵੀ ਵੱਡੇ ਸੰਕੇਤ ਦੇ ਗਏ ਹਨ। ਚੋਣ ਨਤੀਜੇ ਇਹ ਵੀ ਇਸ਼ਾਰਾ ਕਰ ਗਏ ਹਨ ਕਿ ਭਾਜਪਾ ਦੇ ਟਾਕਰੇ ਲਈ ਵਿਰੋਧੀਆਂ ਧਿਰਾਂ ਵੱਲੋਂ ਹੋ ਰਹੀਆਂ ਕੋਸ਼ਿਸ਼ਾਂ ਸਹੀ ਦਿਸ਼ਾ ਵੱਲ ਨਹੀਂ ਹਨ। ਭਾਜਪਾ ਨੇ ਤਿੰਨ ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ 'ਚ ਜਿੱਤ ਦਰਜ ਕੀਤੀ ਹੈ ਜਦਕਿ ਤਿਲੰਗਾਨਾ ਵਿਚ ਕਾਂਗਰਸ ਨੇ ਬੀ.ਆਰ.ਐਸ. ਨੂੰ ਸੱਤਾ 'ਚੋਂ ਬਾਹਰ ਕਰ ਦਿੱਤਾ ਹੈ। ਮਿਜ਼ੋਰਮ ਵਿਚ ਆਈ.ਪੀ.ਐਸ. ਅਧਿਕਾਰੀ ਤੋਂ ਸਿਆਸਤਦਾਨ ਬਣੇ ਲਾਲਦੂਹੋਮਾ ਦੀ ਅਗਵਾਈ ਵਾਲੇ ਛੇ ਖੇਤਰੀ ਪਾਰਟੀਆਂ ਦੇ ਗੱਠਜੋੜ ਤੋਂ ਬਣੀ ਜ਼ੋਰਮ ਪੀਪਲਜ਼ ਮੂਵਮੈਂਟ (ਜ਼ੈਡ.ਪੀ.ਐਮ.) ਨੇ ਸੱਤਾਧਾਰੀ ਪਾਰਟੀ ਮਿਜ਼ੋ ਨੈਸ਼ਨਲ ਫਰੰਟ (ਐਮ.ਐਨ.ਐਫ਼.) ਨੂੰ ਹਰਾ ਕੇ ਸੱਤਾ ਉਤੇ ਕਬਜ਼ਾ ਕਰ ਲਿਆ ਹੈ।

ਇਨ੍ਹਾਂ ਨਤੀਜਿਆਂ ਨੇ ਸਭ ਤੋਂ ਵੱਡਾ ਝਟਕਾ ਆਮ ਆਦਮੀ ਪਾਰਟੀ (ਆਪ) ਨੂੰ ਦਿੱਤਾ ਹੈ ਅਤੇ ਕੇਂਦਰੀ ਸੱਤਾ ਵੱਲ ਪੈਰ ਵਧਾਉਣ ਦੀਆਂ ਕੋਸ਼ਿਸ਼ ਕਰ ਰਹੀ ਇਸ ਧਿਰ ਦੇ ਸਾਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ। ਚੋਣ ਕਮਿਸ਼ਨ ਦੇ ਅੰਕੜੇ ਦੱਸਦੇ ਹਨ ਕਿ ਆਪ ਨੂੰ ਨੋਟਾ (ਕਿਸੇ ਨੂੰ ਵੋਟ ਨਹੀਂ) ਤੋਂ ਵੀ ਘੱਟ ਵੋਟਾਂ ਪਈਆਂ। ਅੰਕੜੇ ਦੱਸਦੇ ਹਨ ਕਿ ਆਪ ਦੇ ਜ਼ਿਆਦਾਤਰ ਉਮੀਦਵਾਰਾਂ ਤੋਂ ਆਜ਼ਾਦ ਖੜ੍ਹੇ ਉਮੀਦਵਾਰ ਵੀ ਵੱਧ ਵੋਟਾਂ ਲੈ ਗਏ। ਰਾਜਧਾਨੀ ਦਿੱਲੀ ਤੇ ਪੰਜਾਬ ਵਿਚ ਵੱਡੇ ਬਹੁਮਤ ਨਾਲ ਸੱਤਾ ਵਿਚ ਕਾਬਜ਼ ਹੋ ਕੇ ਕੌਮੀ ਪਾਰਟੀ ਦਾ ਦਰਜਾ ਹਾਸਲ ਕਰਨ ਵਾਲੀ ਇਸ ਧਿਰ ਨੂੰ ਕਿਤੇ ਪੈਰ ਰੱਖਣ ਜੋਗੀ ਜਗ੍ਹਾ ਨਹੀਂ ਮਿਲੀ। ਨਤੀਜਿਆਂ ਅਨੁਸਾਰ ਮੱਧ ਪ੍ਰਦੇਸ਼ ਵਿਚ ਇਸ ਧਿਰ ਨੂੰ 0.51 ਫ਼ੀਸਦ ਵੋਟਾਂ ਪਈਆਂ ਹਨ, ਜਦਕਿ ਨੋਟਾ ਨੂੰ 0.98 ਫ਼ੀਸਦ ਵੋਟ ਪਈ ਹੈ। ਛੱਤੀਸਗੜ੍ਹ ਵਿਚ 'ਆਪ' ਨੂੰ 0.93 ਫ਼ੀਸਦ ਤੇ ਨੋਟਾ ਨੂੰ 1.26 ਫ਼ੀਸਦ ਅਤੇ ਰਾਜਸਥਾਨ ਵਿਚ 'ਆਪ' ਨੂੰ 0.38 ਫ਼ੀਸਦ ਤੇ ਨੋਟਾ ਨੂੰ 0.96 ਫ਼ੀਸਦ ਵੋਟਾਂ ਪਈਆਂ ਹਨ।



### ਕਾਂਗਰਸ ਨੂੰ ਵੋਟ ਪ੍ਰਤੀਸ਼ਤ ਉਤੇ ਤਸੱਲੀ

**ਨਵੀਂ ਦਿੱਲੀ:** ਮੱਧ ਪ੍ਰਦੇਸ, ਛੱਤੀਸਗੜ੍ਹ ਅਤੇ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੇ ਪ੍ਰਦਰਸ਼ਨ ਨੂੰ ਨਿਰਾਸ਼ਾਜਨਕ ਦੱਸਦੇ ਹੋਏ ਕਾਂਗਰਸ ਨੇ ਕਿਹਾ ਕਿ ਭਾਵੇਂ ਨਤੀਜੇ ਉਸ ਦੀਆਂ ਉਮੀਦਾਂ ਮੁਤਾਬਕ ਨਹੀਂ ਆਏ ਪਰ ਵੋਟ ਪ੍ਰਤੀਸ਼ਤ ਦੇ ਮਾਮਲੇ ਵਿਚ ਉਹ ਭਾਜਪਾ ਤੋਂ ਜ਼ਿਆਦਾ ਦੂਰ ਨਹੀਂ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਵੋਟ ਪ੍ਰਤੀਸ਼ਤ ਦੇ ਇਸ ਅੰਤਰ ਨੂੰ ਖਤਮ ਕੀਤਾ ਜਾ ਸਕਦਾ ਹੈ। ਰਮੇਸ਼ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉਤੇ ਪੋਸਟ ਕੀਤਾ, 'ਛੱਤੀਸਗੜ੍ਹ 'ਚ ਭਾਜਪਾ ਨੂੰ 46.3 ਫੀਸਦੀ ਅਤੇ ਕਾਂਗਰਸ ਨੂੰ 42.2 ਫੀਸਦੀ ਵੋਟਾਂ ਮਿਲੀਆਂ ਹਨ। ਮੱਧ ਪ੍ਰਦੇਸ ਵਿਚ ਭਾਜਪਾ ਨੂੰ 48.6 ਫੀਸਦੀ ਅਤੇ ਕਾਂਗਰਸ ਨੂੰ 40.4 ਫੀਸਦੀ ਵੋਟਾਂ ਮਿਲੀਆਂ ਹਨ। ਰਾਜਸਥਾਨ ਵਿਚ ਭਾਜਪਾ ਨੂੰ 41.7 ਫੀਸਦੀ ਅਤੇ ਕਾਂਗਰਸ ਨੂੰ 39.5 ਫੀਸਦੀ ਵੋਟਾਂ ਮਿਲੀਆਂ ਹਨ।

ਆਪ ਦੇ ਇਸ ਹਸ਼ਰ ਉਤੇ ਸਿਆਸੀ ਮਾਹਿਰ ਵੀ ਹੈਰਾਨ ਹਨ। ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਵਿਚ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਨੇ ਦਰਜਨਾਂ ਚੋਣ ਰੈਲੀਆਂ ਕੀਤੀਆਂ। ਇਸ ਤੋਂ ਇਲਾਵਾ ਪੰਜਾਬ ਤੇ ਦਿੱਲੀ ਦੇ ਕਈ ਕੈਬਨਿਟ ਮੰਤਰੀਆਂ ਤੇ ਦਰਜਨਾਂ ਵਿਧਾਇਕਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ ਸਨ ਪਰ ਪੱਲੇ ਕੱਖ ਨਾ ਪਿਆ। ਇਹ ਚੋਣ ਨਤੀਜੇ ਇਹ ਵੀ ਸਾਫ ਕਰ ਗਏ ਹਨ ਕਿ ਜਨਤਾ ਨੂੰ 'ਆਪ' ਦੀਆਂ ਮੁਫਤ ਗਰੰਟੀਆਂ ਤੇ ਦਿੱਲੀ-ਪੰਜਾਬ ਵਿਚ ਸੱਤਾ ਦੇ ਤੌਰ-ਤਰੀਕੇ ਬਾਹਲੇ ਪਸੰਦ ਨਹੀਂ ਆਏ।

ਯਾਦ ਰਹੇ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਪ ਇਕਪਾਸੜ ਜਿੱਤ ਦਰਜ ਕਰ ਕੇ ਸੱਤਾ ਵਿਚ ਆਈ ਸੀ। ਇਸ ਤੋਂ ਬਾਅਦ ਗੋਆ ਤੇ ਗੁਜਰਾਤ ਵਿਧਾਨ ਸਭਾ ਵਿਚ ਆਪਣਾ ਖਾਤਾ ਖੋਲ੍ਹਣ ਵਿਚ ਸਫਲ ਰਹੀ। ਇਨ੍ਹਾਂ ਚੋਣਾਂ ਵਿਚ ਆਪ ਨੇ ਪੰਜਾਬ ਤੇ ਦਿੱਲੀ ਵਿਚ ਮੁਫਤ ਗਰੰਟੀਆਂ ਨੂੰ ਖ਼ੂਬ ਪ੍ਰਚਾਰਿਆ ਸੀ। ਆਪ ਉਤੇ ਦੋਸ਼ ਲੱਗ ਰਹੇ ਹੈ ਕਿ ਇਨ੍ਹਾਂ ਸੂਬਿਆਂ ਵਿਚ ਚੋਣ ਪ੍ਰਚਾਰ ਉਤੇ ਪੰਜਾਬ ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ 500 ਕਰੋੜ ਰੁਪਏ ਇਸ਼ਤਿਹਾਰਾਂ 'ਤੇ ਖਰਚ ਦਿੱਤੇ। ਪੰਜਾਬ ਦੇ ਹੈਲੀਕਾਪਟਰ ਦੀ ਚੋਣ ਪ੍ਰਚਾਰ ਵਿਚ ਖੁੱਲ੍ਹ ਕੇ ਵਰਤੋਂ ਕੀਤੀ ਗਈ ਪਰ ਇੰਨੇ ਖਰਚੇ ਅਤੇ ਕੋਸ਼ਿਸ਼ਾਂ ਦੇ ਬਾਵਜੂਦ ਪੱਲੇ ਕੱਖ ਨਹੀਂ ਪਿਆ। 'ਆਪ' ਦੀ ਤਿੰਨੋਂ ਸੂਬਿਆਂ ਵਿਚ ਹੋਈ ਕਰਾਰੀ ਹਾਰ ਦਾ ਅਸਰ ਆਗਾਮੀ ਲੋਕ ਸਭਾ ਚੋਣਾਂ 'ਤੇ ਪੈਣਾ ਤੈਅ ਹੈ। ਸਿਆਸੀ ਮਾਹਿਰ ਦੱਸਦੇ ਹਨ ਕਿ ਜੇਕਰ ਆਮ ਆਦਮੀ ਪਾਰਟੀ 'ਇੰਡੀਅਨ ਨੈਸ਼ਨਲ ਡਿਵੈਲਪਮੈਂਟਲ


*(ਬਾਕੀ ਸਫਾ 6 'ਤੇ)*


# ਰਾਜੋਆਣਾ ਨੇ ਜੇਲ੍ਹ 'ਚ ਭੁੱਖ ਹੜਤਾਲ ਸ਼ੁਰੂ ਕੀਤੀ



**ਪਟਿਆਲਾ:** 27 ਸਾਲਾਂ ਤੋਂ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਨੇ ਆਪਣੇ ਐਲਾਨ ਮੁਤਾਬਕ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਰਾਜੋਆਣਾ ਮੰਗ ਕਰ ਰਿਹਾ ਹੈ ਕਿ 12 ਸਾਲ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਸ ਦੀ ਫਾਂਸੀ ਦੀ ਸਜਾ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਰਾਸ਼ਟਰਪਤੀ ਕੋਲ ਦਾਇਰ ਕੀਤੀ ਰਹਿਮ ਦੀ ਅਪੀਲ ਵਾਪਸ ਕਰਵਾਈ ਜਾਵੇ। ਹਾਲਾਂਕਿ ਇਹ ਪਟੀਸ਼ਨ ਵਾਪਸ ਲੈਣ ਤੋਂ ਇਨਕਾਰ ਕਰਦੀਆਂ ਸ਼੍ਰੋਮਣੀ ਕਮੇਟੀ ਨੇ 20 ਦਸੰਬਰ ਨੂੰ ਦਿੱਲੀ ਵਿਚ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਪ੍ਰਦਰਸ਼ਨ ਕਰਨ ਦਾ ਐਲਾਨ ਵੀ ਕੀਤਾ ਹੈ।

ਦੱਸਣਯੋਗ ਹੈ ਕਿ ਰਾਜੋਆਣਾ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਕ ਪੱਤਰ ਭੇਜ ਕੇ ਆਖਿਆ ਗਿਆ ਸੀ ਕਿ ਉਹ 5 ਦਸੰਬਰ ਤੋਂ ਪਹਿਲਾਂ ਉਸ ਦੀ ਫਾਂਸੀ ਦੀ ਮੁਆਫੀ ਸਬੰਧੀ ਰਾਸ਼ਟਰਪਤੀ ਕੋਲ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਵਾਪਸ ਲੈ ਲੈਣ ਨਹੀਂ ਤਾਂ ਉਹ ਭੁੱਖ ਹੜਤਾਲ ਸ਼ੁਰੂ ਕਰੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਗਈ ਸੀ। ਮੀਟਿੰਗ ਵਿਚ ਪੰਥਕ ਨੁਮਾਇੰਦਿਆਂ ਦੇ ਵਿਚਾਰਾਂ ਨੂੰ ਧਿਆਨ ਵਿਚ ਰੱਖਦੇ


*(ਬਾਕੀ ਸਫਾ 6 'ਤੇ)*



# One stop shop for all your taxi needs

**The Friendly Group Ltd.**
**Chelsea Taxi Brokers**
Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
* *Medallion transfers*
* *Accident claims*
* *Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# 'ਲੋਕ ਕੀ ਕਹਿਣਗੇ!' 2023 ਪ੍ਰੋਗਰਾਮ ਵਿਚ ਭਰਪੂਰ ਹਾਜ਼ਰੀ

## ਸਮਾਜਿਕ ਰਿਸ਼ਤਿਆਂ ਦਾ ਦਿਮਾਗੀ ਸਿਹਤ 'ਤੇ ਪ੍ਰਭਾਵ' ਵਿਸ਼ੇ 'ਤੇ ਹੋਈ ਚਰਚਾ











ਕੈਲਗਰੀ ਵਿਮੈਨ ਕਲਚਰਲ ਐਸੋਸੀਏਸ਼ਨ ਵਲੋਂ ਸਲਾਨਾ ਈਵੈਂਟ 'ਲੋਕ ਕੀ ਕਹਿਣਗੇ!' 26 ਨਵੰਬਰ ਦਿਨ ਐਤਵਾਰ ਨੂੰ ਟੈਂਪਲ ਕਮਿਊਨਿਟੀ ਹਾਲ ਵਿਚ ਕੀਤਾ ਗਿਆ। ਇਸ ਈਵੈਂਟ ਦਾ ਵਿਸ਼ਾ 'ਸਮਾਜਿਕ ਰਿਸ਼ਤਿਆਂ ਦਾ ਦਿਮਾਗੀ ਸਿਹਤ 'ਤੇ ਪ੍ਰਭਾਵ' ਸੀ। ਪਹਿਲਾਂ ਇਸ ਵਿਸ਼ੇ 'ਤੇ ਮਾਹਿਰਾਂ ਨੇ ਵਿਚਾਰ ਸਾਂਝੇ ਕੀਤੇ ਅਤੇ ਬਾਅਦ ਵਿਚ ਹਾਜ਼ਰ ਦਰਸ਼ਕਾਂ ਨੇ ਵਿਚਾਰ ਚਰਚਾ ਵਿਚ ਭਾਗ ਲਿਆ।

ਸਟੇਜ ਦਾ ਸੰਚਾਲਨ ਸਭਾ ਦੇ ਕੋਆਰਡੀਨੇਟਰ ਗੁਰਚਰਨ ਥਿੰਦ ਨੇ ਕੀਤਾ। ਉਨ੍ਹਾਂ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਅਤੇ ਸਮਾਗਮ ਦੀ ਰੂਪ-ਰੇਖਾ ਦੱਸਦਿਆਂ ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ, ਵਿਸ਼ਾ ਮਾਹਿਰ ਸ਼੍ਰੀਮਤੀ ਬੇਲਾ ਗੁਪਤਾ ਅਤੇ ਮਿਸਟਰ ਸੱਜਾਦ ਮਿਰਜ਼ਾ ਨੂੰ ਮੰਚ 'ਤੇ ਬੈਠਣ ਦਾ ਸੱਦਾ ਦਿੱਤਾ। ਸੁਰਿੰਦਰ ਸੰਧੂ ਦੁਆਰਾ ਸ਼ਬਦ ਗਾਇਨ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਉਪਰੰਤ ਸਿਟੀ ਕਾਂਊਂਸਲਰ ਰਾਜ ਧਾਲੀਵਾਲ ਨੇ ਇਸ ਸਮਾਗਮ ਦੀ ਸਾਰਥਿਕਤਾ ਬਾਰੇ ਗੱਲ ਕੀਤੀ ਅਤੇ ਸਭਾ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਸਭਾ ਦੇ ਪ੍ਰਧਾਨ ਅਤੇ ਐਗਜ਼ੈਕਟਿਵ ਮੈਂਬਰਾਂ ਨਾਲ ਮਿਲ ਕੇ ਜਾਪਾਨੀ ਮੂਲ ਦੀ ਔਰਤ 'ਕੈਂਡਰਾ ਓਹਾਮਾ' ਨੂੰ 'ਕਰੈਜ ਐਂਡ ਪ੍ਰਸੀਵੀਐਂਸ' ਅਵਾਰਡ ਨਾਲ ਸਨਮਾਨਤ ਕੀਤਾ। 'ਕੈਂਡਰਾ ਓਹਾਮਾ' ਨੂੰ ਇਹ ਸਨਮਾਨ ਉਨ੍ਹਾਂ ਦੇ 16 ਸਾਲ ਦੀ ਉਮਰ ਵਿਚ ਅਪਾਹਜ ਹੋ ਜਾਣ ਦੇ ਬਾਵਜੂਦ ਉੱਚ ਦਰਜੇ ਦੀ ਖਿਡਾਰਨ ਵਜੋਂ ਪੈਰਾਓਲਿੰਪਿਕਸ ਵਿਚ ਜਿੱਤਾਂ ਪ੍ਰਾਪਤ ਕਰਨ ਅਤੇ ਕਾਮਯਾਬ ਗੋਲਡਸਮਿੱਥ ਬਿਜ਼ਨਸ ਵਿਮੈਨ ਬਣਨ ਲਈ ਪ੍ਰਦਾਨ ਕੀਤਾ ਗਿਆ।

ਉਪਰੰਤ ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਸਾਲ 2023 ਦੀ ਸਭਾ ਦੀ ਸਾਲਾਨਾ ਰਿਪੋਰਟ ਪੜ੍ਹੀ। ਪਹਿਲੇ ਵਿਸ਼ਾ ਮਾਹਿਰ ਸੱਜਾਦ ਮਿਰਜ਼ਾ, ਜੋ 'ਪੰਜਾਬੀ ਕਮਿਊਨਿਟੀ ਹੈਲਥ ਸੈਂਟਰ' (ਪੀ ਸੀ ਐੱਚ ਐੱਸ) ਵਿਚ ਕਾਊਂਸਲਰ ਵਜੋਂ ਸੇਵਾ ਨਿਭਾ ਰਹੇ ਹਨ, ਨੇ ਵਿਅਕਤੀ ਦੀ ਮਾਨਸਿਕ ਸਿਹਤ ਸਬੰਧੀ ਅਤੇ ਉਸ ਉਪਰ ਆਪਸੀ ਰਿਸ਼ਤਿਆਂ ਦਾ ਨਿਭਾਅ ਕਿਵੇਂ ਅਸਰ ਕਰਦਾ ਹੈ, ਬਾਰੇ ਜਾਣਕਾਰੀ ਸਾਂਝੀ ਕੀਤੀ। ਉਪਰੰਤ ਕੈਲਗਰੀ ਇਮੀਗ੍ਰੈਂਟ ਵਿਮੇਨ ਐਸੋਸੀਏਸ਼ਨ (ਸੀਵਾ) ਵਿਖੇ ਕਮਿਊਨਿਟੀ ਦੀਆਂ ਇਮੀਗ੍ਰੈਂਟ ਔਰਤਾਂ ਦੀਆਂ ਸਮੱਸਿਆਵਾਂ ਸੁਲਝਾ ਰਹੇ ਸ਼੍ਰੀਮਤੀ ਬੇਲਾ ਗੁਪਤਾ ਨੇ ਆਪਣੇ ਨਿੱਜੀ ਤਜਰਬਿਆਂ ਦੀਆਂ ਉਦਾਹਰਣਾਂ ਨਾਲ ਰਿਸ਼ਤਿਆਂ ਦੀਆਂ ਉਲਝੀਆਂ ਤੰਦਾਂ ਦੇ ਔਰਤਾਂ, ਮਰਦਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਮਾਨਸਿਕ ਸਿਹਤ 'ਤੇ ਪੈਣ ਵਾਲੇ ਪ੍ਰਭਾਵ ਦੀ ਗੱਲ ਕੀਤੀ। ਦੂਸਰੇ ਸੈਸ਼ਨ ਵਿਚ ਹਾਜ਼ਰ ਸ੍ਰੋਤਿਆਂ ਨੂੰ ਵਿਚਾਰ ਚਰਚਾ ਵਿਚ ਸ਼ਾਮਲ ਕਰਨ ਲਈ ਵਾਲੰਟੀਅਰਜ਼ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ।

ਇਸ ਸਮੇਂ ਦੌਰਾਨ ਐਮ.ਐਲ.ਏ. ਇਰਫਾਨ ਸਾਬਿਰ, ਐਮ.ਐਲ.ਏ. ਪਰਮੀਤ ਸਿੰਘ, ਐਮ.ਐਲ.ਏ. ਗੁਰਿੰਦਰ ਬਰਾੜ ਨੇ ਸੰਬੋਧਨ ਕੀਤਾ ਅਤੇ ਸਭਾ ਦੀ ਭਰਪੂਰ ਸ਼ਲਾਘਾ ਕੀਤੀ। ਇਨ੍ਹਾਂ ਕਮਿਊਨਿਟੀ ਪਤਵੰਤਿਆਂ ਦੀ ਸ਼ਮੂਲੀਅਤ ਨਾਲ ਸਭਾ ਦੇ ਪ੍ਰਧਾਨ ਅਤੇ ਐਗਜ਼ੈਕਟਿਵ ਮੈਂਬਰਾਂ ਵਲੋਂ ਸਭਾ ਦੇ ਸੀਨੀਅਰ ਮੈਂਬਰ ਕੁਲਦੀਪ ਕੌਰ ਘਟੌੜਾ ਅਤੇ ਜੋਗਿੰਦਰ ਕੌਰ ਪੂਰਬਾ ਨੂੰ ਉਨ੍ਹਾਂ ਦੇ ਆਪਣੇ ਪਰਿਵਾਰ ਅਤੇ ਕਮਿਊਨਿਟੀ ਪ੍ਰਤੀ ਪਾਏ ਯੋਗਦਾਨ ਲਈ 'ਅਪ੍ਰੀਸੀਏਸ਼ਨ ਐਂਡ ਰੈਕੋਗਨੀਸ਼ਨ' ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਦੂਸਰੇ ਸੈਸ਼ਨ ਦੀ ਸ਼ੁਰੂਆਤ ਜਤਿੰਦਰ ਪੇਲੀਆ, ਹਰਬੰਸ ਪੇਲੀਆ ਅਤੇ ਦਵਿੰਦਰ ਘੋਤਰਾ ਵਲੋਂ ਗਾਏ ਲੋਕ ਗੀਤ ਨਾਲ ਹੋਈ। ਚਰਨਜੀਤ ਬਾਜਵਾ ਨੇ ਗੀਤ 'ਇਹ ਗੋਰੀ ਚਿੱਟੀ ਏ ਇਹਦਾ ਰੰਗ ਸੰਧੂਰੀ ਏ, ਇਹਨੂੰ ਮੈਲੀ ਨਾ ਕਰਿਓ ਮੇਰੇ ਪੰਜਾਬ ਦੀ ਮਿੱਟੀ ਏ।' ਪੇਸ਼ ਕਰ ਤਾੜੀਆਂ ਦੀ ਦਾਦ ਖੱਟੀ। ਇਸੇ ਦੌਰਾਨ ਮਾਹਿਰਾਂ ਨੇ ਸਰੋਤਿਆਂ ਵਲੋਂ ਪੁੱਛੇ ਗਏ ਸੁਆਲਾਂ, ਖ਼ਦਸ਼ਿਆਂ ਤੇ ਵਿਚਾਰਾਂ ਨੂੰ ਸੁਣਿਆ ਅਤੇ ਜੁਆਬੀ ਰੂਪ ਵਿਚ ਆਪਣੇ ਵਿਚਾਰ ਸਾਂਝੇ ਕੀਤੇ। ਗੁਰਬਚਨ ਸਿੰਘ ਬਰਾੜ, ਬਲਬੀਰ ਗੋਰਾ, ਬਚਿੱਤਰ ਸਿੰਘ, ਉਰਮਿਲਾ ਸ਼ਰਮਾ, ਪ੍ਰੋਮਿਲਾ ਸ਼ਰਮਾ ਅਤੇ ਇੰਦਰਜੀਤ ਮਾਨ ਨੇ ਵਿਚਾਰਾਂ ਦੀ ਸਾਂਝ ਪਾਈ। ਵਿਸ਼ਾ ਮਾਹਿਰ ਬੇਲਾ ਗੁਪਤਾ ਅਤੇ ਸੱਜਾਦ ਮਿਰਜ਼ਾ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤੇ ਗਏ। ਪ੍ਰੋਗਰਾਮ ਦੀ ਸਮਾਪਤੀ ਤੋਂ ਪਹਿਲਾਂ ਗੁਰਦੀਸ਼ ਗਰੇਵਾਲ ਨੇ ਬਜ਼ੁਰਗਾਂ ਨੂੰ ਸਮਰਪਿਤ ਆਪਣੀ ਰਚਨਾ ਸਾਂਝੀ ਕੀਤੀ। ਸਰਬਜੀਤ ਉੱਪਲ ਨੇ ਗੀਤ 'ਤੇ ਡਾਂਸ ਕੀਤਾ। ਅਖੀਰ ਵਿਚ ਸਭਾ ਦੀਆਂ ਮੈਂਬਰਾਂ ਵਲੋਂ ਰਿਸ਼ਤਿਆਂ ਦੀ ਸਾਂਝ ਦਰਸਾਉਂਦਾ 'ਜੋ ਬੀਜੋਗੇ ਸੋ ਵੱਢੋਗੇ' ਸਕਿੱਟ ਪੇਸ਼ ਕੀਤਾ ਜਿਸਨੂੰ ਸਭ ਨੇ ਸਾਹ ਰੋਕ ਕੇ ਮਾਣਿਆ।

ਸਮਾਗਮ ਵਿਚ ਕੈਲਗਰੀ ਸ਼ਹਿਰ ਦੀਆਂ ਸਾਹਿਤਕ ਅਤੇ ਸਭਿਆਚਾਰਕ ਸਭਾਵਾਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿਸ਼ੇਸ਼ ਰਹੀ। ਪੰਜਾਬੀ ਲਿਖਾਰੀ ਸਭਾ ਤੋਂ ਬਲਬੀਰ ਗੋਰਾ ਤੇ ਗੋਪਾਲ ਸਿੰਘ ਬੈਦਵਾਨ; ਤਰਕਸ਼ੀਲ ਸੋਸਾਇਟੀ ਤੋਂ ਗੋਪਾਲ ਕਾਉਂਕੇ, ਮੌਂਟਰੀ ਪਾਰਕ ਸੀਨੀਅਰ ਐਸੋਸੀਏਸ਼ਨ ਤੋਂ ਸੁਰਜੀਤ ਸਿੰਘ ਹੇਅਰ ਤੇ ਉਨ੍ਹਾਂ ਦੀ ਪਤਨੀ, ਐਕਸ ਸਰਵਿਸਮੈਨ ਐਸੋਸੀਏਸ਼ਨ ਤੋਂ ਕੁਲਦੀਪ ਸਿੰਘ, ਇੰਕਾ ਤੇ ਸ਼ਬਦ-ਸਾਂਝ ਤੋਂ ਬਚਿੱਤਰ ਸਿੰਘ, ਸਾਕਾ ਤੋਂ ਸ. ਗੁਰਮੇਲ ਸਿੰਘ ਤੇ ਉਨ੍ਹਾਂ ਦੇ ਹੋਰ ਸਾਥੀ, ਨੌਰਥ ਆਫ ਮੈਕਨਾਈਟ ਕਮਿਊਨੀਟੀਜ਼ ਸੋਸਾਇਟੀ ਤੋਂ ਹਰਦੀਪ ਪਰਹਾਰ, ਅਰਪਨ ਲਿਖਾਰੀ ਸਭਾ ਤੋਂ ਇਕਬਾਲ ਖਾਨ ਤੇ ਉਨ੍ਹਾਂ ਦੀ ਪਤਨੀ, ਕੇਸਰ ਸਿੰਘ ਨੀਰ ਸਮੇਤ ਪਰਿਵਾਰ ਅਤੇ ਜਰਨੈਲ ਤੱਗੜ, ਡਰੱਗ ਅਵੇਅਰਨੈੱਸ ਤੋਂ ਬਿਲ ਕਾਹਲੋਂ ਅਤੇ ਦਸ਼ਮੇਸ਼ ਕਲਚਰ ਸੀਨੀਅਰ ਸੋਸਾਇਟੀ ਦੇ ਪ੍ਰਤੀਨਿਧ ਦਰਸ਼ਨ ਸਿੰਘ ਧਾਲੀਵਾਲ ਸਮਾਗਮ ਵਿੱਚ ਸ਼ਾਮਲ ਹੋਏ। ਪੰਜਾਬੀ ਅਖਬਾਰ ਅਤੇ ਪ੍ਰਾਈਮ ਏਸ਼ੀਆ ਟੀ.ਵੀ. ਚੈਨਲ ਵਲੋਂ ਹਰਬੰਸ ਬੁੱਟਰ ਹੁਰਾਂ ਹਾਜ਼ਰੀ ਲੁਆਈ। ਰੈੱਡ ਐਫ ਐਮ ਤੋਂ ਰਿਸ਼ੀ ਨਾਗਰ ਪਹੁੰਚੇ। ਬੀ.ਸੀ. ਦੇ ਓਮਨੀ ਟੀ.ਵੀ. ਲਈ ਈਵੈਂਟ ਦਾ ਕਵਰੇਜ ਕਰਨ ਲਈ ਜੇਮਜ਼ ਪੇਟਨ ਵੀ ਆਏ। ਸਭਾ ਵਲੋਂ ਖਾਣੇ ਅਤੇ ਚਾਹ ਦਾ ਪ੍ਰਬੰਧ ਕੀਤਾ ਗਿਆ ਸੀ। ਸਮਾਗਮ ਵਿਚ ਹਾਜ਼ਰੀ ਭਰਦਿਆਂ ਹਰੇਕ ਨੇ ਖਾਣੇ ਅਤੇ ਚਾਹ ਦਾ ਆਨੰਦ ਮਾਣਿਆ। ਚਾਰ ਵਜੇ ਸਭ ਦਾ ਧੰਨਵਾਦ ਕਰ ਸਮਾਗਮ ਦੀ ਸਮਾਪਤੀ ਕੀਤੀ ਗਈ।

**-ਗੁਰਚਰਨ ਕੌਰ ਥਿੰਦ**
**403-402-9635**

# ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ
























**ਫਰਿਜ਼ਨੋ:** ਸਥਾਨਕ ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਈ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵੱਲੋਂ ਲੰਘੇ ਐਤਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਛੇ ਹੋਰ ਸਾਥੀਆਂ ਸ. ਬਖਸ਼ੀਸ਼ ਸਿੰਘ ਗਿੱਲਵਾਲੀ, ਸ੍ਰੀ ਵਿਸ਼ਣੂ ਗਣੇਸ਼ ਪਿੰਗਲੇ, ਸ. ਹਰਨਾਮ ਸਿੰਘ, ਸ. ਜਗਤ ਸਿੰਘ ਸੁਰਸਿੰਘਵਾਲਾ, ਸ. ਸਰੈਣ ਸਿੰਘ ਵੱਡਾ ਗਿੱਲਵਾਲੀ ਅਤੇ ਸ. ਸਰੈਣ ਸਿੰਘ ਛੋਟਾ ਪਿੰਡ ਗਿੱਲਵਾਲੀ ਦਾ 108ਵਾਂ ਸ਼ਹੀਦੀ ਦਿਹਾੜਾ ਫਰਿਜ਼ਨੋ ਦੇ ਇੰਡੀਆ ਓਵਨ ਰੈਸਟੋਰੈਂਟ ਵਿਚ ਮਨਾਇਆ ਗਿਆ।

ਇਸ ਮੌਕੇ ਸਟੇਜ ਦੀ ਸ਼ੁਰੂਆਤ ਸੰਸਥਾ ਵਲੋਂ ਸੁਰਿੰਦਰ ਮੰਡਾਲੀ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਸੰਸਥਾ ਦੀਆਂ ਇਸਤਰੀ ਵਿੰਗ ਦੀਆਂ ਸਰਗਰਮ ਮੈਂਬਰ ਸ਼ਰਨਜੀਤ ਧਾਲੀਵਾਲ ਅਤੇ ਅਰਸ਼ ਸੰਧੂ ਨੇ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ। ਰਾਜ ਬਰਾੜ ਨੇ ਇਨਕਲਾਬੀ ਗੀਤਾਂ ਨਾਲ ਚੰਗਾ ਸਮਾਂ ਬੰਨ੍ਹਿਆ, ਉਪਰੰਤ ਬੁਲਾਰਿਆਂ ਵਿਚ ਸੰਤੋਖ ਸਿੰਘ ਮਨਹਾਸ, ਗੁਰਨਾਮ ਸਿੰਘ, ਹੈਰੀ ਮਾਨ, ਨੀਟਾ ਮਾਛੀਕੇ, ਸਾਧੂ ਸਿੰਘ ਸੰਘਾ, ਪਰਮਪਾਲ ਸਿੰਘ ਅਤੇ ਹਰਜਿੰਦਰ ਢੇਸੀ ਨੇ ਆਪੋ ਆਪਣੇ ਸ਼ਬਦਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

ਬੁਲਾਰਿਆਂ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀ ਸਾਡੇ ਸਭਨਾਂ ਲਈ ਆਜ਼ਾਦੀ ਦੇ ਨਾਇਕ ਹਨ ਅਤੇ ਸਾਨੂੰ ਉਨ੍ਹਾਂ ਵਲੋਂ ਸਾਂਝੀਵਾਲਤਾ ਦੇ ਰਾਹ 'ਤੇ ਚੱਲਦਿਆਂ ਲੋਕਾਂ ਦੇ ਸਾਂਝੇ ਮਸਲਿਆਂ ਲਈ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਪਿਰਤ ਨੂੰ ਵਿਸਾਰਨਾ ਨਹੀਂ ਚਾਹੀਦਾ ਸਗੋਂ ਆਉਣ ਵਾਲੀ ਪੀੜ੍ਹੀ ਨੂੰ ਸ਼ਹੀਦਾਂ ਦੀ ਪੂਰੀ ਮਨੁੱਖਤਾ ਨੂੰ ਕਲਾਵੇ ਵਿਚ ਲੈਣ ਵਾਲੀ ਸੋਚ ਤੋਂ ਜਾਣੂ ਕਰਵਾਉਣ ਲਈ ਇਹੋ ਜਿਹੇ ਸਮਾਗਮਾਂ ਵਿਚ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਆਉਣਾ ਚਾਹੀਦਾ ਹੈ।

ਅਖੀਰ ਵਿਚ ਸੰਸਥਾ ਦੇ ਮੋਢੀ ਮੈਂਬਰ ਜਸਵੰਤ ਸਿੰਘ ਮਾਨ ਨੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ ਸਭਨਾਂ ਲੋਕਾਂ ਦਾ ਧੰਨਵਾਦ ਕੀਤਾ।

**-ਰਿਪੋਰਟ:**
**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

# ਟੀਪੀਏਆਰ ਕਲੱਬ ਨੇ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼-ਪੁਰਬ ਸ਼ਰਧਾ ਨਾਲ ਮਨਾਇਆ

ਬਰੈਂਪਟਨ: 26 ਨਵੰਬਰ ਨੂੰ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀਪੀਏਆਰ ਕਲੱਬ) ਨੇ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼-ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਇਸ ਕਲੱਬ ਦੇ 30 ਮੈਂਬਰ 'ਕੌਂਸਟਿਊਮਵੇਅਰ' 7171 ਟੌਰਬਰਮ ਰੋਡ, ਮਿਸੀਸਾਗਾ ਵਿਖੇ ਇਕੱਤਰ ਹੋਏ ਅਤੇ ਇਕ-ਦੂਸਰੇ ਨੂੰ ਗੁਰੂ ਨਾਨਕ ਦੇਵ ਜੀ ਦੇ ਆਗਮਨ-ਪੁਰਬ ਦੀਆਂ ਵਧਾਈਆਂ ਦਿੱਤੀਆਂ।



ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਟਰੱਸਟੀ ਜਿਨ੍ਹਾਂ ਨੂੰ ਪਿਛਲੇ ਹਫ਼ਤੇ ਇਸ ਬੋਰਡ ਦੇ ਉਪ-ਚੇਅਰਮੈਨ ਨਿਯੁਕਤ ਕੀਤਾ ਗਿਆ ਹੈ, ਨੇ ਕਲੱਬ ਦੇ ਮੈਂਬਰਾਂ ਨੂੰ ਸੰਬੋਧਨ ਹੁੰਦਿਆਂ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼-ਪੁਰਬ ਦੀ ਵਧਾਈ ਦਿੱਤੀ ਅਤੇ ਸਾਰਿਆਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ 'ਤੇ ਚੱਲਣ ਅਤੇ ਉਨ੍ਹਾਂ ਦੀਆਂ ਵਡਮੁੱਲੀਆਂ ਸਿੱਖਿਆਵਾਂ 'ਤੇ ਅਮਲ ਕਰਨ ਦੀ ਬੇਨਤੀ ਕੀਤੀ।

ਡਾ. ਸੁਖਦੇਵ ਸਿੰਘ ਝੰਡ ਨੇ ਕਿਹਾ ਕਿ ਗੁਰੂ ਸਾਹਿਬ ਨੇ ਚੌਹਾਂ ਦਿਸ਼ਾਵਾਂ ਵਿਚ ਕੀਤੀਆਂ ਚਾਰ ਉਦਾਸੀਆਂ ਵਿਚ ਲਗਭਗ 36,000 ਮੀਲ ਦਾ ਸਫ਼ਰ ਆਪਣੇ ਸਾਥੀ ਮਰਦਾਨਾ ਜੀ ਨਾਲ ਪੈਦਲ ਕੀਤਾ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਧਰਮਾਂ ਦੇ ਆਗੂਆਂ ਨਾਲ ਸੰਵਾਦ ਰਚਾਇਆ ਅਤੇ ਪੂਰੇ ਤਰਕ ਤੇ ਦਲੀਲ ਨਾਲ ਆਪਣੀ ਗੱਲ ਕਰ ਕੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਆਪਣੀ ਕਵਿਤਾ 'ਬਾਬੇ ਨਾਨਕ ਨੂੰ ਬੇਨਤੀ' ਵੀ ਪੇਸ਼ ਕੀਤੀ।

ਇਸ ਸੰਖੇਪ ਸਮਾਗਮ ਦੌਰਾਨ ਕਲੱਬ ਦੇ ਮੈਂਬਰ ਹਰਜੀਤ ਸਿੰਘ ਵੱਲੋਂ ਆਪਣੇ ਘਰੋਂ ਬਣਾ ਕੇ ਲਿਆਂਦਾ ਗਿਆ ਸੁਆਦਲਾ ਲੰਗਰ ਸਾਰਿਆਂ ਨੇ ਛਕਿਆ। 'ਕੌਂਸਟਿਊਮਵੇਅਰ' ਦੇ ਮਾਲਕ ਤੇ ਸੰਚਾਲਕ ਨਰਿੰਦਰ ਪਾਲ ਬੈਂਸ ਵੱਲੋਂ ਚਾਹ ਦਾ ਲੰਗਰ ਛਕਾਇਆ ਗਿਆ। ਅਖ਼ੀਰ ਵਿਚ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਸੱਤਪਾਲ ਜੌਹਲ, ਡਾ. ਝੰਡ ਅਤੇ ਕਲੱਬ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਸੁਆਦਲਾ ਲੰਗਰ ਛਕਾਉਣ ਲਈ ਉਨ੍ਹਾਂ ਵੱਲੋਂ ਹਰਜੀਤ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

*-ਰਿਪੋਰਟ: ਡਾ. ਝੰਡ*

# ਜੀ. ਐਚ. ਜੀ. ਅਕੈਡਮੀ ਦੀ ਭੰਗੜਾ ਟੀਮ ਨੇ ਬੋਸਟਨ ਭੰਗੜਾ ਮੁਕਾਬਲਾ ਜਿੱਤਿਆ

**ਫਰਿਜ਼ਨੋ :** ਅਮਰੀਕਾ ਦੇ ਸ਼ਹਿਰ ਬੋਸਟਨ ਵਿਖੇ ਉੱਥੋਂ ਦੇ ਸਥਾਨਕ ਪ੍ਰਬੰਧਕਾਂ ਵੱਲੋਂ ਕਰਵਾਏ ਗਏ "ਬੋਸਟਨ ਭੰਗੜਾ ਮੁਕਾਬਲੇ" ਵਿਚ ਹਿੱਸਾ ਲੈਣ ਪਹੁੰਚੀ ਜੀ.ਐਚ.ਜੀ. ਅਕੈਡਮੀ ਫਰਿਜ਼ਨੋ, ਕੈਲੇਫੋਰਨੀਆ ਦੀ ਟੀਮ 'ਚੜ੍ਹਦੀ ਜਵਾਨੀ' ਨੇ ਪਹਿਲਾ ਸਥਾਨ ਹਾਸਲ ਕਰਦਿਆਂ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ। ਇਸ ਮੁਕਾਬਲੇ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਪਰਮਜੀਤ ਸਿੰਘ ਧਾਲੀਵਾਲ ਅਤੇ ਉਦੇਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਮੁਕਾਬਲੇ ਵਿਚ ਅੰਤਰ-ਰਾਸ਼ਟਰੀ ਪੱਧਰ 'ਤੇ ਕੈਨੇਡਾ ਅਤੇ ਅਮਰੀਕਾ ਵਿਚੋਂ 200 ਤੋਂ ਵੱਧ ਵਿਦਿਆਰਥੀ ਸ਼ਾਮਲ ਹੋਏ, ਜਿਨ੍ਹਾਂ ਨੇ ਬਹੁਤ ਜੋਸ਼ ਅਤੇ ਖ਼ੂਬਸੂਰਤੀ ਨਾਲ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਹਰ ਟੀਮ ਦੀ ਪੇਸ਼ਕਾਰੀ ਬਾ-ਕਮਾਲ ਅਤੇ ਦੇਖਣਯੋਗ ਸੀ। ਦਰਸ਼ਕਾਂ ਵਿਚ ਵੀ ਭਾਰੀ ਉਤਸ਼ਾਹ ਸੀ। ਸਾਰੀਆਂ ਟੀਮਾਂ ਥੋੜ੍ਹੇ-ਥੋੜ੍ਹੇ ਫ਼ਰਕ ਨਾਲ ਅੱਗੇ-ਪਿੱਛੇ ਰਹੀਆਂ। ਵਧੀਆ ਪੇਸ਼ਕਾਰੀ ਕਰ ਕੇ ਇਸ ਮੁਕਾਬਲੇ ਦੀ ਟਰਾਫੀ ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਦੇ ਗੱਭਰੂਆਂ ਨੇ ਜਿੱਤੀ।

ਯਾਦ ਰਹੇ ਕਿ ਜੀ.ਐਚ.ਜੀ. ਅਕੈਡਮੀ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਹੋਰ ਜਾਣਕਾਰੀ ਵਧਾਉਣ ਲਈ ਵੀ ਸੈਮੀਨਾਰ ਕਰਵਾਉਂਦੀ ਰਹਿੰਦੀ ਹੈ।

*-ਕੁਲਵੰਤ ਧਾਲੀਆਂ/ ਨੀਟਾ ਮਾਛੀਕੇ*

## Change of Name

**This is to certify that I ABHTSHEK, son of SAN DEEP VERMA resident of H .No 39, Near Silver Heights, apt, Punjabi bagh, Kurala, Jalandhar, punjab 144003 now living at 2733 WHIMBREL CT GREENWOOD IN 46143, have changed my name to ABHISHEK BABBAR All concerned please note.**




# Matrimonials

## ਲੜਕੀ ਦੀ ਲੋੜ ਹੈ

ਜੱਟ ਸਿਖ 47, 5'10" ਸੋਹਣੇ ਸੁਨੱਖੇ, ਪੜ੍ਹੇ-ਲਿਖੇ, ਸ਼ਹਿਰੀ, ਖਾਨਦਾਨੀ ਯੂ.ਐੱਸ.ਏ. visitor visa, ਲੜਕੇ ਲਈ ਲੜਕੀ ਦੀ ਲੋੜ ਹੈ। Divorce, Widow ਵੀ ਸੰਪਰਕ ਕਰ ਸਕਦੇ ਹਨ। ਅੰਮ੍ਰਿਤਸਰ ਸ਼ਹਿਰੀ ਜਾਇਦਾਦ। ਵੱਡਾ ਭਰਾ ਯੂ.ਐੱਸ.ਏ. ਸਿਟੀਜ਼ਨ। ਚਾਹਵਾਨ ਸੰਪਰਕ ਕਰਨ: 484-219-4922 ਜਾਂ ਈ-ਮੇਲ ਕਰੋ baljitrandhawa0001@gmail.com.

48-51

---

Ramgharia Sikh boy 5'8" 1992 born, MEng Western University Canada, Working as Senior Software Engineer in Toronto Canada, Looking for a girl in similar profession living in Canada or US. Email: **dev.kirat@gmail.com** Ph +1 (313) 718-0178

45-48

---

Sikh Ahluwalia family looking for a Gursikh girl with educated background for their 36, 5' 8" son. Qualification BTech IT and PG in software development. Working as an IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at Whatsapp 91-8860131363 or Email @ richiewalia@gmail.com

45-48

---

ਗੁਰਸਿੱਖ ਪਰਿਵਾਰ ਨਾਲ ਸਬੰਧਤ ਅੰਮ੍ਰਿਤਧਾਰੀ ਲੜਕਾ, ਉਮਰ 36 ਸਾਲ, ਕੱਦ 5 ਫੁੱਟ 11 ਇੰਚ, Software Manager (San Francisco, CA, USA), ਵੈਜੀਟੇਰੀਅਨ, San Francisco Bay Area ਵਿੱਚ ਆਪਣਾ ਘਰ, ਤਲਾਕਸ਼ੁਦਾ (ਵਿਆਹ ਤੋਂ 4 ਮਹੀਨੇ ਬਾਅਦ) ਲਈ ਪੜ੍ਹੀ-ਲਿਖੀ, ਅੰਮ੍ਰਿਤਧਾਰੀ, ਵੈਜੀਟੇਰੀਅਨ, ਕੇਸਕੀ/ਦਸਤਾਰਧਾਰੀ (or willing to wear) ਲੜਕੀ ਦੀ ਲੋੜ ਹੈ। ਯੂ ਐਸ ਏ ਜਾਂ ਕੈਨੇਡਾ ਰਹਿ ਰਹੀ ਲੜਕੀ ਨੂੰ ਪਹਿਲ। ਜਾਤਪਾਤ ਦਾ ਕੋਈ ਬੰਧਨ ਨਹੀਂ। ਆਪਣਾ ਬਾਇਓਡੇਟਾ ਅਤੇ ਤਸਵੀਰ singhmat001@gmail.com 'ਤੇ ਈਮੇਲ ਕਰੋ ਜਾਂ +91-98993-79442 'ਤੇ ਵਟਸਐਪ ਕਰੋ ਜਾਂ 1-510-281-7065 'ਤੇ ਫੋਨ ਕਰੋ।

40-43

---

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.

36-39

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

---

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

---

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744

39-42

---

Jat Sikh well educated and well settled family seeking suitable match for their September, 2001 US born 5'-4" daughter. Turban wearing keshadari boy and compatible humble family is preference but others will be considered. She has earned an AA degree in management and Supervision. She is currently employed as a Federal employee in the Bay Area (California). Contact ph:510-861-6491 or pgrrealty@gmail.com

36-39

---

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com

30-33

# ਮਾਨ ਸਰਕਾਰ ਦੀ ਵਿੱਤੀ ਖੁਸ਼ਕੀ ਚੁੱਕਣਗੇ ਤਿੰਨ ਨਵੇਂ ਬਿੱਲ



**ਚੰਡੀਗੜ੍ਹ:** ਵਿਧਾਨ ਸਭਾ 'ਚ ਤਿੰਨ ਅਹਿਮ ਵਿੱਤੀ ਬਿੱਲ ਦੇ ਪਾਸ ਹੋਣ ਨਾਲ ਤਕਰੀਬਨ ਇਕ ਹਜ਼ਾਰ ਕਰੋੜ ਦੀ ਆਮਦਨ ਦੇ ਵਸੀਲੇ ਜੁਟਾਉਣ ਲਈ ਰਾਹ ਪੱਧਰਾ ਹੋ ਗਿਆ ਹੈ। ਇਨ੍ਹਾਂ ਬਿੱਲਾਂ ਜਰੀਏ ਸੂਬਾ ਸਰਕਾਰ ਨੇ ਨਵੀਆਂ ਡਿਊਟੀਆਂ ਲਾਈਆਂ ਹਨ ਜਿਸ ਨਾਲ ਸੂਬਾ ਸਰਕਾਰ ਦੀ ਵਿੱਤੀ ਸਿਹਤ ਨੂੰ ਠੁੰਮ੍ਹਣਾ ਮਿਲੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਆਮਦਨ ਦੇ ਨਵੇਂ ਵਸੀਲੇ ਜੁਟਾਉਣ ਖਾਤਰ ਹਦਾਇਤਾਂ ਕੀਤੀਆਂ ਸਨ ਜਿਨ੍ਹਾਂ ਦੀ ਕੜੀ ਵਜੋਂ ਤਿੰਨ ਅਹਿਮ ਬਿੱਲ ਪਾਸ ਕੀਤੇ ਗਏ ਹਨ।

ਪੰਜਾਬ ਦੀ ਵਿਰੋਧੀ ਧਿਰ ਕਾਂਗਰਸ ਨੇ ਇਨ੍ਹਾਂ ਅਹਿਮ ਬਿੱਲਾਂ 'ਤੇ ਕੋਈ ਚਰਚਾ ਨਹੀਂ ਕੀਤੀ ਅਤੇ ਜਦੋਂ ਇਹ ਬਿੱਲ ਪਾਸ ਹੋ ਰਹੇ ਸਨ ਤਾਂ ਵਿਰੋਧੀ ਧਿਰ ਵਾਕਆਊਟ ਕਰ ਗਈ ਸੀ। ਇਨ੍ਹਾਂ ਤਿੰਨ ਵਿੱਤੀ ਬਿੱਲਾਂ ਵਿਚ 'ਰਜਿਸਟ੍ਰੇਸ਼ਨ (ਪੰਜਾਬ ਸੋਧ) ਬਿੱਲ 2023', 'ਜਾਇਦਾਦ ਦਾ ਤਬਾਦਲਾ (ਪੰਜਾਬ ਸੋਧ) 2023' ਅਤੇ 'ਇੰਡੀਅਨ ਸਟੈਂਪ (ਪੰਜਾਬ ਸੋਧ) ਬਿੱਲ 2023' ਸ਼ਾਮਲ ਹਨ। 'ਆਪ' ਸਰਕਾਰ ਵੱਲੋਂ ਪਹਿਲਾਂ ਜਾਇਦਾਦਾਂ ਦੀਆਂ ਕੁਲੈਕਟਰ ਦਰਾਂ ਵਿਚ ਵਾਧਾ ਕੀਤਾ ਗਿਆ ਸੀ। ਇਨ੍ਹਾਂ ਬਿੱਲਾਂ ਦੇ ਪਾਸ ਹੋਣ ਮਗਰੋਂ ਸੂਬੇ ਦੇ ਬੈਂਕਾਂ ਨੂੰ ਸਬ ਰਜਿਸਟਰਾਰ ਵਜੋਂ ਨਿਯੁਕਤ ਕੀਤਾ ਜਾਵੇਗਾ ਜੋ ਰਾਜ ਸਰਕਾਰ ਤਰਫ਼ੋਂ 0.25 ਫ਼ੀਸਦੀ ਡਿਊਟੀ ਦੀ ਵਸੂਲੀ ਕਰਨਗੇ। ਇਸੇ ਤਰ੍ਹਾਂ ਜਨਰਲ ਪਾਵਰ ਆਫ ਅਟਾਰਨੀ ਲਈ ਖ਼ੂਨ ਦੇ ਰਿਸ਼ਤੇ 'ਚੋਂ ਬਾਹਰਲੇ ਵਿਅਕਤੀ ਨੂੰ ਦੋ ਫ਼ੀਸਦੀ ਡਿਊਟੀ ਅਦਾ ਕਰਨੀ ਹੋਵੇਗੀ।

ਇਸੇ ਤਰ੍ਹਾਂ ਜੋ ਵਿਅਕਤੀ ਹਾਈਪੋਥੀਕੇਸ਼ਨ 'ਤੇ ਵਾਹਨ ਜਾਂ ਹੋਰ ਸਾਮਾਨ ਲੈ ਕੇ ਜਾਂਦਾ ਹੈ, ਉਸ 'ਤੇ 0.25 ਫ਼ੀਸਦੀ ਡਿਊਟੀ ਲਾਈ ਗਈ ਹੈ। ਸੂਬਾ ਸਰਕਾਰ ਨੂੰ ਆਸ ਹੈ ਕਿ ਚਾਲੂ ਵਿੱਤੀ ਵਰ੍ਹੇ ਦੇ ਅਖੀਰ ਤੱਕ ਕੁੱਲ ਸਟੈਂਪ ਡਿਊਟੀ ਦੀ ਆਮਦਨ ਵਧ ਕੇ 4750 ਕਰੋੜ ਰੁਪਏ ਹੋ ਜਾਵੇਗੀ ਕਿਉਂਕਿ ਅਪਰੈਲ ਤੋਂ ਅਕਤੂਬਰ ਮਹੀਨੇ ਦਰਮਿਆਨ ਸੂਬੇ ਦੀ 2430.99 ਕਰੋੜ ਦੀ ਵਸੂਲੀ ਹੋਈ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਸੀ ਕਿ ਇਨ੍ਹਾਂ ਬਿੱਲਾਂ ਨੂੰ ਮਨਜ਼ੂਰੀ ਦੇਣ ਦਾ ਇਕੋ ਮਕਸਦ ਹੈ ਕਿ ਸੂਬੇ ਵਿਚ ਮਾਲੀਏ ਦੀ ਵਸੂਲੀ ਨੂੰ ਹੁਲਾਰਾ ਮਿਲ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਜੀ.ਐਸ.ਟੀ. ਬਿੱਲਾਂ ਵਿਚ ਵੀ ਸੋਧਾਂ ਜ਼ਰੀਏ ਆਨ ਲਾਈਨ ਗੇਮਾਂ ਤੋਂ ਆਮਦਨ ਪੈਦਾ ਹੋਵੇਗੀ ਕਿਉਂਕਿ ਇਸ 'ਤੇ 28 ਫ਼ੀਸਦੀ ਜੀ.ਐਸ.ਟੀ. ਲਾਈ ਗਈ ਹੈ।

'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਹੈ ਕਿ ਸੂਬਾ ਸਰਕਾਰ ਪੰਜਾਬ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਲਗਾਤਾਰ ਇਤਿਹਾਸਕ ਫੈਸਲੇ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਸੋਧ ਬਿੱਲ ਨਾਲ ਪੰਜਾਬ ਦਾ ਮਾਲੀਆ ਵਧੇਗਾ ਅਤੇ ਲੋਕਾਂ ਨੂੰ ਪੰਜਾਬ ਤੋਂ ਇਲਾਵਾ ਹੋਰਨਾਂ ਸੂਬਿਆਂ ਵਿਚੋਂ ਖਰੀਦਦਾਰੀ ਕਰ ਕੇ ਵੀ ਪੰਜਾਬ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਦੀ ਸਹੂਲਤ ਮਿਲੇਗੀ।

ਉਨ੍ਹਾਂ ਪੰਜਾਬੀਆਂ ਨੂੰ ਪੰਜਾਬ ਤੋਂ ਬਾਹਰ ਖਰੀਦਦਾਰੀ ਕਰਨ ਲਈ ਕੋਡ 03 ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਸੂਬੇ ਤੋਂ ਬਾਹਰ ਵਸਤਾਂ ਖਰੀਦਣ ਲਈ 03 ਕੋਡ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਖਰੀਦਦਾਰੀ ਸਮੇਂ ਲੱਗਣ ਵਾਲੇ ਟੈਕਸ ਦਾ ਪੈਸਾ ਪੰਜਾਬ ਸਰਕਾਰ ਦੇ ਖਾਤੇ ਵਿਚ ਆਵੇਗਾ। ਸ੍ਰੀ ਕੰਗ ਨੇ ਮਾਨ ਸਰਕਾਰ ਦੇ ਵਨ ਟਾਈਮ ਸੈਟਲਮੈਂਟ ਸਕੀਮ (ਓ.ਟੀ.ਐਸ.) ਦੇ ਫੈਸਲੇ ਦੀ ਸ਼ਲਾਘਾ ਵੀ ਕੀਤੀ, ਜਿਸ ਤਹਿਤ ਇਕ ਲੱਖ ਰੁਪਏ ਤੱਕ ਦੇ ਪੁਰਾਣੇ ਬਿੱਲਾਂ 'ਤੇ ਪੂਰਾ ਟੈਕਸ, ਵਿਆਜ ਤੇ ਜੁਰਮਾਨਾ ਮੁਆਫ ਕਰ ਕੇ ਲਗਭਗ 95 ਫੀਸਦ ਪੈਂਡਿੰਗ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਨੇ ਕਿਹਾ ਕਿ ਸੂਬਾ ਸਰਕਾਰ ਦੇ ਇਸ ਕਦਮ ਨਾਲ ਪੰਜਾਬ ਦੇ ਛੋਟੇ ਵਪਾਰੀਆਂ ਨੂੰ ਕਾਫੀ ਸਹੂਲਤਾਂ ਮਿਲਣਗੀਆਂ ਅਤੇ ਸਰਕਾਰ ਦੀ ਟੈਕਸ ਵਸੂਲੀ ਵੀ ਵਧੇਗੀ।

## ਖਜ਼ਾਨਾ ਭਰਿਆ ਤਾਂ ਫਿਰ ਦੇਰ ਕਾਹਦੀ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁਲਾਜ਼ਮਾਂ ਦੇ ਮੁੱਦੇ 'ਤੇ ਚਰਚਾ ਕਰਦਿਆਂ ਕਿਹਾ ਕਿ ਸਰਕਾਰ ਦੱਸੇ ਕਿ ਪੁਰਾਣੀ ਪੈਨਸ਼ਨ ਸਕੀਮ ਨੂੰ ਹਕੀਕਤ ਵਿਚ ਲਾਗੂ ਕਦੋਂ ਕੀਤਾ ਜਾਵੇਗਾ ਤੇ 12 ਫੀਸਦ ਬਕਾਇਆ ਡੀ.ਏ. ਕਦੋਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸੀ ਹਕੂਮਤ ਵਾਲੇ ਰਾਜਾਂ ਹਿਮਾਚਲ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਬੂਲ ਕਰ ਰਹੀ ਕਿ ਪੈਸਿਆਂ ਦੀ ਕਮੀ ਨਹੀਂ, ਫੇਰ ਦੇਰ ਕਾਹਦੀ ਹੈ। ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਵਿਧਾਨ ਸਭਾ ਦਾ ਸਰਦ ਰੁੱਤ ਇਜਲਾਸ 24 ਘੰਟਿਆਂ ਤੋਂ ਵੀ ਘੱਟ ਸਮਾਂ ਚਲਾ ਕੇ ਸਿਰਫ ਖਾਨਾਪੂਰਤੀ ਕੀਤੀ ਹੈ। ਇਸ ਇਜਲਾਸ ਵਿਚ ਸਰਕਾਰ ਲੋਕ ਪੱਖੀ ਮੁੱਦਿਆਂ 'ਤੇ ਵਿਚਾਰ-ਚਰਚਾ ਕਰਨ ਤੋਂ ਭੱਜੀ ਹੈ।

## ਦਿੱਲੀ ਵਾਲਿਆਂ ਕੋਲ ਗਹਿਣੇ ਰੱਖਿਆ ਪੰਜਾਬ: ਜਾਖੜ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਵਰ੍ਹਦਿਆਂ ਦੋਸ਼ ਲਾਇਆ ਕਿ ਮੁੱਖ ਮੰਤਰੀ ਨੇ ਪੰਜਾਬ ਦੇ ਗੌਰਵ ਅਤੇ ਮਾਣ-ਮਰਿਆਦਾ ਨੂੰ ਆਪਣੇ ਦਿੱਲੀ ਦੇ ਆਕਾਵਾਂ ਕੋਲ ਗਹਿਣੇ ਰੱਖ ਦਿੱਤਾ ਹੈ। ਜਾਖੜ ਨੇ ਮੁੱਖ ਮੰਤਰੀ ਵੱਲੋਂ ਭਾਜਪਾ 'ਤੇ ਕੀਤੇ ਜਾ ਰਹੇ ਹਮਲਿਆਂ ਦਾ ਜਵਾਬ ਦਿੰਦਿਆਂ ਕਿਹਾ, "ਭਾਜਪਾ ਨੇ ਹਮੇਸ਼ਾ ਪੰਜਾਬ ਲਈ ਕੰਮ ਕੀਤਾ ਹੈ ਅਤੇ ਅੱਗੇ ਵੀ ਕਰਦੀ ਰਹੇਗੀ ਜਿਸ ਨੂੰ ਕਿਸੇ ਅਜਿਹੇ ਵਿਅਕਤੀ ਦੇ ਸਰਟੀਫਿਕੇਟ ਦੀ ਲੋੜ ਨਹੀਂ ਹੈ ਜਿਸ ਨੇ ਪਹਿਲਾਂ ਹੀ ਪੰਜਾਬ ਦਿੱਲੀ ਵਾਲਿਆਂ ਕੋਲ ਗਹਿਣੇ ਕਰ ਰੱਖਿਆ ਹੋਵੇ।" ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦਾ ਨਾਂ ਮਿਟਾਉਣ ਦੀ ਗੱਲ ਨਾ ਹੀ ਕਰਨ ਤਾਂ ਬਿਹਤਰ ਹੈ।

# ਜੇਲ੍ਹ 'ਚੋਂ ਵਾਇਰਲ ਵੀਡੀਓ ਨੇ ਸਰਕਾਰ ਦੇ 'ਪੁਖਤਾ ਪ੍ਰਬੰਧਾਂ' ਦੀ ਪੋਲ ਖੋਲ੍ਹੀ



**ਕੋਟਕਪੂਰਾ**: ਫਰੀਦਕੋਟ ਦੀ ਮਾਡਰਨ ਜੇਲ੍ਹ ਵਿਚ ਬੰਦ ਗੈਂਗਸਟਰਾਂ ਵੱਲੋਂ ਮੋਬਾਈਲ ਫੋਨ ਦੀ ਵਰਤੋਂ ਅਤੇ ਸੋਸ਼ਲ ਮੀਡੀਆ ਪਲੈਟਫਾਰਮ ਇੰਸਟਾਗ੍ਰਾਮ ਦੇ ਆਪਣੇ ਅਕਾਊਂਟ 'ਤੇ ਜੇਲ੍ਹ 'ਚੋਂ ਵੀਡੀਓ ਬਣਾ ਕੇ ਅਪਲੋਡ ਕੀਤੇ ਜਾਣ ਨਾਲ ਪੰਜਾਬ ਸਰਕਾਰ ਵੱਲੋਂ ਜੇਲ੍ਹਾਂ ਵਿਚ ਪੁਖਤਾ ਪ੍ਰਬੰਧਾਂ ਦੇ ਕੀਤੇ ਜਾਂਦੇ ਦਾਅਵਿਆਂ ਦੀ ਫੂਕ ਨਿਕਲ ਗਈ ਹੈ। ਹਾਲਾਂਕਿ, ਵੀਡੀਓ ਬਾਰੇ ਜਾਣਕਾਰੀ ਮਿਲਣ 'ਤੇ ਫ਼ਰੀਦਕੋਟ ਪੁਲਿਸ ਨੇ ਇਸ ਸਬੰਧੀ ਕੇਸ ਦਰਜ ਕਰ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਫਰੀਦਕੋਟ ਦੇ ਨੌਜਵਾਨ ਕਾਂਗਰਸੀ ਆਗੂ ਗੁਰਲਾਲ ਪਹਿਲਵਾਨ ਕਤਲ ਦੇ ਮਾਮਲੇ ਵਿਚ ਮਾਡਰਨ ਜੇਲ੍ਹ ਫਰੀਦਕੋਟ ਵਿਚ ਬੰਦ ਆਕਾਸ਼ ਨਾਂ ਦੇ ਇਸ ਗੈਂਗਸਟਰ ਨੇ ਆਪਣੇ ਸਾਥੀ ਰਾਹੁਲ ਦਾਣਾ ਨਾਲ ਮਿਲ ਕੇ ਇਕ ਵੀਡੀਓ ਬਣਾਈ, ਜਿਸ ਵਿਚ ਸਰਕਾਰ ਪ੍ਰਤੀ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕੀਤੀ ਤੇ ਮਗਰੋਂ ਇਹ ਵੀਡੀਓ ਆਪਣੇ ਇੰਸਟਾਗ੍ਰਾਮ ਦੇ ਅਕਾਊਂਟ 'ਤੇ ਪੋਸਟ ਕਰ ਦਿੱਤੀ। ਦੱਸਣਯੋਗ ਹੈ ਕਿ ਫ਼ਰੀਦਕੋਟ ਦੀ ਜੇਲ੍ਹ ਵਿਚ ਮੋਬਾਈਲ ਫੋਨ ਦੀ ਵਰਤੋਂ ਹੋਣ ਦਾ ਇਹ ਪਹਿਲਾ ਮਾਮਲਾ ਨਹੀਂ ਹੈ। ਪਹਿਲਾਂ ਵੀ ਇਸੇ ਮਹੀਨੇ ਜੇਲ੍ਹ ਪ੍ਰਸ਼ਾਸਨ ਨੇ ਇਕ ਦਿਨ ਵਿਚ ਹੀ ਜੇਲ੍ਹ ਵਿਚੋਂ 23 ਮੋਬਾਈਲ ਫੋਨ ਬਰਾਮਦ ਕੀਤੇ ਸਨ। ਐਸ.ਐਸ.ਪੀ. ਫਰੀਦਕੋਟ ਹਰਜੀਤ ਸਿੰਘ ਨੇ ਇਹ ਵੀਡੀਓ ਵਾਇਰਲ ਹੋਣ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਜੇਲ੍ਹ ਪ੍ਰਸ਼ਾਸਨ ਨੇ ਆਕਾਸ਼ ਤੇ ਉਸ ਦੇ ਸਾਥੀ ਰਾਹੁਲ ਦਾਣਾ ਵਾਸੀ ਸ੍ਰੀ ਅੰਮ੍ਰਿਤਸਰ ਸਾਹਿਬ ਕੋਲੋਂ ਮੋਬਾਈਲ ਫੋਨ ਬਰਾਮਦ ਕੀਤਾ ਸੀ। ਇਸ ਸਬੰਧ ਵਿਚ ਜ਼ਿਲ੍ਹਾ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਇਨ੍ਹਾਂ ਮੁਲਜ਼ਮਾਂ ਕੋਲੋਂ ਸਤੰਬਰ ਮਹੀਨੇ ਵੀ ਮੋਬਾਈਲ ਫੋਨ ਬਰਾਮਦ ਕੀਤੇ ਗਏ ਸਨ। ਪੁਲਿਸ ਮੁਤਾਬਕ ਇਨ੍ਹਾਂ ਗੈਂਗਸਟਰਾਂ ਖ਼ਿਲਾਫ਼ ਕੇਸ ਦਰਜ ਕਰ ਕੇ ਅਗਲੇਰੀ ਪੁੱਛ-ਪੜਤਾਲ ਕੀਤੀ ਜਾਵੇਗੀ।

# ਮੂਸੇਵਾਲਾ ਕਤਲ ਕੇਸ ਵਿਚ ਛੇਤੀ ਇਨਸਾਫ ਦੀ ਆਸ ਬੱਝੀ



**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਸੁਣਵਾਈ ਮਾਨਸਾ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿਚ ਹੋਣ ਤੋਂ ਤਕਰੀਬਨ ਚਾਰ ਮਹੀਨੇ ਬਾਅਦ ਹੇਠਲੀ ਅਦਾਲਤ ਵਿਚ 25 ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕਰਨ ਸਬੰਧੀ ਬਹਿਸ ਦੀ ਸੁਣਵਾਈ ਸ਼ੁਰੂ ਹੋ ਗਈ ਹੈ। ਇਸ ਦੌਰਾਨ ਬਚਾਅ ਪੱਖ ਦੇ ਵਕੀਲ ਨੇ ਦੋਸ਼ ਆਇਦ ਕਰਨ ਦੇ ਮੁੱਦੇ 'ਤੇ ਬਹਿਸ ਕੀਤੀ। ਪੰਜਾਬ ਅਤੇ ਹੋਰ ਰਾਜਾਂ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ 25 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਹੇਠਲੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਵਕੀਲ ਨੇ ਦੋਸ਼ ਲਾਇਆ ਕਿ ਹਾਲੇ ਤੱਕ ਉਨ੍ਹਾਂ ਕੋਲ ਪੂਰਾ ਰਿਕਾਰਡ ਨਹੀਂ ਪਹੁੰਚਿਆ ਹੈ, ਜਦਕਿ ਮੁਲਜ਼ਮ ਬਿੱਟੂ ਸਿੰਘ ਵੱਲੋਂ ਕੋਈ ਵੀ ਵਕੀਲ ਪੇਸ਼ ਨਹੀਂ ਹੋਇਆ। ਅਦਾਲਤ ਨੇ ਮੁਲਜ਼ਮ ਨੂੰ ਅਗਲੀ ਪੇਸ਼ੀ 'ਤੇ ਆਪਣਾ ਵਕੀਲ ਭੇਜਣ ਜਾਂ ਕਾਨੂੰਨੀ ਸਹਾਇਤਾ ਤਹਿਤ ਵਕੀਲ ਲੈਣ ਲਈ ਕਿਹਾ ਹੈ। ਬਚਾਅ ਪੱਖ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਮਗਰੋਂ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ਨੇ ਮੁਲਜ਼ਮ ਜੋਗਿੰਦਰ ਸਿੰਘ ਉਰਫ਼ ਜੋਗਾ ਖ਼ਿਲਾਫ਼ ਪੂਰਕ ਚਾਰਜਸ਼ੀਟ ਦਾ ਇੰਤਜ਼ਾਰ ਕਰਨ ਤੇ ਪੁਆਇੰਟ ਆਫ ਚਾਰਜ 'ਤੇ ਬਹਿਸ ਪੂਰੀ ਕਰਨ ਲਈ ਮਾਮਲੇ ਦੀ ਸੁਣਵਾਈ 12 ਦਸੰਬਰ ਤੱਕ ਮੁਲਤਵੀ ਕਰ ਦਿੱਤੀ ਹੈ।

ਇਸੇ ਦੌਰਾਨ ਅਦਾਲਤ ਵਿਚ ਪੇਸ਼ੀ ਲਈ ਪੁੱਜੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਉਮੀਦ ਹੈ ਕਿ ਜਲਦੀ ਹੀ ਦੋਸ਼ ਆਇਦ ਕੀਤੇ ਜਾਣਗੇ ਤੇ ਨਿਆਂ ਮਿਲੇਗਾ। ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਬਲਕੌਰ ਸਿੰਘ ਨੇ ਕਿਹਾ ਕਿ ਅੱਠ ਮਹੀਨਿਆਂ ਬਾਅਦ ਵੀ ਸਰਕਾਰ ਚੁੱਪ ਹੈ ਅਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਹੋਰ ਸਮਾਂ ਮੰਗ ਰਹੀ ਹੈ।

## ਧਾਰਮਿਕ ਚਿੰਨ੍ਹਾਂ ਦਾ ਅਪਮਾਨ ਬਰਦਾਸ਼ਤ ਨਹੀਂ ਕਰਾਂਗੇ: ਜਥੇਦਾਰ

**ਸ੍ਰੀ ਆਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਸਿੱਖ ਕੌਮ ਸਰਬੱਤ ਦਾ ਭਲਾ ਮੰਗਣ ਵਾਲਿਆਂ ਦੀ ਕੌਮ ਹੈ ਪਰ ਕੁਝ ਲੋਕ ਜਾਣਬੁੱਝ ਕੇ ਸਾਜ਼ਿਸ਼ ਅਧੀਨ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਦਾ ਅਪਮਾਨ ਕਰ ਰਹੇ ਹਨ ਜੋ ਬਰਦਾਸ਼ਤ ਯੋਗ ਨਹੀਂ। ਜ਼ਿਕਰਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇਕ ਵੀਡੀਓ ਵਿਚ ਅੰਡਰਗਾਰਮੈਂਟਸ 'ਤੇ ਸਿੱਖ ਕੌਮ ਦੇ ਪਾਵਨ ਖੰਡੇ ਦਾ ਪ੍ਰਿੰਟ ਕਰ ਕੇ ਉਸ ਦੀ ਵਿਕਰੀ ਕੀਤੀ ਦਰਸਾਈ ਗਈ ਹੈ ਜਿਸ ਦਾ ਸਖਤ ਨੋਟਿਸ ਲੈਂਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਇਸ ਨੂੰ ਬਣਾਉਣ ਵਾਲਿਆਂ ਖ਼ਿਲਾਫ਼ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਇਸ ਪਿੱਛੇ ਲੁਕੀ ਸਾਜ਼ਿਸ਼ ਨੂੰ ਬੇਨਕਾਬ ਕੀਤਾ ਜਾਵੇ। ਉਨ੍ਹਾਂ ਕਿਹਾ ਇਸ ਨੂੰ ਸ਼ਰੇਆਮ ਦੁਕਾਨ 'ਤੇ ਡਿਸਪਲੇਅ ਕਰਨਾ ਤੇ ਅੱਗੋਂ ਰੋਕਣ ਵੇਲੇ ਧਮਕੀਆਂ ਦੇਣੀਆਂ ਨਿੰਦਣਯੋਗ ਹੈ।

# ਪੁਲਿਸ ਮੁਕਾਬਲੇ 'ਚ ਮਾਰੇ ਗੈਂਗਸਟਰਾਂ ਬਾਰੇ ਸਿਟ ਕਾਇਮ



**ਚੰਡੀਗੜ੍ਹ:** ਲੁਧਿਆਣਾ ਵਿਚ ਪੁਲਿਸ ਮੁਕਾਬਲੇ ਦੌਰਾਨ ਮਾਰੇ ਗਏ ਦੋਵੇਂ ਗੈਂਗਸਟਰਾਂ ਦੇ ਸਬੰਧਾਂ ਦਾ ਪਤਾ ਲਗਾਉਣ ਲਈ ਲਈ ਡੀ.ਸੀ.ਪੀ. (ਦਿਹਾਤੀ) ਜਸਕਿਰਨਜੀਤ ਸਿੰਘ ਤੇਜਾ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ (ਸਿੱਟ) ਦਾ ਗਠਨ ਕੀਤਾ ਗਿਆ ਹੈ। ਪੰਜਾਬ ਦੇ ਵਿਸ਼ੇਸ਼ ਡੀ.ਜੀ.ਪੀ. (ਕਾਨੂੰਨ ਤੇ ਵਿਵਸਥਾ) ਅਰਪਿਤ ਸ਼ੁਕਲਾ ਨੇ ਦੱਸਿਆ ਹੈ ਕਿ ਏ.ਡੀ.ਸੀ.ਪੀ. (ਜਾਂਚ) ਰੁਪਿੰਦਰ ਕੌਰ ਸਰਾਂ, ਏ.ਡੀ.ਸੀ.ਪੀ-2 ਸੋਹੇਲ ਮੀਰ ਅਤੇ ਐਸ.ਐਚ.ਓ. ਡੇਹਲੋਂ ਇਸ ਵਿਸ਼ੇਸ਼ ਜਾਂਚ ਕਮੇਟੀ ਦੇ ਮੈਂਬਰ ਹੋਣਗੇ। ਸਪੈਸ਼ਲ ਡੀ.ਜੀ.ਪੀ. ਨੇ ਇਹ ਪ੍ਰਗਟਾਵਾ ਇੱਥੇ ਪੰਜਾਬ ਪੁਲਿਸ ਹੈੱਡਕੁਆਰਟਰ ਵਿਚ ਇਕ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਇਸ ਮੌਕੇ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਵੀ ਮੌਜੂਦ ਸਨ।

ਜਾਣਕਾਰੀ ਮੁਤਾਬਕ ਦੋਵੇਂ ਗੈਂਗਸਟਰਾਂ ਦੀ ਪਛਾਣ ਸੰਜੀਵ ਕੁਮਾਰ ਉਰਫ਼ ਸੰਜੂ ਬਾਹਮਣ (26) ਅਤੇ ਸ਼ੁਭਮ ਉਰਫ਼ ਗੋਪੀ (26) ਵਜੋਂ ਹੋਈ ਹੈ। ਇਹ ਦੋਵੇਂ ਗੈਂਗਸਟਰ ਲੁਧਿਆਣਾ ਦੇ ਇਕ ਸਨਅਤਕਾਰ 'ਤੇ ਗੋਲੀਆਂ ਚਲਾਉਣ ਅਤੇ ਲੁੱਟ-ਖੋਹ ਦੇ ਮਾਮਲੇ ਵਿਚ ਲੋੜੀਂਦੇ ਸਨ, ਜਿਨ੍ਹਾਂ ਨੂੰ ਲੁਧਿਆਣਾ ਦੇ ਦੋਰਾਹਾ ਸਥਿਤ ਟਿੱਬਾ ਪੁਲ ਨੇੜੇ ਹੋਏ ਮੁਕਾਬਲੇ ਦੌਰਾਨ ਪੁਲਿਸ ਨੇ ਮਾਰ ਮੁਕਾਇਆ। ਸ੍ਰੀ ਸ਼ੁਕਲਾ ਨੇ ਦੱਸਿਆ ਕਿ ਮਾਰੇ ਗਏ ਦੋਵੇਂ ਗੈਂਗਸਟਰ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ। ਉਹ ਪੰਜਾਬ ਪੁਲਿਸ ਨੂੰ ਅਸਲਾ ਐਕਟ, ਚੋਰੀ/ਡਕੈਤੀ ਅਤੇ ਐਨ.ਡੀ.ਪੀ.ਐਸ. ਐਕਟ ਨਾਲ ਸਬੰਧਤ ਕਈ ਅਪਰਾਧਿਕ ਮਾਮਲਿਆਂ ਵਿਚ ਲੋੜੀਂਦੇ ਸਨ। ਉਨ੍ਹਾਂ ਦੱਸਿਆ ਕਿ ਫੜੇ ਗਏ ਵਿਅਕਤੀਆਂ ਕੋਲੋਂ ਲੁਧਿਆਣਾ ਪੁਲਿਸ ਨੇ ਇਕ ਕਾਰ ਵੀ ਬਰਾਮਦ ਕਰ ਲਈ ਹੈ, ਜੋ ਕਿ ਇਕ ਫੈਕਟਰੀ ਮਾਲਕ ਤੋਂ ਖੋਹੀ ਗਈ ਸੀ।

ਪੁਲਿਸ ਮੁਕਾਬਲੇ ਵਿਚ ਮਾਰੇ ਗਏ ਗੈਂਗਸਟਰ ਸੰਜੂ ਬਾਹਮਣ ਤੇ ਸ਼ੁਭਮ ਗੋਪੀ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਕੀਤਾ ਗਿਆ। ਮੈਜਿਸਟਰੇਟ ਹੀਰਾ ਸਿੰਘ ਦੀ ਹਾਜਰੀ ਵਿਚ ਸਿਵਲ ਹਸਪਤਾਲ ਵਿਚ ਡਾ. ਚਰਨ ਕਮਲ ਤੇ ਡਾ. ਦਮਨਪ੍ਰੀਤ ਸਿੰਘ ਨੇ ਦੋਵੇਂ ਲਾਸ਼ਾਂ ਦਾ ਪੋਸਟਮਾਰਟਮ ਕੀਤਾ। ਇਸ ਦੌਰਾਨ ਖੁਲਾਸਾ ਹੋਇਆ ਕਿ ਸੰਜੂ ਨੂੰ ਛੇ ਗੋਲੀਆਂ ਤੇ ਗੈਂਗਸਟਰ ਗੋਪੀ ਨੂੰ ਦੋ ਗੋਲੀਆਂ ਲੱਗੀਆਂ ਸਨ। ਦੋਵੇਂ ਗੈਂਗਸਟਰਾਂ ਦੇ ਸਿਰ 'ਤੇ ਗੋਲੀ ਲੱਗੀ ਸੀ।

## ਸਾਬਕਾ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਦੀ ਕਾਂਗਰਸ ਵਿਚ ਵਾਪਸੀ

**ਚੰਡੀਗੜ੍ਹ:** ਪੰਜਾਬ 'ਚ ਕਈ ਕਾਂਗਰਸੀ ਆਗੂਆਂ ਦੇ ਭਾਜਪਾ ਨੂੰ ਅਲਵਿਦਾ ਕਹਿ ਕੇ ਘਰ ਵਾਪਸੀ ਕਰਨ ਤੋਂ ਹੁਣ ਮੁੜ ਪੰਜਾਬ ਭਾਜਪਾ ਨੂੰ ਝਟਕਾ ਲੱਗਿਆ ਹੈ। ਪੰਜਾਬ ਦੇ ਸਾਬਕਾ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਨੇ ਭਾਜਪਾ ਨੂੰ ਅਲਵਿਦਾ ਕਹਿ ਕੇ ਆਪਣੀ ਧੀ ਜੀਵਨ ਜੋਤ ਕੌਰ ਸਣੇ ਕਾਂਗਰਸ ਵਿਚ ਘਰ ਵਾਪਸੀ ਕਰ ਲਈ ਹੈ। ਸ੍ਰੀ ਭੱਜੀ ਦਾ ਚੰਡੀਗੜ੍ਹ ਵਿਖੇ ਸਥਿਤ ਪੰਜਾਬ ਕਾਂਗਰਸ ਭਵਨ ਵਿਖੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਵਾਗਤ ਕੀਤਾ। ਇਸ ਮੌਕੇ ਪਰਮਜੀਤ ਸਿੰਘ ਪੰਮਾ ਐਮ.ਸੀ ਮਜੀਠਾ ਹਲਕਾ ਤੇ ਅਟਾਰੀ ਹਲਕੇ ਤੋਂ 'ਆਪ' ਦੇ ਸਾਬਕਾ ਕੋਆਰਡੀਨੇਟਰ ਅਤੇ ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਵੀਰ ਬਰਾੜ ਵੀ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਦੀ ਬਿਹਤਰੀ ਲਈ ਕੰਮ ਕਰਨ ਦੀ ਸਮਰੱਥਾ ਅਤੇ ਦ੍ਰਿੜਤਾ ਰੱਖਣ ਵਾਲੇ ਸਾਰੇ ਲੋਕਾਂ ਦਾ ਨਿੱਘਾ ਸਵਾਗਤ ਹੈ।

# ਮੁੱਖ ਮੰਤਰੀ ਮਾਨ ਵੱਲੋਂ 31 ਬੋਰਡਾਂ ਅਤੇ ਨਿਗਮਾਂ 'ਚ ਅਹਿਮ ਨਿਯੁਕਤੀਆਂ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ 31 ਬੋਰਡਾਂ ਅਤੇ ਨਿਗਮਾਂ 'ਚ ਅਹਿਮ ਨਿਯੁਕਤੀਆਂ ਕੀਤੀਆਂ ਹਨ। ਨਵੀਆਂ ਨਿਯੁਕਤੀਆਂ ਲਈ ਚੋਣ 'ਆਪ' ਦੇ ਆਗੂਆਂ 'ਚੋਂ ਕੀਤੀ ਗਈ ਹੈ। ਅਗਾਮੀ ਸ਼ਹਿਰੀ ਅਤੇ ਪੇਂਡੂ ਸੰਸਥਾਵਾਂ ਦੀਆਂ ਚੋਣਾਂ ਦੇ ਮੱਦੇਨਜ਼ਰ ਇਕੋ ਦਿਨ 'ਚ ਅਹਿਮ ਬੋਰਡਾਂ ਅਤੇ ਨਿਗਮਾਂ ਦੇ ਮੈਂਬਰ ਨਿਯੁਕਤ ਕੀਤੇ ਹਨ। ਇਸ ਚੋਣ ਵਿਚ ਸਭ ਵਰਗਾਂ ਨੂੰ ਪ੍ਰਤੀਨਿਧਤਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਐਸ.ਐਸ.ਐਸ. ਬੋਰਡ ਵਿਚ ਗੁੰਜਨ ਚੱਢਾ, ਅਨਿਲ ਮਹਾਜਨ, ਸਤਬੀਰ ਬਖਸ਼ੀਵਾਲ ਅਤੇ ਨਰੇਸ਼ ਪਾਠਕ ਨੂੰ ਮੈਂਬਰ ਬਣਾਇਆ ਹੈ ਜਦੋਂ ਕਿ ਹਰਪਾਲ ਸਿੰਘ ਨੂੰ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦਾ ਮੈਂਬਰ ਬਣਾਇਆ ਹੈ। ਪੰਜਾਬ ਵਕਫ ਬੋਰਡ ਵਿਚ ਮੁਹੰਮਦ ਓਵੈਸ, ਡਾ. ਅਨਵਰ, ਅਬਦੁਲ ਕਾਦਿਰ ਅਤੇ ਬਹਾਦਰ ਖ਼ਾਨ ਨੂੰ ਮੈਂਬਰ ਨਿਯੁਕਤ ਕੀਤਾ ਹੈ।

ਵੱਖ-ਵੱਖ ਸ਼ਹਿਰੀ ਵਿਕਾਸ ਅਥਾਰਟੀਆਂ ਦੇ ਡਾਇਰੈਕਟਰ ਵੀ ਲਾਏ ਗਏ ਹਨ। ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਦਾ ਜਰਨੈਲ ਮੰਨੂ, ਚੰਨ ਸਿੰਘ ਖਾਲਸਾ ਅਤੇ ਸੁਖਰਾਜ ਗੋਰਾ ਨੂੰ ਮੈਂਬਰ ਲਾਇਆ ਹੈ ਜਦੋਂ ਕਿ ਜਸ਼ਨ ਬਰਾੜ ਨੂੰ



ਪੰਜਾਬ ਸਟੇਟ ਸੀਡ ਕਾਰਪੋਰੇਸ਼ਨ ਦਾ ਮੈਂਬਰ ਲਾਇਆ ਹੈ। ਇਸੇ ਤਰ੍ਹਾਂ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦਾ ਕੈਪਟਨ ਹਰਜੀਤ ਸਿੰਘ ਮਾਂਗਟ ਨੂੰ ਵਾਈਸ ਚੇਅਰਮੈਨ ਅਤੇ ਅਜੇ ਸ਼ਰਮਾ ਨੂੰ ਡਾਇਰੈਕਟਰ ਲਾਇਆ ਹੈ। ਪੰਜਾਬ ਖਾਦੀ ਅਤੇ ਵਿਲੇਜ ਇੰਡਸਟਰੀਜ ਬੋਰਡ ਦਾ ਬਲਜੀਤ ਖੇੜਾ ਨੂੰ ਸੀਨੀਅਰ ਵਾਈਸ ਚੇਅਰਮੈਨ, ਕੰਵਲਜੀਤ ਭਾਟੀਆ ਨੂੰ ਵਾਈਸ ਚੇਅਰਮੈਨ ਲਾਇਆ ਹੈ।

### ਇੰਦਰਜੀਤ ਸੰਧੂ ਵੇਅਰ ਹਾਊਸ ਦੇ ਉਪ ਚੇਅਰਮੈਨ ਨਿਯੁਕਤ

**ਸਨੌਰ:** 'ਆਪ' ਦੇ ਸੂਬਾਈ ਬੁਲਾਰੇ ਤੇ ਪਟਿਆਲਾ ਲੋਕ ਸਭਾ ਹਲਕੇ ਦੇ ਇੰਚਾਰਜ ਇੰਦਰਜੀਤ ਸਿੰਘ ਸੰਧੂ ਨੂੰ ਪੰਜਾਬ ਸਰਕਾਰ ਵੱਲੋਂ 'ਵੇਅਰ ਹਾਊਸ ਕਾਰਪੋਰੇਸ਼ਨ' ਦਾ ਸੂਬਾਈ ਉਪ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਂਜ ਇਸ ਅਦਾਰੇ ਦਾ ਨਾਮ ਬਦਲ ਕੇ ਹੁਣ 'ਪੰਜਾਬ ਸਟੇਟ ਕੌਨਵੇਅਰ' ਰੱਖ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਨੌਰ ਦੇ ਜੰਮਪਲ ਇੰਦਰਜੀਤ ਸੰਧੂ ਬੇਅਦਬੀ ਦੀਆਂ ਘਟਨਾਵਾਂ ਉਪਰੰਤ ਅਕਾਲੀ ਦਲ ਛੱਡ ਕੇ 'ਆਪ' ਵਿਚ ਸ਼ਾਮਲ ਹੋ ਗਏ ਸਨ। 'ਆਪ' ਵੱਲੋਂ ਉਨ੍ਹਾਂ ਨੂੰ ਸਨੌਰ ਦਾ ਹਲਕਾ ਇੰਚਾਰਜ ਬਣਾਇਆ ਗਿਆ ਸੀ। 'ਆਪ' ਪ੍ਰਤੀ ਕਾਰਗੁਜ਼ਾਰੀ ਨੂੰ ਦੇਖਦਿਆਂ ਹੁਣ ਇੰਦਰਜੀਤ ਸਿੰਘ ਸੰਧੂ ਨੂੰ ਉਪ ਚੇਅਰਮੈਨੀ ਦਿੱਤੀ ਗਈ ਹੈ।

# ਸੁਖਬੀਰ ਵੱਲੋਂ ਪੰਚਾਇਤੀ ਚੋਣਾਂ ਦੀ ਤਿਆਰੀ ਦੀਆਂ ਹਦਾਇਤਾਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀਆਂ ਬਾਗੀ ਬੀਬੀਆਂ ਦੀਆਂ ਗਤੀਵਿਧੀਆਂ ਠੱਪ ਹੋਣ ਮਗਰੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਹਿਲਾ ਵਿੰਗ ਦੀ ਪ੍ਰਧਾਨ ਹਰਗੋਬਿੰਦ ਕੌਰ ਅਤੇ ਹੋਰ ਮਹਿਲਾ ਅਹੁਦੇਦਾਰਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਪਾਰਟੀ ਪ੍ਰਧਾਨ ਨੇ ਐਲਾਨ ਕੀਤਾ ਕਿ ਮਾਘੀ ਦੇ ਮੇਲੇ ਮੌਕੇ ਧੀਆਂ ਦੀ ਲੋਹੜੀ ਮਨਾਈ ਜਾਵੇਗੀ ਤੇ ਪਾਰਟੀ 'ਚ ਔਰਤਾਂ ਨੂੰ ਹਰ ਪੱਧਰ 'ਤੇ ਮਾਣ ਸਨਮਾਨ ਅਤੇ ਜ਼ਿੰਮੇਵਾਰੀ ਦਿੱਤੀ ਜਾਵੇਗੀ।

ਸੁਖਬੀਰ ਨੇ ਪਾਰਟੀ ਦੇ ਮਹਿਲਾ ਵਿੰਗ ਨੂੰ ਮੈਂਬਰਾਂ ਦੀ ਭਰਤੀ ਤੇਜ ਕਰਕੇ ਆਗਾਮੀ ਸਥਾਨਕ ਸਰਕਾਰਾਂ ਤੇ ਪੰਚਾਇਤੀ ਚੋਣਾਂ ਲੜਨ ਦੀ ਤਿਆਰੀ ਕਰਨ ਦੀ ਹਦਾਇਤ ਵੀ ਕੀਤੀ। ਮਹਿਲਾ ਵਿੰਗ ਦੀ ਪ੍ਰਧਾਨ ਹਰਗੋਬਿੰਦ ਕੌਰ ਨਾਲ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ, ''ਅਸੀਂ ਅਕਾਲੀ ਦਲ 'ਚ ਇਕ ਮਜ਼ਬੂਤ ਤੇ ਠੋਸ ਲੀਡਰਸ਼ਿਪ ਤਿਆਰ ਕਰਨ ਵਾਸਤੇ ਵਚਨਬੱਧ ਹਾਂ ਤੇ ਤੁਹਾਨੂੰ ਅਪੀਲ ਕਰਦੇ ਹਾਂ ਕਿ ਇਸ ਪ੍ਰਕਿਰਿਆ ਵਿਚ ਸਾਡੀ ਮਦਦ ਕੀਤੀ ਜਾਵੇ।''

ਉਨ੍ਹਾਂ ਨੇ ਮਹਿਲਾ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਸਾਰੇ ਪੱਧਰਾਂ 'ਤੇ ਕਮੇਟੀਆਂ ਕਾਇਮ ਕਰਨ ਤਾਂ ਜੋ ਸਥਾਨਕ ਸਰਕਾਰ ਚੋਣਾਂ



ਤੇ ਪੰਚਾਇਤ ਚੋਣਾਂ ਵਾਸਤੇ ਸਰਗਰਮ ਵਰਕਰਾਂ 'ਚੋਂ ਉਮੀਦਵਾਰਾਂ ਦੀ ਚੋਣ ਕੀਤੀ ਜਾ ਸਕੇ। ਸੁਖਬੀਰ ਨੇ ਮੈਂਬਰਸ਼ਿਪ ਭਰਤੀ ਮਗਰੋਂ ਸਰਕਲ, ਜ਼ਿਲ੍ਹਾ ਤੇ ਸੂਬਾ ਪੱਧਰ 'ਤੇ ਮੀਟਿੰਗਾਂ ਕਰਨ ਦਾ ਸੁਝਾਅ ਦਿੱਤਾ ਅਤੇ ਆਖਿਆ ਕਿ ਮੈਂਬਰਸ਼ਿਪ ਉਸੇ ਤਰੀਕੇ ਕੀਤੀ ਜਾ ਸਕਦੀ ਹੈ ਜਿਵੇਂ ਕਿ ਯੂਥ ਅਕਾਲੀ ਦਲ ਦੀ ਭਰਤੀ ਮੁਹਿੰਮ ਚੱਲ ਰਹੀ ਹੈ।

ਇਸ ਮੌਕੇ ਮਹਿਲਾ ਵਿੰਗ ਦੀ ਪ੍ਰਧਾਨ ਹਰਗੋਬਿੰਦ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਜ਼ਮੀਨੀ ਪੱਧਰ 'ਤੇ ਕਮੇਟੀਆਂ ਗਠਿਤ ਕਰਨਾ ਹੈ ਅਤੇ ਇਹ ਪ੍ਰਕਿਰਿਆ ਪੂਰੀ ਹੋਣ ਮਗਰੋਂ ਸਰਗਰਮ ਵਰਕਰਾਂ ਵਿਚੋਂ ਅਹੁਦੇਦਾਰਾਂ ਦੀ ਨਿਯੁਕਤੀ ਕੀਤੀ ਜਾਵੇਗੀ।

## ਗੁਰਦੁਆਰਾ ਪ੍ਰਬੰਧਕਾਂ ਨੇ ਤਰਨਜੀਤ ਸਿੰਘ ਸੰਧੂ ਤੋਂ ਮਾੜੇ ਵਿਹਾਰ ਲਈ ਮੁਆਫੀ ਮੰਗੀ

**ਵਾਸ਼ਿੰਗਟਨ:** ਅਮਰੀਕਾ ਵਿਚ 'ਲੌਂਗ ਆਈਲੈਂਡ ਗੁਰਦੁਆਰੇ' ਦੇ ਪ੍ਰਬੰਧਕਾਂ ਨੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਦੀ ਫੇਰੀ ਦੌਰਾਨ ਸੰਗਤ ਦੇ ਕੁਝ ਮੈਂਬਰਾਂ ਵੱਲੋਂ ਕੀਤੇ ਮਾੜੇ ਵਿਹਾਰ ਲਈ ਮੁਆਫੀ ਮੰਗੀ ਹੈ। ਗੁਰਦੁਆਰਾ ਗੁਰੂ ਨਾਨਕ ਦਰਬਾਰ ਦੀ ਪ੍ਰਬੰਧਕ ਕਮੇਟੀ ਨੇ 29 ਨਵੰਬਰ ਨੂੰ ਰਾਜਦੂਤ ਨੂੰ ਭੇਜੇ ਪੱਤਰ ਵਿਚ ਕਿਹਾ, "ਅਸੀਂ ਕਿਸੇ ਵੀ ਅਸੁਵਿਧਾ ਲਈ ਮੁਆਫੀ ਚਾਹੁੰਦੇ ਹਾਂ ਅਤੇ ਤੁਹਾਡੀ ਅਗਲੀ ਫੇਰੀ ਵਿਚ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਣ ਨੂੰ ਯਕੀਨੀ ਬਣਾਉਣ ਦਾ ਵਾਅਦਾ ਕਰਦੇ ਹਾਂ।"

# ਪੰਜਾਬ ਦੇ ਹਰ ਵਿਧਾਨ ਸਭਾ ਹਲਕੇ 'ਚ ਛੇ ਲਾਇਬ੍ਰੇਰੀਆਂ ਖੋਲ੍ਹਣ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਹਰ ਵਿਧਾਨ ਸਭਾ ਹਲਕੇ ਵਿਚ ਛੇ ਲਾਇਬ੍ਰੇਰੀਆਂ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ 'ਸੰਗਰੂਰ ਮਾਡਲ' ਦੀ ਤਰਜ਼ 'ਤੇ ਕੀਤਾ ਗਿਆ ਹੈ ਤੇ ਸਰਕਾਰ ਵੱਲੋਂ ਲਾਇਬ੍ਰੇਰੀਆਂ ਖੋਲ੍ਹਣ ਲਈ ਪਿੰਡਾਂ/ਸ਼ਹਿਰਾਂ ਦੀ ਸ਼ਨਾਖ਼ਤ ਕਰਨ ਦੇ ਹੁਕਮ ਦਿੱਤੇ ਗਏ ਹਨ।



ਜਾਣਕਾਰੀ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਗਰੂਰ ਜ਼ਿਲ੍ਹੇ 'ਚ ਕੁਝ ਲਾਇਬ੍ਰੇਰੀਆਂ ਦਾ ਉਦਘਾਟਨ ਕੀਤਾ ਸੀ ਅਤੇ ਉਨ੍ਹਾਂ ਇਸ ਮਾਡਲ ਨੂੰ ਪੂਰੇ ਪੰਜਾਬ 'ਚ ਲਿਜਾਣ ਦੀ ਹਦਾਇਤ ਕੀਤੀ ਸੀ। ਮੁੱਖ ਮੰਤਰੀ ਦਫਤਰ ਨੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਭੇਜ ਕੇ ਜ਼ਿਲ੍ਹਾ ਸੰਗਰੂਰ ਵਿਚ ਲਾਇਬਰੇਰੀ 'ਤੇ ਆਏ ਅੰਦਾਜ਼ਨ ਖਰਚ ਤੇ ਤਖ਼ਮੀਨੇ ਤੋਂ ਜਾਣੂ ਕਰਵਾ ਦਿੱਤਾ ਹੈ। ਜੇਕਰ ਤਜਵੀਜ਼ ਸਿਰੇ ਚੜ੍ਹੀ ਗਈ ਤਾਂ ਸੂਬੇ ਵਿਚ 702 ਲਾਇਬ੍ਰੇਰੀਆਂ ਖੁੱਲ੍ਹਣਗੀਆਂ।

ਮੁੱਖ ਮੰਤਰੀ ਵੱਲੋਂ ਪਿਛਲੇ ਸਮੇਂ ਦੌਰਾਨ ਡਿਪਟੀ ਕਮਿਸ਼ਨਰਾਂ ਨਾਲ ਇਕ ਮੀਟਿੰਗ ਦੌਰਾਨ ਵਿਕਾਸ ਕੰਮਾਂ ਸਮੇਤ ਲਾਇਬ੍ਰੇਰੀਆਂ ਬਾਰੇ ਚਰਚਾ ਕੀਤੀ ਗਈ ਸੀ। ਪੰਜਾਬ ਵਿਚ ਲਾਇਬ੍ਰੇਰੀਆਂ ਬਣਾਉਣ ਦਾ ਸੁਝਾਅ ਮਾਨਸਾ ਦੇ ਮੌਜੂਦਾ ਡਿਪਟੀ ਕਮਿਸ਼ਨਰ ਪਰਮਵੀਰ ਸਿੰਘ ਤੇ ਸੰਗਰੂਰ ਦੇ ਡੀ.ਸੀ. ਜਤਿੰਦਰ ਜੋਰਵਾਲ ਨੇ ਦਿੱਤਾ ਹੈ ਕਿਉਂਕਿ ਇਨ੍ਹਾਂ ਅਫਸਰਾਂ ਨੇ ਆਪਣੀ ਨੌਕਰੀ ਦੌਰਾਨ ਕਈ ਜ਼ਿਲ੍ਹਿਆਂ 'ਚ ਲਾਇਬ੍ਰੇਰੀਆਂ ਖੋਲ੍ਹੀਆਂ ਹਨ। ਵੇਰਵਿਆਂ ਅਨੁਸਾਰ ਮੁੱਖ ਮੰਤਰੀ ਵੱਲੋਂ ਹਰ ਵਿਧਾਨ ਸਭਾ ਹਲਕੇ ਨੂੰ 64 ਲੱਖ ਰੁਪਏ ਆਪਣੇ ਬੰਧਨ ਮੁਕਤ ਫੰਡਾਂ ਤੇ ਵਿਵੇਕੀ ਫ਼ੰਡਾਂ 'ਚੋਂ ਦਿੱਤੇ ਜਾਣੇ ਹਨ। ਲਾਇਬਰੇਰੀ ਦੀ ਉਸਾਰੀ 'ਤੇ ਕਰੀਬ 20 ਲੱਖ ਰੁਪਏ ਦਾ ਅੰਦਾਜ਼ਨ ਖਰਚ ਆਉਣਾ ਹੈ। ਸਰਕਾਰ ਨੇ 31 ਮਾਰਚ 2024 ਤੱਕ ਇਸ ਮਿਸ਼ਨ ਨੂੰ ਸਿਰੇ ਚਾੜ੍ਹਨ ਦਾ ਟੀਚਾ ਰੱਖਿਆ ਹੈ।

# ਨਿਊਜ਼ੀਲੈਂਡ ਦੇ ਰੇਡੀਓ ਮੇਜ਼ਬਾਨ ਹਰਨੇਕ ਸਿੰਘ 'ਤੇ ਹਮਲਾ ਕਰਨ ਦੇ ਦੋਸ਼ 'ਚ ਤਿੰਨ ਨੂੰ ਸਜ਼ਾ

**ਆਕਲੈਂਡ:** ਨਿਊਜ਼ੀਲੈਂਡ ਦੇ ਆਕਲੈਂਡ ਸਥਿਤ ਪ੍ਰਸਿੱਧ ਰੇਡੀਓ ਵਿਰਸਾ ਦੇ ਹੋਸਟ ਹਰਨੇਕ ਸਿੰਘ ਦੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਹੇਠ ਤਿੰਨ ਖਾਲਿਸਤਾਨੀ ਸਮਰਥਕਾਂ ਨੂੰ ਸਜ਼ਾ ਸੁਣਾਈ ਗਈ ਹੈ।

'ਦਿ ਆਸਟ੍ਰੇਲੀਆ ਟੂਡੇ' ਦੀ ਰਿਪੋਰਟ ਮੁਤਾਬਕ 27 ਸਾਲਾ ਸਰਵਜੀਤ ਸਿੱਧੂ, 44 ਸਾਲਾ ਸੁਖਪ੍ਰੀਤ ਸਿੰਘ ਅਤੇ 48 ਸਾਲਾ ਆਕਲੈਂਡ ਵਾਸੀ ਅਣਪਛਾਤੇ ਵਿਅਕਤੀ ਨੂੰ ਹਰਨੇਕ ਸਿੰਘ ਦੀ ਹੱਤਿਆ ਦੀ ਕੋਸ਼ਿਸ਼ ਦਾ ਦੋਸ਼ੀ ਕਰਾਰ ਦਿੱਤਾ ਗਿਆ। ਇਹ ਤਿੰਨੇ ਹਰਨੇਕ ਸਿੰਘ ਨੂੰ ਮਾਰਨਾ ਚਾਹੁੰਦੇ ਸਨ ਕਿਉਂਕਿ ਉਹ ਖਾਲਿਸਤਾਨੀ ਵਿਚਾਰਧਾਰਾ ਵਿਰੁੱਧ ਆਵਾਜ਼ ਉਠਾਉਣ ਕਾਰਨ ਉਸ ਤੋਂ ਨਾਰਾਜ਼ ਸਨ। ਨਿਊਜ਼ੀਲੈਂਡ ਦੇ ਤਿੰਨ ਖਾਲਿਸਤਾਨੀਆਂ ਨੇ ਹਰਨੇਕ ਸਿੰਘ ਉਤੇ ਜਾਨਲੇਵਾ ਹਮਲੇ ਦੀ ਸਾਜ਼ਿਸ਼ ਰਚੀ ਸੀ। ਉਨ੍ਹਾਂ ਨੇ ਇਹ ਹਮਲਾ 23 ਦਸੰਬਰ 2020 ਨੂੰ ਕੀਤਾ ਸੀ। ਇਸ ਦੌਰਾਨ ਹਰਨੇਕ ਸਿੰਘ ਉਤੇ 40 ਤੋਂ ਵੱਧ ਵਾਰ ਚਾਕੂ ਨਾਲ ਹਮਲਾ ਕੀਤਾ ਗਿਆ। ਹਾਲਾਂਕਿ ਉਹ ਕਿਸੇ ਤਰ੍ਹਾਂ ਬਚ ਗਿਆ ਪਰ ਉਸ ਨੂੰ 350 ਤੋਂ ਵੱਧ ਟਾਂਕੇ ਲੱਗੇ ਤੇ ਅਪਰੇਸ਼ਨ ਹੋਏ।

ਹਮਲੇ ਦੇ ਮਾਸਟਰਮਾਈਂਡ 48 ਸਾਲਾ ਸੁਖਪ੍ਰੀਤ ਸਿੰਘ ਨੂੰ ਸਾਢੇ 13 ਸਾਲ ਦੀ ਸਜਾ ਸੁਣਾਈ ਗਈ ਸੀ, ਜਿਸ ਵਿਚ ਪੈਰੋਲ ਦੀ ਯੋਗਤਾ ਤੋਂ ਪਹਿਲਾਂ ਘੱਟੋ-ਘੱਟ 9 ਸਾਲ ਦੀ ਸਜਾ ਵੀ ਸ਼ਾਮਲ ਹੈ। ਸਰਵਜੀਤ ਸਿੱਧੂ ਨੂੰ ਸਾਢੇ ਨੌਂ ਸਾਲ ਦੀ ਸਜਾ ਸੁਣਾਈ ਗਈ ਹੈ, ਜਦਕਿ ਸੁਖਪ੍ਰੀਤ ਸਿੰਘ ਨੂੰ ਛੇ ਮਹੀਨੇ ਦੀ ਘਰ ਨਜ਼ਰਬੰਦੀ ਦੀ ਸਜਾ ਸੁਣਾਈ ਗਈ ਹੈ।

# ਮੰਡੀਆਂ ਵਿਚ ਲੱਗਣਗੇ ਏ.ਟੀ.ਐਮ.

**ਮੁਹਾਲੀ:** ਪੰਜਾਬ ਮੰਡੀ ਬੋਰਡ ਵੱਲੋਂ ਸੂਬੇ ਦੀਆਂ ਮੰਡੀਆਂ ਵਿਚ ਵੱਖ-ਵੱਖ ਬੈਂਕਾਂ ਦੇ ਏ.ਟੀ.ਐਮ. ਲਗਾਉਣ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਇਸ ਕਾਰਜ ਨੂੰ ਜਲਦੀ ਹੀ ਨੇਪਰੇ ਚਾੜ੍ਹ ਕੇ ਆਮ ਲੋਕਾਂ ਅਤੇ ਮਾਰਕੀਟ ਕਮੇਟੀਆਂ ਦੇ ਅਮਲੇ ਨੂੰ ਵੱਡੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਇਹ ਜਾਣਕਾਰੀ ਇੱਥੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਮੰਡੀਆਂ ਵਿਚ ਖਰੀਦਦਾਰੀ ਕਰਦੇ ਸਮੇਂ ਪੈਸਿਆਂ ਦੇ ਲੈਣ-ਦੇਣ ਵਿੱਚ ਕੋਈ ਦਿੱਕਤ ਨਹੀਂ ਹੋਵੇਗੀ। ਸ੍ਰੀ ਬਰਸਟ ਨੇ ਕਿਹਾ ਕਿ ਪੈਸੇ ਦੇ ਲੈਣ-ਦੇਣ ਮੌਕੇ ਨਕਦੀ ਦੀ ਘਾਟ ਕਾਰਨ ਕਈ ਵਾਰ ਵਪਾਰੀਆਂ ਨੂੰ ਸਾਮਾਨ ਛੱਡਣਾ ਪੈਂਦਾ ਸੀ। ਇਸ ਲਈ ਪੰਜਾਬ ਮੰਡੀ ਬੋਰਡ



ਵੱਲੋਂ ਲੋਕ ਹਿੱਤ ਵਿਚ ਸੂਬੇ ਦੀਆਂ ਵੱਖ-ਵੱਖ ਅਨਾਜ ਮੰਡੀਆਂ ਅਤੇ ਮਾਰਕੀਟ ਕਮੇਟੀਆਂ ਵਿਚ ਵੱਖ-ਵੱਖ ਬੈਂਕਾਂ ਦੇ ਏ.ਟੀ.ਐਮ. ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬ ਉਨ੍ਹਾਂ ਆਖਿਆ ਕਿ ਸਰਕਾਰੀ ਅਦਾਰੇ (ਮੰਡੀ ਬੋਰਡ) ਦੀ ਆਮਦਨ ਵਿਚ ਵਾਧਾ ਕਰਨ ਲਈ ਮੰਡੀਆਂ ਵਿਚ ਯੂਨੀਪੋਲ ਲਾਉਣ ਦੀ ਯੋਜਨਾ ਨੂੰ ਵੀ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ।

# ਸੀ.ਬੀ.ਐਸ.ਈ. ਵੱਲੋਂ ਬੋਰਡ ਪ੍ਰੀਖਿਆਵਾਂ 'ਚ ਕੋਈ ਡਿਵੀਜ਼ਨ ਤੇ ਵਿਸ਼ੇਸ਼ ਦਰਜਾ ਨਾ ਦੇਣ ਦਾ ਫੈਸਲਾ

**ਚੰਡੀਗੜ੍ਹ:** ਸੀ.ਬੀ.ਐਸ.ਈ. ਵੱਲੋਂ ਦਸਵੀਂ ਤੇ ਬਾਰ੍ਹਵੀਂ ਦੀਆਂ ਬੋਰਡ ਜਮਾਤਾਂ ਦੀਆਂ ਪ੍ਰੀਖਿਆਵਾਂ ਵਿਚ ਬੋਰਡ ਵੱਲੋਂ ਕੋਈ ਡਿਵੀਜ਼ਨ (ਸ਼੍ਰੇਣੀ) ਜਾਂ ਡਿਸਟਿੰਕਸ਼ਨ (ਵਿਸ਼ੇਸ਼ ਦਰਜਾ) ਨਹੀਂ ਦਿੱਤੀ ਜਾਵੇਗੀ। ਇਸ ਕਰ ਕੇ ਬੋਰਡ ਪ੍ਰੀਖਿਆਵਾਂ ਵਿਚ ਕੁੱਲ ਅੰਕ ਵੀ ਨਹੀਂ ਦਿੱਤੇ ਜਾਣਗੇ।

ਬੋਰਡ ਨੇ ਇਹ ਫੈਸਲਾ ਨਵੀਂ ਸਿੱਖਿਆ ਨੀਤੀ ਤਹਿਤ ਤੇ ਵਿਦਿਆਰਥੀਆਂ ਵਿਚ ਬੋਰਡ ਪ੍ਰੀਖਿਆਵਾਂ ਦੌਰਾਨ ਵਧਦੇ ਤਣਾਅ ਤੇ ਹੋਰ ਕਾਰਨਾਂ ਕਰ ਕੇ ਲਿਆ ਹੈ। ਬੋਰਡ ਦੇ ਪ੍ਰੀਖਿਆ ਕੰਟਰੋਲਰ ਸੰਯਮ ਭਾਰਦਵਾਜ ਨੇ ਦੱਸਿਆ ਕਿ ਇਸ ਸਬੰਧੀ ਬੋਰਡ ਕੋਲੋਂ ਕਈ ਵਾਰ ਮੰਗ ਕੀਤੀ ਗਈ ਸੀ। ਬੋਰਡ ਨੇ ਸਪੱਸ਼ਟ ਕੀਤਾ ਹੈ ਕਿ ਜੇ ਕਿਸੇ ਵਿਦਿਆਰਥੀ ਨੇ ਕਿਸੇ ਜਮਾਤ ਵਿਚ ਪੰਜ ਜਾਂ ਉਸ ਤੋਂ ਵੱਧ ਵਿਸ਼ਿਆਂ ਦੀ ਪ੍ਰੀਖਿਆ ਦਿੱਤੀ ਹੈ ਤਾਂ ਉਸ ਨੂੰ ਦਾਖਲਾ ਦੇਣ ਵਾਲੀ ਜਾਂ ਨੌਕਰੀ ਦੇਣ ਵਾਲੀ ਸੰਸਥਾ ਸਭ ਤੋਂ ਵਧੀਆ ਪੰਜ ਵਿਸ਼ਿਆਂ ਦੇ ਅੰਕਾਂ ਦੇ ਆਧਾਰ 'ਤੇ ਵਿਦਿਆਰਥੀ ਦੀ ਚੋਣ ਕਰ ਸਕਦੀ ਹੈ।

ਬੋਰਡ ਨੇ ਦੱਸਿਆ ਕਿ ਪ੍ਰੀਖਿਆ ਉਪ ਨਿਯਮਾਂ ਦੇ ਚੈਪਟਰ-7 ਦੀ ਉਪ-ਧਾਰਾ 40.1 ਅਨੁਸਾਰ ਵਿਦਿਆਰਥੀਆਂ ਦਾ ਡਿਵੀਜ਼ਨ, ਡਿਸਟਿੰਕਸ਼ਨ ਜਾਂ ਅੰਕਾਂ ਨਾਲ ਨਿਰੀਖਣ ਨਹੀਂ ਕੀਤਾ ਜਾਵੇਗਾ। ਚੰਡੀਗੜ੍ਹ ਦੇ ਨਿੱਜੀ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਸੀ.ਬੀ.ਐਸ.ਈ. ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਫੈਸਲਾ ਵਿਦਿਆਰਥੀਆਂ 'ਤੇ ਅਕਾਦਮਿਕ ਦਬਾਅ ਨੂੰ ਘਟਾਏਗਾ।

ਆਮ ਤੌਰ 'ਤੇ ਕਮਜ਼ੋਰ ਵਿਦਿਆਰਥੀ ਬੋਰਡ ਪ੍ਰੀਖਿਆਵਾਂ ਵਿਚ ਘੱਟ ਅੰਕ ਆਉਣ ਕਾਰਨ ਖੁਦਕੁਸ਼ੀ ਵਰਗੇ ਕਦਮ ਵੀ ਚੁੱਕ ਲੈਂਦੇ ਸਨ। ਇਹ ਫੈਸਲਾ ਇਮਤਿਹਾਨ ਦੀ ਕਾਰਗੁਜ਼ਾਰੀ ਦੀ ਬਜਾਏ ਸਮੁੱਚੀ ਸਿੱਖਿਆ 'ਤੇ ਜ਼ੋਰ ਦੇਣ ਨੂੰ ਉਤਸ਼ਾਹਿਤ ਕਰਦਾ ਹੈ।

# ਸੁਮੇਧ ਸੈਣੀ ਨੇ ਅਦਾਲਤ ਵਿਚ ਜ਼ਮਾਨਤਨਾਮਾ ਭਰਿਆ

**ਫਰੀਦਕੋਟ:** ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੇ ਕੋਟਕਪੂਰਾ ਗੋਲੀ ਕਾਂਡ ਕੇਸ ਵਿਚ ਇਥੇ ਇਲਾਕਾ ਮੈਜਿਸਟਰੇਟ ਅਜੈ ਪਾਲ ਸਿੰਘ ਦੀ ਅਦਾਲਤ ਵਿਚ ਪੇਸ਼ ਹੋ ਕੇ ਜ਼ਮਾਨਤਨਾਮਾ ਭਰਿਆ। ਸਾਬਕਾ ਡੀ.ਜੀ.ਪੀ. 'ਤੇ ਕੋਟਕਪੂਰਾ ਗੋਲੀ ਕਾਂਡ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਇਸ ਸਬੰਧੀ ਇਸੇ ਸਾਲ ਜੁਲਾਈ ਮਹੀਨੇ 'ਚ ਵਿਸ਼ੇਸ਼ ਜਾਂਚ ਟੀਮ ਨੇ ਸੁਮੇਧ ਸੈਣੀ ਸਮੇਤ 7 ਮੁਲਜ਼ਮਾਂ ਖ਼ਿਲਾਫ਼ ਚਲਾਨ ਪੇਸ਼ ਕੀਤਾ ਸੀ ਤੇ ਹੁਣ ਕੇਸ ਦੀ ਸੁਣਵਾਈ ਸੈਸ਼ਨ ਕੋਰਟ ਵਿੱਚ ਸ਼ੁਰੂ ਹੋਣੀ ਹੈ। ਸਾਬਕਾ ਡੀ.ਜੀ.ਪੀ. ਨੂੰ ਕੋਟਕਪੂਰਾ ਗੋਲੀ ਕਾਂਡ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਅਗਾਊਂ ਜ਼ਮਾਨਤ ਦਿੰਦਿਆਂ ਫਰੀਦਕੋਟ ਅਦਾਲਤ ਵਿਚ ਪੇਸ਼ ਹੋ ਕੇ ਜ਼ਮਾਨਤਨਾਮਾ ਭਰਨ ਲਈ ਕਿਹਾ ਸੀ। ਸੁਮੇਧ ਸੈਣੀ ਨੇ ਅਦਾਲਤ ਵਿਚ ਇਕ ਵੱਖਰੀ ਦਰਖਾਸਤ ਦੇ ਕੇ ਨਿੱਜੀ ਪੇਸ਼ੀ ਤੋਂ ਛੋਟ ਮੰਗਦਿਆਂ



ਕਿਹਾ ਕਿ ਕਮਜ਼ੋਰ ਸਿਹਤ ਤੇ ਜੈੱਡ ਪਲੱਸ ਸੁਰੱਖਿਆ ਹੋਣ ਕਾਰਨ ਉਹ ਹਰ ਪੇਸ਼ੀ 'ਤੇ ਅਦਾਲਤ ਵਿਚ ਹਾਜਰ ਨਹੀਂ ਹੋ ਸਕਦੇ। ਇਸ ਸਬੰਧੀ ਅਦਾਲਤ ਨੇ ਹਾਲੇ ਫੈਸਲਾ ਨਹੀਂ

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖਾਲਿਸਤਾਨੀ ਆਗੂ ਲਖਬੀਰ ਸਿੰਘ ਰੋਡੇ ਦੀ ਪਾਕਿਸਤਾਨ ’ਚ ਮੌਤ



**ਅੰਮ੍ਰਿਤਸਰ:** ਖਾਲਿਸਤਾਨੀ ਆਗੂ 72 ਸਾਲਾ ਲਖਬੀਰ ਸਿੰਘ ਰੋਡੇ ਦਾ ਪਾਕਿਸਤਾਨ ਵਿਚ ਦਿਲ ਦੇ ਦੌਰੇ ਕਾਰਨ ਦੇਹਾਂਤ ਹੋ ਗਿਆ। ਉਹ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਦੇ ਭਰਾ ਅਤੇ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਭਤੀਜਾ ਸੀ।

ਇਸ ਦੀ ਪੁਸ਼ਟੀ ਭਾਈ ਜਸਬੀਰ ਸਿੰਘ ਰੋਡੇ ਵੱਲੋਂ ਕੀਤੀ ਗਈ ਹੈ। ਉਨ੍ਹਾਂ ਸੋਸ਼ਲ ਮੀਡੀਆ ਉਤੇ ਪੋਸਟ ਵੀ ਸਾਂਝੀ ਕੀਤੀ ਹੈ। ਲਖਬੀਰ ਸਿੰਘ ਰੋਡੇ ਇਸ ਵੇਲੇ ਪਾਕਿਸਤਾਨ ਵਿਚ ਸੀ ਅਤੇ 2 ਦਸੰਬਰ ਨੂੰ ਉਸ ਨੂੰ ਦਿਲ ਦਾ ਦੌਰਾ ਪਿਆ, ਜੋ ਜਾਨ ਲੇਵਾ ਸਾਬਤ ਹੋਇਆ। ਦੇਹ ਦਾ ਸਸਕਾਰ ਵੀ ਉੱਥੇ ਹੀ ਕਰ ਦਿੱਤਾ ਗਿਆ ਹੈ। ਉਸ ਦੀ ਪਤਨੀ ਅਤੇ ਬੱਚੇ ਵੀ ਵਿਦੇਸ਼ ਵਿਚ ਹਨ। ਲਖਬੀਰ ਸਿੰਘ ਰੋਡੇ ਪੁਲਿਸ ਨੂੰ ਕਈ ਕੇਸਾਂ ਵਿਚ ਲੋੜੀਂਦਾ ਸੀ। ਉਹ ਖਾਲਿਸਤਾਨ ਲਿਬਰੇਸ਼ਨ ਫੋਰਸ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦਾ ਮੁਖੀ ਵੀ ਸੀ। ਉਸ ਨੂੰ ਕਨਿਸ਼ਕ ਬੰਬ ਕਾਂਡ ਵਿਚ ਵੀ ਨਾਮਜ਼ਦ ਕੀਤਾ ਗਿਆ ਸੀ। ਉਹ ਸ਼ੁਰੂ ਵਿਚ ਦੁਬਈ ਗਿਆ ਸੀ ਅਤੇ ਉਥੋਂ ਪਾਕਿਸਤਾਨ ਚਲਾ ਗਿਆ, ਜਦੋਂ ਕਿ ਉਸ ਦਾ ਪਰਿਵਾਰ ਕੈਨੇਡਾ ਵਿਚ ਹੈ। ਸਾਲ 2002 ਵਿਚ ਭਾਰਤ ਵੱਲੋਂ ਪਾਕਿਸਤਾਨ ਨੂੰ ਲੋੜੀਂਦੇ ਵਿਅਕਤੀਆਂ ਦੀ ਦਿੱਤੀ ਗਈ ਸੂਚੀ ਵਿਚ ਉਸ ਦਾ ਨਾਂ ਵੀ ਸ਼ਾਮਲ ਸੀ। ਉਹ ਪਿਛਲੇ ਕੁਝ ਸਮੇਂ ਤੋਂ ਠੀਕ ਨਹੀਂ ਸੀ ਅਤੇ ਸ਼ੂਗਰ ਤੇ ਦਿਲ ਦੇ ਰੋਗ ਤੋਂ ਪੀੜਤ ਸੀ। ਉਸ ਦੀ ਬਾਈਪਾਸ ਸਰਜਰੀ ਵੀ ਹੋਈ ਸੀ।

# ਪਾਕਿਸਤਾਨ ਗਿਆ ਸਿੱਖ ਸ਼ਰਧਾਲੂਆਂ ਦਾ ਜਥਾ ਵਤਨ ਪਰਤਿਆ

**ਅਟਾਰੀ:** ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਦੇਵ ਦਾ 554ਵਾਂ ਪ੍ਰਕਾਸ਼ ਪੁਰਬ ਮਨਾਉਣ ਮਗਰੋਂ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪਰਤ ਆਇਆ ਹੈ।

ਜਥੇ ਦੀ ਵਤਨ ਵਾਪਸੀ ਮਗਰੋਂ ਅਟਾਰੀ ਸਰਹੱਦ ‘ਤੇ ਗੱਲਬਾਤ ਕਰਦਿਆਂ ਸੁੱਚਾ ਸਿੰਘ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਸਿੱਖ ਸੰਗਤ ਨੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁੱਖ ਸਮਾਗਮ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਚ ਹੋਇਆ। ਉਨ੍ਹਾਂ ਦੱਸਿਆ ਕਿ ਇਸ ਮੌਕੇ ਭਾਰਤ, ਪਾਕਿਸਤਾਨ, ਬਰਤਾਨੀਆ, ਕੈਨੇਡਾ, ਅਮਰੀਕਾ, ਆਸਟਰੇਲੀਆ, ਪਾਕਿਸਤਾਨ ਦੇ ਸੂਬਾ ਸਿੰਧ, ਬਲੋਚਿਸਤਾਨ, ਪਿਸ਼ਾਵਰ ਆਦਿ ਤੋਂ ਵੱਡੀ ਗਿਣਤੀ ਸਿੱਖ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਦੱਸਿਆ ਕਿ ਗੁਰਧਾਮਾਂ ਦੀ ਯਾਤਰਾ ਦੌਰਾਨ ਭਾਰਤੀ ਸਿੱਖ ਸ਼ਰਧਾਲੂਆਂ ਨੇ ਨਨਕਾਣਾ ਸਾਹਿਬ ਸਥਿਤ ਸਥਾਨਕ ਗੁਰਦੁਆਰਿਆਂ ਦੇ ਦਰਸ਼ਨਾਂ ਤੋਂ ਇਲਾਵਾ ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ), ਗੁਰਦੁਆਰਾ ਡੇਹਰਾ ਸਾਹਿਬ ਲਾਹੌਰ (ਸਮੇਤ ਸਥਾਨਕ ਗੁਰਦੁਆਰੇ), ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ, ਗੁਰਦੁਆਰਾ ਰੋੜੀ ਸਾਹਿਬ (ਐਮਨਾਬਾਦ) ਦੇ ਦਰਸ਼ਨ ਵੀ ਕੀਤੇ।

ਸ਼ਰਧਾਲੂ ਲਖਬੀਰ ਸਿੰਘ ਨੇ ਦੱਸਿਆ ਕਿ ਗੁਰਧਾਮਾਂ ਦੀ ਯਾਤਰਾ ਦੌਰਾਨ ਪਾਕਿਸਤਾਨ ਸਰਕਾਰ ਵੱਲੋਂ ਸਿੱਖ ਸ਼ਰਧਾਲੂਆਂ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਉਨ੍ਹਾਂ ਕਿਹਾ ਕਿ ਗੁਰਧਾਮਾਂ ਦੀ ਯਾਤਰਾ ਦੌਰਾਨ ਸਿੱਖ ਜਥੇ ‘ਚ ਸ਼ਾਮਲ ਸ਼ਰਧਾਲੂਆਂ ਦਾ ਨਿੱਘਾ ਸਵਾਗਤ ਕੀਤਾ ਗਿਆ।

## ਅਮਰੀਕਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਸ੍ਰੀ ਮੁਕਤਸਰ ਸਾਹਿਬ:** ਇੱਥੋਂ ਨੇੜਲੇ ਪਿੰਡ ਗੰਧੜ ਦੇ ਨੌਜਵਾਨ ਮਨਦੀਪ ਸਿੰਘ ਮਨੀ (29) ਦੀ ਅਮਰੀਕਾ ‘ਚ ਇਕ ਸੜਕ ਹਾਦਸੇ ‘ਚ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਕਿਸਾਨ ਆਗੂ ਪ੍ਰਗਟ ਸਿੰਘ ਦਾ ਪੁੱਤਰ ਮਨਦੀਪ ਸਿੰਘ ਕਰੀਬ ਛੇ ਸਾਲ ਪਹਿਲਾਂ ਚਿਲੀ ਗਿਆ ਸੀ, ਜਿੱਥੇ ਚਾਰ ਸਾਲ ਰਹਿਣ ਮਗਰੋਂ ਉਹ ਦੋ ਸਾਲ ਪਹਿਲਾਂ ਅਮਰੀਕਾ ਚਲਾ ਗਿਆ ਸੀ ਤੇ ਹੁਣ ਕੈਲੀਫੋਰਨੀਆ ਵਿਚ ਰਹਿ ਰਿਹਾ ਸੀ। ਪ੍ਰਗਟ ਸਿੰਘ ਨੇ ਦੱਸਿਆ ਕਿ 26 ਨਵੰਬਰ ਦੀ ਰਾਤ ਨੂੰ ਮਨਦੀਪ ਸਿੰਘ ਓਕਲਾਮਾ ਸ਼ਹਿਰ ਨੇੜੇ ਟਰੱਕ ਚਲਾ ਰਿਹਾ ਸੀ। ਇਸ ਦੌਰਾਨ ਵਾਪਰੇ ਸੜਕ ਹਾਦਸੇ ਵਿਚ ਉਸ ਦੀ ਮੌਤ ਹੋ ਗਈ। ਮਨਦੀਪ ਦੀ ਮਾਤਾ ਕੈਂਸਰ ਦੀ ਮਰੀਜ਼ ਹੈ, ਜਿਸ ਦਾ ਇਲਾਜ ਚੱਲ ਰਿਹਾ ਹੈ। ਪ੍ਰਗਟ ਸਿੰਘ ਤੇ ਉਸ ਦੇ ਵੱਡੇ ਭਰਾ ਮਾਸਟਰ ਗੁਰਚਰਨ ਸਿੰਘ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮਨਦੀਪ ਦੀ ਦੇਹ ਨੂੰ ਵਤਨ ਵਾਪਸ ਲਿਆਉਣ ‘ਚ ਮਦਦ ਕੀਤੀ ਜਾਵੇ।

# ਬਰੈਂਪਟਨ ’ਚ ਪੁਲਿਸ ਨੂੰ 4 ਪੰਜਾਬੀ ਨੌਜਵਾਨਾਂ ਦੀ ਭਾਲ

**ਟੋਰਾਂਟੋ:** ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਪੁਲਿਸ ਨੇ 22 ਤੋਂ 30 ਸਾਲ ਦੀ ਉਮਰ ਦੇ ਚਾਰ ਪੰਜਾਬੀ ਮੂਲ ਦੇ ਨੌਜਵਾਨਾਂ ਨੂੰ ਲੱਭਣ ਲਈ ਜਨਤਕ ਸਹਾਇਤਾ ਦੀ ਮੰਗ ਕੀਤੀ ਹੈ। ਆਫ਼ਤਾਬ ਗਿੱਲ (22), ਹਰਮਨਦੀਪ ਸਿੰਘ (22), ਜਤਿੰਦਰ ਸਿੰਘ (25) ਅਤੇ ਸਤਨਾਮ ਸਿੰਘ (30) ਨੇ 8 ਸਤੰਬਰ ਨੂੰ ਮੈਕਲਾਫਿਲਨ ਰੋਡ ਅਤੇ ਰੇਅ ਲੌਸਨ ਬੁਲੇਵਾਰਡ ਦੇ ਖੇਤਰ ਵਿਚ ਇਕ ਵਿਅਕਤੀ ਨੂੰ ਕੁੱਟਿਆ ਸੀ।

ਜ਼ਿਕਰਯੋਗ ਹੈ ਕਿ ਇਨ੍ਹਾਂ ਮੁੰਡਿਆਂ ਨੇ ਲੰਘੀ 8 ਸਤੰਬਰ ਨੂੰ ਮੈਕਲੌਗਲਿਨ ਰੋਡ ਉੱਤੇ ਇੱਕ ਵਿਅਕਤੀ ਉਤੇ ਜਾਨਲੇਵਾ ਹਮਲਾ ਕੀਤਾ ਤੇ ਉਸ ਨੂੰ ਸਖਤ ਜ਼ਖ਼ਮੀ ਕਰ ਕੇ ਭੱਜ ਗਏ। ਇਹ ਅੱਧੀ ਰਾਤ ਨੂੰ ਉੱਥੇ ਘੁੰਮ ਰਹੇ ਸਨ ਕਿ ਕਿਸੇ ਗੱਲੋਂ ਇਨ੍ਹਾਂ ਦਾ ਪੀੜਤ ਵਿਅਕਤੀ ਨਾਲ ਤਕਰਾਰ ਹੋ ਗਿਆ। ਇਸ ਮਗਰੋਂ ਉਨ੍ਹਾਂ ਸਾਰਿਆਂ ਨੇ ਮਿਲ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਉਹ ਉਥੋਂ ਫਰਾਰ ਹੋ ਗਏ। ਪੁਲਿਸ ਨੇ ਨੇੜਲੇ ਕੈਮਰਿਆਂ ਨੂੰ ਖੰਗਾਲ ਕੇ ਮੁਲਜ਼ਮਾਂ ਦੀ ਪਛਾਣ ਕੀਤੀ ਹੈ। ਮੁਲਜ਼ਮਾਂ ਦੀ ਪਛਾਣ ਭਾਵੇਂ ਹੋ ਗਈ ਹੈ ਪਰ ਇਨ੍ਹਾਂ ਦੀ ਰਿਹਾਇਸ਼ ਬਾਰੇ ਅਜੇ ਪਤਾ ਨਹੀਂ ਲੱਗਿਆ। ਇਨ੍ਹਾਂ ਦੇ ਰਹਿਣ ਬਾਰੇ ਜਾਣਕਾਰੀ ਨਾ ਮਿਲਣ ਕਾਰਨ ਇਹ ਪੁਲਿਸ ਦੀ ਪਹੁੰਚ ਤੋਂ ਦੂਰ ਹਨ। ਪੁਲਿਸ ਦਾ ਮੰਨਣਾ ਹੈ ਕਿ ਉਹ ਬਰੈਂਪਟਨ ਵਿਚ ਰਹਿੰਦੇ ਹਨ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਫੋਟੋਆਂ ਤੋਂ ਮੁਲਜ਼ਮਾਂ ਨੂੰ ਪਛਾਣ ਕੇ ਇਸ ਸਬੰਧੀ ਪੁਲਿਸ ਦੀ ਮਦਦ ਕਰਨ। ਪੁਲਿਸ ਅਧਿਕਾਰੀ ਨੇ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਇਨ੍ਹਾਂ ਨੂੰ ਹੋਰ ਅਪਰਾਧ ਕਰਨ ਤੋਂ ਪਹਿਲਾਂ ਫੜਿਆ ਜਾ ਸਕਦਾ ਹੈ।

## ਪਰਮਜੀਤ ਸਿੰਘ ਢਾਡੀ ਰਾਜਾਸਾਂਸੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ

**ਅੰਮ੍ਰਿਤਸਰ:** ਪੰਜਾਬ ਪੁਲਿਸ ਨੇ ਇਥੋਂ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਤੋਂ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਆਗੂ ਲਖਬੀਰ ਸਿੰਘ ਰੋਡੇ ਦੇ ਸਾਥੀ ਪਰਮਜੀਤ ਸਿੰਘ ਢਾਡੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਸੋਸ਼ਲ ਸਾਈਟ ਐਕਸ ‘ਤੇ ਦਿੱਤੀ ਹੈ। ਪੁਲਿਸ ਨੇ ਕਿਹਾ ਕਿ ਢਾਡੀ ਕਥਿਤ ਤੌਰ ਉਤੇ ਅਤਿਵਾਦੀ ਫੰਡਿੰਗ ਅਤੇ ਹੋਰ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਸੀ।

# ਚੋਣ ਨਤੀਜਿਆਂ ਨਾਲ ਭਾਜਪਾ ਦੇ ਹੌਸਲੇ ਬੁਲੰਦ

***(ਪਹਿਲੇ ਸਫੇ ਦੀ ਬਾਕੀ)***

ਇਨਕਲੂਸਿਵ ਅਲਾਇੰਸ‘ (ਇੰਡੀਆ) ਗੱਠਜੋੜ ਤਹਿਤ ਆਪਣੀ ਭਾਈਵਾਲ ਕਾਂਗਰਸ ਨਾਲ ਮਿਲ ਕੇ ਚੱਲਦੀ ਤਾਂ ਸ਼ਾਇਦ ਨਤੀਜੇ ਕੁਝ ਹੋਰ ਹੁੰਦੇ। ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਟਾਕਰੇ ਲਈ ਬਣੇ ਇਸ ਗੱਠਜੋੜ ਵਿਚ ਕਾਂਗਰਸ ਸਭ ਤੋਂ ਪੁਰਾਣੀ ਅਤੇ ਆਮ ਆਦਮੀ ਪਾਰਟੀ ਸਭ ਤੋਂ ਨਵੀਂ ਧਿਰ ਹੈ ਪਰ ਕੇਂਦਰੀ ਸੱਤਾ ਲਈ ਵੱਡੇ ਸੁਪਨੇ ਵੇਖੀ ਬੈਠੀ ਇਹ ਧਿਰ (ਆਪ) ਹਾਲੇ ਤੱਕ ਭਾਈਵਾਲਾਂ ਨੂੰ ਕੋਈ ਰਾਹ ਨਹੀਂ ਦੇ ਰਹੀ ਸੀ। ਹੁਣ ਲੱਗੇ ਝਟਕੇ ਪਿੱਛੋਂ ਗੱਠਜੋੜ ਦੇ ਤਕੜੇ ਹੋ ਕੇ ਭਾਜਪਾ ਖਿਲਾਫ ਲੜਨ ਦੇ ਆਸਾਰ ਵੀ ਬਣ ਗਏ ਹਨ। ਚਾਰ ਸੂਬਿਆਂ ਦੇ ਚੋਣ ਨਤੀਜਿਆਂ ‘ਚ ਭਾਜਪਾ ਨੇ ਜਿੱਥੇ ਮੱਧ ਪ੍ਰਦੇਸ਼ ‘ਚ ਆਪਣੀ ਸਰਕਾਰ ਕਾਇਮ ਰੱਖੀ, ਉਥੇ ਹੀ ਦੋ ਸੂਬਿਆਂ ਰਾਜਸਥਾਨ ਤੇ ਛੱਤੀਸਗੜ੍ਹ ਦੀ ਸੱਤਾ ਕਾਂਗਰਸ ਤੋਂ ਖੋਹ ਲਈ। ਕਾਂਗਰਸ ਦੋ ਸੂਬੇ ਹਾਰ ਗਈ ਪਰ ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐਸ.) ਤੋਂ ਤਿਲੰਗਾਨਾ ਜਿੱਤ ਗਈ। ਰਾਜਸਥਾਨ ਤੋਂ ਬਿਨਾਂ ਇਹ ਚੋਣ ਨਤੀਜੇ ਉਵੇਂ ਨਹੀਂ ਆਏ ਜਿਵੇਂ ਸਿਆਸੀ ਮਾਹਿਰ ਇਨ੍ਹਾਂ ਬਾਰੇ ਸੋਚ ਰਹੇ ਸਨ। ਸਿਆਸੀ ਮਾਹਿਰਾਂ ਤੇ ਐਗਜ਼ਿਟ ਪੋਲਾਂ ਦੀ ਭਵਿੱਖਬਾਣੀ ਸੀ ਕਿ ਭਾਰਤੀ ਜਨਤਾ ਪਾਰਟੀ ਰਾਜਸਥਾਨ ਵਿਚ ਅਤੇ ਕਾਂਗਰਸ ਛੱਤੀਸਗੜ੍ਹ ਵਿਚ ਜਿੱਤੇਗੀ ਜਦੋਂਕਿ ਮੱਧ ਪ੍ਰਦੇਸ਼ ਵਿਚ ਕਾਂਟੇ ਦੀ ਟੱਕਰ ਹੋਵੇਗੀ। ਮੱਧ ਪ੍ਰਦੇਸ਼ ਵਿਚ ਭਾਜਪਾ ਨੂੰ ਬਹੁਤ ਵੱਡੀ ਜਿੱਤ ਪ੍ਰਾਪਤ ਹੋਈ ਹੈ; ਪਾਰਟੀ ਨੇ ਇਸ ਸੂਬੇ ਵਿਚ ਚੋਣ ਪੂਰੀ ਤਾਕਤ ਨਾਲ ਲੜੀ ਸੀ ਅਤੇ ਕਈ ਕੇਂਦਰੀ ਮੰਤਰੀਆਂ ਤੇ ਸੰਸਦ ਮੈਂਬਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਪਾਰਟੀ ਪ੍ਰਧਾਨ ਜੇ.ਪੀ. ਨੱਢਾ ਨੇ ਲਗਾਤਾਰ ਚੋਣ ਪ੍ਰਚਾਰ ਕੀਤਾ; ਇਨ੍ਹਾਂ ਸੂਬਿਆਂ ਦੇ ਚੋਣ ਨਤੀਜਿਆਂ ਨੇ ਕਰਨਾਟਕ ਵਿਚ ਭਾਜਪਾ ਦੀ ਹਾਰ ਤੋਂ ਬਾਅਦ ਉਨ੍ਹਾਂ ਦੀ ਵੋਟ ਪ੍ਰਾਪਤ ਕਰਨ ਦੀ ਸਮਰੱਥਾ ਬਾਰੇ ਉਪਜੇ ਸ਼ੱਕ-ਸ਼ੁਬਹੇ ਦੂਰ ਕਰ ਦਿੱਤੇ ਹਨ। ਮੱਧ ਪ੍ਰਦੇਸ਼ ਦੀ ਵੱਡੀ ਜਿੱਤ ਦੇ ਨਾਲ ਨਾਲ ਭਾਜਪਾ ਦੀ ਛੱਤੀਸਗੜ੍ਹ ਵਿਚ ਜਿੱਤ ਹੈਰਾਨ ਕਰ ਦੇਣ ਵਾਲੀ ਹੈ।

# ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ’ਤੇ ਕੰਮ ਕਰ ਰਹੀ ਹੈ ਸਰਕਾਰ: ਕੇਂਦਰ

**ਨਵੀਂ ਦਿੱਲੀ:** ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਲੋਕ ਸਭਾ ਵਿਚ ਕਿਹਾ ਕਿ ਯੂ.ਪੀ.ਏ. ਸਰਕਾਰ ਵੇਲੇ ਖੇਤੀ ਸੁਧਾਰਾਂ ਬਾਰੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਆਈ ਸੀ ਪਰ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ ਇਸ ਦੀਆਂ ਸਿਫਾਰਸ਼ਾਂ ਉਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਉਤਪਾਦ ਦੀ ਲਾਗਤ ਤੋਂ 50 ਫੀਸਦੀ ਜ਼ਿਆਦਾ ਤੈਅ ਕੀਤਾ ਗਿਆ ਹੈ।

ਸ੍ਰੀ ਤੋਮਰ ਨੇ ਕਿਹਾ ਕਿ ਕੇਂਦਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ (ਜੋ ਵਾਪਸ ਲੈ ਲਏ ਗਏ ਹਨ) ਖ਼ਿਲਾਫ਼ ਕਿਸਾਨਾਂ ਦੇ ਵਿਰੋਧ ਤੋਂ ਬਾਅਦ ਐਮ.ਐਸ.ਪੀ. ਸਮੇਤ ਕਈ ਮੁੱਦਿਆਂ ਦਾ ਅਧਿਐਨ ਕਰਨ ਲਈ ਕਮੇਟੀ ਬਣਾਈ ਗਈ ਸੀ, ਜਿਸ ਨੇ ਹੁਣ ਤੱਕ 30 ਤੋਂ 35 ਮੀਟਿੰਗਾਂ ਕੀਤੀਆਂ ਹਨ। ਉਨ੍ਹਾਂ ਕਿਹਾ, ‘ਕਮੇਟੀ ਦੀਆਂ ਸਿਫਾਰਸ਼ਾਂ ਹਾਲੇ ਨਹੀਂ ਆਈਆਂ।’ ਉਹ ਪ੍ਰਸ਼ਨ ਕਾਲ ਦੌਰਾਨ ਕਾਂਗਰਸ ਮੈਂਬਰ ਅਧੀਰ ਰੰਜਨ ਚੌਧਰੀ ਦੇ ਸਵਾਲ ਦਾ ਜਵਾਬ ਦੇ ਰਹੇ ਸਨ। ਮੰਤਰੀ ਨੇ ਕਿਹਾ ਕਿ ਸਵਾਮੀਨਾਥਨ ਕਮਿਸ਼ਨ ਨੇ 201 ਸਿਫਾਰਸ਼ਾਂ ਕੀਤੀਆਂ ਸਨ। ਇਨ੍ਹਾਂ ਵਿਚੋਂ 100 ’ਤੇ ਐਨ.ਡੀ.ਏ. ਸਰਕਾਰ ਕੰਮ ਕਰ ਰਹੀ ਹੈ ਪਰ ਮੁੱਖ ਸਿਫਾਰਸ਼ ਐਮ.ਐਸ.ਪੀ. ਉਤੇ ਸੀ।

# ਰਾਜੋਆਣਾ ਨੇ ਜੇਲ੍ਹ ’ਚ ਭੁੱਖ ਹੜਤਾਲ ਸ਼ੁਰੂ ਕੀਤੀ

***(ਪਹਿਲੇ ਸਫੇ ਦੀ ਬਾਕੀ)***

ਹੋਏ ਅੰਤ੍ਰਿੰਗ ਕਮੇਟੀ ਨੇ ਪਟੀਸ਼ਨ ਵਾਪਸ ਨਾ ਲੈਣ ਦਾ ਫੈਸਲਾ ਲਿਆ ਹੈ। ਇਸ ਦੇ ਨਾਲ ਹੀ ਅੰਤ੍ਰਿੰਗ ਕਮੇਟੀ ਵੱਲੋਂ ਰਾਜੋਆਣਾ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਭੁੱਖ ਹੜਤਾਲ ‘ਤੇ ਜਾਣ ਦਾ ਫੈਸਲਾ ਵਾਪਸ ਲਵੇ ਕਿਉਂਕਿ ਇਹ ਗੁਰਮਤਿ ਅਨੁਸਾਰ ਨਹੀਂ ਹੈ। ਕਮੇਟੀ ਨੇ ਰਾਜੋਆਣਾ ਦੇ ਮਾਮਲੇ ‘ਚ ਸੰਘਰਸ਼ ਤੇਜ ਕਰਨ ਦਾ ਵੀ ਫੈਸਲਾ ਲਿਆ ਗਿਆ ਹੈ, ਜਿਸ ਤਹਿਤ 20 ਦਸੰਬਰ ਨੂੰ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਦਿੱਲੀ ਵਿਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। 20 ਦਸੰਬਰ ਨੂੰ ਸਮੂਹ ਪੰਥਕ ਜਥੇਬੰਦੀਆਂ ਤੇ ਉਨ੍ਹਾਂ ਦੇ ਨੁਮਾਇੰਦੇ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਚ ਇਕੱਠੇ ਹੋਣਗੇ, ਜਿੱਥੋਂ ਰਾਸ਼ਟਰਪਤੀ ਭਵਨ ਤੱਕ ਰੋਸ ਮਾਰਚ ਤੇ ਪ੍ਰਦਰਸ਼ਨ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਸਬੰਧੀ ਲੋਕਾਂ ਕੋਲੋਂ ਭਰਵਾਏ 26 ਲੱਖ ਪ੍ਰੋਫਾਰਮੇ ਵੀ ਰਾਸ਼ਟਰਪਤੀ ਨੂੰ ਸੌਂਪਣਗੇ।

## ਭਾਰਤੀ ਮੂਲ ਦੇ ਦੇਵ ਸ਼ਰਮਾ ਨੇ ਸੈਨੇਟਰ ਵਜੋਂ ਸਹੁੰ ਚੁੱਕੀ

**ਕੈਨਬਰਾ:** ਭਾਰਤੀ ਮੂਲ ਦੇ ਸਾਬਕਾ ਸੰਸਦ ਮੈਂਬਰ ਦੇਵ ਸ਼ਰਮਾ ਨੇ ਆਸਟਰੇਲਿਆਈ ਸੰਸਦ ‘ਚ ਨਿਊ ਸਾਊਥ ਵੇਲਜ ਦੇ ਸੈਨੇਟਰ ਵਜੋਂ ਅਧਿਕਾਰਤ ਤੌਰ ਉਤੇ ਸਹੁੰ ਚੁੱਕੀ। 47 ਸਾਲਾ ਸ੍ਰੀ ਸ਼ਰਮਾ ਪਿਛਲੇ ਮਹੀਨੇ ਐਂਡਰਿਊ ਕਾਂਸਟੈਂਸ ਨੂੰ ਹਰਾ ਕੇ ਸੈਨੇਟ ਦੀ ਸੀਟ ਜਿੱਤਣ ਵਾਲੀ ਵਿਰੋਧੀ ਲਿਬਰਲ ਪਾਰਟੀ ਤੋਂ ਭਾਰਤੀ ਮੂਲ ਦੇ ਪਹਿਲੇ ਵਿਅਕਤੀ ਬਣ ਗਏ ਸਨ। ਇਜ਼ਰਾਈਲ ਵਿਚ ਸਾਬਕਾ ਆਸਟਰੇਲਿਆਈ ਰਾਜਦੂਤ ਸ੍ਰੀ ਦੇਵ ਸ਼ਰਮਾ ਨੂੰ ਸਹੁੰ ਚੁੱਕਣ ਬਾਅਦ ਉਨ੍ਹਾਂ ਨੇ ਸਹਿਯੋਗੀਆਂ ਨੇ ਵਧਾਈ ਦਿੱਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ

**ਤਲਵੰਡੀ ਸਾਬੋ:** ਕੌਮੀ ਸੁਰੱਖਿਆ ਐਕਟ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਹੋਰ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜ ਤਖਤ ਸਾਹਿਬਾਨ 'ਤੇ ਸ਼ੁਰੂ ਕੀਤੀ ਗਈ ਅਰਦਾਸ ਸਮਾਗਮਾਂ ਦੀ ਲੜੀ ਤਹਿਤ ਤੀਜਾ ਅਰਦਾਸ ਸਮਾਗਮ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਕੀਤਾ ਗਿਆ।



ਇਸ ਅਰਦਾਸ ਸਮਾਗਮ ਵਿਚ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਮਾਤਾ ਬਲਵਿੰਦਰ ਕੌਰ, ਹੋਰਨਾਂ ਬੰਦੀ ਸਿੰਘਾਂ ਦੇ ਪਰਿਵਾਰ, ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿਚ ਸੰਗਤ ਨੇ ਸ਼ਿਰਕਤ ਕੀਤੀ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਭ ਤੋਂ ਪਹਿਲਾਂ ਤਖ਼ਤ ਸਾਹਿਬ ਦੇ ਗੁਰਦੁਆਰਾ ਬਾਬਾ ਬੀਰ ਸਿੰਘ ਬਾਬਾ ਧੀਰ ਸਿੰਘ ਵਿਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਤਖ਼ਤ ਸਾਹਿਬ ਦੀ ਫਸੀਲ ਅੱਗੇ ਵਧੀਕ ਮੁੱਖ ਗ੍ਰੰਥੀ ਗਿਆਨੀ ਗੁਰਜੰਟ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ। ਅਰਦਾਸ ਸਮਾਗਮ ਮਗਰੋਂ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਖਾਲਸਾ ਵਹੀਰ ਨੇ ਨੌਜਵਾਨੀ ਨੂੰ ਧਰਮ ਨਾਲ ਜੋੜ ਕੇ ਨਸ਼ਿਆਂ ਦੀ ਦਲਦਲ 'ਚੋਂ ਕੱਢਿਆ ਅਤੇ ਸਰਕਾਰਾਂ ਵੱਲੋਂ ਦਹਾਕਿਆਂ ਤੋਂ ਸਿੱਖ ਨੌਜਵਾਨਾਂ ਨੂੰ ਬਰਬਾਦ ਕਰਨ ਲਈ ਬੁਣੇ ਗਏ ਨਸ਼ਿਆਂ ਦੇ ਜਾਲ ਨੂੰ ਖਾਲਸਾ ਵਹੀਰ ਨੇ ਐਸਾ ਕੱਟਿਆ ਕਿ ਇਸ ਤੋਂ ਘਬਰਾ ਕੇ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਐਨ.ਐਸ.ਏ. ਲਗਾ ਕੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਡਿਬਰੂਗੜ੍ਹ ਦੀ ਜੇਲ੍ਹ ਵਿਚ ਕੈਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਕੌਮ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਗਲਾ ਅਰਦਾਸ ਸਮਾਗਮ 17 ਦਸੰਬਰ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਹੋਵੇਗਾ। ਸਮਾਗਮਾਂ ਦੇ ਮੱਦੇਨਜ਼ਰ ਇੱਥੇ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ। 'ਅਰਦਾਸ ਸਮਾਗਮ' ਮਗਰੋਂ ਕੁਝ ਸਿੱਖ ਨੌਜਵਾਨਾਂ ਨੇ ਖਾਲਿਸਤਾਨ ਪੱਖੀ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਨਾਅਰਿਆਂ ਦੀ ਗੂੰਜ ਸੁਣ ਕੇ ਇੱਥੇ ਤਾਇਨਾਤ ਭਾਰੀ ਪੁਲਿਸ ਬਲ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਜ਼ਿਕਰਯੋਗ ਹੈ ਕਿ ਅਰਦਾਸ ਸਮਾਗਮ ਦੇ ਮੱਦੇਨਜ਼ਰ ਤਖ਼ਤ ਸਾਹਿਬ ਕੰਪਲੈਕਸ 'ਚ ਵੱਡੀ ਗਿਣਤੀ ਵਿਚ ਪੁਲਿਸ ਮੁਲਾਜ਼ਮ ਤੇ ਅਧਿਕਾਰੀ ਸਾਦੇ ਕੱਪੜਿਆਂ ਵਿਚ ਤਾਇਨਾਤ ਰਹੇ। ਅਰਦਾਸ ਸਮਾਗਮ ਵਿਚ ਸ਼ਾਮਲ ਹੋਣ ਤੋਂ ਰੋਕਣ ਲਈ ਪੁਲਿਸ ਨੇ ਕਈ ਸਿੱਖ ਆਗੂਆਂ ਨੂੰ ਉਨ੍ਹਾਂ ਦੇ ਘਰਾਂ ਵਿਚ ਹੀ ਨਜ਼ਰਬੰਦ ਕਰ ਦਿੱਤਾ। ਇਸ ਕਾਰਵਾਈ ਦੇ ਵਿਰੋਧ ਵਿਚ ਕਈ ਸਿੱਖ ਜਥੇਬੰਦੀਆਂ ਨੇ ਸਥਾਨਕ ਖੰਡਾ ਚੌਕ ਵਿੱਚ ਧਰਨਾ ਲਗਾ ਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪੰਜਾਬ ਪੁਲਿਸ ਦੀ ਇਸ ਕਾਰਵਾਈ ਦੀ ਨਿਖੇਧੀ ਕਰਦਿਆਂ ਆਗੂਆਂ ਨੇ ਕਿਹਾ ਕਿ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਸਿੱਖ ਬੰਦੀ ਲੰਬੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਹਨ। ਅਜਿਹਾ ਕਰ ਕੇ ਸਰਕਾਰਾਂ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਰਹੀਆਂ ਹਨ।

## ਸਿੱਖਾਂ ਖਿਲਾਫ ਭੇਦਭਾਵ ਵਾਲਾ ਮਾਹੌਲ ਸਿਰਜਿਆ ਜਾ ਰਿਹੈ: ਗਿਆਨੀ ਹਰਪ੍ਰੀਤ ਸਿੰਘ

**ਤਲਵੰਡੀ ਸਾਬੋ:** ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਦੇਸ਼ ਭਰ ਵਿਚ ਸਿੱਖਾਂ ਖ਼ਿਲਾਫ਼ ਭੇਦਭਾਵ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਇਕ ਪਾਸੇ ਹਰਿਆਣਾ ਦੇ ਨੂਹ ਵਿਚ ਥਾਣੇ ਨੂੰ ਅੱਗ ਲਗਾ ਕੇ ਦੰਗਾ ਕਰਨ ਵਾਲਿਆਂ ਖ਼ਿਲਾਫ਼ ਦਰਜ ਕੇਸ ਰੱਦ ਕਰਨੇ ਅਤੇ ਦੂਜੇ ਪਾਸੇ ਸਿੱਖ ਨੌਜਵਾਨਾਂ ਨੂੰ ਐਨ.ਐਸ.ਏ. ਤਹਿਤ ਜੇਲ੍ਹਾਂ ਵਿਚ ਡੱਕਣਾ ਸਰਾਸਰ ਧੱਕਾ ਹੈ। ਉਨ੍ਹਾਂ ਕਿਹਾ ਕਿ ਜੇਕਰ ਨੂਹ ਵਿਚ ਘਟਨਾ ਮਗਰੋਂ ਦਰਜ ਕੀਤੇ ਗਏ ਕੇਸ ਰੱਦ ਹੋ ਸਕਦੇ ਹਨ ਤਾਂ ਸਿੱਖ ਨੌਜਵਾਨਾਂ ਖ਼ਿਲਾਫ਼ ਦਰਜ ਕੇਸ ਰੱਦ ਕਿਉਂ ਨਹੀਂ ਕੀਤੇ ਜਾਂਦੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਖ਼ਿਲਾਫ਼ ਇਕ ਖਾਸ ਸਾਜ਼ਿਸ਼ ਤਹਿਤ ਭੜਕਾਹਟ ਪੈਦਾ ਕੀਤੀ ਜਾ ਰਹੀ ਹੈ।

# ਲਾਹੌਰ ਵਿਚ ਸਿੱਖ ਪਰਿਵਾਰ ਨੂੰ ਲੁੱਟਣ ਵਾਲਾ ਗ੍ਰਿਫਤਾਰ



**ਲਾਹੌਰ:** ਪਾਕਿਸਤਾਨ ਪੁਲਿਸ ਨੇ ਪੁਲਿਸ ਦੇ ਭੇਸ ਵਿਚ ਲਾਹੌਰ 'ਚ ਸਿੱਖ ਯਾਤਰੀਆਂ ਨੂੰ ਲੁੱਟਣ ਵਾਲਿਆਂ ਦੇ ਸਰਗਨਾ ਨੂੰ ਕਾਬੂ ਕੀਤਾ ਹੈ। ਲੁਟੇਰੇ ਸਿੱਖ ਪਰਿਵਾਰ ਤੋਂ 250,000 ਭਾਰਤੀ ਰੁਪਏ, 150,000 ਪਾਕਿਸਤਾਨੀ ਰੁਪਏ ਤੇ ਗਹਿਣੇ ਲੁੱਟ ਕੇ ਫਰਾਰ ਹੋ ਗਏ ਸਨ। ਕੰਵਲ ਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਭਾਰਤ ਤੋਂ ਇੱਥੇ ਪੁੱਜੇ ਸਨ।

ਇਹ ਸਿੱਖ ਪਰਿਵਾਰ 29 ਨਵੰਬਰ ਨੂੰ ਲਾਹੌਰ ਦੇ ਗੁਲਬਰਗ ਇਲਾਕੇ ਦੀ ਲਿਬਰਟੀ ਮਾਰਕੀਟ ਵਿਚ ਖਰੀਦਦਾਰੀ ਕਰਨ ਗਿਆ ਸੀ, ਜਦੋਂ ਸੁਰੱਖਿਆ ਕਲੀਅਰੈਂਸ ਦੇ ਨਾਂ ਉਤੇ ਪੁਲਿਸ ਦੇ ਭੇਸ ਵਿਚ ਆਏ ਲੁਟੇਰਿਆਂ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਗਹਿਣਿਆਂ ਤੋਂ ਇਲਾਵਾ 250,000 ਭਾਰਤੀ ਰੁਪਏ ਅਤੇ 150,000 ਪਾਕਿਸਤਾਨੀ ਕਰੰਸੀ ਲੁੱਟ ਲਈ। ਪੁਲਿਸ ਨੇ ਦਾਅਵਾ ਕੀਤਾ ਕਿ ਗਰੋਹ ਦੇ ਸਰਗਨਾ ਅਹਿਮਦ ਰਜ਼ਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਡਾਅਨ ਅਖ਼ਬਾਰ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਹੋਰ ਮੈਂਬਰਾਂ ਦੀ ਗ੍ਰਿਫਤਾਰੀ ਲਈ ਵੀ ਛਾਪੇ ਜਾਰੀ ਹਨ। ਪੰਜਾਬ ਦੇ ਨਿਗਰਾਨ ਮੁੱਖ ਮੰਤਰੀ ਮੋਹਸਿਨ ਨਕਵੀ ਨੇ ਲਾਹੌਰ ਪੁਲਿਸ ਮੁਖੀ ਤੋਂ ਰਿਪੋਰਟ ਮੰਗੀ ਹੈ।

## ਲਾਹੌਰ 'ਚ ਭਾਰਤੀ ਸ਼ਰਧਾਲੂ ਦੀ ਮੌਤ

**ਅਟਾਰੀ:** ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਭਾਰਤ ਤੋਂ ਜਥੇ ਨਾਲ ਪਾਕਿਸਤਾਨ ਗਏ ਸਿੱਖ ਸ਼ਰਧਾਲੂ ਪ੍ਰੀਤਮ ਸਿੰਘ ਦੀ ਲਾਹੌਰ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਾਕਿਸਤਾਨ ਰੇਂਜਰਜ਼ ਦੇ ਅਧਿਕਾਰੀ ਵੱਲੋਂ ਸ਼ਰਧਾਲੂ ਦੀ ਮ੍ਰਿਤਕ ਦੇਹ ਨੂੰ ਸੀਮਾ ਸੁਰੱਖਿਆ ਬਲ ਦੇ ਅਧਿਕਾਰੀ ਦੇ ਹਵਾਲੇ ਕੀਤਾ ਗਿਆ। ਪ੍ਰੀਤਮ ਸਿੰਘ (60) ਹਰਿਆਣਾ ਦੇ ਜ਼ਿਲ੍ਹਾ ਕੁਰੂਕਸ਼ੇਤਰ ਦੇ ਪਿੰਡ ਨੈਸੀ ਦਾ ਵਸਨੀਕ ਸੀ ਜੋ 25 ਨਵੰਬਰ ਨੂੰ ਸਿੱਖ ਜਥੇ ਨਾਲ ਪਾਕਿਸਤਾਨ ਗਿਆ ਸੀ। 2 ਦਸੰਬਰ ਸ਼ਾਮ ਨੂੰ ਜਿਵੇਂ ਹੀ ਜਥਾ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਕਰ ਕੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਪੁੱਜਿਆ ਤਾਂ ਦਿਲ ਦਾ ਦੌਰਾ ਪੈ ਗਿਆ।

# ਸੁਲਤਾਨਪੁਰ ਲੋਧੀ ਘਟਨਾ: ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਨਾ



**ਅੰਮ੍ਰਿਤਸਰ:** ਸੁਲਤਾਨਪੁਰ ਲੋਧੀ ਵਿਚ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਵਿਚ ਪੁਲਿਸ ਵੱਲੋਂ ਜੁੱਤੀਆਂ ਪਾ ਕੇ ਗੁਰਦੁਆਰੇ ਵਿਚ ਦਾਖਲ ਹੋਣ ਅਤੇ ਗੋਲੀ ਚਲਾਉਣ ਦੀ ਘਟਨਾ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਂਝੇ ਤੌਰ 'ਤੇ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਗਿਆ।

ਗੁਰਦੁਆਰਾ ਅਕਾਲ ਬੁੰਗਾ ਸਾਹਿਬ ਦੇ ਬਾਹਰ ਅਰੰਭੇ ਗਏ ਰੋਸ ਪ੍ਰਦਰਸ਼ਨ ਵਿਚ ਬੁਲਾਰਿਆਂ ਨੇ 'ਆਪ' ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਪਵਿੱਤਰ ਗੁਰਧਾਮ ਦੀ ਬੇਅਦਬੀ ਕਰਵਾ ਕੇ ਸਰਕਾਰ ਨੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ।

ਬੁਲਾਰਿਆਂ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਵੀ ਹੁਣ ਕਾਂਗਰਸ ਦੇ ਰਾਹ ਤੁਰ ਪਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਨੇ ਪੁਲਿਸ ਨੂੰ ਹੁਕਮ ਜਾਰੀ ਕਰ ਕੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਚ ਬੇਅਦਬੀ ਕਰਵਾਈ ਹੈ, ਇਸ ਲਈ ਮੁੱਖ ਮੰਤਰੀ ਨੂੰ ਇਸ ਬੇਅਦਬੀ ਦੀ ਜ਼ਿੰਮੇਵਾਰੀ ਕਬੂਲਣੀ ਪਵੇਗੀ।

# ਭਤੀਜੀ ਦੇ ਆਨੰਦ ਕਾਰਜ ਦੀ ਰਸਮ 'ਚ ਸ਼ਾਮਲ ਹੋਇਆ ਜਗਤਾਰ ਸਿੰਘ ਤਾਰਾ

**ਰੂਪਨਗਰ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਲਈ ਦੋਸ਼ੀ ਠਹਿਰਾਇਆ ਗਿਆ ਜਗਤਾਰ ਸਿੰਘ ਤਾਰਾ ਰੂਪਨਗਰ ਜ਼ਿਲ੍ਹੇ ਦੇ ਪਿੰਡ ਮੁਗਲ ਮਾਜਰੀ ਦੇ ਗੁਰਦੁਆਰੇ ਵਿਚ ਆਪਣੀ ਭਤੀਜੀ ਹਰਪ੍ਰੀਤ ਕੌਰ ਦੇ ਆਨੰਦ ਕਾਰਜ ਦੀਆਂ ਰਸਮਾਂ ਵਿਚ ਸ਼ਾਮਲ ਹੋਇਆ। ਪ੍ਰਾਪਤ ਜਾਣਕਾਰੀ ਅਨੁਸਾਰ ਜਗਤਾਰ ਸਿੰਘ ਦੇ ਭਰਾ ਜਸਵਿੰਦਰ ਸਿੰਘ ਵਾਸੀ ਡੇਕਵਾਲਾ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦੀ ਭਤੀਜੀ ਹਰਪ੍ਰੀਤ ਕੌਰ ਦਾ ਰਿਸ਼ਤਾ ਮੋਰਿੰਡਾ ਨੇੜਲੇ ਪਿੰਡ ਸੰਗਤਪੁਰਾ ਵਿਚ ਤੈਅ ਹੋਇਆ ਹੈ।

ਪਰਿਵਾਰ ਵੱਲੋਂ ਵਿਆਹ ਸਮਾਗਮ ਪਿੰਡ ਮੁਗਲ ਮਾਜਰੀ ਸਥਿਤ ਇਕ ਪੈਲੇਸ ਵਿਚ ਕੀਤਾ ਗਿਆ ਤੇ ਆਨੰਦ ਕਾਰਜ ਦੀਆਂ ਰਸਮਾਂ ਪਿੰਡ ਮੁਗਲ ਮਾਜਰੀ ਦੇ ਗੁਰਦੁਆਰੇ ਵਿਚ ਕੀਤੀਆਂ ਗਈਆਂ। ਸਿੱਖ ਧਰਮ ਦੇ ਰਿਵਾਜਾਂ ਅਨੁਸਾਰ ਲੜਕੀ ਦਾ ਪੱਲਾ ਫੜਾਉਣ ਦੀ ਰਸਮ ਜਗਤਾਰ ਸਿੰਘ ਤਾਰਾ ਨੇ ਨਿਭਾਈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਜਗਤਾਰ ਸਿੰਘ ਤਾਰਾ ਨੂੰ ਆਨੰਦ ਕਾਰਜ ਦੀ ਰਸਮ ਵਿਚ ਸ਼ਾਮਲ ਹੋਣ ਲਈ 11 ਵਜੇ ਤੋਂ ਬਾਅਦ ਦੁਪਹਿਰ ਇਕ ਵਜੇ ਤੱਕ ਦੋ ਘੰਟਿਆਂ ਦੀ ਮੋਹਲਤ ਦਿੱਤੀ ਗਈ ਸੀ ਜਿਸ ਕਰ ਕੇ ਐਸ.ਪੀ. (ਐੱਚ) ਰਾਜਪਾਲ ਸਿੰਘ ਤੇ ਡੀ.ਐਸ.ਪੀ. ਤਰਲੋਚਨ ਸਿੰਘ ਦੀ ਅਗਵਾਈ ਹੇਠ ਪੁਲਿਸ ਪਾਰਟੀ ਭਾਰੀ ਸੁਰੱਖਿਆ ਪ੍ਰਬੰਧਾਂ ਵਿਚ ਜਗਤਾਰ ਤਾਰਾ ਨੂੰ ਪਿੰਡ ਮੁਗਲ ਮਾਜਰੀ ਦੇ ਗੁਰਦੁਆਰੇ ਲੈ ਕੇ ਪੁੱਜੀ ਅਤੇ ਆਨੰਦ ਕਾਰਜ ਦੀ ਰਸਮ ਪੂਰੀ ਹੋਣ ਮਗਰੋਂ ਵਾਪਸ ਲੈ ਗਈ।

# ਐਸ.ਐਫ.ਜੇ. ਦੇ ਦੋ ਕਾਰਕੁਨ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਸੋਸ਼ਲ ਮੀਡੀਆ ਐਕਸ 'ਤੇ ਜਾਣਕਾਰੀ ਦਿੱਤੀ ਕਿ ਕਾਊਂਟਰ ਇੰਟੈਲੀਜੈਂਸ ਬਠਿੰਡਾ ਨੇ ਪੰਜਾਬ, ਹਿਮਾਚਲ, ਰਾਜਸਥਾਨ ਸਮੇਤ ਵੱਖ-ਵੱਖ ਜਨਤਕ ਸਥਾਨਾਂ 'ਤੇ ਖਾਲਿਸਤਾਨ ਪੱਖੀ ਤੇ ਏਅਰ ਇੰਡੀਆ 'ਚ ਸਫਰ ਕਰਨ ਤੋਂ ਰੋਕਣ ਲਈ ਧਮਕੀ ਭਰੇ ਨਾਅਰੇ ਲਿਖਣ ਦੇ ਦੋਸ਼ ਵਿਚ ਸਿੱਖਸ ਫਾਰ ਜਸਟਿਸ ਦੇ ਦੋ ਸਮਰਥਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਦੋਵੇਂ ਜਥੇਬੰਦੀ ਗੁਰਪਤਵੰਤ ਪੰਨੂ ਅਤੇ ਨਿਊ ਯਾਰਕ ਵਿਚ ਸਿੱਖਸ ਫਾਰ ਜਸਟਿਸ ਦੇ ਜਗਜੀਤ ਸਿੰਘ ਨਾਲ ਜੁੜੇ ਹੋਏ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਐਫ.ਆਈ.ਆਰ. ਦਰਜ ਕਰ ਲਈ ਹੈ। ਇਹ ਦੋਵੇਂ ਮੁਲਜ਼ਮ ਬਠਿੰਡਾ ਦੇ ਹਨ।

# ਪੰਜਾਬ ਤੇ ਹਰਿਆਣਾ 'ਚ ਪਰਾਲੀ ਸਾੜਨ ਦੇ ਮਾਮਲੇ ਘਟੇ



**ਨਵੀਂ ਦਿੱਲੀ:** ਪੰਜਾਬ ਅਤੇ ਹਰਿਆਣਾ ਵਿਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਕ੍ਰਮਵਾਰ 27 ਫੀਸਦੀ ਅਤੇ 37 ਫੀਸਦੀ ਦੀ ਕਮੀ ਆਈ ਹੈ। ਕੇਂਦਰੀ ਵਾਤਾਵਰਣ ਮੰਤਰਾਲੇ ਨੇ ਦੱਸਿਆ ਕਿ 2020 ਵਿਚ ਪੰਜਾਬ ਵਿਚ ਪਰਾਲੀ ਸਾੜਨ ਦੇ ਕੁੱਲ 83,002 ਮਾਮਲੇ ਦਰਜ ਕੀਤੇ ਗਏ। ਪਰਾਲੀ ਸਾੜਨ ਦੇ ਮਾਮਲੇ 2021 ਵਿਚ 71,304, 2022 ਵਿਚ 49,922 ਅਤੇ ਇਸ ਸਾਲ 36,663 ਰਹਿ ਗਏ। ਮੰਤਰਾਲੇ ਨੇ ਕਿਹਾ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਖੇਤਾਂ ਵਿੱਚ ਪਰਾਲੀ ਸਾੜਨ ਦੇ ਮਾਮਲਿਆਂ ਵਿਚ 27 ਫੀਸਦੀ ਦੀ ਕਮੀ ਆਈ ਹੈ। ਮੰਤਰਾਲੇ ਅਨੁਸਾਰ ਹਰਿਆਣਾ ਵਿਚ 2020 ਵਿੱਚ ਪਰਾਲੀ ਸਾੜਨ ਦੇ ਕੁੱਲ 4,202 ਮਾਮਲੇ ਸਨ ਪਰ 2021 ਵਿਚ 6,987, 2022 ਵਿੱਚ 3,661 ਅਤੇ ਇਸ ਸਾਲ 2,303 ਮਾਮਲੇ ਦਰਜ ਕੀਤੇ ਗਏ। ਮੰਤਰਾਲੇ ਨੇ ਕਿਹਾ ਕਿ ਇਸ ਤਰ੍ਹਾਂ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ 37 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ ਅਤੇ ਇਹ 2021 ਦੇ ਮੁਕਾਬਲੇ 67 ਫੀਸਦੀ ਅਤੇ 2020 ਦੇ ਮੁਕਾਬਲੇ 45 ਫੀਸਦੀ ਘੱਟ ਹੈ।

# ਤੀਰਥ ਯਾਤਰਾ: ਜਥਾ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰ ਕੇ ਪਰਤਿਆ

**ਜਲੰਧਰ:** ਪੰਜਾਬ ਸਰਕਾਰ ਵੱਲੋਂ ਧਾਰਮਿਕ ਸਥਾਨਾਂ ਦੀ ਮੁਫ਼ਤ ਯਾਤਰਾ ਕਰਵਾਉਣ ਲਈ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ 27 ਨਵੰਬਰ ਨੂੰ ਜਲੰਧਰ ਤੋਂ ਰਵਾਨਾ ਹੋਏ 200 ਸ਼ਰਧਾਲੂ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ, ਮਹਾਰਾਸ਼ਟਰ ਦੇ ਦਰਸ਼ਨ ਕਰਕੇ ਪਰਤ ਆਏ। ਰੇਲ ਗੱਡੀ ਰਾਹੀਂ ਪਰਤੇ ਸ਼ਰਧਾਲੂਆਂ ਦੇ ਜਥੇ ਦਾ ਐਸ.ਡੀ.ਐਮ. ਗੁਰਸਿਮਰਨ ਸਿੰਘ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੇਜਰ (ਡਾ.) ਇਰਵਿਨ ਕੌਰ ਵੱਲੋਂ ਜਲੰਧਰ ਛਾਉਣੀ ਰੇਲਵੇ ਸਟੇਸ਼ਨ 'ਤੇ ਨਿੱਘਾ ਸਵਾਗਤ ਕੀਤਾ ਗਿਆ। ਜਥੇ ਵਿਚ ਸ਼ਾਮਲ ਅਰਜਨ ਨਗਰ, ਮਿੱਠੂ ਬਸਤੀ ਦੇ ਸ਼ਰਧਾਲੂ ਗੁਰਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਉਪਰਾਲੇ ਸਦਕਾ ਉਨ੍ਹਾਂ ਨੂੰ ਪਹਿਲੀ ਵਾਰ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ, ਜਿਸ ਲਈ ਉਹ ਸਦਾ ਸਰਕਾਰ ਦੇ ਰਿਣੀ ਰਹਿਣਗੇ। ਨਕੋਦਰ ਇਲਾਕੇ ਦੇ ਪਿੰਡ ਕਾਂਗਣਾ ਦੀ ਰਹਿਣ ਵਾਲੀ ਤਲਵਿੰਦਰ ਕੌਰ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦੀ ਧੰਨਵਾਦੀ ਹੈ ਜਿਸ ਨੇ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਕਰਵਾਉਣ ਲਈ ਇਹ ਕਦਮ ਉਠਾਇਆ ਹੈ। ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਖਾਣ-ਪੀਣ, ਯਾਤਰਾ ਦਾ ਖਰਚਾ ਜਿਸ ਵਿਚ ਏਸੀ ਰੇਲਗੱਡੀਆਂ ਤੇ ਰਿਹਾਇਸ਼ ਸ਼ਾਮਲ ਹੈ, ਇਹ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਰੇਲ ਗੱਡੀਆਂ ਅਤੇ ਬੱਸਾਂ ਰਾਹੀਂ ਸੂਬਾ ਵਾਸੀਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਮਾਤਾ ਨੈਣਾ ਦੇਵੀ, ਵਰਿੰਦਾਵਨ ਧਾਮ, ਮਾਤਾ ਵੈਸ਼ਨੋ ਦੇਵੀ, ਮਾਤਾ ਚਿੰਤਪੂਰਨੀ, ਮਾਤਾ ਜਵਾਲਾ ਜੀ, ਵਾਰਾਣਸੀ, ਸ੍ਰੀ ਖਾਟੂ ਸ਼ਿਆਮ, ਸ੍ਰੀ ਸਾਲਾਸਰ ਧਾਮ ਅਤੇ ਖਵਾਜ਼ਾ ਅਜਮੇਰ ਸ਼ਰੀਫ਼ ਦਰਗਾਹ ਦੀ ਮੁਫ਼ਤ ਯਾਤਰਾ ਕਰਵਾਈ ਜਾਵੇਗੀ।



# ਜੰਗਬੰਦੀ ਮਿਆਦ ਖਤਮ ਹੋਣ ਮਗਰੋਂ ਦੱਖਣੀ ਗਾਜ਼ਾ 'ਤੇ ਹੋਰ ਤਿੱਖੇ ਹਮਲੇ

**ਖਾਨ ਯੂਨਿਸ:** ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗਬੰਦੀ ਦੀ ਮਿਆਦ ਖਤਮ ਹੋਣ ਮਗਰੋਂ ਇਜ਼ਰਾਈਲ ਨੇ ਗਾਜ਼ਾ 'ਚ ਮੁੜ ਹਮਲੇ ਸ਼ੁਰੂ ਕਰ ਦਿੱਤੇ ਹਨ। ਇਜ਼ਰਾਇਲੀ ਜੈੱਟਾਂ ਅਤੇ ਤੋਪਾਂ ਵੱਲੋਂ ਗਾਜਾ ਪੱਟੀ ਦੇ ਦੱਖਣੀ ਖਾਨ ਯੂਨਿਸ 'ਚ ਜ਼ੋਰਦਾਰ ਬੰਬਾਰੀ ਕੀਤੀ ਗਈ। ਇਜ਼ਰਾਇਲੀ ਫੌਜ ਦੇ ਨਿਸ਼ਾਨੇ 'ਤੇ ਮਸਜਿਦਾਂ ਅਤੇ ਘਰ ਆਏ ਅਤੇ ਇਕ ਹਸਪਤਾਲ ਨੇੜੇ ਵੀ ਹਮਲਾ ਹੋਇਆ। ਗਾਜ਼ਾ ਸਿਹਤ ਮੰਤਰਾਲੇ ਨੇ ਕਿਹਾ ਕਿ ਜੰਗਬੰਦੀ ਖਤਮ ਹੋਣ ਮਗਰੋਂ ਇਜ਼ਰਾਈਲ ਵੱਲੋਂ ਕੀਤੇ ਗਏ ਹਮਲਿਆਂ 'ਚ 193 ਫਲਸਤੀਨੀ ਹਲਾਕ ਅਤੇ 650 ਤੋਂ ਜ਼ਿਆਦਾ ਜ਼ਖ਼ਮੀ ਹੋ ਗਏ ਹਨ। ਉਨ੍ਹਾਂ ਕਿਹਾ ਕਿ ਜੰਗ ਸ਼ੁਰੂ ਹੋਣ ਤੋਂ ਬਾਅਦ 15,200 ਤੋਂ ਵਧ ਲੋਕਾਂ ਦੀ ਮੌਤ ਹੋ ਚੁੱਕੀ ਹੈ ਜਿਨ੍ਹਾਂ 'ਚੋਂ 70 ਫੀਸਦੀ ਬੱਚੇ ਅਤੇ ਔਰਤਾਂ ਸ਼ਾਮਲ ਹਨ। ਇੰਟਰਨੈਸ਼ਨਲ ਰੈੱਡ ਕਰਾਸ ਦੇ ਮੁਖੀ ਰੌਬਰਟ



ਮਾਰਦੀਨੀ ਨੇ ਦੁਬਈ 'ਚ ਕਿਹਾ ਕਿ ਹੁਣ ਜੰਗ ਹੋਰ ਤਿੱਖੀ ਹੋ ਗਈ ਹੈ। ਇਜ਼ਰਾਈਲ ਅਤੇ ਹਮਾਸ ਨੇ ਇਕ-ਦੂਜੇ 'ਤੇ ਜੰਗਬੰਦੀ ਸਮਝੌਤਾ ਤੋੜਨ ਦੇ ਦੋਸ਼ ਲਾਏ ਹਨ।

ਇਜ਼ਰਾਈਲ ਦੀ ਫੌਜ ਨੇ ਹੁਕਮ ਜਾਰੀ ਕਰ ਕੇ ਗਾਜ਼ਾ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਖਾਨ ਯੂਨਿਸ ਤੇ ਇਸ ਦੇ ਨੇੜਲੇ ਹੋਰ ਖੇਤਰਾਂ ਨੂੰ ਖਾਲੀ ਕਰਨ ਬਾਰੇ ਕਿਹਾ ਹੈ। ਜ਼ਿਕਰਯੋਗ ਹੈ ਕਿ ਇਜ਼ਰਾਈਲ ਨੇ ਹੁਣ ਜੰਗ ਦਾ ਰੁਖ ਗਾਜ਼ਾ ਪੱਟੀ ਦੇ ਦੱਖਣ ਵੱਲ ਮੋੜ ਦਿੱਤਾ ਹੈ ਜਿੱਥੇ ਇਸ ਨੂੰ ਹਮਾਸ ਦੇ ਕਈ ਆਗੂਆਂ ਦੇ ਲੁਕੇ ਹੋਣ ਦਾ ਸ਼ੱਕ ਹੈ। ਗਾਜ਼ਾ ਦੇ ਉੱਤਰੀ ਇਲਾਕਿਆਂ ਵਿਚ ਵੀ ਬੰਬਾਰੀ ਦੀਆਂ ਰਿਪੋਰਟਾਂ ਹਨ ਜੋ ਕਿ ਸ਼ੁਰੂ ਤੋਂ ਇਜ਼ਰਾਈਲ ਦੇ ਹਵਾਈ ਤੇ ਜ਼ਮੀਨੀ ਹਮਲੇ ਦਾ ਕੇਂਦਰ ਬਣਿਆ ਹੋਇਆ ਹੈ। ਗੌਰਤਲਬ ਹੈ ਕਿ 20 ਲੱਖ ਤੋਂ ਵੱਧ ਲੋਕ ਦੱਖਣੀ ਇਲਾਕੇ ਵਿਚ ਜਮ੍ਹਾਂ ਹਨ। ਇਜ਼ਰਾਇਲੀ ਬਲਾਂ ਨੇ ਜੰਗ ਦੇ ਸ਼ੁਰੂ ਵਿਚ ਲੋਕਾਂ ਨੂੰ ਗਾਜ਼ਾ ਦਾ ਉੱਤਰੀ ਇਲਾਕਾ ਖਾਲੀ ਕਰਨ ਲਈ ਕਿਹਾ ਸੀ। ਲੜਾਈ ਦੁਬਾਰਾ ਸ਼ੁਰੂ ਹੋਣ ਨਾਲ ਇਕ ਹੋਰ ਆਰਜ਼ੀ ਜੰਗਬੰਦੀ ਦੀਆਂ ਉਮੀਦਾਂ ਉਤੇ ਪਾਣੀ ਫਿਰ ਗਿਆ ਹੈ। ਇਸ ਤੋਂ ਪਹਿਲਾਂ ਹੋਈ ਗੋਲੀਬੰਦੀ ਖਤਮ ਹੋ ਗਈ ਸੀ। ਇਸ ਦੌਰਾਨ ਹਮਾਸ ਨੇ ਕਈ ਇਜ਼ਰਾਇਲੀ ਬੰਧਕ ਤੇ ਵਿਦੇਸ਼ੀ ਨਾਗਰਿਕ ਰਿਹਾਅ ਕੀਤੇ ਸਨ, ਜਦਕਿ ਇਜ਼ਰਾਈਲ ਨੇ ਫਲਸਤੀਨੀਆਂ ਨੂੰ ਰਿਹਾਅ ਕੀਤਾ ਸੀ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਕ ਭਾਸ਼ਣ ਵਿਚ ਕਿਹਾ, 'ਜਦ ਤੱਕ ਸਾਡੇ ਸਾਰੇ ਟੀਚੇ ਹਾਸਲ ਨਹੀਂ ਹੁੰਦੇ, ਅਸੀਂ ਜੰਗ ਜਾਰੀ ਰੱਖਾਂਗੇ ਤੇ ਜ਼ਮੀਨੀ ਅਪਰੇਸ਼ਨ ਤੋਂ ਬਿਨਾਂ ਇਹ ਟੀਚੇ ਹਾਸਲ ਨਹੀਂ ਕੀਤੇ ਜਾ ਸਕਦੇ।' ਇਸ ਤੋਂ ਪਹਿਲਾਂ ਇਜ਼ਰਾਇਲੀ ਸੈਨਾ ਨੇ ਖਾਨ ਯੂਨਿਸ ਲਈ ਜਾਰੀ ਕੀਤੇ ਹੁਕਮਾਂ ਦਾ ਦਾਇਰਾ ਵਧਾ ਦਿੱਤਾ ਤੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਇਲਾਕਾ ਖਾਲੀ ਕਰਨ ਲਈ ਕਹਿ ਦਿੱਤਾ। ਇਲਾਕਾ ਵਾਸੀਆਂ ਨੂੰ ਦੱਖਣ ਵੱਲ ਰਾਫਾਹ ਜਾਂ ਦੱਖਣ-ਪੱਛਮ ਦੇ ਤੱਟੀ ਖੇਤਰ ਵੱਲ ਜਾਣ ਲਈ ਕਿਹਾ ਗਿਆ ਹੈ।

## ਚੌਧਰੀ ਦੇਵੀ ਲਾਲ ਯਾਦਗਾਰ 'ਚ ਲਾਇਆ ਬਾਦਲ ਦਾ ਬੁੱਤ



**ਚੰਡੀਗੜ੍ਹ:** ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਕਿੱਲਿਆਂ ਵਾਲੀ ਵਿਚ ਬਣੀ 'ਚੌਧਰੀ ਦੇਵੀ ਲਾਲ ਯਾਦਗਾਰ' ਹੁਣ ਬਾਦਲ-ਚੌਟਾਲਾ ਪਰਿਵਾਰ ਦੀ ਪੱਗ ਦੀ ਸਾਂਝ ਦਾ ਪ੍ਰਤੀਕ ਬਣੇਗੀ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੱਗ ਵੱਟ ਭਰਾ ਚੌਧਰੀ ਦੇਵੀ ਲਾਲ ਦੀ ਯਾਦ ਵਿਚ ਪੰਜਾਬ-ਹਰਿਆਣਾ ਦੀ ਹੱਦ 'ਤੇ ਇਕ ਯਾਦਗਾਰ ਬਣਾਈ ਸੀ, ਜਿਸ 'ਚ ਚੌਧਰੀ ਦੇਵੀ ਲਾਲ ਦਾ ਬੁੱਤ ਲਾਇਆ ਗਿਆ ਸੀ। ਜਦੋਂ ਹੁਣ ਸ੍ਰੀ ਬਾਦਲ ਇਸ ਦੁਨੀਆਂ ਵਿਚ ਨਹੀਂ ਰਹੇ ਤਾਂ ਚੌਟਾਲਾ ਪਰਿਵਾਰ ਦੀ ਚੌਥੀ ਪੀੜ੍ਹੀ ਨੇ ਵੱਡੇ ਬਾਦਲ ਦਾ ਬੁੱਤ ਵੀ ਇਸ ਯਾਦਗਾਰ ਵਿਚ ਸਥਾਪਤ ਕੀਤਾ ਹੈ।

ਚੌਟਾਲਾ ਪਰਿਵਾਰ ਦੀ ਅਗਵਾਈ ਵਾਲੀ ਜਨ ਨਾਇਕ ਜਨਤਾ ਪਾਰਟੀ ਵੱਲੋਂ ਇਸ ਯਾਦਗਾਰ ਵਿਚ ਬੁੱਤ ਲਾਇਆ ਗਿਆ ਹੈ। ਹਾਲਾਂਕਿ, ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਪੰਜਾਬ ਤੇ ਹਰਿਆਣਾ ਦੇ ਹਿੱਤਾਂ ਵਿੱਚ ਆਪਸੀ ਟਕਰਾਓ ਹਨ, ਪਰ ਇਸ ਦੇ ਬਾਵਜੂਦ ਚੌਟਾਲਾ ਤੇ ਬਾਦਲ ਪਰਿਵਾਰ ਨੇ ਸਿਆਸਤ ਨੂੰ ਲਾਂਭੇ ਕਰ ਕੇ ਆਪਸੀ ਦੋਸਤੀ ਨੂੰ ਕੋਈ ਆਂਚ ਨਹੀਂ ਆਉਣ ਦਿੱਤੀ। ਜਦੋਂ 1997-2002 ਦੌਰਾਨ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਕਿੱਲਿਆਂ ਵਾਲੀ ਵਿਚਲੀ ਪਾਵਰਕੌਮ ਦਫਤਰ ਦੀ ਇਮਾਰਤ ਨੂੰ ਢਾਹ ਕੇ ਯਾਦਗਾਰ ਬਣਾਈ ਸੀ ਜਿਸ ਦਾ ਉਦਘਾਟਨ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ 25 ਸਤੰਬਰ 2001 ਨੂੰ ਕੀਤਾ ਸੀ। ਉਸ ਵੇਲੇ ਪਾਵਰਕੌਮ ਨੇ 20 ਜੁਲਾਈ 2001 ਨੂੰ ਪੱਤਰ ਲਿਖ ਕੇ ਦਫਤਰ ਦੀ 6 ਕਨਾਲ 12 ਮਰਲੇ ਜਗ੍ਹਾ ਦਾ 42.03 ਲੱਖ ਰੁਪਏ ਮੁਆਵਜ਼ਾ ਵੀ ਮੰਗਿਆ ਸੀ। ਇਸ ਯਾਦਗਾਰ ਦਾ ਬਿਜਲੀ-ਪਾਣੀ ਦਾ ਖਰਚਾ ਮਾਰਕੀਟ ਕਮੇਟੀ ਮਲੋਟ ਚੁੱਕਦੀ ਹੈ। ਜਦੋਂ ਪ੍ਰਕਾਸ਼ ਸਿੰਘ ਬਾਦਲ ਮੁੜ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਸਾਲ 2008 ਵਿਚ ਇਸ ਯਾਦਗਾਰੀ ਦੀ ਰਾਖੀ 'ਤੇ ਪੁਲਿਸ ਦਾ ਪਹਿਰਾ ਲਗਾ ਦਿੱਤਾ ਸੀ। ਉਨ੍ਹਾਂ ਅੱਠ ਵਰ੍ਹਿਆਂ 'ਚ ਸਕਿਓਰਿਟੀ ਦਾ ਕਰੀਬ ਤਿੰਨ ਕਰੋੜ ਰੁਪਏ ਖਰਚਾ ਆਇਆ ਸੀ। ਚੌਧਰੀ ਦੇਵੀ ਲਾਲ ਦੇ ਪੜਪੋਤੇ ਦੁਸ਼ਯੰਤ ਚੌਟਾਲਾ ਨੇ ਹੁਣ ਆਪਣੇ ਪੜਦਾਦੇ ਦੇ ਦੋਸਤ ਪ੍ਰਕਾਸ਼ ਸਿੰਘ ਬਾਦਲ ਦਾ ਬੁੱਤ ਇੱਥੇ ਲਗਾ ਕੇ ਆਪਣੇ ਪਰਿਵਾਰ ਵੱਲੋਂ ਕਰਜ਼ਾ ਉਤਾਰ ਦਿੱਤਾ ਹੈ। ਜਨ ਨਾਇਕ ਜਨਤਾ ਪਾਰਟੀ ਹਰਿਆਣਾ ਦੇ ਸੂਬਾ ਪ੍ਰਧਾਨ ਨਿਸ਼ਾਨ ਸਿੰਘ ਦਾ ਕਹਿਣਾ ਸੀ ਕਿ ਚੌਧਰੀ ਦੇਵੀ ਲਾਲ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਨਿੱਘੀ ਦੋਸਤੀ ਸੀ ਅਤੇ ਇਸ ਦੋਸਤੀ ਨੂੰ ਸ਼ਰਧਾ ਭੇਟ ਕਰਨ ਵਾਸਤੇ ਪਾਰਟੀ ਵੱਲੋਂ ਮਰਹੂਮ ਬਾਦਲ ਦਾ ਬੁੱਤ ਤਿਆਰ ਕਰਾਇਆ ਗਿਆ ਹੈ।

## ਲੋਕ ਸਭਾ 'ਚ ਉਠੀ ਪੰਜਾਬ ਤੇ ਮਹਾਰਾਸ਼ਟਰ ਦੇ ਕਿਸਾਨਾਂ ਦੇ ਕਰਜ਼ ਮੁਆਫੀ ਦੀ ਮੰਗ



**ਨਵੀਂ ਦਿੱਲੀ:** ਲੋਕ ਸਭਾ 'ਚ ਮਹਾਰਾਸ਼ਟਰ ਅਤੇ ਪੰਜਾਬ ਦੇ ਕਿਸਾਨਾਂ ਦੀ ਕਰਜ਼ਾ ਮੁਆਫੀ ਦੀ ਮੰਗ ਉਠਾਈ ਗਈ। ਸਦਨ ਵਿਚ ਸਿਫਰ ਕਾਲ ਦੌਰਾਨ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.) ਦੀ ਸੁਪ੍ਰਿਆ ਸੂਲੇ ਅਤੇ ਕਾਂਗਰਸ ਦੇ ਜਸਬੀਰ ਸਿੰਘ ਗਿੱਲ ਨੇ ਕ੍ਰਮਵਾਰ ਮਹਾਰਾਸ਼ਟਰ ਅਤੇ ਪੰਜਾਬ ਵਿਚ ਕਿਸਾਨਾਂ ਦੀ 'ਤਰਸਯੋਗ ਹਾਲਤ' ਦਾ ਮੁੱਦਾ ਉਠਾਇਆ ਅਤੇ ਕੇਂਦਰ ਤੋਂ ਕਰਜ਼ਾ ਮੁਆਫੀ ਦੀ ਮੰਗ ਕੀਤੀ।

ਸੂਲੇ ਨੇ ਕਿਹਾ ਕਿ ਜਲਵਾਯੂ ਪਰਿਵਰਤਨ ਕਾਰਨ ਕੁਝ ਥਾਵਾਂ ਉਤੇ ਘੱਟ ਬਾਰਸ਼ ਹੋਈ ਹੈ, ਕਈ ਥਾਵਾਂ ਉਤੇ ਜ਼ਿਆਦਾ ਬਾਰਸ਼ ਹੋਈ ਹੈ, ਕੁਝ ਥਾਵਾਂ ਉਤੇ ਗੜੇਮਾਰੀ ਅਤੇ ਕੁਝ ਥਾਵਾਂ ਉਤੇ ਸੋਕੇ ਕਾਰਨ ਕਿਸਾਨ ਪਰੇਸ਼ਾਨ ਹਨ। ਕਾਂਗਰਸੀ ਮੈਂਬਰ ਸ੍ਰੀ ਗਿੱਲ ਨੇ ਬੈਂਕਾਂ ਵੱਲੋਂ ਕਿਸਾਨਾਂ ਤੋਂ ਕਰਜ਼ਿਆਂ 'ਤੇ ਭਾਰੀ ਵਿਆਜ ਵਸੂਲਣ ਦਾ ਮੁੱਦਾ ਉਠਾਇਆ। ਕਿਸਾਨਾਂ ਨੂੰ ਟਰੈਕਟਰਾਂ ਜਾਂ ਹੋਰ ਖੇਤੀ ਸੰਦਾਂ ਲਈ ਦਿੱਤੇ ਗਏ ਕਰਜ਼ਿਆਂ ਉਤੇ ਵਿਆਜ ਦਰ ਉਦਯੋਗਪਤੀਆਂ ਲਈ ਵਪਾਰਕ ਕਰਜ਼ਿਆਂ ਜਾਂ ਰਿਹਾਇਸ਼ ਜਾਂ ਵਾਹਨ ਕਰਜ਼ਿਆਂ ਦੀਆਂ ਦਰਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਖੇਤੀ ਕਰਜ਼ੇ ਦੀ ਦਰ 15 ਫੀਸਦੀ ਤੱਕ ਅਤੇ ਟਰੈਕਟਰਾਂ ਜਾਂ ਖੇਤੀ ਸੰਦਾਂ ਉਤੇ ਵਿਆਜ ਦਰ 22 ਫੀਸਦੀ ਤੱਕ ਹੈ। ਉਨ੍ਹਾਂ ਕੇਂਦਰ ਤੋਂ ਮੰਗ ਕੀਤੀ ਕਿ ਬੈਂਕਾਂ ਦੀ ਵਿਆਜ ਦਰਾਂ ਦਾ ਪੁਨਰਗਠਨ ਕੀਤਾ ਜਾਵੇ, ਕਿਉਂਕਿ ਕਰਜ਼ਾ ਨਾ ਮੋੜ ਸਕਣ ਉਤੇ ਕਿਸਾਨ ਖੁਦਕੁਸ਼ੀਆਂ ਕਰ ਲੈਂਦੇ ਹਨ। ਉਨ੍ਹਾਂ ਕੇਂਦਰ ਤੋਂ ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦੀ ਮੰਗ ਵੀ ਕੀਤੀ।

## ਨੌਕਰੀ ਬਹਾਨੇ ਖਾੜੀ ਦੇਸ਼ਾਂ 'ਚ ਕੀਤਾ ਜਾ ਰਿਹੈ ਲੜਕੀਆਂ ਦਾ ਸੌਦਾ

**ਜਲੰਧਰ:** ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਇਰਾਕ ਤੋਂ ਪਰਤੀਆਂ ਦੋ ਲੜਕੀਆਂ ਨੇ ਆਪਣੀ ਹੱਡਬੀਤੀ ਸੁਣਾਈ। ਉਨ੍ਹਾਂ ਦੱਸਿਆ ਕਿ ਟਰੈਵਲ ਏਜੰਟਾਂ ਨੇ ਉਨ੍ਹਾਂ ਦਾ ਇਰਾਕ ਵਿਚ ਸੌਦਾ ਕੀਤਾ ਸੀ। ਇਨ੍ਹਾਂ ਲੜਕੀਆਂ ਨਾਲ ਮਲੇਸ਼ੀਆ ਤੋਂ ਇਕ ਲੜਕਾ ਵੀ ਵਤਨ ਪਰਤਿਆ ਹੈ, ਜੋ ਕਿ ਉੱਥੇ ਜੇਲ੍ਹ ਵਿਚ ਬੰਦ ਸੀ। ਇਨ੍ਹਾਂ ਲੜਕੀਆਂ ਨੇ ਸੁਲਤਾਨਪੁਰ ਲੋਧੀ ਸਥਿਤ ਨਿਰਮਲ ਕੁਟੀਆ ਵਿਚ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦਾ ਧੰਨਵਾਦ ਕੀਤਾ।

ਜ਼ਿਕਰਯੋਗ ਹੈ ਕਿ ਅਕਤੂਬਰ ਤੇ ਨਵੰਬਰ ਮਹੀਨੇ ਦੌਰਾਨ ਹੁਣ ਤੱਕ 12 ਲੜਕੀਆਂ ਨੂੰ ਓਮਾਨ ਤੇ ਇਰਾਕ 'ਚੋਂ ਵਾਪਸ ਭਾਰਤ ਲਿਆਂਦਾ ਗਿਆ ਹੈ। ਰਾਜ ਸਭਾ ਮੈਂਬਰ ਬਣਨ ਮਗਰੋਂ ਸੰਤ ਸੀਚੇਵਾਲ ਦੇ ਯਤਨਾਂ ਸਦਕਾ ਹੁਣ ਤੱਕ 60 ਲੜਕੀਆਂ ਵਤਨ ਪਰਤੀਆਂ ਹਨ। ਟਰੈਵਲ ਏਜੰਟਾਂ ਦੇ ਇਸ ਗੰਭੀਰ ਜੁਰਮ ਦਾ ਸਖਤ ਨੋਟਿਸ ਲੈਂਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਅਜਿਹੇ ਟਰੈਵਲ ਏਜੰਟ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਗੁੰਮਰਾਹ ਕਰ ਕੇ ਉਨ੍ਹਾਂ ਨੂੰ ਖਾੜੀ ਦੇਸ਼ਾਂ ਵਿਚ ਲਿਜਾ ਕੇ ਵੇਚ ਰਹੇ ਹਨ। ਇਰਾਕ ਤੋਂ ਪਰਤੀਆਂ ਦੋਵੇਂ ਲੜਕੀਆਂ ਨੇ ਦੱਸਿਆ ਕਿ ਉਹ ਬੀਤੀ 10 ਜੁਲਾਈ ਨੂੰ ਇਰਾਕ ਗਈਆਂ ਸਨ। ਦੋਹਾਂ ਨੂੰ ਫਗਵਾੜਾ ਦੀ ਵਸਨੀਕ ਮਨਦੀਪ ਕੌਰ ਨਾਂ ਦੀ ਟਰੈਵਲ ਏਜੰਟ ਨੇ 80-80 ਹਜ਼ਾਰ ਰੁਪਏ ਲੈ ਕੇ ਪਹਿਲਾਂ ਦੁਬਈ ਭੇਜਿਆ ਤੇ ਉੱਥੇ ਅੱਠ ਘੰਟੇ ਹਵਾਈ ਅੱਡੇ 'ਤੇ ਰੁਕਣ ਮਗਰੋਂ ਇਰਾਕ ਭੇਜ ਦਿੱਤਾ ਗਿਆ। ਦੋਹਾਂ ਨੂੰ ਰੈਸਤਰਾਂ ਵਿਚ ਪੰਜਾਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਵਾਲੀ ਨੌਕਰੀ ਦਿਵਾਉਣ ਦੀ ਗੱਲ ਆਖੀ ਗਈ ਸੀ, ਪਰ ਲੜਕੀਆਂ ਨੂੰ ਇਰਾਕ ਪੁੱਜ ਕੇ ਪਤਾ ਲੱਗਿਆ ਕਿ ਉਨ੍ਹਾਂ ਦਾ ਸੌਦਾ ਕੀਤਾ ਗਿਆ ਹੈ। ਇਨ੍ਹਾਂ ਲੜਕੀਆਂ ਕੋਲੋਂ ਦੇਰ ਰਾਤ ਤੱਕ ਕੰਮ ਕਰਵਾਇਆ ਜਾਂਦਾ ਸੀ ਤੇ ਕੰਮ ਨਾ ਕਰਨ ਦੀ ਸੂਰਤ ਵਿਚ ਕੁੱਟਮਾਰ ਕੀਤੀ ਜਾਂਦੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਵਿਰੋਧ ਕਰਨ ਵਾਲੀਆਂ ਲੜਕੀਆਂ ਨੂੰ ਨਿਰਵਸਤਰ ਕਰ ਕੇ ਗੁਸਲਖ਼ਾਨਿਆਂ ਵਿਚ ਬੰਦ ਕਰ ਦਿੱਤਾ ਜਾਂਦਾ ਸੀ। ਸੰਤ ਸੀਚੇਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀ.ਜੀ.ਪੀ. ਗੌਰਵ ਯਾਦਵ ਨੂੰ ਅਪੀਲ ਕੀਤੀ ਕਿ ਅਜਿਹੇ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

## 2022: ਏਡਜ਼ ਕਾਰਨ ਦੁਨੀਆ ਭਰ 'ਚ ਸਵਾ 6 ਲੱਖ ਮੌਤਾਂ

**ਨਵੀਂ ਦਿੱਲੀ:** ਵਿਸ਼ਵ ਏਡਜ਼ ਦਿਵਸ ਦੇ ਮੌਕੇ ਉਤੇ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਨੇ ਦੱਖਣ-ਪੂਰਬੀ ਏਸ਼ੀਆ ਖੇਤਰ ਅਤੇ ਦੁਨੀਆਂ ਭਰ ਦੇ ਮੈਂਬਰ ਦੇਸ਼ਾਂ, ਭਾਈਵਾਲਾਂ ਅਤੇ ਭਾਈਚਾਰਿਆਂ ਨੂੰ 2030 ਤੱਕ ਏਡਜ਼ ਨੂੰ ਖਤਮ ਕਰਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਦਾ ਸੱਦਾ ਦਿੱਤਾ ਹੈ। ਇਹ ਦਿਹਾੜਾ ਦੁਨੀਆ ਭਰ ਵਿਚ ਪਹਿਲੀ ਦਸੰਬਰ ਨੂੰ ਮਨਾਇਆ ਜਾਂਦਾ ਹੈ।

ਦੱਖਣ-ਪੂਰਬੀ ਏਸ਼ੀਆ ਲਈ ਡਬਲਿਊ.ਐਚ.ਓ. ਦੀ ਖੇਤਰੀ ਨਿਰਦੇਸ਼ਕ ਡਾ. ਪੂਨਮ ਖੇਤਰਪਾਲ ਸਿੰਘ ਨੇ ਕਿਹਾ ਕਿ ਦੁਨੀਆ ਭਰ ਵਿਚ 3.9 ਕਰੋੜ ਲੋਕ ਐਚ.ਆਈ.ਵੀ. ਹੈ। ਸਾਲ 2022 ਵਿਚ 13 ਲੱਖ ਲੋਕ ਐਚ.ਆਈ.ਵੀ. ਨਾਲ ਪੀੜਤ ਹੋਏ ਅਤੇ 6,30,000 ਦੀ ਮੌਤ ਏਡਜ਼ ਨਾਲ ਸਬੰਧਤ ਕਾਰਨਾਂ ਕਰਕੇ ਹੋਈ। ਪਿਛਲੇ ਸਾਲ 110,000 ਵਿਅਕਤੀ ਐਚ.ਆਈ.ਵੀ. ਨਾਲ ਪੀੜਤ ਹੋਏ।

# ਪੰਨੂ ਮਾਮਲਾ: ਅਮਰੀਕਾ ਨੇ ਭਾਰਤ ਵੱਲੋਂ ਜਾਂਚ ਦੇ ਐਲਾਨ 'ਤੇ ਤਸੱਲੀ ਪ੍ਰਗਟਾਈ



**ਵਾਸ਼ਿੰਗਟਨ:** ਅਮਰੀਕਾ ਨੇ ਆਪਣੀ ਧਰਤੀ 'ਤੇ ਇਕ ਖਾਲਿਸਤਾਨੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਵਿਚ ਇਕ ਭਾਰਤੀ ਅਧਿਕਾਰੀ ਦੇ ਸ਼ਾਮਲ ਹੋਣ ਦੇ ਦੋਸ਼ਾਂ ਦੀ ਭਾਰਤ ਵੱਲੋਂ ਜਾਂਚ ਕਰਵਾਏ ਜਾਣ ਦੇ ਐਲਾਨ ਨੂੰ 'ਚੰਗਾ ਤੇ ਢੁਕਵਾਂ' ਕਰਾਰ ਦਿੱਤਾ ਤੇ ਕਿਹਾ ਕਿ ਉਹ ਜਾਂਚ ਦੇ ਨਤੀਜਿਆਂ ਨੂੰ ਲੈ ਕੇ ਆਸਵੰਦ ਹਨ। ਅਮਰੀਕਾ ਦੇ ਫੈਡਰਲ ਵਕੀਲਾਂ ਨੇ ਦੋਸ਼ ਲਾਇਆ ਸੀ ਕਿ ਨਿਖਿਲ ਗੁਪਤਾ ਨਾਂ ਦੇ ਵਿਅਕਤੀ ਨੇ ਇਕ ਭਾਰਤੀ ਸਰਕਾਰੀ ਅਧਿਕਾਰੀ ਨਾਲ ਮਿਲ ਕੇ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਰਚੀ ਸੀ ਜੋ ਸਫਲ ਨਹੀਂ ਹੋ ਸਕੀ। ਪੰਨੂ ਕੋਲ ਅਮਰੀਕਾ ਤੇ ਕੈਨੇਡਾ ਦੀ ਨਾਗਰਿਕਤਾ ਹੈ। ਭਾਰਤ ਨੇ ਅਮਰੀਕਾ 'ਚ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ੀ ਵਿਅਕਤੀ ਨਾਲ ਇਕ ਭਾਰਤੀ ਅਧਿਕਾਰੀ ਦਾ ਨਾਂ ਜੋੜੇ ਜਾਣ ਨੂੰ ਚਿੰਤਾ ਦਾ ਵਿਸ਼ਾ ਦੱਸਿਆ ਸੀ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੋਸ਼ਾਂ ਦੀ ਜਾਂਚ ਲਈ ਬਣਾਈ ਗਈ ਕਮੇਟੀ ਦੇ ਨਤੀਜਿਆਂ ਦੇ ਆਧਾਰ 'ਤੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਆਪਣੇ ਨਾਲ ਤਲ ਅਵੀਵ 'ਚ ਮੌਜੂਦ ਪੱਤਰਕਾਰਾਂ ਨੂੰ ਕਿਹਾ, 'ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਜਾਂਚ ਕਰਵਾ ਰਹੀ ਹੈ ਤਾਂ ਇਹ ਚੰਗਾ ਤੇ ਢੁਕਵਾਂ ਕਦਮ ਹੈ। ਅਸੀਂ ਜਾਂਚ ਦੇ ਨਤੀਜਿਆਂ ਨੂੰ ਲੈ ਕੇ ਆਸਵੰਦ ਹਾਂ।' ਇਸ ਮਾਮਲੇ 'ਚ ਵ੍ਹਾਈਟ ਹਾਊਸ ਨੇ ਵੀ ਭਾਰਤ ਵੱਲੋਂ ਜਾਂਚ ਕਰਵਾਏ ਜਾਣ ਦੇ ਐਲਾਨ ਦਾ ਸਵਾਗਤ ਕੀਤਾ ਹੈ ਤੇ ਨਾਲ ਹੀ ਕਿਹਾ ਕਿ ਇਸ ਨਾਲ ਭਾਰਤ ਤੇ ਅਮਰੀਕਾ ਦੇ ਸਬੰਧਾਂ 'ਤੇ ਕੋਈ ਅਸਰ ਨਹੀਂ ਪਵੇਗਾ।

ਵ੍ਹਾਈਟ ਹਾਊਸ 'ਚ ਕੌਮੀ ਸੁਰੱਖਿਆ ਕੌਂਸਲ ਦੇ ਰਣਨੀਤਕ ਸੰਚਾਰ ਮਾਮਲਿਆਂ ਦੇ ਕੋਆਰਡੀਨੇਟਰ ਜੌਹਨ ਕਿਰਬੀ ਨੇ ਕਿਹਾ, 'ਅਸੀਂ ਇਨ੍ਹਾਂ ਦੋਸ਼ਾਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਅਸੀਂ ਇਸ ਗੱਲ ਤੋਂ ਖੁਸ਼ ਹਾਂ ਕਿ ਭਾਰਤ ਨੇ ਵੀ ਇਸ ਦੀ ਜਾਂਚ ਕਰਵਾਉਣ ਦਾ ਐਲਾਨ ਕੀਤਾ ਹੈ। ਅਸੀਂ ਪੂਰੀ ਤਰ੍ਹਾਂ ਸਪੱਸ਼ਟ ਹਾਂ ਕਿ ਇਸ ਕਥਿਤ ਅਪਰਾਧ ਲਈ ਜ਼ਿੰਮੇਵਾਰ ਵਿਅਕਤੀ ਨੂੰ ਜਵਾਬਦੇਹ ਠਹਿਰਾਇਆ ਜਾਵੇ।' ਉਨ੍ਹਾਂ ਕਿਹਾ ਕਿ ਇਸ ਨਾਲ ਭਾਰਤ ਤੇ ਅਮਰੀਕਾ ਦੇ ਸਬੰਧਾਂ ਵਿਚ ਕੋਈ ਫਰਕ ਨਹੀਂ ਪਵੇਗਾ। ਕਿਰਬੀ ਨੇ ਇਸ ਸਵਾਲ ਦੇ ਜਵਾਬ 'ਚ ਕਿਹਾ, 'ਮੈਂ ਜਾਰੀ ਜਾਂਚ ਬਾਰੇ ਕੁਝ ਨਹੀਂ ਕਹਾਂਗਾ। ਮੈਂ ਬੱਸ ਦੋ ਗੱਲਾਂ ਕਹਾਂਗਾ। ਭਾਰਤ ਰਣਨੀਤਕ ਭਾਈਵਾਲ ਹੈ ਅਤੇ ਅਸੀਂ ਭਾਰਤ ਨਾਲ ਰਣਨੀਤਕ ਭਾਈਵਾਲੀ ਨੂੰ ਬਿਹਤਰ ਤੇ ਮਜ਼ਬੂਤ ਕਰਨ ਲਈ ਕੰਮ ਕਰਨਾ ਜਾਰੀ ਰੱਖਾਂਗੇ। ਨਾਲ ਹੀ ਅਸੀਂ ਇਸ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ।'

### ਸਾਜ਼ਿਸ਼ ਬਾਰੇ ਭਾਰਤੀ ਜਾਂਚ ਚੰਗਾ ਤੇ ਢੁਕਵਾਂ ਕਦਮ: ਬਲਿੰਕਨ

**ਵਾਸ਼ਿੰਗਟਨ:** ਅਮਰੀਕਾ ਨੇ ਆਪਣੀ ਧਰਤੀ 'ਤੇ ਸਿੱਖ ਵੱਖਵਾਦੀ ਨੂੰ ਮਾਰਨ ਦੀ ਸਾਜ਼ਿਸ਼ ਵਿਚ ਭਾਰਤੀ ਅਧਿਕਾਰੀ ਦੀ ਸ਼ਮੂਲੀਅਤ ਦੇ ਦੋਸ਼ਾਂ ਦੀ ਜਾਂਚ ਦੇ ਭਾਰਤ ਦੇ ਐਲਾਨ ਨੂੰ 'ਚੰਗਾ ਅਤੇ ਢੁਕਵਾਂ' ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਜਾਂਚ ਦੇ ਨਤੀਜਿਆਂ ਬਾਰੇ ਆਸ਼ਾਵਾਦੀ ਹੈ। ਅਮਰੀਕਾ ਵਿਚ ਸੰਘੀ ਵਕੀਲਾਂ ਨੇ ਦੋਸ਼ ਲਾਇਆ ਕਿ ਨਿਖਿਲ ਗੁਪਤਾ ਨੇ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਕਰਨ ਲਈ ਭਾਰਤੀ ਸਰਕਾਰੀ ਅਧਿਕਾਰੀ ਨਾਲ ਸਾਜ਼ਿਸ਼ ਰਚੀ ਸੀ, ਜੋ ਸਿਰੇ ਨਹੀਂ ਚੜ੍ਹੀ। ਪੰਨੂ ਕੋਲ ਅਮਰੀਕਾ ਅਤੇ ਕੈਨੇਡਾ ਦੀ ਨਾਗਰਿਕਤਾ ਹੈ। ਭਾਰਤ ਨੇ ਅਮਰੀਕੀ ਧਰਤੀ 'ਤੇ ਸਿੱਖ ਵੱਖਵਾਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਮੁਲਜ਼ਮ ਨਾਲ ਭਾਰਤੀ ਅਧਿਕਾਰੀ ਦੇ ਸਬੰਧ ਨੂੰ 'ਚਿੰਤਾ ਦਾ ਵਿਸ਼ਾ' ਦੱਸਿਆ ਹੈ।

# ਕੇਂਦਰੀ ਏਜੰਸੀਆਂ ਦੇ ਛਾਪਿਆਂ ਨੇ ਪੰਜਾਬ ਦੇ ਸਿਆਸਤਦਾਨਾਂ ਦੀ ਨੀਂਦ ਉਡਾਈ

**ਚੰਡੀਗੜ੍ਹ:** ਕੇਂਦਰੀ ਏਜੰਸੀਆਂ ਦੇ ਛਾਪਿਆਂ ਨੇ ਪੰਜਾਬ ਦੇ ਸਿਆਸਤਦਾਨ ਤੇ ਨੌਕਰਸ਼ਾਹਾਂ ਦੀ ਨੀਂਦ ਉਡਾ ਦਿੱਤੀ ਹੈ। ਪੰਜਾਬ ਦੇ ਦੋ ਸਾਬਕਾ ਮੰਤਰੀਆਂ ਤੇ ਕਾਂਗਰਸੀ ਆਗੂਆਂ ਸਾਧੂ ਸਿੰਘ ਧਰਮਸੋਤ ਤੇ ਸੰਗਤ ਸਿੰਘ ਗਿਲਜੀਆਂ ਦੇ ਘਰਾਂ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਛਾਪਿਆਂ ਨੇ ਸੂਬੇ ਦੇ ਸਿਆਸੀ ਆਗੂਆਂ ਤੇ ਨੌਕਰਸ਼ਾਹਾਂ ਨੂੰ ਧੁੜਕੂ ਲਾ ਦਿੱਤਾ ਹੈ।

ਧਰਮਸੋਤ ਤੇ ਗਿਲਜੀਆਂ ਕਾਂਗਰਸ ਸਰਕਾਰ ਸਮੇਂ ਜੰਗਲਾਤ ਵਿਭਾਗ ਦੇ ਮੰਤਰੀ ਰਹੇ ਹਨ। ਪੰਜਾਬ ਵਿਜੀਲੈਂਸ ਬਿਊਰੋ ਨੇ ਦੋਹਾਂ ਕਾਂਗਰਸੀ ਆਗੂਆਂ ਖ਼ਿਲਾਫ਼ ਭ੍ਰਿਸ਼ਟਾਚਾਰ ਤੇ ਧੋਖਾਧੜੀ ਦਾ ਮਾਮਲਾ ਡੇਢ ਕੁ ਸਾਲ ਪਹਿਲਾਂ ਦਰਜ ਕੀਤਾ ਸੀ ਤੇ ਈ.ਡੀ. ਦੀ ਕਾਰਵਾਈ ਵਿਜੀਲੈਂਸ ਦੇ ਮਾਮਲੇ ਦੇ ਆਧਾਰ 'ਤੇ ਹੀ ਅਮਲ ਵਿਚ ਲਿਆਂਦੀ ਗਈ ਹੈ। ਸੂਤਰਾਂ ਮੁਤਾਬਕ ਸੂਬੇ ਦੇ ਦਰਜਨ ਦੇ ਤਕਰੀਬਨ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਖ਼ਿਲਾਫ਼ ਈ.ਡੀ. ਵੱਲੋਂ ਸਰਗਰਮੀ ਨਾਲ ਜਾਂਚ ਕੀਤੀ ਜਾ ਰਹੀ ਹੈ। ਈ.ਡੀ. ਨੇ ਪਿਛਲੇ ਦਿਨਾਂ ਦੌਰਾਨ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਨ ਆਸ਼ੂ ਤੇ ਸਾਬਕਾ ਮੰਤਰੀ ਦੇ ਕਰੀਬੀਆਂ ਦੇ ਘਰਾਂ ਅਤੇ ਟਿਕਾਣਿਆਂ 'ਤੇ ਵੀ ਛਾਪੇ ਮਾਰੇ ਸਨ। ਈ.ਡੀ. ਨੇ ਆਸ਼ੂ ਅਤੇ ਹੋਰਨਾਂ ਦੇ 5 ਕਰੋੜ ਦੇ ਅਸਾਸੇ ਲੱਭਣ ਦਾ ਦਾਅਵਾ ਕੀਤਾ ਹੈ। ਪੰਜਾਬ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਅਨੁਸਾਰ ਈ.ਡੀ. ਵੱਲੋਂ ਵਿਜੀਲੈਂਸ ਤੋਂ ਹੁਣ ਤੱਕ ਦਰਜਨ ਤੋਂ ਵੱਧ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਦੇ ਮਾਮਲੇ ਵਿਚ ਜਾਣਕਾਰੀ ਮੰਗੀ ਗਈ ਹੈ। ਈ.ਡੀ. ਨੇ 6 ਸਾਬਕਾ ਵਜ਼ੀਰਾਂ ਅਤੇ 7 ਸਿਵਲ ਤੇ ਪੁਲਿਸ ਅਫ਼ਸਰਾਂ ਖ਼ਿਲਾਫ਼ ਜਾਂਚ ਸ਼ੁਰੂ ਕੀਤੀ ਹੋਈ ਹੈ। ਈ.ਡੀ. ਵੱਲੋਂ ਇਨ੍ਹਾਂ ਸਿਆਸਤਦਾਨਾਂ ਤੇ ਅਫਸਰਾਂ ਦੀਆਂ ਜਾਇਦਾਦਾਂ ਅਤੇ ਬੈਂਕ ਖਾਤਿਆਂ ਦੀ ਘੋਖ ਕੀਤੀ ਜਾ ਰਹੀ ਹੈ। ਪ੍ਰਸ਼ਾਸਕੀ ਤੇ ਸਿਆਸੀ ਹਲਕਿਆਂ ਵਿਚ ਚਰਚਾ ਭਾਰੂ ਹੈ ਕਿ ਸੰਸਦੀ ਚੋਣਾਂ ਤੱਕ ਈ.ਡੀ. ਦੀਆਂ ਪੰਜਾਬ 'ਚ ਗਤੀਵਿਧੀਆਂ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ ਤੇ ਛਾਪੇ ਅਚਨਚੇਤ ਵਧ ਸਕਦੇ ਹਨ। ਚੇਤੇ ਰਹੇ ਕਿ ਸਾਲ 2022 ਵਿਚ ਹੋਈਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਕਰੀਬੀ ਰਿਸ਼ਤੇਦਾਰ ਕੋਲੋਂ ਭਾਰੀ ਮਾਤਰਾ ਵਿਚ ਪੈਸਾ ਬਰਾਮਦ ਹੋਣ ਨਾਲ ਸਿਆਸੀ ਸਥਿਤੀ ਬਿਲਕੁਲ ਹੀ ਬਦਲ ਗਈ ਸੀ। ਈ.ਡੀ. ਨੇ ਹਾਲ ਹੀ ਵਿਚ ਇਕ ਨਾਇਬ ਤਹਿਸੀਲਦਾਰ ਦੀ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਕੀਤੀ ਤਾਂ ਇਕ ਚਰਚਿਤ ਠੇਕੇਦਾਰ ਖ਼ਿਲਾਫ਼ ਪਹਿਲਾਂ ਹੀ ਪੂਰੀ ਸਰਗਰਮੀ ਨਾਲ ਜਾਂਚ ਆਰੰਭ ਕੀਤੀ ਹੋਈ ਹੈ। ਈ.ਡੀ. ਵੱਲੋਂ ਸੱਤਾਧਾਰੀ ਪਾਰਟੀ 'ਆਪ' ਦੇ ਦੋ ਵਿਧਾਇਕਾਂ ਕੁਲਵੰਤ ਸਿੰਘ ਅਤੇ ਜਸਵੰਤ ਸਿੰਘ ਗੱਜਣਮਾਜਰਾ ਦੇ ਟਿਕਾਣਿਆਂ 'ਤੇ ਵੀ ਛਾਪੇ ਮਾਰੇ ਗਏ ਸਨ।



ਦੱਸ ਦਈਏ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਜੰਗਲਾਤ ਵਿਭਾਗ ਦੇ ਘਪਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ ਪੰਜਾਬ ਦੇ ਦੋ ਸਾਬਕਾ ਜੰਗਲਾਤ ਮੰਤਰੀ ਅਤੇ ਕਾਂਗਰਸ ਨੇਤਾਵਾਂ ਸਾਧੂ ਸਿੰਘ ਧਰਮਸੋਤ ਅਤੇ ਸੰਗਤ ਸਿੰਘ ਗਿਲਜੀਆਂ ਅਤੇ ਹੋਰਾਂ ਦੇ ਟਿਕਾਣਿਆਂ ਉੱਤੇ ਛਾਪੇਮਾਰੀ ਕਰਕੇ 'ਇਤਰਾਜ਼ਯੋਗ' ਦਸਤਾਵੇਜ਼, ਮੋਬਾਈਲ ਫੋਨ ਅਤੇ ਹੋਰ ਇਲੈਕਟ੍ਰਾਨਿਕ ਉਪਕਰਨ ਜ਼ਬਤ ਕੀਤੇ ਹਨ।

ਸੰਘੀ ਜਾਂਚ ਏਜੰਸੀ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਉਸ ਦੀ ਜਾਂਚ ਸੂਬੇ ਦੇ ਜੰਗਲਾਤ ਵਿਭਾਗ ਵਿਚ ਦਰਖਤਾਂ ਦੀ ਕਟਾਈ ਦੀ ਮਨਜ਼ੂਰੀ ਦੇਣ ਅਤੇ ਵਿਭਾਗ ਵਿਚ ਤਬਾਦਲੇ ਅਤੇ ਤਾਇਨਾਤੀ ਲਈ ਰਿਸ਼ਵਤ ਲੈਣ ਅਤੇ ਕੁਝ ਹੋਰ ਦੋਸ਼ਾਂ ਨਾਲ ਸਬੰਧਤ ਹੈ। ਈ.ਡੀ. ਨੇ ਕਿਹਾ ਕਿ 30 ਨਵੰਬਰ ਨੂੰ ਧਰਮਸੋਤ, ਗਿਲਜੀਆਂ, ਉਨ੍ਹਾਂ ਦੇ ਸਾਥੀਆਂ, ਜੰਗਲਾਤ ਵਿਭਾਗ ਦੇ ਅਧਿਕਾਰੀਆਂ ਅਤੇ ਪੰਜਾਬ, ਹਰਿਆਣਾ ਅਤੇ ਦਿੱਲੀ ਵਿਚ ਸਥਿਤ ਕੁਝ ਹੋਰ ਵਿਅਕਤੀਆਂ ਦੇ ਰਿਹਾਇਸ਼ੀ ਸਥਾਨਾਂ 'ਤੇ ਛਾਪੇਮਾਰੀ ਕੀਤੀ ਗਈ ਸੀ।

ਈ.ਡੀ. ਨੇ ਗਿਲਜੀਆਂ ਅਤੇ ਧਰਮਸੋਤ ਨਾਲ ਜੁੜੇ ਜੰਗਲਾਤ ਘੁਟਾਲੇ ਸਬੰਧੀ ਲਗਭਗ 15 ਥਾਵਾਂ 'ਤੇ ਛਾਪੇ ਮਾਰੇ। ਦੋਵੇਂ ਕਾਂਗਰਸੀ ਆਗੂ ਆਪਣੀ ਪਾਰਟੀ ਦੀ ਸਰਕਾਰ ਸਮੇਂ ਜੰਗਲਾਤ ਮੰਤਰੀ ਰਹੇ ਸਨ। ਜੰਗਲਾਤ ਵਿਭਾਗ ਵਿਚ ਹੋਏ ਬਹੁ ਕਰੋੜੀ ਘੁਟਾਲੇ ਬਾਰੇ ਪੰਜਾਬ ਵਿਜੀਲੈਂਸ ਬਿਊਰੋ ਨੇ ਪਹਿਲਾਂ ਹੀ ਕੇਸ ਦਰਜ ਕੀਤਾ ਹੋਇਆ ਹੈ।

ਈ.ਡੀ. ਦੇ ਅਧਿਕਾਰੀਆਂ ਨੇ ਦੱਸਿਆ ਕਿ ਧਰਮਸੋਤ ਦੇ ਅਮਲੋਹ ਅਤੇ ਸੰਗਤ ਸਿੰਘ ਗਿਲਜੀਆਂ ਦੇ ਹਲਕਾ ਟਾਂਡਾ ਵਿਚ ਪੈਂਦੇ ਪਿੰਡ ਗਿਲਜ਼ੀਆਂ ਵਿਚਲੇ ਘਰ ਅਤੇ ਉਨ੍ਹਾਂ ਦੇ ਸਾਬਕਾ ਓ.ਐੱਸ.ਡੀਜ਼, ਜੰਗਲਾਤ ਵਿਭਾਗ ਦੇ ਕੁਝ ਅਧਿਕਾਰੀਆਂ, ਠੇਕੇਦਾਰਾਂ ਅਤੇ ਹੋਰਾਂ ਦੇ ਘਰਾਂ 'ਤੇ ਛਾਪੇ ਮਾਰੇ ਗਏ। ਈ.ਡੀ. ਨੇ ਲੁਧਿਆਣਾ, ਬਠਿੰਡਾ, ਮੁਹਾਲੀ, ਚੰਡੀਗੜ੍ਹ, ਹਿਸਾਰ ਅਤੇ ਨਵੀਂ ਦਿੱਲੀ 'ਚ ਵੀ ਛਾਪੇ ਮਾਰੇ ਹਨ। ਈ.ਡੀ. ਨੇ ਜਦੋਂ ਛਾਪਾ ਮਾਰਿਆ ਤਾਂ ਸੰਗਤ ਸਿੰਘ ਗਿਲਜੀਆਂ ਆਪਣੇ ਘਰ 'ਚ ਹੀ ਸਨ ਜੋ ਹੁਣੇ ਜਿਹੇ ਅਮਰੀਕਾ ਤੋਂ ਪਰਤੇ ਹਨ ਜਦਕਿ ਸਾਧੂ ਸਿੰਘ ਧਰਮਸੋਤ ਕਿਤੇ ਵੀ ਨਹੀਂ ਮਿਲੇ।

ਵਿਜੀਲੈਂਸ ਬਿਊਰੋ ਵੱਲੋਂ ਦਰਜ ਕੀਤੇ ਗਏ ਕੇਸ ਦੇ ਆਧਾਰ 'ਤੇ ਹੀ ਈ.ਡੀ. ਨੇ ਲਗਭਗ ਛੇ ਮਹੀਨੇ ਪਹਿਲਾਂ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੀ ਉਲੰਘਣਾ ਦੇ ਮਾਮਲੇ ਵਿੱਚ ਈ.ਸੀ.ਆਈ.ਆਰ. ਦਰਜ ਕੀਤਾ ਸੀ। ਈ.ਡੀ. ਨੇ ਇਸੇ ਸਾਲ ਧਰਮਸੋਤ ਨੂੰ ਆਪਣੇ ਜਲੰਧਰ ਵਿਚਲੇ ਦਫਤਰ ਵਿਚ ਸੱਦ ਕੇ ਲੰਮੀ ਪੁੱਛ-ਪੜਤਾਲ ਕੀਤੀ ਸੀ। ਜੰਗਲਾਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਸਮੇਤ 10 ਨੂੰ ਜੁਲਾਈ ਵਿਚ ਈ.ਡੀ. ਦਫਤਰ ਵਿਚ ਤਲਬ ਕੀਤਾ ਗਿਆ ਸੀ।

## ਵਿਜੀਲੈਂਸ ਵੱਲੋਂ ਵੀ ਸਰਗਰਮੀਆਂ ਤੇਜ਼

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਵੱਲੋਂ ਕਾਂਗਰਸ ਦੇ ਸਾਬਕਾ ਵਿਧਾਇਕਾਂ ਵਿਰੁੱਧ ਜਾਂਚ ਦਾ ਅਮਲ ਦਿਨੋਂ-ਦਿਨ ਤੇਜ਼ ਹੁੰਦਾ ਜਾ ਰਿਹਾ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਵਿਜੈਇੰਦਰ ਸਿੰਗਲਾ, ਬ੍ਰਹਮ ਮਹਿੰਦਰਾ, ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਸਾਬਕਾ ਵਿਧਾਇਕਾਂ ਕੁਲਦੀਪ ਸਿੰਘ ਵੈਦ, ਦਲਬੀਰ ਸਿੰਘ ਗੋਲਡੀ, ਹਰਦਿਆਲ ਸਿੰਘ ਕੰਬੋਜ, ਮਦਨ ਲਾਲ ਜਲਾਲਪੁਰ, ਬਰਿੰਦਰਮੀਤ ਸਿੰਘ ਪਾਹੜਾ ਖ਼ਿਲਾਫ਼ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਦੀ ਵਿਜੀਲੈਂਸ ਜਾਂਚ ਚੱਲ ਰਹੀ ਹੈ।

## ਕੇਂਦਰ ਏਜੰਸੀ ਹੱਥ ਕਈ ਸਬੂਤ ਲੱਗੇ

**ਚੰਡੀਗੜ੍ਹ:** ਈ.ਡੀ. ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦੇ ਹੱਥ ਕਈ ਦਸਤਾਵੇਜ਼ ਲੱਗੇ ਹਨ। ਇਸ ਮਾਮਲੇ ਦੇ ਮੁੱਖ ਮੁਲਜ਼ਮ ਦੇ ਮੋਬਾਈਲ ਫੋਨ ਵੀ ਜ਼ਬਤ ਕਰ ਲਏ ਗਏ ਹਨ। ਇਸ ਤੋਂ ਪਹਿਲਾਂ ਜੰਗਲਾਤ ਵਿਭਾਗ ਦੇ ਇਕ ਠੇਕੇਦਾਰ ਦੀ ਡਾਇਰੀ ਵਿਜੀਲੈਂਸ ਦੇ ਹੱਥ ਲੱਗੀ ਸੀ ਕਿਉਂਕਿ ਇਸ ਵਿਚ ਖੈਰ ਦੇ ਰੁੱਖਾਂ ਦੀ ਕਟਾਈ ਲਈ ਸਿਆਸਤਦਾਨਾਂ ਅਤੇ ਜੰਗਲਾਤ ਅਧਿਕਾਰੀਆਂ ਨੂੰ ਦਿੱਤੀ ਜਾ ਰਹੀ ਰਿਸ਼ਵਤ ਦੇ ਵੇਰਵੇ ਹੋਣ ਦਾ ਦਾਅਵਾ ਹੈ। ਈ.ਡੀ. ਦੀ ਟੀਮ ਦਾ ਇਕ ਮੈਂਬਰ ਧਰਮਸੋਤ ਦੇ ਪੁੱਤਰ ਗੁਰਪ੍ਰੀਤ ਸਿੰਘ ਨੂੰ ਬਾਹਰ ਲਿਆਇਆ ਸੀ ਪਰ ਜਿਵੇਂ ਹੀ ਉਸ ਨੂੰ ਮੀਡੀਆ ਦੀ ਭਿਣਕ ਪਈ ਤਾਂ ਉਹ ਤੁਰੰਤ ਅੰਦਰ ਵਾਪਸ ਚਲੇ ਗਏ। ਉਸ ਨੇ ਪੱਤਰਕਾਰਾਂ ਨੂੰ ਆਪਣੇ ਬਾਰੇ ਜਾਂ ਪੜਤਾਲ ਬਾਰੇ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ।

# ਨਸ਼ੇ ਕਾਰਨ ਨੌਜਵਾਨ ਦੀ ਮੌਤ

**ਸਮਾਣਾ:** ਪਿੰਡ ਕਾਦਰਾਬਾਦ 'ਚ ਇਕ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮੁਹੰਮਦ ਆਸਿਮ (25) ਵਜੋਂ ਹੋਈ ਹੈ। ਉਸ ਨੇ ਕੁਝ ਦਿਨਾਂ ਬਾਅਦ ਵਿਦੇਸ਼ ਜਾਣਾ ਸੀ। ਹੈੱਡ ਕਾਂਸਟੇਬਲ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਪਰਿਵਾਰ ਵੱਲੋਂ ਦਰਜ ਕਰਵਾਏ ਬਿਆਨਾਂ ਮੁਤਾਬਕ ਆਸਿਮ ਨਸ਼ੇ ਕਰਨ ਦਾ ਆਦੀ ਸੀ। ਨਸ਼ਾ ਛੁਡਾਊ ਕੇਂਦਰ 'ਚੋਂ ਇਲਾਜ ਦੇ ਬਾਵਜੂਦ ਉਹ ਚੋਰੀ ਛੁਪੇ ਨਸ਼ੀਲੀਆਂ ਗੋਲੀਆਂ ਵੀ ਖਾਂਦਾ ਰਿਹਾ। ਆਸਿਮ ਨੇ ਆਪਣਾ ਮੋਬਾਈਲ ਫੋਨ ਵੇਚ ਕੇ ਹਾਸਲ ਕੀਤੇ ਪੈਸਿਆਂ ਨਾਲ ਨਸ਼ਾ ਖਰੀਦਿਆ ਅਤੇ ਵੱਧ ਮਾਤਰਾ ਵਿਚ ਨਸ਼ਾ ਕਰਨ ਕਰ ਕੇ ਉਹ ਡਿੱਗ ਪਿਆ। ਉਸ ਨੂੰ ਰਾਜਿੰਦਰਾ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ।



# ਜੱਗੂ ਭਗਵਾਨਪੁਰੀਆ ਦੇ ਨਾਂ 'ਤੇ ਫਿਰੌਤੀ ਮੰਗਣ ਵਾਲਾ ਗਰੋਹ ਬੇਨਿਕਾਬ

**ਮੋਗਾ:** ਪੁਲਿਸ ਨੇ ਕਾਰੋਬਾਰੀਆਂ ਨੂੰ ਵਰਚੁਅਲ ਮੋਬਾਈਲ ਨੰਬਰ (ਵਿਦੇਸ਼ੀ ਨੰਬਰ ਵਾਂਗ ਸਕਰੀਨ ਉੱਤੇ ਦਿਖਾਈ ਦੇਣ ਵਾਲਾ) ਰਾਹੀਂ ਫਿਰੌਤੀ ਮੰਗਣ ਵਾਲੇ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਗੈਂਗ ਨੇ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਨਾਂ 'ਤੇ ਆਰਾ ਮਿੱਲ ਮਾਲਕ ਕੋਲੋਂ 50 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ। ਐਸ.ਐਸ.ਪੀ. ਵਿਵੇਕਸ਼ੀਲ ਸੋਨੀ ਅਤੇ ਡੀ.ਐਸ.ਪੀ. ਹਰਿੰਦਰ ਸਿੰਘ ਡੋਡ ਨੇ ਦੱਸਿਆ ਕਿ ਥਾਣਾ ਸਿਟੀ ਦੱਖਣੀ ਮੁਖੀ ਇੰਸਪੈਕਟਰ ਇਕਬਾਲ ਹੁਸੈਨ ਦੀ ਅਗਵਾਈ ਹੇਠ ਪੁਲਿਸ ਟੀਮ ਨੇ ਫਿਰੌਤੀ ਮੰਗਣ ਵਾਲਿਆਂ ਨੂੰ ਕਾਬੂ ਕੀਤਾ ਜਿਨ੍ਹਾਂ ਦੀ ਪਛਾਣ ਗੁਰਵਿੰਦਰ ਸਿੰਘ ਉਰਫ਼ ਗੈਰੀ ਪਿੰਡ ਡਗਰੂ ਅਤੇ ਰਾਜਦੀਪ ਸਿੰਘ ਉਰਫ਼ ਰਾਜਾ ਹਾਲ ਵਾਸੀ ਪਿੰਡ ਭੇਖਾ ਵਜੋਂ ਹੋਈ ਹੈ।



ਪੁਲਿਸ ਮੁਤਾਬਕ ਇਨ੍ਹਾਂ ਵਿਚੋਂ ਰਾਜਦੀਪ ਆਰਾ ਮਿੱਲ ਮਾਲਕ ਰਾਜੀਵ ਬਾਂਸਲ ਕੋਲੋਂ ਉਗਰਾਹੀ ਕਰਨ ਜਾਂਦਾ ਸੀ ਜਿਸ ਕਾਰਨ ਉਸ ਬਾਰੇ ਭਲੀਭਾਂਤ ਜਾਣੂ ਸੀ। ਉਸ ਨੇ ਗੁਰਵਿੰਦਰ ਸਿੰਘ ਉਰਫ਼ ਗੈਰੀ ਨੂੰ ਵਪਾਰੀ ਦਾ ਸਾਰਾ ਭੇਤ ਦੱਸ ਦਿੱਤਾ ਅਤੇ ਫਿਰੌਤੀ ਮੰਗਣ ਦੀ ਯੋਜਨਾ ਬਣਾਈ। ਗੁਰਵਿੰਦਰ ਸਿੰਘ ਉਰਫ਼ ਗੈਰੀ ਨੇ ਵਪਾਰੀ ਨੂੰ 50 ਲੱਖ ਦੀ ਫ਼ਿਰੌਤੀ ਲਈ ਕਾਲ ਕੀਤੀ ਅਤੇ ਡਰਾਇਆ ਧਮਕਾਇਆ।

# ਆਮ ਆਦਮੀ ਪਾਰਟੀ ਨੇ ਪੰਜਾਬ ਵਿਚ 'ਮਿਸ਼ਨ 2024' ਲਈ ਸਰਗਰਮੀਆਂ ਵਧਾਈਆਂ

**ਗੁਰਦਾਸਪੁਰ:** ਆਮ ਆਦਮੀ ਪਾਰਟੀ ਨੇ 2024 ਦੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਲਈ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਹੋਈ ਵਿਕਾਸ ਕ੍ਰਾਂਤੀ ਰੈਲੀ ਦੌਰਾਨ ਗੁਰਦਾਸਪੁਰ ਦੇ ਨਵੇਂ ਬੱਸ ਅੱਡੇ ਦਾ ਉਦਘਾਟਨ ਕਰਨ ਦੇ ਨਾਲ ਸਰਹੱਦੀ ਜ਼ਿਲ੍ਹਿਆਂ ਗੁਰਦਾਸਪੁਰ ਤੇ ਪਠਾਨਕੋਟ ਲਈ 1854 ਕਰੋੜ ਰੁਪਏ ਦੇ ਕਈ ਪ੍ਰੋਜੈਕਟਾਂ ਦਾ ਐਲਾਨ ਕੀਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬੇ ਵਿਚ ਵਿਕਾਸ ਕ੍ਰਾਂਤੀ ਦੇ ਨਵੇਂ ਯੁਗ ਦੀ ਸ਼ੁਰੂਆਤ ਹੋਈ ਹੈ। ਉਨ੍ਹਾਂ ਕਿਹਾ ਕਿ ਕਿਸਾਨੀ ਨੂੰ ਲਾਹੇਵੰਦ ਧੰਦਾ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਵਿਰੋਧੀਆਂ ਨੂੰ ਚਿਤਾਵਨੀ ਦਿੱਤੀ ਕਿ ਪਿਛਲੀਆਂ ਸਰਕਾਰਾਂ ਦੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਉਦਾਹਰਨ ਦਿੰਦਿਆਂ ਕਿਹਾ ਕਿ ਏ.ਆਈ. ਦੀ ਵਰਤੋਂ ਤੋਂ ਪਤਾ ਲੱਗਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਕਥਿਤ ਤੌਰ 'ਤੇ ਅਜਿਹੀਆਂ ਸੜਕਾਂ ਦਾ ਨਿਰਮਾਣ ਕੀਤਾ ਜੋ ਅਧਿਕਾਰਤ ਫਾਈਲਾਂ ਵਿਚ ਤਾਂ ਮੌਜੂਦ ਸਨ ਪਰ ਅਸਲ ਵਿਚ ਮੌਜੂਦ ਨਹੀਂ ਸਨ। ਉਨ੍ਹਾਂ ਕਿਹਾ ਕਿ ਇਸ ਇਲਾਕੇ ਦੇ ਲੋਕ ਅਹਿਮ ਅਹੁਦਿਆਂ ਉੱਤੇ ਰਹੇ ਪਰ ਉਨ੍ਹਾਂ ਕਦੇ ਵੀ ਇਲਾਕੇ ਦੇ ਲੋਕਾਂ ਦੇ ਵਿਕਾਸ ਦੀ ਪ੍ਰਵਾਹ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਮ ਲੋਕਾਂ ਦੀ ਭਲਾਈ ਦੇ ਉਦੇਸ਼ ਵਾਲੇ ਪ੍ਰੋਜੈਕਟਾਂ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਆਰ.ਡੀ.ਐਫ. ਦਾ ਸੂਬੇ ਦਾ ਬਣਦਾ ਹਿੱਸਾ ਰੋਕ ਦਿੱਤਾ ਗਿਆ ਹੈ ਜਿਸ ਨਾਲ ਪੇਂਡੂ ਖੇਤਰਾਂ ਦੇ ਵਿਕਾਸ ਨੂੰ ਸੱਟ ਵੱਜੀ ਹੈ। ਇਸੇ ਤਰ੍ਹਾਂ ਜੀ.ਐਸ.ਟੀ. ਮਾਮਲੇ ਵਿੱਚ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ ਜੱਗ ਜ਼ਾਹਿਰ ਹੋਇਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 2024 ਦੀਆਂ ਚੋਣਾਂ ਵਿਚ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ਜਿੱਤਣ ਤੋਂ ਇਲਾਵਾ, ਉਨ੍ਹਾਂ ਦੀ ਪਾਰਟੀ ਚੰਡੀਗੜ੍ਹ ਸੀਟ 'ਤੇ ਵੀ ਜਿੱਤ ਹਾਸਲ ਕਰੇਗੀ। ਕੇਜਰੀਵਾਲ ਨੇ ਕਿਹਾ ਕਿ ਸੂਬੇ ਵਿਚ ਨਾ ਤਾਂ ਇਸ ਵੇਲੇ ਥਾਣਿਆਂ ਵਿਚ ਕੋਈ ਪੈਸੇ ਦੀ ਮੰਗ ਕਰਦਾ ਹੈ ਅਤੇ ਨਾ ਹੀ ਕਿਸੇ ਸਰਕਾਰੀ ਦਫਤਰ ਵਿਚ। ਮਾਨ ਸਰਕਾਰ ਨੇ ਭ੍ਰਿਸ਼ਟਾਚਾਰ ਦਾ ਖਾਤਮਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਿੱਜੀ ਕੰਪਨੀਆਂ ਨਿਵੇਸ਼ ਕਰਨ ਵਿੱਚ ਆਪਣੀ ਰੁਚੀ ਦਿਖਾ ਰਹੀਆਂ ਹਨ ਅਤੇ ਆਉਂਦੇ ਸਮੇਂ ਵਿਚ ਸਾਢੇ ਤਿੰਨ ਲੱਖ ਨੌਜਵਾਨਾਂ ਨੂੰ ਨੌਕਰੀ ਮਿਲੇਗੀ।



ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਤੇ ਫਿਲਮ ਅਦਾਕਾਰ ਸਨੀ ਦਿਓਲ ਨੂੰ ਨਿਸ਼ਾਨੇ 'ਤੇ ਲੈਂਦਿਆਂ ਕੇਜਰੀਵਾਲ ਨੇ ਇਲਾਕੇ ਦੇ ਲੋਕਾਂ ਨੂੰ ਸਵਾਲ ਕੀਤਾ ਕਿ ਉਨ੍ਹਾਂ ਸਨੀ ਦਿਓਲ ਨੂੰ ਵੋਟਾਂ ਤੋਂ ਬਾਅਦ ਇਲਾਕੇ ਅੰਦਰ ਕਦੋਂ ਦੇਖਿਆ ਸੀ। ਉਨ੍ਹਾਂ ਕਿਹਾ ਕਿ ਸਨੀ ਦਿਓਲ ਨੇ ਗੁਰਦਾਸਪੁਰ ਦੇ ਲੋਕਾਂ ਨੂੰ ਧੋਖਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹੀ ਬਿਹਤਰ ਤਰੀਕੇ ਨਾਲ ਪੰਜਾਬ ਦਾ ਵਿਕਾਸ ਕਰ ਸਕਦੀ ਹੈ।

## ਪਹਿਲਾਂ ਸ਼ੁਰੂ ਕੀਤੇ ਕੰਮਾਂ ਦਾ ਸਿਹਰਾ ਲੈ ਰਹੀ 'ਆਪ': ਬਾਜਵਾ

**ਚੰਡੀਗੜ੍ਹ:** ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਆਪ' ਪਿਛਲੀਆਂ ਸਰਕਾਰਾਂ ਦੌਰਾਨ ਸ਼ੁਰੂ ਕੀਤੇ ਵਿਕਾਸ ਕਾਰਜਾਂ ਦਾ ਸਿਹਰਾ ਆਪਣੇ ਸਿਰ ਲੈ ਰਹੀ ਹੈ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਬੱਸ ਸਟੈਂਡ ਦੀ ਉਸਾਰੀ 'ਆਪ' ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਹੀ ਸ਼ੁਰੂ ਹੋ ਗਈ ਸੀ ਪਰ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਦਾ ਸਿਹਰਾ ਲੈਣ ਤੋਂ ਗੁਰੇਜ਼ ਨਹੀਂ ਕੀਤਾ। ਪੰਜਾਬ ਦੇ ਮੁੱਖ ਮੰਤਰੀ ਨੂੰ ਪੰਜਾਬ ਦੇ ਲੋਕਾਂ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ 'ਆਪ' ਸਰਕਾਰ ਨੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਸੂਬੇ 'ਚ ਹੁਣ ਤੱਕ ਇਕ ਵੀ ਸੜਕ ਨਹੀਂ ਬਣਾਈ ਹੈ। ਸ੍ਰੀ ਬਾਜਵਾ ਨੇ ਮੁਕੇਰੀਆਂ ਦੀ ਖੰਡ ਮਿੱਲ ਅੱਗੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਵਿਰੁੱਧ ਕਾਰਵਾਈ ਦੀ ਨਿੰਦਾ ਕੀਤੀ।

# ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ’ਚ ਜਿੱਤ ਨਾਲ ਭਾਜਪਾ ਬਾਗੋ-ਬਾਗ



**ਨਵੀਂ ਦਿੱਲੀ:** ਚਾਰ ਰਾਜਾਂ ਦੀਆਂ ਵਿਧਾਨ ਸਭਾਵਾਂ ਲਈ ਪਈਆਂ ਵੋਟਾਂ ਦੇ ਆਏ ਨਤੀਜਿਆਂ ‘ਚ ਭਾਜਪਾ ਨੇ ਤਿੰਨ ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ‘ਚ ਜਿੱਤ ਦਰਜ ਕੀਤੀ ਹੈ ਜਦਕਿ ਤਿਲੰਗਾਨਾ ਵਿਚ ਕਾਂਗਰਸ ਨੇ ਬੀ.ਆਰ.ਐਸ ਨੂੰ ਸੱਤਾ ‘ਚੋਂ ਬਾਹਰ ਕਰ ਦਿੱਤਾ ਹੈ। ਚੋਣ ਨਤੀਜੇ ਸਾਹਮਣੇ ਆਉਣ ਮਗਰੋਂ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਤਿਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਅਸਤੀਫੇ ਸੂਬਿਆਂ ਦੇ ਰਾਜਪਾਲਾਂ ਨੂੰ ਸੌਂਪ ਦਿੱਤੇ ਹਨ।

ਚੋਣ ਨਤੀਜਿਆਂ ‘ਚ ਭਾਜਪਾ ਨੇ ਜਿੱਥੇ ਮੱਧ ਪ੍ਰਦੇਸ਼ ‘ਚ ਆਪਣੀ ਸਰਕਾਰ ਕਾਇਮ ਰੱਖੀ ਹੈ, ਉੱਥੇ ਹੀ ਦੋ ਸੂਬਿਆਂ ਰਾਜਸਥਾਨ ਤੇ ਛੱਤੀਸਗੜ੍ਹ ਦੀ ਸੱਤਾ ਕਾਂਗਰਸ ਤੋਂ ਖੋਹ ਲਈ ਹੈ। ਕਾਂਗਰਸ ਦੋ ਸੂਬੇ ਹਾਰ ਗਈ ਪਰ ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐਸ.) ਤੋਂ ਤਿਲੰਗਾਨਾ ਜਿੱਤ ਗਈ। ਇਸ ਦੱਖਣੀ ਸੂਬੇ ‘ਚ ਮਿਲੀ ਜਿੱਤ ਨੇ ਹੀ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਨੂੰ ਜਸ਼ਨ ਮਨਾਉਣ ਦਾ ਮੌਕਾ ਦਿੱਤਾ ਹੈ ਅਤੇ ਕੇ ਚੰਦਰਸ਼ੇਖਰ ਰਾਓ ਦੀ ਲੀਡਰਸ਼ਿਪ ਵਾਲੀ ਬੀ.ਆਰ.ਐਸ, ਜਿਸ ਨੂੰ ਲਗਾਤਾਰ ਤੀਜੀ ਵਾਰ ਜਿੱਤਣ ਦੀ ਉਮੀਦ ਸੀ, ਨੂੰ ਆਤਮ ਚਿੰਤਨ ਲਈ ਮਜਬੂਰ ਕਰ ਦਿੱਤਾ ਹੈ।

ਚੋਣ ਕਮਿਸ਼ਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮੱਧ ਪ੍ਰਦੇਸ਼ ਵਿਧਾਨ ਸਭਾ ਦੀਆਂ 230 ਸੀਟਾਂ ‘ਚੋਂ ਭਾਜਪਾ ਨੇ 163 ਸੀਟਾਂ ‘ਤੇ ਜਿੱਤ ਦਰਜ ਕੀਤੀ ਜਦਕਿ ਕਾਂਗਰਸ 66 ਸੀਟਾਂ ਜਿੱਤਿਆਂ। ਗੁਆਂਢੀ ਸੂਬੇ ਰਾਜਸਥਾਨ ਵਿਚ ਲੋਕਾਂ ਨੇ ਹਰ ਪੰਜ ਸਾਲ ਮਗਰੋਂ ਸਰਕਾਰ ਬਦਲਣ ਦੀ ਰਵਾਇਤ ਕਾਇਮ ਰੱਖੀ ਹੈ ਅਤੇ ਇੱਥੋਂ ਦੀਆਂ 199 ਵਿਧਾਨ ਸਭਾ ਸੀਟਾਂ ‘ਚੋਂ ਭਾਜਪਾ ਨੇ 115 ਜਦਕਿ ਕਾਂਗਰਸ ਨੇ 69 ਸੀਟਾਂ ਜਿੱਤੀਆਂ ਹਨ। ਉੱਧਰ ਛੱਤੀਸਗੜ੍ਹ ਵਿਚਲੀਆਂ 90 ਸੀਟਾਂ ‘ਚੋਂ ਭਾਜਪਾ ਨੇ 54 ਤੇ ਕਾਂਗਰਸ ਨੇ 35 ਸੀਟਾਂ ਜਿੱਤੀਆਂ ਹਨ।

ਤਿਲੰਗਾਨਾ ਦੀਆਂ 119 ਵਿਧਾਨ ਸਭਾ ਸੀਟਾਂ ‘ਚੋਂ ਕਾਂਗਰਸ ਨੇ 64 ਸੀਟਾਂ ਜਦਕਿ ਬੀ.ਆਰ.ਐੱਸ. 39 ਤੇ ਭਾਜਪਾ ਨੇ 8 ਸੀਟਾਂ ਹਾਸਲ ਕੀਤੀਆਂ ਹਨ। ਚੋਣ ਕਮਿਸ਼ਨ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਦੌਰਾਨ ਮੱਧ ਪ੍ਰਦੇਸ਼, ਰਾਜਸਥਾਨ ਤੇ ਤਿਲੰਗਾਨਾ ‘ਚ 1 ਫੀਸਦ ਤੋਂ ਵੀ ਘੱਟ ਵੋਟਰਾਂ ਨੇ ਨੋਟਾ ਦਾ ਬਟਨ ਦੱਬਿਆ ਜਦਕਿ ਛੱਤੀਸਗੜ੍ਹ ਵਿਚ 1.29 ਫੀਸਦ ਲੋਕਾਂ ਨੇ ਨੋਟਾ ਦੀ ਵਰਤੋਂ ਕੀਤੀ ਹੈ। ਭਾਜਪਾ ਦੀ ਜਿੱਤ ਮਗਰੋਂ ਭਾਜਪਾ ਆਗੂਆਂ ਨੇ ਕਿਹਾ ਕਿ ਇਨ੍ਹਾਂ ਚੋਣ ਨਤੀਜਿਆਂ ਵਿਚ ਲੋਕਾਂ ਨੇ ਕਾਂਗਰਸ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੀਆਂ ਗਈਆਂ ਗਰੰਟੀਆਂ ਅਤੇ ਭਾਜਪਾ ਦੇ ਪ੍ਰਸ਼ਾਸਨ ‘ਤੇ ਭਰੋਸਾ ਜ਼ਾਹਿਰ ਕੀਤਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਜਿੱਤ ਯਕੀਨੀ ਬਣਾਉਣ ਲਈ ਚੋਣਾਂ ਵਾਲੇ ਚਾਰੋਂ ਸੂਬਿਆਂ ‘ਚ ਗੇੜੇ ‘ਤੇ ਗੇੜਾ ਲਾਇਆ। ਚੋਣਾਂ ਦੇ ਐਲਾਨ ਮਗਰੋਂ ਹੀ ਪ੍ਰਧਾਨ ਮੰਤਰੀ ਚਾਰੋਂ ਸੂਬਿਆਂ ਦੇ ਗੈਰ-ਸਰਕਾਰੀ ਦੌਰਿਆਂ ‘ਤੇ ਨਿਕਲ ਪਏ। ਪ੍ਰਧਾਨ ਮੰਤਰੀ ਦਫਤਰ ਦੀ ਵੈੱਬਸਾਈਟ ਅਨੁਸਾਰ ਪਹਿਲੀ ਅਕਤੂਬਰ ਤੋਂ 23 ਨਵੰਬਰ ਤੱਕ ਨਰਿੰਦਰ ਮੋਦੀ ਨੇ ਚਾਰੋਂ ਸੂਬਿਆਂ ਵਿਚ 26 ਦਿਨ ਬਿਤਾਏ, ਜਿਸ ਦਾ ਮਤਲਬ ਹੈ ਕਿ ਪ੍ਰਧਾਨ ਮੰਤਰੀ ਨੇ ਹਰ ਦੂਸਰਾ ਦਿਨ ਚੋਣਾਂ ਦੇ ਲੇਖੇ ਲਾਇਆ।

ਸਰਕਾਰੀ ਵੇਰਵਿਆਂ ਅਨੁਸਾਰ ਪ੍ਰਧਾਨ ਮੰਤਰੀ ਰਾਜਸਥਾਨ, ਮੱਧ ਪ੍ਰਦੇਸ਼, ਤਿਲੰਗਾਨਾ ਤੇ ਛੱਤੀਸਗੜ੍ਹ ਵਿਚ ਚੋਣਾਂ ਦੀ ਤਿਆਰੀ ਵਿਚ ਕਈ ਮਹੀਨੇ ਪਹਿਲਾਂ ਹੀ ਜੁੱਟ ਗਏ ਸਨ। ਪ੍ਰਧਾਨ ਮੰਤਰੀ ਨੇ ਪਹਿਲੀ ਅਪਰੈਲ 2023 ਤੋਂ 23 ਨਵੰਬਰ 2023 ਤੱਕ ਉਕਤ ਚਾਰੋਂ ਸੂਬਿਆਂ ਵਿਚ ਕੁੱਲ 44 ਦਿਨ ਲਾਏ ਹਨ। ਅੰਦਾਜ਼ਨ ਹਰ ਪੰਜਵਾਂ ਦਿਨ ਉਨ੍ਹਾਂ ਨੇ ਚੋਣਾਂ ਵਾਲੇ ਸੂਬਿਆਂ ਵਿਚ ਲਾਇਆ ਹੈ।

ਇਸੇ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ‘ਚ ਪਾਰਟੀ ਦੀ ਹਾਰ ‘ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਨ੍ਹਾਂ ਆਰਜ਼ੀ ਨਾਕਾਮੀਆਂ ਤੋਂ ਖੁਦ ਨੂੰ ਉਭਾਰੇਗੀ ਅਤੇ ਵਿਰੋਧੀ ਗੱਠਜੋੜ ‘ਇੰਡੀਆ‘ ਦੀਆਂ ਪਾਰਟੀਆਂ ਨਾਲ ਮਿਲ ਕੇ ਅਗਲੀਆਂ ਲੋਕ ਸਭਾ ਚੋਣਾਂ ਲਈ ਖੁਦ ਨੂੰ ਤਿਆਰ ਕਰੇਗੀ। ਉਨ੍ਹਾਂ ਤਿਲੰਗਾਨਾ ‘ਚ ਜਿੱਤ ਲਈ ਵੋਟਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, ‘ਪਾਰਟੀ ਨੇ ਪੂਰੀ ਜਾਨ ਲਗਾ ਕੇ ਇਨ੍ਹਾਂ ਚਾਰ ਰਾਜਾਂ ਦੀਆਂ ਚੋਣਾਂ ‘ਚ ਹਿੱਸਾ ਲਿਆ। ਮੈਂ ਆਪਣੇ ਅਣਗਿਣਤ ਵਰਕਰਾਂ ਦਾ ਵੀ ਧੰਨਵਾਦ ਕਰਦਾ ਹਾਂ।‘

## ਮਿਜ਼ੋਰਮ ਵਿਧਾਨ ਸਭਾ ਚੋਣਾਂ ’ਚ ਜੈਡ.ਪੀ.ਐਮ. ਨੂੰ ਬਹੁਮਤ

**ਆਈਜ਼ੋਲ:** ਜ਼ੋਰਮ ਪੀਪਲਜ਼ ਮੂਵਮੈਂਟ ਨੇ ਮਿਜ਼ੋਰਮ ਵਿਧਾਨ ਸਭਾ ਦੀਆਂ 40 ਵਿਚੋਂ 27 ਸੀਟਾਂ ਜਿੱਤ ਕੇ ਰਾਜ ਵਿਚ ਬਹੁਮਤ ਹਾਸਲ ਕਰ ਲਿਆ। ਚੋਣ ਕਮਿਸ਼ਨ ਨੇ ਇਹ ਜਾਣਕਾਰੀ ਦਿੱਤੀ ਹੈ। ਜਿੱਤਣ ਵਾਲੇ ਪ੍ਰਮੁੱਖ ਪਾਰਟੀ ਨੇਤਾਵਾਂ ਵਿਚ ਪਾਰਟੀ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਲਾਲਦੂਹੋਮਾ ਸ਼ਾਮਲ ਹਨ। ਚੋਣ ਕਮਿਸ਼ਨ ਮੁਤਾਬਕ ਮਿਜ਼ੋਰਮ ਦੇ ਮੁੱਖ ਮੰਤਰੀ ਜ਼ੋਰਮਥੰਗਾ ਆਈਜ਼ੌਲ ਈਸਟ-1 ਸੀਟ ਤੋਂ ਜੈਡ.ਐਮ.ਪੀ. ਦੇ ਲਾਲਥਨਸਾਂਗਾ ਤੋਂ 2,101 ਵੋਟਾਂ ਨਾਲ ਚੋਣ ਹਾਰ ਗਏ। ਉਪ ਮੁੱਖ ਮੰਤਰੀ ਤਵਾਨਲੁਈਆ ਤੁਈਚਾਂਗ ਸੀਟ ਉਤੇ ਜੈ.ਡੀ.ਪੀ.ਐਮ. ਉਮੀਦਵਾਰ ਤੋਂ 909 ਵੋਟਾਂ ਦੇ ਫਰਕ ਨਾਲ ਹਾਰ ਗਏ।

## ਲੋਕ ਫਤਵਾ ਪ੍ਰਵਾਨ, ਵਿਚਾਰਧਾਰਾ ਦੀ ਲੜਾਈ ਜਾਰੀ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਦੇ ਲੋਕਾਂ ਦਾ ਫਤਵਾ ਨਿਮਰਤਾ ਨਾਲ ਸਵੀਕਾਰ ਕਰਦੇ ਹਨ ਅਤੇ ਉਹ ਵਿਚਾਰਧਾਰਾ ਦੀ ਲੜਾਈ ਜਾਰੀ ਰੱਖਣਗੇ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਤਿਲੰਗਾਨਾ ‘ਚ ਕਾਂਗਰਸ ਦੀ ਜਿੱਤ ਲਈ ਉੱਥੋਂ ਦੇ ਲੋਕਾਂ ਦਾ ਸ਼ੁਕਰੀਆ ਕੀਤਾ ਤੇ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਤਿਲੰਗਾਨਾ ‘ਚ ਪਾਰਟੀ ਦੀ ਹਾਰ ਨੂੰ ਲੈ ਕੇ ਕਿਹਾ ਕਿ ਜਨਤਾ ਦਾ ਫੈਸਲਾ ਸਿਰ ਮੱਥੇ ‘ਤੇ ਹੈ। ਉਨ੍ਹਾਂ ਕਿਹਾ, ‘ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੇ ਲੋਕਾਂ ਨੇ ਕਾਂਗਰਸ ਨੂੰ ਵਿਰੋਧੀ ਪਾਰਟੀ ਦੀ ਭੂਮਿਕਾ ਨਿਭਾਉਣ ਲਈ ਚੁਣਿਆ ਹੈ। ਅਸੀਂ ਇਸ ਫੈਸਲੇ ਨੂੰ ਸਵੀਕਾਰ ਕਰਦੇ ਹਾਂ।‘

# ਬਹਿਬਲ ਗੋਲੀ ਕਾਂਡ: ਤਤਕਾਲੀ ਐਸ.ਐਸ.ਪੀ. ਵੱਲੋਂ ਦੋਸ਼ ਰੱਦ ਕਰਾਉਣ ਦੀ ਅਪੀਲ

**ਫਰੀਦਕੋਟ:** ਮੋਗਾ ਦੇ ਸਾਬਕਾ ਐਸ.ਐਸ.ਪੀ. ਚਰਨਜੀਤ ਸਿੰਘ ਸ਼ਰਮਾ ਨੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਫਰੀਦਕੋਟ ਨੂੰ ਅਪੀਲ ਕੀਤੀ ਹੈ ਕਿ ਬਹਿਬਲ ਕਲਾਂ ਪੁਲਿਸ ਗੋਲੀ ਕਾਂਡ ਵਿਚ ਉਨ੍ਹਾਂ ਖ਼ਿਲਾਫ਼ ਆਇਦ ਕੀਤੇ ਗਏ ਦੋਸ਼ ਰੱਦ ਕੀਤੇ ਜਾਣ। ਇਸ ਮਾਮਲੇ ਵਿਚ ਪੁਲਿਸ ਵੱਲੋਂ ਪੇਸ਼ ਚਲਾਨ ਤੇ ਸਪਲੀਮੈਂਟਰੀ ਚਲਾਨ ਰੱਦ ਕੀਤਾ ਜਾਵੇ ਕਿਉਂਕਿ ਪੁਲਿਸ ਨੇ ਸਰਕਾਰੀ ਅਧਿਕਾਰੀ ‘ਤੇ ਡਿਊਟੀ ਦੌਰਾਨ ਕਥਿਤ ਕੁਤਾਹੀ ਦੇ ਮਾਮਲੇ ਵਿਚ ਕਾਰਵਾਈ ਕਰਨ ਲਈ ਸੂਬਾ ਸਰਕਾਰ ਕੋਲੋਂ ਪ੍ਰਵਾਨਗੀ ਨਹੀਂ ਲਈ ਸੀ। ਨਿਯਮਾਂ ਅਨੁਸਾਰ ਜਦੋਂ ਕਿਸੇ ਵਿਅਕਤੀ ‘ਤੇ ਆਪਣੀ ਸਰਕਾਰੀ ਡਿਊਟੀ ਨਿਭਾਉਂਦੇ ਹੋਏ ਕੋਈ ਜੁਰਮ ਕਰਨ ਦਾ ਦੋਸ਼ ਲਾਇਆ ਜਾਂਦਾ ਹੈ ਤਾਂ ਸੀ.ਆਰ.ਪੀ.ਸੀ. ਦੀ ਧਾਰਾ 197 ਤਹਿਤ ਸੂਬਾ ਸਰਕਾਰ ਨੂੰ ਜਾਣਕਾਰੀ ਦੇਣੀ ਲਾਜ਼ਮੀ ਹੁੰਦੀ ਹੈ। ਇਸ ਕਰ ਕੇ ਉਸ ਖ਼ਿਲਾਫ਼ ਆਇਦ ਕੀਤੇ ਗਏ ਦੋਸ਼ ਸਹੀ ਨਹੀਂ ਹਨ ਜਿਸ ਕਰ ਕੇ ਇਨ੍ਹਾਂ ਨੂੰ ਰੱਦ ਕੀਤਾ ਜਾਵੇ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 22 ਦਸੰਬਰ ਤੱਕ ਮੁਲਤਵੀ ਕਰਦੇ ਹੋਏ ਇਸਤਗਾਸਾ ਪੱਖ ਨੂੰ ਅਗਲੀ ਸੁਣਵਾਈ ਤੋਂ ਪਹਿਲਾਂ ਸਾਬਕਾ ਐਸ.ਐਸ.ਪੀ. ਦੀ ਅਰਜ਼ੀ ਦਾ ਜਵਾਬ ਦੇਣ ਦੇ ਨਿਰਦੇਸ਼ ਦਿੱਤੇ ਹਨ।

ਅਦਾਲਤ ਨੇ ਗੋਲੀਬਾਰੀ ਦੀ ਘਟਨਾ ਦੀ ਜਾਂਚ ਕਰ ਰਹੀ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੂੰ ਬਹਿਬਲ ਕਲਾਂ ਵਿਚ ਕਥਿਤ ਤੌਰ ‘ਤੇ ਪੁਲਿਸ ਗੋਲੀਬਾਰੀ ਵਿਚ ਮਾਰੇ ਗਏ ਭਗਵਾਨ ਕ੍ਰਿਸ਼ਨ ਸਿੰਘ ਦੇ ਪਿਤਾ ਮਹਿੰਦਰ ਸਿੰਘ ਦੀ ਅਰਜ਼ੀ ਦਾ ਜਵਾਬ ਦੇਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਭਗਵਾਨ ਕ੍ਰਿਸ਼ਨ ਸਿੰਘ ਦੀ ਗੋਲੀ ਲੱਗਣ ਨਾਲ 14 ਅਕਤੂਬਰ 2015 ਨੂੰ ਮੌਤ ਹੋ ਗਈ ਸੀ। ਮਹਿੰਦਰ ਸਿੰਘ ਨੇ 15 ਸਤੰਬਰ 2020 ਦੇ ਹੁਕਮ ਨੂੰ ਵਾਪਸ ਕਰਨ ਦੀ ਮੰਗ ਕਰਦੇ ਹੋਏ ਅਦਾਲਤ ਤੱਕ ਪਹੁੰਚ ਕੀਤੀ ਸੀ, ਜਿਸ ਵਿਚ ਮੁੱਖ ਮੁਲਜ਼ਮ ਇੰਸਪੈਕਟਰ ਪ੍ਰਦੀਪ ਸਿੰਘ ਨੂੰ ਮੁਆਫੀ ਦਿੱਤੀ ਗਈ ਸੀ।

ਆਪਣੀ ਅਰਜ਼ੀ ਵਿਚ, ਮਹਿੰਦਰ ਸਿੰਘ ਨੇ ਸਾਬਕਾ ਆਈ.ਜੀ. ਤੇ ਸਿਟ ਦੇ ਤਤਕਾਲੀ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ ‘ਤੇ ਮੁੱਖ ਮੁਲਜ਼ਮ ਨੂੰ ਮੁਆਫੀ ਲਈ ਸਹਿਮਤੀ ਦੇਣ ਸਬੰਧੀ ਅਦਾਲਤ ਨਾਲ ਧੋਖਾਧੜੀ ਕਰਨ ਦੇ ਦੋਸ਼ ਲਾਏ ਹਨ। ਮਹਿੰਦਰ ਨੇ ਦੋਸ਼ ਲਾਇਆ ਸੀ ਕਿ ਪ੍ਰਦੀਪ ਸਿੰਘ ਨੇ ਹੀ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਨੂੰ ਲੱਤਾਂ ਅਤੇ ਥੱਪੜ ਮਾਰੇ ਸੀ ਜਿਸ ਕਾਰਨ ਮਾਹੌਲ ਵਿਗੜਿਆ ਤੇ ਇਸ ਤੋਂ ਬਾਅਦ ਪੁਲਿਸ ਨੇ ਗੋਲੀਆਂ ਚਲਾਈਆਂ ਸਨ ਜਿਸ ਵਿਚ ਉਸ ਦੇ ਪੁੱਤਰ ਅਤੇ ਇੱਕ ਹੋਰ ਪ੍ਰਦਰਸ਼ਨਕਾਰੀ ਦੀ ਮੌਤ ਹੋ ਗਈ ਸੀ।

# ‘ਇੰਡੀਆ’ ਗੱਠਜੋੜ ਤਹਿਤ ਰਲ ਕੇ ਲੜਦੇ ਤਾਂ ਨਤੀਜਾ ਵੱਖਰਾ ਹੁੰਦਾ: ਰਾਊਤ

**ਮੁੰਬਈ:** ਸ਼ਿਵ ਸੈਨਾ (ਯੂ.ਬੀ.ਟੀ.) ਦੇ ਆਗੂ ਸੰਜੈ ਰਾਊਤ ਨੇ ਕਿਹਾ ਕਿ ਜੇ ਮੱਧ ਪ੍ਰਦੇਸ਼ ਵਿਚ ਕਾਂਗਰਸ ਨੇ ‘ਇੰਡੀਆ’ ਗੱਠਜੋੜ ਨਾਲ ਕੁਝ ਸੀਟਾਂ ਸਾਂਝੀਆਂ ਕੀਤੀਆਂ ਹੁੰਦੀਆਂ ਤਾਂ ਚੋਣਾਂ ਦਾ ਨਤੀਜਾ ਵੱਖਰਾ ਹੋ ਸਕਦਾ ਸੀ। ਰਾਊਤ ਨੇ ਕਿਹਾ ਕਿ ਕਾਂਗਰਸ ਨੂੰ ਭਾਈਵਾਲਾਂ ਪ੍ਰਤੀ ਆਪਣੀ ਪਹੁੰਚ ’ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਕਮਲਨਾਥ ਨੇ ਚੋਣਾਂ ਦੌਰਾਨ ਸਮਾਜਵਾਦੀ ਪਾਰਟੀ ਨਾਲ ਸੀਟਾਂ ਸਾਂਝੀਆਂ ਕਰਨ ਦਾ ਵਿਰੋਧ ਕੀਤਾ ਸੀ। ਹਾਲਾਂਕਿ ਰਾਊਤ ਨੇ ਕਿਹਾ ਕਿ ਇਨ੍ਹਾਂ ਚੋਣ ਨਤੀਜਿਆਂ ਨਾਲ ‘ਇੰਡੀਆ’ ਗੱਠਜੋੜ ਦੇ ਮੈਂਬਰਾਂ ’ਚ ਕੋਈ ਮਤਭੇਦ ਨਹੀਂ ਹੋਣਗੇ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, “ਮੇਰੀ ਸਪਸ਼ਟ ਰਾਇ ਹੈ ਕਿ ਮੱਧ ਪ੍ਰਦੇਸ ਦੀਆਂ ਚੋਣਾਂ ‘ਇੰਡੀਆ’ ਗੱਠਜੋੜ ਤਹਿਤ ਲੜੀਆਂ ਜਾਣੀਆਂ ਚਾਹੀਦੀਆਂ ਸਨ। ਜੇ



ਕੁੱਝ ਸੀਟਾਂ ਅਖਿਲੇਸ਼ ਦੀ ਪਾਰਟੀ (ਸਮਾਜਵਾਦੀ ਪਾਰਟੀ) ਨਾਲ ਸਾਂਝੀਆਂ ਕੀਤੀਆਂ ਜਾਂਦੀਆਂ ਤਾਂ ਕਾਂਗਰਸ ਦਾ ਪ੍ਰਦਰਸ਼ਨ ਬਿਹਤਰ ਹੋ ਸਕਦਾ ਸੀ। ਉਨ੍ਹਾਂ (ਅਖਿਲੇਸ਼) ਦੀ ਪਾਰਟੀ ਨੂੰ ਕੁਝ ਖੇਤਰਾਂ ਵਿਚ ਚੰਗਾ ਸਮਰਥਨ ਪ੍ਰਾਪਤ ਹੈ, ਜਿਸ ਵਿਚ ਪਾਰਟੀ ਦਾ ਗੜ੍ਹ ਕਹੀਆਂ ਜਾਣ ਵਾਲੀਆਂ 10-12 ਸੀਟਾਂ ਵੀ ਸ਼ਾਮਲ ਹਨ। ਕਮਲ ਨਾਥ ਨੇ ਅਖਿਲੇਸ਼ ਨਾਲ ਸੀਟਾਂ ਸਾਂਝੀਆਂ ਕਰਨ ਦਾ ਵਿਰੋਧ ਕੀਤਾ ਸੀ।”

ਰਾਊਤ ਨੇ ਕਿਹਾ ਕਿ ਚੋਣ ਨਤੀਜੇ ਇਹ ਸਬਕ ਸਿਖਾਉਂਦੇ ਹਨ ਕਿ ਭਵਿੱਖ ਵਿਚ ਚੋਣਾਂ ‘ਇੰਡੀਆ’ ਗੱਠਜੋੜ ਤਹਿਤ ਮਿਲ ਕੇ ਲੜੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ, “ਸੂਬੇ ਦੀਆਂ ਪਾਰਟੀਆਂ ਨੂੰ ਹੁਣ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਲੋਕਲ ਪਾਰਟੀਆਂ ਨੂੰ ਨਜ਼ਰ-ਅੰਦਾਜ਼ ਕਰ ਕੇ ਕੋਈ ਸਿਆਸਤ ਨਹੀਂ ਕਰ ਸਕਦਾ।”

# ਭਾਜਪਾ ਸੱਤਾ ਵਾਲੇ ਸੂਬਿਆਂ ਦੀ ਗਿਣਤੀ 12 ਹੋਈ

**ਨਵੀਂ ਦਿੱਲੀ:** ਹਾਲ ਹੀ ਵਿਚ ਚਾਰ ਸੂਬਿਆਂ ‘ਚ ਹੋਈਆਂ ਵਿਧਾਨ ਸਭਾ ਚੋਣਾਂ ਵਿਚੋਂ ਤਿੰਨ ‘ਚ ਭਾਜਪਾ ਨੂੰ ਮਿਲੀ ਜਿੱਤ ਤੋਂ ਬਾਅਦ ਹੁਣ 12 ਰਾਜਾਂ ਵਿਚ ਸਿੱਧੇ ਤੌਰ ‘ਤੇ ਇਸ ਪਾਰਟੀ ਦੀ ਸਰਕਾਰ ਕਾਇਮ ਹੋ ਗਈ ਹੈ। ਜਦਕਿ ਕਾਂਗਰਸ ਦੀਆਂ ਸਰਕਾਰ ਅਧੀਨ ਸੂਬਿਆਂ ਦੀ ਗਿਣਤੀ ਘਟ ਕੇ 3 ਰਹਿ ਗਈ ਹੈ।

ਇਹ ਉਹ ਸੂਬੇ ਹਨ ਜਿੱਥੇ ਪਾਰਟੀ ਸਿੱਧੇ ਤੌਰ ‘ਤੇ ਖੁਦ ਸੱਤਾ ਵਿਚ ਹੈ। ਹਾਲ ਦੀਆਂ ਚੋਣਾਂ ਵਿਚ ਪਾਰਟੀ ਨੇ ਰਾਜਸਥਾਨ ਤੇ ਛੱਤੀਸਗੜ੍ਹ ਸੂਬੇ ਗੁਆ ਲਏ ਹਨ। ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਅਧੀਨ ਇਸ ਵੇਲੇ ਜਿਹੜੇ ਸੂਬੇ ਹਨ, ਉਨ੍ਹਾਂ ਵਿਚ ਲੋਕ ਸਭਾ ਦੀਆਂ ਕੁੱਲ 543 ਵਿਚੋਂ ਕਰੀਬ ਅੱਧੀਆਂ ਸੀਟਾਂ ਹਨ ਜਦਕਿ ਸਿਰਫ ਦੋ ਰਾਜ ਅਜਿਹੇ ਹਨ, ਜਿੱਥੇ ਲੋਕ ਸਭਾ ਦੀਆਂ 50 ਤੋਂ ਘੱਟ ਸੀਟਾਂ ਹਨ ਤੇ ਉੱਥੇ ਅਜਿਹੀਆਂ ਪਾਰਟੀਆਂ ਸੱਤਾ ਵਿਚ ਹਨ ਜੋ ਨਾ ਤਾਂ ਐਨ.ਡੀ.ਏ. ਦੇ ਨਾਲ ਹਨ ਤੇ ਨਾ ਹੀ ਵਿਰੋਧੀ ਧਿਰਾਂ ਦੇ ‘ਇੰਡੀਆ‘ ਗੱਠਜੋੜ ਦਾ ਹਿੱਸਾ ਹਨ। ਦਿੱਲੀ ਤੇ ਪੰਜਾਬ ਵਿਚ ਸਰਕਾਰਾਂ ਦੇ ਨਾਲ ‘ਆਪ‘ ਹੁਣ ਤੀਜੀ ਸਭ ਤੋਂ ਵੱਡੀ ਕੌਮੀ ਪਾਰਟੀ ਹੈ। ਭਾਜਪਾ ਵਰਤਮਾਨ ‘ਚ ਉੱਤਰਾਖੰਡ, ਹਰਿਆਣਾ, ਯੂਪੀ,



ਗੁਜਰਾਤ, ਗੋਆ, ਅਸਾਮ, ਤ੍ਰਿਪੁਰਾ, ਮਨੀਪੁਰ ਤੇ ਅਰੁਣਾਚਲ ਪ੍ਰਦੇਸ਼ ਵਿਚ ਸੱਤਾ ‘ਚ ਹੈ। ਹਾਲੀਆਂ ਚੋਣਾਂ ਵਿਚ ਮੱਧ ਪ੍ਰਦੇਸ਼ ‘ਚ ਇਸ ਦੀ ਸੱਤਾ ਕਾਇਮ ਰਹੀ ਹੈ ਤੇ ਰਾਜਸਥਾਨ ਅਤੇ ਛੱਤੀਸਗੜ੍ਹ ਇਸ ਨੇ ਕਾਂਗਰਸ ਤੋਂ ਖੋਹ ਲਏ ਹਨ। ਇਸ ਤੋਂ ਇਲਾਵਾ ਭਗਵਾ ਪਾਰਟੀ ਮਹਾਰਾਸ਼ਟਰ, ਮੇਘਾਲਿਆ, ਨਾਗਾਲੈਂਡ ਤੇ ਸਿੱਕਿਮ ਵਿਚ ਗੱਠਜੋੜ ਸਰਕਾਰ ਚਲਾ ਰਹੀ ਹੈ। ਕਾਂਗਰਸ ਦੀ ਸਰਕਾਰ ਹੁਣ ਸਿਰਫ ਤਿੰਨ ਰਾਜਾਂ- ਕਰਨਾਟਕ, ਹਿਮਾਚਲ ਤੇ ਤਿਲੰਗਾਨਾ ਵਿਚ ਹੈ। ਜਦਕਿ ਬਿਹਾਰ ਤੇ ਝਾਰਖੰਡ ਵਿਚ ਇਹ ਸੱਤਾਧਾਰੀ ਗੱਠਜੋੜ ਦਾ ਹਿੱਸਾ ਹੈ। ਤਾਮਿਲਨਾਡੂ ਵਿਚ ਇਹ ਡੀ.ਐਮ.ਕੇ. ਦੀ ਸਹਿਯੋਗੀ ਹੈ, ਹਾਲਾਂਕਿ ਕਾਂਗਰਸ ਤਾਮਿਲਨਾਡੂ ਸਰਕਾਰ ਦਾ ਹਿੱਸਾ ਨਹੀਂ ਹੈ। ਦੱਸਣਯੋਗ ਹੈ ਕਿ ਇਸ ਵੇਲੇ ਛੇ ਪਾਰਟੀਆਂ- ਭਾਜਪਾ, ਕਾਂਗਰਸ, ਬਸਪਾ, ਸੀ.ਪੀ.ਐਮ, ਐਨ.ਪੀ.ਪੀ. ਤੇ ‘ਆਪ‘ ਨੂੰ ਕੌਮੀ ਪਾਰਟੀ ਦਾ ਦਰਜਾ ਹਾਸਲ ਹੈ। ਵਿਧਾਨ ਸਭਾ ਚੋਣਾਂ ਦਾ ਅਗਲਾ ਗੇੜ ਹੁਣ 2024 ਵਿਚ ਦੇਖਣ ਮਿਲੇਗਾ ਜਦ ਸਿੱਕਿਮ, ਅਰੁਣਾਚਲ, ਉੜੀਸਾ ਤੇ ਆਂਧਰਾ ਪ੍ਰਦੇਸ਼ ਵਿਚ ਚੋਣਾਂ ਹੋਣਗੀਆਂ। ਜੰਮੂ ਕਸ਼ਮੀਰ ਵਿਚ ਵੀ ਅਜੇ ਚੋਣਾਂ ਹੋਣੀਆਂ ਹਨ। ਹਾਲੀਆ ਵਿਧਾਨ ਸਭਾ ਚੋਣਾਂ ਕਈ ਸੰਸਦ ਮੈਂਬਰਾਂ ਨੇ ਵੀ ਲੜੀਆਂ ਹਨ, ਇਸ ਤਰ੍ਹਾਂ ਕਈ ਸੰਸਦੀ ਸੀਟਾਂ ਖਾਲੀ ਹੋਣ ਦੀ ਸੰਭਾਵਨਾ ਹੈ। ਪਰ ਲੋਕ ਸਭਾ ਚੋਣਾਂ ਅਗਲੇ ਸਾਲ ਹੋਣ ਕਾਰਨ ਕੋਈ ਜ਼ਿਮਨੀ ਚੋਣ ਨਹੀਂ ਐਲਾਨੀ ਜਾਵੇਗੀ।

## ਆਤਮ-ਨਿਰਭਰ ਭਾਰਤ ਦੇ ਸੰਕਲਪ ਦੀ ਜਿੱਤ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ‘ਚ ਭਾਜਪਾ ਦੀ ਜਿੱਤ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਇਹ ਵਿਕਸਿਤ ਭਾਰਤ ਦੇ ਸੱਦੇ ਅਤੇ ਆਤਮ-ਨਿਰਭਰ ਭਾਰਤ ਦੇ ਸੰਕਲਪ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਰਾਜਾਂ ਵਿਚ ਜਿੱਤ ਦੀ ਹੈਟ੍ਰਿਕ ਇਸ ਗੱਲ ਦੀ ਗਾਰੰਟੀ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ‘ਚ ਵੀ ਭਾਜਪਾ ਦੀ ਹੈਟ੍ਰਿਕ ਬਣੇਗੀ। ਉਨ੍ਹਾਂ ਕਿਹਾ, ‘ਇਨ੍ਹਾਂ ਨਤੀਜਿਆਂ ਨੇ ਭ੍ਰਿਸ਼ਟਾਚਾਰ ਖ਼ਿਲਾਫ਼ ਉਨ੍ਹਾਂ ਦੀ ਜੰਗ ‘ਚ ਲੋਕ ਹਮਾਇਤ ਦਿਖਾਈ ਹੈ।‘ ਉਨ੍ਹਾਂ ਕਿਹਾ ਕਿ ਇਨ੍ਹਾਂ ਨਤੀਜਿਆਂ ਨੇ ਕਾਂਗਰਸ ਦੇ ਵਿਰੋਧੀ ਧਿਰ ਦੇ ਗੱਠਜੋੜ ‘ਇੰਡੀਆ‘ ਨੂੰ ਸੁਨੇਹਾ ਦਿੱਤਾ ਹੈ ਕਿ ਕੁਝ ਪਰਿਵਾਰਾਂ ਦੇ ਇਕ ਮੰਚ ‘ਤੇ ਇਕੱਠੇ ਹੋਣ ਨਾਲ ਚੰਗੀ ਤਸਵੀਰ ਬਣ ਸਕਦੀ ਹੈ ਪਰ ਲੋਕਾਂ ਦਾ ਭਰੋਸਾ ਨਹੀਂ ਜਿੱਤਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਵੋਟਰਾਂ ਨੇ ਭ੍ਰਿਸ਼ਟਾਚਾਰ ‘ਚ ਸ਼ਾਮਲ ਪਾਰਟੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਆਪਣਾ ਰਾਹ ਬਦਲ ਲੈਣ ਨਹੀਂ ਤਾਂ ਲੋਕ ਉਨ੍ਹਾਂ ਨੂੰ ਖਤਮ ਕਰ ਦੇਣਗੇ।

## ਹਾਰ ਦੇ ਬਾਵਜੂਦ ਕਾਂਗਰਸ ਨੂੰ ਵੋਟ ਪ੍ਰਤੀਸ਼ਤ ਉਤੇ ਤਸੱਲੀ

**ਨਵੀਂ ਦਿੱਲੀ:** ਮੱਧ ਪ੍ਰਦੇਸ, ਛੱਤੀਸਗੜ੍ਹ ਅਤੇ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੇ ਪ੍ਰਦਰਸ਼ਨ ਨੂੰ ਨਿਰਾਸ਼ਾਜਨਕ ਦੱਸਦੇ ਹੋਏ ਕਾਂਗਰਸ ਨੇ ਕਿਹਾ ਕਿ ਭਾਵੇਂ ਨਤੀਜੇ ਉਸ ਦੀਆਂ ਉਮੀਦਾਂ ਮੁਤਾਬਕ ਨਹੀਂ ਆਏ ਪਰ ਵੋਟ ਪ੍ਰਤੀਸ਼ਤ ਦੇ ਮਾਮਲੇ ਵਿਚ ਉਹ ਭਾਜਪਾ ਤੋਂ ਜ਼ਿਆਦਾ ਦੂਰ ਨਹੀਂ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਵੋਟ ਪ੍ਰਤੀਸ਼ਤ ਦੇ ਇਸ ਅੰਤਰ ਨੂੰ ਖਤਮ ਕੀਤਾ ਜਾ ਸਕਦਾ ਹੈ। ਭਾਰਤੀ ਜਨਤਾ ਪਾਰਟੀ ਨੇ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿਚ ਜਿੱਤ ਹਾਸਲ ਕੀਤੀ ਹੈ, ਜਦੋਂ ਕਿ ਤਿਲੰਗਾਨਾ ਵਿੱਚ ਕਾਂਗਰਸ ਨੇ ਜਿੱਤ ਦਰਜ ਕੀਤੀ ਹੈ। ਉਹ ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਸੱਤਾ ਵਿਚ ਸੀ, ਜਿਥੇ ਉਸ ਨੂੰ ਹਾਰ ਝੱਲਣੀ ਪਈ। ਰਮੇਸ਼ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ‘ਤੇ ਪੋਸਟ ਕੀਤਾ, ‘ਛੱਤੀਸਗੜ੍ਹ ‘ਚ ਭਾਜਪਾ ਨੂੰ 46.3 ਫੀਸਦੀ ਅਤੇ ਕਾਂਗਰਸ ਨੂੰ 42.2 ਫੀਸਦੀ ਵੋਟਾਂ ਮਿਲੀਆਂ ਹਨ। ਮੱਧ ਪ੍ਰਦੇਸ ਵਿਚ ਭਾਜਪਾ ਨੂੰ 48.6 ਫੀਸਦੀ ਅਤੇ ਕਾਂਗਰਸ ਨੂੰ 40.4 ਫੀਸਦੀ ਵੋਟਾਂ ਮਿਲੀਆਂ ਹਨ। ਰਾਜਸਥਾਨ ਵਿਚ ਭਾਜਪਾ ਨੂੰ 41.7 ਫੀਸਦੀ ਅਤੇ ਕਾਂਗਰਸ ਨੂੰ 39.5 ਫੀਸਦੀ ਵੋਟਾਂ ਮਿਲੀਆਂ ਹਨ। ਜੁੜੇਗਾ ਭਾਰਤ, ਜਿੱਤੇਗਾ ਇੰਡੀਆ।’

# ਗੰਨੇ ਦੇ ਭਾਅ 'ਚ 11 ਰੁਪਏ ਦਾ ਵਾਧਾ ਕਿਸਾਨਾਂ ਨਾਲ ਕੋਝਾ ਮਜ਼ਾਕ ਕਰਾਰ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਗੰਨਾ ਕਾਸ਼ਤਕਾਰਾਂ ਲਈ ਗੰਨੇ ਦੇ ਭਾਅ (ਸਟੇਟ ਐਗਰੀਡ ਪ੍ਰਾਈਸ) ਵਿਚ 11 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਦਾ ਐਲਾਨ ਕਰ ਦਿੱਤਾ ਹੈ। ਨਵੇਂ ਐਲਾਨੇ ਭਾਅ ਮਗਰੋਂ ਕਾਸ਼ਤਕਾਰਾਂ ਨੂੰ ਗੰਨੇ ਦਾ ਭਾਅ 391 ਰੁਪਏ ਪ੍ਰਤੀ ਕੁਇੰਟਲ ਮਿਲੇਗਾ।

ਇਸੇ ਦੌਰਾਨ ਕਿਸਾਨ ਜਥੇਬੰਦੀਆਂ ਨੇ ਗੰਨੇ ਦਾ ਭਾਅ 450 ਰੁਪਏ ਪ੍ਰਤੀ ਕੁਇੰਟਲ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਮੁਕੇਰੀਆਂ ਖੰਡ ਮਿੱਲ ਅੱਗੇ ਜਲੰਧਰ-ਜੰਮੂ ਕੌਮੀ ਮਾਰਗ ਜਾਮ ਕਰ ਦਿੱਤਾ। ਜਥੇਬੰਦੀਆਂ ਨੇ ਇਸ ਵਾਧੇ ਨੂੰ ਕਿਸਾਨਾਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ ਹੈ। ਉਧਰ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਗੰਨੇ ਦੇ ਮੁੱਲ ਵਿਚ ਮਾਮੂਲੀ ਵਾਧਾ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਪੰਜਾਬ ਸਰਕਾਰ ਨੇ ਗੰਨੇ ਦੇ ਭਾਅ ਵਿਚ 11 ਰੁਪਏ ਦਾ ਵਾਧਾ ਕਰਕੇ ਇਸ ਨੂੰ 391 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ ਜਦਕਿ ਗੰਨਾ ਉਤਪਾਦਕ ਤੇ ਪੰਜਾਬ ਕਾਂਗਰਸ ਦੋਵੇਂ ਐਸ.ਏ.ਪੀ. ਵਿਚ 20 ਰੁਪਏ ਪ੍ਰਤੀ ਕੁਇੰਟਲ ਵਾਧੇ ਦੀ ਮੰਗ ਕਰ ਰਹੇ ਸਨ। ਉਨ੍ਹਾਂ ਕਿਹਾ ਕਿ 2021 'ਚ



ਕਾਂਗਰਸ ਸਰਕਾਰ ਨੇ ਗੰਨੇ ਦੇ ਮੁੱਲ ਵਿਚ 50 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਸਰਕਾਰ ਨੂੰ ਸ਼ਗਨ ਨਹੀਂ ਦੇਣਾ ਚਾਹੀਦਾ ਬਲਕਿ ਕਿਸਾਨ ਭਾਈਚਾਰੇ ਨੂੰ ਫਸਲਾਂ ਦੀਆਂ ਕੀਮਤਾਂ ਵਿਚ ਉਸਾਰੂ ਵਾਧਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਇਹ ਫੈਸਲਾ ਸਮੁੱਚੇ ਪੰਜਾਬ ਦੇ ਕਿਸਾਨਾਂ ਨਾਲ ਕੋਝਾ ਮਜ਼ਾਕ ਹੈ।

ਦੱਸ ਦਈਏ ਕਿ ਮੁੱਖ ਮੰਤਰੀ ਨੇ ਵਾਧੇ ਦਾ ਐਲਾਨ ਕਰਦਿਆਂ ਆਖਿਆ ਸੀ ਕਿ ਪੰਜਾਬ ਵਿਚ 11 ਰੁਪਏ ਨੂੰ ਸ਼ੁਭ ਸ਼ਗਨ ਮੰਨਦੇ ਹੋਏ ਕਿਸਾਨਾਂ ਨੂੰ ਇਹ ਤੋਹਫ਼ਾ ਦੇਣ ਦਾ ਫ਼ੈਸਲਾ ਕੀਤਾ ਹੈ। ਪੰਜਾਬ ਦੇਸ ਭਰ ਵਿਚੋਂ ਗੰਨੇ ਦਾ ਸਭ ਤੋਂ ਵੱਧ ਭਾਅ ਦੇ ਰਿਹਾ ਹੈ, ਜਿਸ ਨਾਲ ਕਿਸਾਨਾਂ ਨੂੰ ਵੱਡਾ ਲਾਭ ਮਿਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਿਸਾਨਾਂ ਨਾਲ ਹਾਲ ਹੀ ਵਿਚ ਹੋਈ ਮੀਟਿੰਗ ਵਿੱਚ ਕੀਤਾ ਵਾਅਦਾ ਨਿਭਾ ਦਿੱਤਾ ਹੈ। 'ਆਪ' ਸਰਕਾਰ ਨੇ ਲੰਘੇ ਵਰ੍ਹੇ ਗੰਨੇ ਦੇ ਭਾਅ 'ਚ 30 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਸੀ। ਹਰਿਆਣਾ ਵਿਚ ਗੰਨੇ ਦਾ ਭਾਅ 386 ਰੁਪਏ ਅਤੇ ਉੱਤਰ ਪ੍ਰਦੇਸ਼ ਵਿਚ ਗੰਨੇ ਦਾ ਭਾਅ 350 ਰੁਪਏ ਹੈ। ਐਤਕੀਂ ਪੰਜਾਬ ਵਿਚ ਗੰਨੇ ਦੀ ਪਿੜਾਈ ਦਾ ਸੀਜ਼ਨ ਕਰੀਬ ਦਸ ਦਿਨ ਪੱਛੜ ਗਿਆ ਹੈ। ਕਾਂਗਰਸ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਗੰਨੇ ਦੇ ਭਾਅ ਵਿਚ ਕੁੱਲ 25 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਸੀ।

### ਗੰਨੇ 'ਤੇ ਸਭ ਤੋਂ ਵੱਧ ਐਮ.ਐਸ.ਪੀ. ਦੇ ਰਿਹੈ ਪੰਜਾਬ: ਆਪ

**ਚੰਡੀਗੜ੍ਹ:** 'ਆਪ' ਪੰਜਾਬ ਨੇ ਮਾਨ ਸਰਕਾਰ ਵੱਲੋਂ ਗੰਨੇ ਦੇ ਘੱਟੋ-ਘੱਟ ਸਮਰਥਨ (ਐਮ.ਐਸ.ਪੀ.) ਮੁੱਲ 'ਚ 11 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਕਿਸਾਨੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਪੰਜਾਬ ਅਜਿਹਾ ਸੂਬਾ ਹੈ ਜੋ ਗੰਨਾ ਕਿਸਾਨਾਂ ਨੂੰ ਸਭ ਤੋਂ ਵੱਧ ਐਮ.ਐਸ.ਪੀ. ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਸਹਿਕਾਰੀ ਅਤੇ ਨਿੱਜੀ ਖੰਡ ਮਿੱਲਾਂ ਕੰਮ ਸ਼ੁਰੂ ਕਰਨਗੀਆਂ ਅਤੇ ਘੱਟੋ-ਘੱਟ 391 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਗੰਨਾ ਖਰੀਦਣਗੀਆਂ। ਸ੍ਰੀ ਕੰਗ ਨੇ ਕਿਹਾ, "ਪਿਛਲੀਆਂ ਸਰਕਾਰਾਂ ਸਮੇਂ ਗੰਨਾ ਕਾਸ਼ਤਕਾਰ ਆਪਣੀ ਫਸਲ ਦਾ ਵਾਜਬ ਭਾਅ ਲੈਣ ਲਈ ਧਰਨੇ-ਮੁਜ਼ਾਹਰੇ ਕਰਦੇ ਸਨ ਪਰ ਫਿਰ ਵੀ ਸਰਕਾਰੀ ਅਤੇ ਪ੍ਰਾਈਵੇਟ ਮਿੱਲਾਂ ਵੱਲ ਬਕਾਏ ਖੜ੍ਹੇ ਸਨ ਜਦਕਿ ਪਰ 'ਆਪ' ਦੀ ਸਰਕਾਰ ਬਣਨ ਮਗਰੋਂ ਗੰਨਾ ਕਾਸ਼ਤਕਾਰਾਂ ਦੇ ਸਾਰੇ ਬਕਾਏ ਕਲੀਅਰ ਕਰ ਦਿੱਤੇ ਗਏ।"

## ਸਰਕਾਰੀ ਗਰਾਂਟਾਂ ਵਿਚ ਘਪਲੇ ਦੇ ਦੋਸ਼ ਹੇਠ 11 ਖਿਲਾਫ ਕੇਸ ਦਰਜ

**ਗੁਰੂਹਰਸਹਾਏ:** ਸਥਾਨਕ ਪੁਲਿਸ ਨੇ ਸਰਕਾਰੀ ਗਰਾਟਾਂ ਵਿਚ ਘਪਲਾ ਕਰਨ ਦੇ ਦੋਸ਼ ਹੇਠ ਗੁਰੂਹਰਸਹਾਏ ਬਲਾਕ-1 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਗੁਰਮੀਤ ਸਿੰਘ ਸਮੇਤ 11 ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਇਸ ਸਬੰਧੀ ਥਾਣਾ ਮੁਖੀ ਜਸਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫਸਰ ਸਤੀਸ਼ ਕੁਮਾਰ ਨੇ ਦੱਸਿਆ ਸੀ ਕਿ ਗੁਰੂਹਰਸਹਾਏ ਦੇ ਬੀ.ਪੀ.ਈ.ਓ-1 ਗੁਰਮੀਤ ਸਿੰਘ ਵਾਸੀ ਗੁਰੂਹਰਸਹਾਏ, ਚਰਨਜੀਤ, ਸਹਿੰਦਰ ਪਾਲ, ਰਾਕੇਸ਼ ਕੁਮਾਰ ਵਾਸੀਅਨ ਕੋਟਲੀ ਰੋਡ ਮੁਕਤਸਰ ਤੇ ਹੋਰ ਸੱਤ ਵਿਅਕਤੀਆਂ ਵੱਲੋਂ ਮਿਲੀਭੁਗਤ ਕਰ ਕੇ ਸਕੂਲਾਂ ਨੂੰ ਜਾਰੀ ਹੋਈਆਂ ਸਰਕਾਰੀ ਗਰਾਂਟਾਂ 'ਚੋਂ 1.51 ਕਰੋੜ ਰੁਪਏ ਦਾ ਘਪਲਾ ਕੀਤਾ ਗਿਆ ਹੈ। ਉਨ੍ਹਾਂ ਵੱਲੋਂ ਪੜਤਾਲ ਕਰਨ ਮਗਰੋਂ ਮੁਲਜ਼ਮਾਂ ਖਿਲਾਫ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ।

## ਸੜਕ ਜਾਮ ਮਾਮਲੇ 'ਚ ਸੁਖਬੀਰ ਸਿੰਘ ਬਾਦਲ ਸਣੇ 43 ਬਰੀ

**ਜ਼ੀਰਾ:** ਸਿਵਲ ਕੋਰਟ ਜੀਰਾ ਵੱਲੋਂ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਸਣੇ ਕੁੱਲ 43 ਜਣਿਆਂ ਨੂੰ 2017 ਨਾਲ ਸਬੰਧਤ ਇਕ ਕੇਸ ਵਿਚੋਂ ਬਰੀ ਕਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ 2017 ਵਿਚ ਕਾਂਗਰਸ ਸਰਕਾਰ ਵੇਲੇ ਨਗਰ ਪੰਚਾਇਤ ਮੱਲਾਂਵਾਲਾ ਤੇ ਨਗਰ ਪੰਚਾਇਤ ਮੱਖੂ ਦੀਆਂ ਚੋਣਾਂ ਦੌਰਾਨ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਦਾਖਲ ਨਹੀਂ ਕਰਨ ਦਿੱਤੇ ਗਏ ਸਨ ਜਿਸ ਦੇ ਵਿਰੋਧ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਿਕਰਮਜੀਤ ਸਿੰਘ ਮਜੀਠੀਆ ਤੇ ਵੱਡੀ ਗਿਣਤੀ ਅਕਾਲੀ ਆਗੂਆਂ ਨੇ ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇਅ ਨੰਬਰ-54 ਬੰਗਾਲੀ ਵਾਲਾ ਪੁਲ ਜਾਮ ਕਰ ਦਿੱਤਾ ਸੀ। ਇਸ ਸਬੰਧ ਵਿਚ ਦੋਵੇਂ ਅਕਾਲੀ ਆਗੂਆਂ ਸਣੇ 49 ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਸਿਵਲ ਕੋਰਟ ਜੀਰਾ ਵਿਚ ਮਾਣਯੋਗ ਜੱਜ ਮੈਡਮ ਪਰਵਿੰਦਰ ਕੌਰ ਦੀ ਅਦਾਲਤ ਨੇ ਇਨ੍ਹਾਂ ਵਿਚੋਂ 43 ਨੂੰ ਬਰੀ ਕਰ ਦਿੱਤਾ ਹੈ। ਇਸ ਮਾਮਲੇ 'ਚ ਛੇ ਅਕਾਲੀ ਆਗੂਆਂ ਦੀ ਮੌਤ ਹੋ ਚੁੱਕੀ ਹੈ।




ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਨਿਆਂਪਾਲਿਕਾ 'ਤੇ ਪੂਰਾ ਭਰੋਸਾ ਹੈ। ਉਨ੍ਹਾਂ ਆਖਿਆ ਕਿ ਉਹ ਫੈਸਲੇ ਲਈ ਹਮੇਸ਼ਾਂ ਨਿਆਂਪਾਲਿਕਾ ਦੇ ਰਿਣੀ ਰਹਿਣਗੇ। ਬਿਕਰਮ ਮਜੀਠੀਆ ਨੇ ਕਿਹਾ ਕਿ 'ਆਪ' ਸਰਕਾਰ ਝੂਠ ਦੀ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਾਈਨਿੰਗ ਮਾਮਲੇ ਵਿਚ ਸਿੱਧੇ ਤੌਰ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਜ਼ਿੰਮੇਵਾਰ ਹੈ।

## ਰਾਜਪਾਲ ਵੱਲੋਂ ਫੌਜੀਆਂ ਦੀ ਬਹਾਦਰੀ ਦੇ ਕਿੱਸੇ ਸਿਲੇਬਸ 'ਚ ਸ਼ਾਮਲ ਕਰਨ 'ਤੇ ਜ਼ੋਰ

**ਚੰਡੀਗੜ੍ਹ:** ਇਥੇ ਦੋ ਰੋਜ਼ਾ ਮਿਲਟਰੀ ਲਿਟਰੇਚਰ ਫੈਸਟੀਵਲ ਸਮਾਪਤ ਹੋ ਗਿਆ ਹੈ। ਫੈਸਟੀਵਲ ਦੇ ਸਮਾਪਤੀ ਸਮਾਗਮ ਵਿਚ ਪੰਜਾਬ ਦੇ ਰਾਜਪਾਲ ਤੇ ਯੂਟੀ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਪੁਰੋਹਿਤ ਨੇ ਕਿਹਾ ਕਿ ਭਾਰਤੀ ਫੌਜ ਦੀ ਮੁਸਤੈਦੀ ਕਰ ਕੇ ਦੇਸ਼ ਦਾ ਹਰੇਕ ਨਾਗਰਿਕ ਆਪਣੇ ਘਰ ਵਿਚ ਬੇਫਿਕਰ ਹੋ ਕੇ ਸੌਂਦਾ ਹੈ। ਫੌਜ ਦੇ ਜਵਾਨਾਂ ਦੀਆਂ ਕੁਰਬਾਨੀਆਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ ਹੈ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਫੌਜੀਆਂ ਦੀ ਬਹਾਦਰੀ ਦੇ ਕਿੱਸੇ ਤੇ ਅਨੁਸ਼ਾਸਨ ਭਰੀ ਜ਼ਿੰਦਗੀ ਦੀਆਂ ਕਹਾਣੀਆਂ ਬੱਚਿਆਂ ਦੇ ਸਿਲੇਬਸ ਵਿਚ ਸ਼ਾਮਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸ੍ਰੀ ਪੁਰੋਹਿਤ ਨੇ ਕਿਹਾ ਕਿ ਭਾਰਤੀ ਫੌਜ ਵਿਸ਼ਵ ਦੀਆਂ ਸਭ ਤੋਂ ਬਹਾਦਰ ਫੌਜਾਂ ਵਿਚੋਂ ਇਕ ਹੈ, ਜਿਸ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਚੀਨ ਦੀ ਲੜਾਈ ਨੂੰ



ਛੱਡ ਕੇ ਹੋਰਨਾਂ ਸਾਰੀਆਂ ਜੰਗਾਂ ਵਿਚ ਇਕ ਪਾਸੜ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਫੌਜ ਦੇ ਜਵਾਨਾਂ ਵੱਲੋਂ ਬਿਨਾਂ ਕਿਸੇ ਭੇਦਭਾਵ ਤੋਂ ਦੇਸ਼ ਵਾਸੀਆਂ ਦੀ ਰੱਖਿਆ ਕੀਤੀ ਜਾਂਦੀ ਹੈ। ਇਸ ਬਾਰੇ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ। ਰਾਜਪਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਫੌਜ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕਰਨ ਲਈ ਲਗਾਤਾਰ ਕੰਮ ਕੀਤੇ ਜਾ ਰਹੇ ਹਨ।

## ਭਰਾ ਨਾਲ ਰਲ ਕੇ ਪੁੱਤ ਦੀ ਹੱਤਿਆ

**ਲੰਬੀ:** ਪਿੰਡ ਧੌਲਾ ਵਿਚ ਸ਼ੱਕ ਨੇ ਹੱਸਦਾ ਖੇਡਦਾ ਪਰਿਵਾਰ ਬਰਬਾਦ ਕਰ ਦਿੱਤਾ। ਪਿਤਾ ਅਤੇ ਚਾਚੇ ਵੱਲੋਂ ਗੋਲੀ ਮਾਰ ਕੇ ਜ਼ਖ਼ਮੀ ਕੀਤੇ 22 ਸਾਲਾ ਨੌਜਵਾਨ ਨਵਜੋਤ ਦੀ ਇਲਾਜ ਦੌਰਾਨ ਮੌਤ ਹੋ ਗਈ। ਹੱਤਿਆ ਦਾ ਕਾਰਨ ਮ੍ਰਿਤਕ ਦੇ ਪਿਤਾ ਸ਼ਿਵਰਾਜ ਅਤੇ ਚਾਚਾ ਰੇਸ਼ਮ ਸਿੰਘ ਨੂੰ ਸ਼ੱਕ ਸੀ ਕਿ ਇਹ ਲੜਕਾ ਉਨ੍ਹਾਂ ਦੀ ਔਲਾਦ ਨਹੀਂ ਹੈ। ਮ੍ਰਿਤਕ ਨੇ 10 ਦਸੰਬਰ ਨੂੰ ਸਟੱਡੀ ਵੀਜ਼ੇ ਉਤੇ ਕੈਨੇਡਾ ਜਾਣਾ ਸੀ।

ਲੰਬੀ ਪੁਲਿਸ ਨੇ ਮ੍ਰਿਤਕ ਦੀ ਮਾਂ ਦੇ ਬਿਆਨ ਉੱਪਰ ਸ਼ਿਵਰਾਜ ਸਿੰਘ ਅਤੇ ਰੇਸ਼ਮ ਸਿੰਘ ਖਿਲਾਫ ਹੱਤਿਆ ਦਾ ਮੁਕੱਦਮਾ ਦਰਜ ਕੀਤਾ ਹੈ। ਸ਼ਿਵਰਾਜ ਸਿੰਘ ਅਤੇ ਰੇਸ਼ਮ ਸਿੰਘ ਨੇ ਨਵਜੋਤ ਦੇ ਢਿੱਡ ਵਿਚ 12 ਬੋਰ ਲਾਇਸੰਸੀ ਬੰਦੂਕ ਨਾਲ ਇਕ-ਇਕ ਕਰਕੇ ਦੋ ਗੋਲੀਆਂ ਮਾਰ ਦਿੱਤੀਆਂ ਸਨ।

## ਮੁੱਖ ਮੰਤਰੀ ਅਤੇ ਮਜੀਠੀਆ ਵਿਚਾਲੇ ਸ਼ਬਦੀ ਜੰਗ ਭਖੀ

**ਅੰਮ੍ਰਿਤਸਰ:** ਮੁੱਖ ਮੰਤਰੀ ਭਗਵੰਤ ਮਾਨ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਚਾਲੇ ਮੁੜ ਸ਼ੁਰੂ ਹੋਈ ਸ਼ਬਦੀ ਜੰਗ ਤੇਜ ਹੁੰਦੀ ਜਾ ਰਹੀ ਹੈ ਅਤੇ ਦੋਵਾਂ ਧਿਰਾਂ ਵੱਲੋਂ ਇਕ-ਦੂਜੇ ਖਿਲਾਫ ਦੂਸ਼ਣਬਾਜ਼ੀ ਦਾ ਸਿਲਸਿਲਾ ਜਾਰੀ ਹੈ। ਬਿਕਰਮ ਸਿੰਘ



ਮਜੀਠੀਆ ਨੇ ਕਿਹਾ ਹੈ ਕਿ ਮੁੱਖ ਮੰਤਰੀ ਮਜੀਠੀਆ ਪਰਿਵਾਰ ਨੂੰ ਬਦਨਾਮ ਕਰਨ ਲਈ ਪੱਬਾਂ ਭਾਰ ਹੋ ਗਏ ਹਨ ਅਤੇ ਦੋਸ਼ ਲਾਇਆ ਕਿ ਇਸ ਬੁਖਲਾਹਟ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਸਮੁੱਚੀ ਸਿੱਖ ਕੌਮ ਦਾ ਅਪਮਾਨ ਕੀਤਾ ਹੈ। ਅਕਾਲੀ ਆਗੂ ਨੇ ਇਹ ਗੱਲਾਂ ਮੁੱਖ ਮੰਤਰੀ ਵੱਲੋਂ ਮਜੀਠੀਆ ਪਰਿਵਾਰ ਪ੍ਰਤੀ ਕੀਤੀ ਟਿੱਪਣੀ ਦੇ ਜਵਾਬ 'ਚ ਆਖੀਆਂ। ਮਜੀਠੀਆ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਦੇ ਪਰਿਵਾਰ ਦੀ ਨਿਹੰਗ ਸਿੰਘਾਂ ਦੇ ਇਕ ਜਥੇ ਨਾਲ ਕਥਿਤ ਨੇੜਤਾ ਦੇ ਮੱਦੇਨਜ਼ਰ ਸੁਲਤਾਨਪੁਰ ਲੋਧੀ 'ਚ ਗੁਰਦੁਆਰਾ ਅਕਾਲ ਬੁੰਗਾ 'ਚ ਹਮਲਾ ਹੋਇਆ ਅਤੇ ਉਸ ਦਾ ਖੁਲਾਸਾ ਹੋਣ ਮਗਰੋਂ ਉਹ ਬੁਖਲਾ ਗਏ ਹਨ।

# ਪੰਜ ਕਿਸਾਨ ਜਥੇਬੰਦੀਆਂ ਵੱਲੋਂ ਪਾਣੀ ਦੇ ਮੁੱਦੇ 'ਤੇ ਮੋਰਚਾ ਲਾਉਣ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਦੀ ਮੀਟਿੰਗ ਹੋਈ ਜਿਸ ਦੌਰਾਨ 18 ਜਨਵਰੀ ਨੂੰ ਚੰਡੀਗੜ੍ਹ 'ਚ ਪਾਣੀਆਂ ਦੇ ਮੁੱਦੇ 'ਤੇ ਮੋਰਚਾ ਲਾਉਣ ਦਾ ਫੈਸਲਾ ਕੀਤਾ ਗਿਆ ਹੈ।

ਮੀਟਿੰਗ ਤੋਂ ਬਾਅਦ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ ਨੇ ਦੱਸਿਆ ਕਿ ਜਨਰਲ ਬਾਡੀ ਨੇ ਸਰਬਸੰਮਤੀ ਨਾਲ 18 ਜਨਵਰੀ ਨੂੰ ਚੰਡੀਗੜ੍ਹ ਵਿਚ ਦਰਿਆਈ ਪਾਣੀਆਂ ਦੇ ਵਿਵਾਦਾਂ ਦੇ ਹੱਲ, ਸੰਘੀ ਢਾਂਚੇ ਅਤੇ ਵਾਤਾਵਰਨ ਪ੍ਰਦੂਸ਼ਣ ਦੀ ਰਾਖੀ ਲਈ ਮੋਰਚਾ ਲਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਾਣੀ, ਸਿੰਜਾਈ ਅਤੇ ਨਹਿਰਾਂ ਆਦਿ ਰਾਜ ਸੂਚੀ ਵਿਚ ਦਰਜ ਨੰਬਰ 17 'ਤੇ ਰਾਜ ਦਾ



ਵਿਸ਼ਾ ਹੈ। ਇਸ ਲਈ ਕੇਂਦਰ ਨੂੰ ਪਾਣੀਆਂ ਦੇ ਮੁੱਦੇ 'ਤੇ ਕਾਨੂੰਨ ਬਣਾਉਣ ਜਾਂ ਕੋਈ ਕਾਰਜਕਾਰੀ ਹੁਕਮ ਪਾਸ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਕੇਂਦਰ ਸਰਕਾਰ ਵੱਲੋਂ ਪਿਛਲੇ ਸਮੇਂ ਵਿੱਚ ਗੈਰ-ਰਿਪੇਰੀਅਨ ਰਾਜਾਂ ਨੂੰ ਪਾਣੀ ਦੇਣ ਸਬੰਧੀ ਦਿੱਤੇ ਗਏ ਹੁਕਮ ਗੈਰ-ਕਾਨੂੰਨੀ ਅਤੇ ਗੈਰਸੰਵਿਧਾਨਿਕ ਹਨ ਅਤੇ ਇਸ ਲਈ ਇਹ ਰੱਦ ਕੀਤੇ ਜਾਣ। ਮੋਰਚੇ ਦੀ ਤਿਆਰੀ ਲਈ ਦਸੰਬਰ ਮਹੀਨੇ ਸੂਬੇ ਭਰ ਵਿਚ ਮੀਟਿੰਗਾਂ, ਫਲੈਗ ਮਾਰਚ, ਕਾਨਫਰੰਸਾਂ ਅਤੇ ਟਰੈਕਟਰ ਮਾਰਚਾਂ ਦੇ ਰੂਪ ਵਿਚ ਪ੍ਰਚਾਰ ਮੁਹਿੰਮ ਚਲਾਈ ਜਾਵੇਗੀ। ਇਨ੍ਹਾਂ ਮੁੱਦਿਆਂ 'ਤੇ ਜਾਗਰੂਕਤਾ ਪੈਦਾ ਕਰਨ ਲਈ ਪਹਿਲੇ ਪੜਾਅ 'ਚ ਘਰ-ਘਰ ਜਾ ਕੇ ਇਕ ਲੱਖ ਪਰਚੇ ਵੰਡੇ ਜਾਣਗੇ।

### ਸਰਕਾਰ ਆਗੂਆਂ 'ਤੇ ਹਮਲੇ ਬੰਦ ਕਰੇ: ਬੁਰਜਗਿੱਲ

**ਪਟਿਆਲਾ:** ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਸੂਬਾਈ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਅਤੇ ਸੂਬਾਈ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਅਤੇ ਭਾਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਯੁੱਧਵੀਰ ਸਿੰਘ ਸ਼ਹਿਰਾਵਤ ਨੂੰ ਦਿੱਲੀ ਹਵਾਈ ਅੱਡੇ ਤੋਂ ਉਦੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਜਦੋਂ ਉਹ ਕੋਲੰਬੀਆ ਜਾ ਰਹੇ ਵਫਦ ਨਾਲ ਇੱਥੇ ਪੁੱਜੇ ਸਨ। ਉਨ੍ਹਾਂ ਨੂੰ ਕਿਸਾਨੀ ਅੰਦੋਲਨ ਨਾਲ ਸਬੰਧਤ ਦਰਜ ਕੀਤੇ ਗਏ ਇਕ ਕੇਸ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ। ਕਿਸਾਨ ਆਗੂਆਂ ਨੇ ਇਸ ਕਾਰਵਾਈ ਦੀ ਨਿੰਦਾ ਕਰਦਿਆਂ ਕਿਹਾ ਕਿ ਇਸੇ ਤਰ੍ਹਾਂ ਕਿਸਾਨ ਅੰਦੋਲਨ ਦਾ ਵਿਸ਼ਵ ਪੱਧਰ 'ਤੇ ਪ੍ਰਚਾਰ ਕਰਨ ਵਾਲੇ ਅਦਾਰੇ 'ਨਿਊਜ਼ਕਲਿੱਕ' ਦੇ ਮਾਲਕ ਤੇ ਪੱਤਰਕਾਰਾਂ 'ਤੇ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹੀਂ ਡੱਕਣਾ ਮੋਦੀ ਸਰਕਾਰ ਦੀ ਬੁਖਲਾਹਟ ਦਾ ਨਤੀਜਾ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 9 ਦਸੰਬਰ, 2023*

# ਚੋਣ ਨਤੀਜਿਆਂ ਦੇ ਅਸਰ

ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਅਤੇ ਮਿਜ਼ੋਰਮ ਦੇ ਚੋਣ ਨਤੀਜਿਆਂ ਨੇ ਇਕ ਤਰ੍ਹਾਂ ਨਾਲ ਅਗਲੇ ਸਾਲ ਆਉਣ ਵਾਲੀਆਂ ਲੋਕ ਸਭਾ ਚੋਣਾਂ ਦਾ ਆਧਾਰ ਤਿਆਰ ਕਰ ਦਿੱਤਾ ਹੈ। ਪੰਜ ਸੂਬਿਆਂ ਵਿਚੋਂ ਤਿੰਨ ਸੂਬਿਆਂ-ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਜਿੱਤ ਹਾਸਲ ਕਰਨ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੌਸਲੇ ਬੁਲੰਦ ਹਨ। ਪ੍ਰਧਾਨ ਮੰਤਰੀ ਨੇ ਤਾਂ ਤਿੰਨ ਸੂਬਿਆਂ ਦੀ ਜਿੱਤ ਨੂੰ 'ਹੈਟ੍ਰਿਕ' ਕਰਾਰ ਦਿੰਦਿਆਂ ਅਗਲੇ ਸਾਲ ਵੀ ਖੁਦ ਹੈਟ੍ਰਿਕ ਲਾਉਣ ਦਾ ਦਾਅਵਾ ਕੀਤਾ ਹੈ। ਉਂਝ, ਇਨ੍ਹਾਂ ਵਿਧਾਨ ਸਭਾ ਚੋਣਾਂ ਨੇ ਇਕ ਵਾਰ ਫਿਰ ਸਾਬਤ ਕੀਤਾ ਹੈ ਕਿ ਇਸ ਵਕਤ ਭਾਰਤੀ ਜਨਤਾ ਪਾਰਟੀ, ਭਾਰਤ ਦੀ ਸਭ ਤੋਂ ਵੱਡੀ ਸਿਆਸੀ ਤਾਕਤ ਹੈ। ਚੋਣ ਨਤੀਜਿਆਂ ਤੋਂ ਪਹਿਲਾਂ ਇਹ ਕਿਆਸ ਕੀਤਾ ਜਾ ਰਿਹਾ ਸੀ ਕਿ ਭਾਰਤੀ ਜਨਤਾ ਪਾਰਟੀ ਰਾਜਸਥਾਨ ਵਿਚ ਅਤੇ ਕਾਂਗਰਸ ਛੱਤੀਸਗੜ੍ਹ ਵਿਚ ਜਿੱਤ ਹਾਸਲ ਕਰਨਗੀਆਂ; ਮੱਧ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਵਿਚਕਾਰ ਫਸਵੀਂ ਟੱਕਰ ਹੋਵੇਗੀ ਪਰ ਇਨ੍ਹਾਂ ਤਿੰਨਾਂ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਜਿੱਤ ਮਿਲੀ ਹੈ ਸਗੋਂ ਮੱਧ ਪ੍ਰਦੇਸ਼ ਵਿਚ ਇਸ ਦੀ ਵੱਡੀ ਜਿੱਤ ਹੋਈ ਹੈ। ਮੱਧ ਪ੍ਰਦੇਸ਼ ਦੀ ਵੱਡੀ ਜਿੱਤ ਦੇ ਨਾਲ-ਨਾਲ ਭਾਰਤੀ ਜਨਤਾ ਪਾਰਟੀ ਦੀ ਛੱਤੀਸਗੜ੍ਹ ਵਿਚ ਜਿੱਤ ਹੈਰਾਨ ਕਰਨ ਵਾਲੀ ਹੈ। ਹੋਰ ਤਾਂ ਹੋਰ, ਭਾਰਤੀ ਜਨਤਾ ਪਾਰਟੀ ਦੇ ਹਮਾਇਤੀਆਂ ਨੂੰ ਵੀ ਇਸ ਜਿੱਤ ਦੀ ਬਹੁਤੀ ਉਮੀਦ ਨਹੀਂ ਸੀ। ਰਾਜਸਥਾਨ ਵਿਚ ਕਾਂਗਰਸ ਦਾ ਅਨੁਮਾਨ ਸੀ ਕਿ ਉਹ 80 ਕੁ ਸੀਟਾਂ ਤਾਂ ਜਿੱਤ ਹੀ ਜਾਵੇਗੀ ਪਰ ਉਥੇ ਅਸ਼ੋਕ ਗਹਿਲੋਤ ਅਤੇ ਸਚਿਨ ਪਾਇਲਟ ਦੀ ਆਪਸੀ ਖਹਿ ਪਾਰਟੀ ਨੂੰ ਬਹੁਤ ਮਹਿੰਗੀ ਪਈ ਹੈ। ਮੱਧ ਪ੍ਰਦੇਸ਼ ਵਿਚ ਕਾਂਗਰਸੀ ਆਗੂ ਕਮਲ ਨਾਥ ਦੀ ਨਰਮ ਹਿੰਦੂਤਵ ਵਾਲੀ ਨੀਤੀ ਬਹੁਤ ਬੁਰੀ ਤਰ੍ਹਾਂ ਨਾਕਾਮ ਹੋਈ ਹੈ।

ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀ ਹਾਰ ਕਾਂਗਰਸ ਲਈ ਭਾਵੇਂ ਪ੍ਰੇਸ਼ਾਨੀ ਦਾ ਸਬਬ ਬਣੀ ਹੈ ਪਰ ਇਸ ਦੀ ਤਿਲੰਗਾਨਾ ਦੀ ਜਿੱਤ ਵੀ ਹੈਰਾਨ ਕਰਨ ਵਾਲੀ ਹੈ। ਸਿਆਸੀ ਮਾਹਿਰਾਂ ਦਾ ਅਨੁਮਾਨ ਸੀ ਕਿ ਕਾਂਗਰਸ ਸੂਬੇ ਵਿਚ ਤਕੜੀ ਹਾਜ਼ਰੀ ਲਗਾਏਗੀ ਪਰ ਕੇ. ਚੰਦਰਸ਼ੇਖਰ ਰਾਓ ਦੀ ਅਗਵਾਈ ਵਾਲੀ ਭਾਰਤੀ ਰਾਸ਼ਟਰ ਸਮਿਤੀ ਦੀ ਹਾਰ ਨੇ ਸਭ ਗਿਣਤੀਆਂ-ਮਿਣਤੀਆਂ ਉਲਟਾ ਦਿੱਤੀਆਂ। ਉਂਝ, ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਹਾਰ ਦੇ ਬਾਵਜੂਦ ਕਾਂਗਰਸ ਦੀ ਤਿਲੰਗਾਨਾ ਵਿਚ ਜਿੱਤ ਦਾ ਆਪਣਾ ਮਹੱਤਵ ਹੈ। ਜ਼ਾਹਿਰ ਹੈ ਕਿ ਦੱਖਣੀ ਭਾਰਤ ਦੇ ਸੂਬੇ ਭਾਰਤੀ ਜਨਤਾ ਪਾਰਟੀ ਨੂੰ ਵੱਡਾ ਰੋਲ ਦੇਣ ਲਈ ਤਿਆਰ ਨਹੀਂ ਜਾਪਦੇ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਤਿਲੰਗਾਨਾ ਵਿਚ ਆਪਣੀ ਤਾਕਤ ਵਧਾਈ ਹੈ। ਮਿਜ਼ੋਰਮ ਵਿਚ ਆਈ.ਪੀ.ਐਸ. ਅਧਿਕਾਰੀ ਤੋਂ ਸਿਆਸਤਦਾਨ ਬਣੇ ਲਾਲਦੁਹੋਮਾ ਦੀ ਅਗਵਾਈ ਵਾਲੇ ਛੇ ਖੇਤਰੀ ਪਾਰਟੀਆਂ ਦੇ ਗੱਠਜੋੜ ਤੋਂ ਬਣੀ ਜ਼ੋਰਮ ਪੀਪਲਜ਼ ਮੂਵਮੈਂਟ (ਜ਼ੇਡ.ਪੀ.ਐਮ.) ਨੇ ਸੱਤਾਧਾਰੀ ਪਾਰਟੀ ਮਿਜ਼ੋ ਨੈਸ਼ਨਲ ਫਰੰਟ (ਐਮ.ਐਨ.ਐਫ.) ਨੂੰ ਹਰਾ ਦਿੱਤਾ ਹੈ। ਇਸ ਜਿੱਤ ਨੇ ਇਸ ਸੂਬੇ ਵਿਚ ਨਵੀਂ ਸ਼ੁਰੂਆਤ ਦਾ ਸੰਕੇਤ ਦਿੱਤਾ ਹੈ। ਸੂਬੇ ਵਿਚ ਦਹਾਕਿਆਂ ਤੱਕ ਐਮ.ਐਨ.ਐਫ. ਜਾਂ ਕਾਂਗਰਸ ਦਾ ਰਾਜ ਰਿਹਾ ਹੈ। ਉੱਤਰ-ਪੂਰਬੀ ਸੂਬਿਆਂ ਵਿਚ ਕਾਂਗਰਸ ਦਾ ਆਧਾਰ ਤੇਜ਼ੀ ਨਾਲ ਘਟਿਆ ਹੈ। ਪਿਛਲੀ ਵਾਰ 2018 ਵਿਚ ਹੋਈਆਂ ਮਿਜ਼ੋਰਮ ਅਸੈਂਬਲੀ ਚੋਣਾਂ ਵਿਚ ਕਾਂਗਰਸ ਨੂੰ ਪੰਜ ਸੀਟਾਂ ਮਿਲੀਆਂ ਸਨ ਅਤੇ ਭਾਰਤੀ ਜਨਤਾ ਪਾਰਟੀ ਨੇ ਇਕ ਸੀਟ ਜਿੱਤੀ ਸੀ। ਇਸ ਵਾਰ ਭਾਰਤੀ ਜਨਤਾ ਪਾਰਟੀ ਨੂੰ ਦੋ ਅਤੇ ਕਾਂਗਰਸ ਨੂੰ ਇਕ ਸੀਟ ਮਿਲੀ ਹੈ। ਭਾਰਤੀ ਜਨਤਾ ਪਾਰਟੀ ਉੱਤਰ-ਪੂਰਬ ਵਿਚ ਪੈਰ ਪਸਾਰਨ ਲਈ ਪੂਰਾ ਜ਼ੋਰ ਲਾ ਰਹੀ ਹੈ।

ਇਹ ਚੋਣ ਨਤੀਜੇ ਕਾਂਗਰਸ ਨੂੰ ਪਿਛਾਂਹ ਧੱਕਣ ਵਾਲੇ ਹਨ। ਕਾਂਗਰਸ ਨੂੰ ਆਸ ਸੀ ਕਿ ਘੱਟੋ-ਘੱਟ ਦੋ ਸੂਬਿਆਂ ਵਿਚ ਜਿੱਤ ਹਾਸਲ ਕਰ ਕੇ ਇਸ ਦੀ ਪੈਂਠ ਬਣ ਜਾਵੇਗੀ ਅਤੇ ਵਿਰੋਧੀ ਪਾਰਟੀਆਂ ਦੇ ਗੱਠਜੋੜ 'ਇੰਡੀਆ' ਵਿਚ ਵੀ ਇਸ ਦੀ ਸਥਿਤੀ ਮਜ਼ਬੂਤ ਹੋ ਜਾਵੇਗੀ। ਭਾਰਤੀ ਜਨਤਾ ਪਾਰਟੀ ਤੋਂ ਬਾਅਦ ਇਕੱਲੀ ਕਾਂਗਰਸ ਹੀ ਅਜਿਹੀ ਪਾਰਟੀ ਮੰਨੀ ਜਾਂਦੀ ਹੈ ਜਿਸ ਦਾ ਪੂਰੇ ਮੁਲਕ ਅੰਦਰ ਤਾਣਾ-ਬਾਣਾ ਹੈ ਪਰ ਇਨ੍ਹਾਂ ਚੋਣ ਨਤੀਜਿਆਂ ਨੇ ਕਾਂਗਰਸ ਦੀ ਅਗਲੀ ਸਿਆਸਤ ਉਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਸਿਆਸੀ ਵਿਸ਼ਲੇਸ਼ਕ ਤਾਂ ਪਹਿਲਾਂ ਹੀ ਕਹਿ ਰਹੇ ਸਨ ਕਿ ਭਾਰਤੀ ਜਨਤਾ ਪਾਰਟੀ ਦੀ ਚੜ੍ਹਤ ਦਾ ਵੱਡਾ ਕਾਰਨ ਕਾਂਗਰਸ ਦੀ ਮਾੜੀ ਹਾਲਤ ਹੀ ਹੈ। ਪਿਛਲੀ ਵਾਰ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਰਨਾਟਕ ਅਤੇ ਹਿਮਾਚਲ ਪ੍ਰਦੇਸ਼ ਵਿਚ ਜਿੱਤ ਮਿਲਣ ਤੋਂ ਬਾਅਦ ਇਸ ਨੂੰ ਪੂਰੀ ਆਸ ਬੱਝੀ ਸੀ ਅਤੇ 'ਇੰਡੀਆ' ਦਾ ਮੂੰਹ-ਮੱਥਾ ਬਣਨ ਵਿਚ ਵੀ ਇਨ੍ਹਾਂ ਜਿੱਤਾਂ ਦਾ ਵੱਡਾ ਰੋਲ ਸੀ ਪਰ ਹੁਣ ਸਥਿਤੀ ਫਿਰ ਸਿਫਰ ਵਾਲੀ ਹੋ ਗਈ ਹੈ। ਹੁਣ ਤਾਂ ਇਹ ਗੱਲਾਂ ਵੀ ਚੱਲ ਪਈਆਂ ਹਨ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਵਿਚ ਜਿੱਤ ਨੇ ਭਾਰਤੀ ਜਨਤਾ ਪਾਰਟੀ ਲਈ 2024 ਦੀਆਂ ਲੋਕ ਸਭਾ ਚੋਣਾਂ ਵਿਚ ਸਫਲਤਾ ਦਾ ਰਸਤਾ ਪੱਧਰਾ ਕਰ ਦਿੱਤਾ ਹੈ। ਨਤੀਜਿਆਂ ਨੇ ਦਰਸਾ ਦਿੱਤਾ ਹੈ ਕਿ ਹਿੰਦੀ ਬੋਲਣ ਵਾਲੇ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਦੀ ਜਥੇਬੰਦਕ ਤਾਕਤ ਅਤੇ ਮੋਦੀ-ਸ਼ਾਹ ਜੋੜੀ ਇਸ ਨੂੰ ਸਫਲਤਾ ਦਿਵਾ ਸਕਦੀ ਹੈ। ਇਨ੍ਹਾਂ ਨਤੀਜਿਆਂ ਦੇ ਆਧਾਰ 'ਤੇ ਮਾਹਿਰ ਤਾਂ ਇਹ ਵੀ ਕਹਿ ਰਹੇ ਹਨ ਕਿ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਉੱਤਰ ਪ੍ਰਦੇਸ਼, ਉੱਤਰਾਖੰਡ, ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਤੇ ਗੁਜਰਾਤ ਵਿਚ ਵੱਡੀ ਸਫਲਤਾ ਹਾਸਲ ਕਰੇਗੀ ਅਤੇ ਇਹ ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼ ਤੇ ਬਿਹਾਰ ਵਿਚ ਵੀ ਵਿਰੋਧੀ ਪਾਰਟੀਆਂ ਨੂੰ ਹਰਾਉਣ ਦੇ ਸਮਰੱਥ ਹੈ। ਇਸ ਲਈ ਜੇ 'ਇੰਡੀਆ' ਗੱਠਜੋੜ ਲੋਕ ਸਭਾ ਦੀਆਂ ਵੱਧ ਤੋਂ ਵੱਧ ਸੀਟਾਂ 'ਤੇ ਆਪਸ ਵਿਚ ਸਹਿਮਤੀ ਨਾ ਬਣਾ ਸਕਿਆ ਤਾਂ ਇਹ ਭਾਰਤੀ ਜਨਤਾ ਪਾਰਟੀ ਨੂੰ ਅਸਰਦਾਰ ਟੱਕਰ ਨਹੀਂ ਦੇ ਸਕੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕੁਫਰ ਦਾ ਖਾਤਮਾ?

ਅਣਖ ਨਾਲ ਜੋ ਤੁਰਦਾ ਏ ਸੱਚ ਉਤੇ, ਨਾ ਟੁੱਟ ਸਕਦਾ, ਕਦੇ ਵੀ ਝੁਕਦਾ ਨਾ।
ਸਹਿਣਸ਼ੀਲਤਾ ਸਬਰ ਨੂੰ ਧਾਰਿਆ ਜਿਨ, ਰਹੁ ਨਿਮਰ ਉਹ ਕਦੇ ਵੀ ਬੁੱਕਦਾ ਨਾ।
ਜਿਸ ਨੂੰ ਮੁੱਲ ਖੁਦਦਾਰੀ ਦਾ ਪਤਾ ਹੋਵੇ, ਦਿੱਤੇ ਲਾਲਚਾਂ ਉਤੇ ਉਹ ਥੁੱਕਦਾ ਨਾ।
ਬੰਦਾ ਬੋਲਦਾ 'ਅੰਦਰੋਂ' ਪਤਾ ਲੱਗਦੈ, ਗੱਲ ਕਰਦਿਆਂ ਬੁੱਲਾਂ ਨੂੰ ਟੁੱਕਦਾ ਨਾ।
ਲੋਕੀਂ ਦੇਖ ਕੇ ਬਹੁਤ ਮਾਯੂਸ ਹੁੰਦੇ, ਜਦੋਂ ਝੂਠ ਚੌਰਾਹੇ ਵਿਚ ਕੁੱਟਦਾ ਨਾ।
ਪਾਏ ਪੂਰਨੇ ਸੈਂਕੜੇ ਰਹਿਬਰਾਂ ਨੇ, ਫਿਰ ਵੀ ਕੁਫਰ ਸਮਾਜ 'ਚੋਂ ਮੁੱਕਦਾ ਨਾ।

# ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਜਿੱਤ ਦੇ ਮਾਇਨੇ

***ਭਾਜਪਾ ਯੋਜਨਾਬੱਧ ਢੰਗ ਨਾਲ ਅੱਗੇ ਵਧ ਰਹੀ ਹੈ। ਇਸ ਅੱਗੇ ਖੜ੍ਹਨ ਦੀ ਕਾਂਗਰਸ ਸਮੇਤ ਕਿਸੇ ਵੀ ਪਾਰਟੀ ਦੀ ਸਮਰੱਥਾ ਨਜ਼ਰ ਨਹੀਂ ਆ ਰਹੀ ਹੈ। ਕਈ ਪਾਰਟੀਆਂ ਭਾਜਪਾ ਵਿਰੋਧੀ ਹੋਣ ਦਾ ਭੁਲੇਖਾ ਪਾ ਰਹੀਆਂ ਹਨ ਪਰ ਹਕੀਕੀ ਰੂਪ ਵਿਚ ਉਹ ਇਸੇ ਦੀ ਬੀ. ਟੀਮ ਸਾਬਤ ਹੋ ਰਹੀਆਂ ਹਨ, ਇਸ ਸੂਰਤ ਵਿਚ ਲੋਕ ਪੱਖੀ ਧਿਰਾਂ ਨੂੰ ਇਕਜੁੱਟਤਾ ਨਾਲ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ।***

ਐਤਵਾਰ ਅਤੇ ਸੋਮਵਾਰ ਨੂੰ ਐਲਾਨੇ ਗਏ ਪੰਜ ਰਾਜਾਂ ਦੇ ਚੋਣ ਨਤੀਜਿਆਂ ਵਿਚੋਂ ਭਾਜਪਾ ਨੇ ਤਿੰਨ ਸੂਬਿਆਂ ਵਿਚ ਦਰਜ ਕੀਤੀ ਹੈ। ਕਰਨਾਟਕ ਵਿਚ ਝਟਕੇ ਤੋਂ ਬਾਅਦ ਭਾਜਪਾ ਨੂੰ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਮਿਲੀ ਜਿੱਤ ਕਾਂਗਰਸ ਨੂੰ ਹਾਸ਼ੀਏ ਵੱਲ ਧੱਕਣ ਵਾਲੀ ਹੈ ਕਿਉਂਕਿ ਭਾਜਪਾ ਨੇ ਇੱਕ ਰਾਜ ਬਰਕਰਾਰ ਰੱਖਦਿਆਂ ਦੋ ਹੋਰ ਕਾਂਗਰਸ ਤੋਂ ਖੋਹ ਲਏ ਹਨ। ਭਾਵੇਂ ਤਿਲੰਗਾਨਾ ਵਿਚ ਕਾਂਗਰਸ ਅਤੇ ਮਿਜ਼ੋਰਮ ਵਿਚ ਜ਼ੈਡ.ਪੀ.ਐਮ. ਜੇਤੂ ਰਹੇ ਹਨ ਪਰ ਤਿੰਨ ਅਹਿਮ ਸੂਬਿਆਂ ਵਿਚ ਭਾਜਪਾ ਵਰਗੀ ਪਾਰਟੀ ਦੀ ਜਿੱਤ ਪਿਛਲੇ ਕਾਰਨ ਜ਼ਰੂਰ ਘੋਖਣੇ ਚਾਹੀਦੇ ਹਨ।



ਸਾਡੇ ਲਈ ਰਾਜਾਂ ਅਤੇ ਸੀਟਾਂ ਦੇ ਅੰਕੜਿਆਂ ਦੀ ਖੇਡ ਤੋਂ ਵੀ ਮਹੱਤਵਪੂਰਨ ਇਹ ਹੈ ਕਿ ਇਹਨਾਂ ਚੋਣਾਂ ਦੌਰਾਨ ਲੋਕਾਂ ਦੇ ਮੁੱਦਿਆਂ ਦੀ ਚਰਚਾ ਹੋਈ ਜਾਂ ਨਹੀਂ; ਇਹਨਾਂ ਚੋਣਾਂ ਦੌਰਾਨ ਲੋਕਾਂ ਦੀਆਂ ਜੀਵਨ ਹਾਲਤਾਂ ਦਾ ਜ਼ਿਕਰ ਹੋਇਆ ਜਾਂ ਨਹੀਂ। ਹਕੀਕਤ ਇਹ ਹੈ ਕਿ ਇਹ ਚੋਣਾਂ ਲੋਕ ਮਸਲਿਆਂ ਦੀ ਥਾਂ ਪੈਸੇ, ਤਾਕਤ ਦੇ ਜ਼ੋਰ ਧਰਮ, ਜਾਤ ਦਾ ਪੱਤਾ ਖੇਡ ਕੇ ਬਾਹੂਬਲੀਆਂ ਵੱਲੋਂ ਲੜੀਆਂ ਗਈਆਂ ਸਨ। ਜਦ ਅਸੀਂ ਦੇਸ਼ ਦੀ ਚੋਣ ਪ੍ਰਕਿਰਿਆ ਅਤੇ ਭਾਜਪਾ ਵਰਗੀ ਪਾਰਟੀ ਦੇ ਚੋਣ ਲੜਨ ਦੇ ਢੰਗ-ਤਰੀਕੇ ਗਹੁ ਨਾਲ ਸਮਝਾਂਗੇ ਤਾਂ ਇਹ ਚੋਣ ਨਤੀਜੇ ਸਾਨੂੰ ਬਿਲਕੁੱਲ ਵੀ ਹੈਰਾਨੀਜਨਕ ਨਹੀਂ ਲੱਗਣਗੇ। ਭਾਜਪਾ ਦਾ ਲਗਾਤਾਰ ਜਿੱਤਦੇ ਜਾਣਾ ਇਹ ਸਿੱਧ ਨਹੀਂ ਕਰ ਦਿੰਦਾ ਕਿ ਭਾਜਪਾ ਦੇ ਪੱਖ ਵਿਚ ਕੋਈ ਲਹਿਰ ਹੈ ਬਲਕਿ ਇਸ ਦਾ ਸਿੱਧਾ ਜਿਹਾ ਮਤਲਬ ਹੈ ਕਿ ਭਾਜਪਾ ਨੇ ਧਰਮ, ਜਾਤ ਦੇ ਆਧਾਰ 'ਤੇ ਫਿਰਕੂ ਵੰਡੀਆਂ ਪਾ ਕੇ ਸੱਤਾ ਹਾਸਲ ਕਰਨ ਦਾ ਰਾਹ ਚੁਣਿਆ ਹੋਇਆ ਹੈ।

ਬੇਸ਼ੱਕ ਉੱਤਰੀ ਭਾਰਤ ਵਿਚ ਭਾਜਪਾ ਦਾ ਬੋਲਬਾਲਾ ਵਧਿਆ ਹੈ, ਜਾਂ ਫਿਰ ਇਹ ਕਿਹਾ ਜਾ ਸਕਦਾ ਹੈ ਕਿ ਹਿੰਦੀ ਬੋਲਣ ਵਾਲੇ ਸੂਬਿਆਂ ਵਿਚ ਮੋਦੀ-ਸ਼ਾਹ ਦੀ ਜੋੜੀ ਦਾ ਫਿਰਕੂ ਪੱਤਾ ਚੱਲ ਰਿਹਾ ਹੈ ਪਰ ਦੂਜੇ ਪਾਸੇ ਦੱਖਣ ਭਾਰਤੀ ਸੂਬਿਆਂ ਅਤੇ ਧਾਰਮਿਕ ਘੱਟ ਗਿਣਤੀਆਂ ਨਾਲ ਸਬੰਧਿਤ ਸੂਬਿਆਂ ਵਿਚ ਭਾਜਪਾ ਦੇ ਪੈਰ ਨਹੀਂ ਲੱਗ ਰਹੇ ਹਨ। ਮੌਜੂਦਾ ਪੰਜ ਰਾਜਾਂ ਦੇ ਚੋਣ ਨਤੀਜਿਆਂ ਵਿਚੋਂ ਦੱਖਣੀ ਸੂਬੇ ਤਿਲੰਗਾਨਾ ਅਤੇ ਇਸਾਈ ਬਹੁ ਗਿਣਤੀ ਵਾਲੇ ਸੂਬੇ ਮਿਜ਼ੋਰਮ ਵਿਚ ਭਾਜਪਾ ਦੀ ਹਾਰ ਇਹੋ ਸੰਕੇਤ ਦੇ ਰਹੀ ਹੈ। ਪੰਜਾਬ ਵਿਚ ਭਾਜਪਾ ਦੇ ਪੈਰ ਨਹੀਂ ਲੱਗੇ ਜਦਕਿ ਜੰਮੂ ਕਸ਼ਮੀਰ ਵਿਚ ਭਾਜਪਾ ਚੋਣਾਂ ਕਰਵਾਉਣ ਤੋਂ ਹੀ ਟਾਲਾ ਵੱਟ ਰਹੀ ਹੈ। ਭਾਜਪਾ ਨੇ ਹਿੰਦੀ ਪੱਟੀ ਦੇ 10 ਸੂਬਿਆਂ 'ਤੇ ਕੇਂਦਰਿਤ ਕੀਤਾ ਹੋਇਆ ਹੈ ਜਿੱਥੇ 225 ਸੰਸਦ ਸੀਟਾਂ ਹਨ।

ਭਾਜਪਾ ਲੋਕ ਸਭਾ ਚੋਣਾਂ ਦੌਰਾਨ ਫਿਰਕੂ ਪੱਤਾ ਹੋਰ ਵੱਧ ਪੱਕਾ ਕਰਨ ਵੱਲ ਵਧ ਸਕਦੀ ਹੈ। 2024 ਦੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਭਾਜਪਾ ਅਯੁੱਧਿਆ ਵਿਚ ਰਾਮ ਮੰਦਰ ਦਾ ਉਦਘਾਟਨ ਕਰ ਕੇ ਦੇਸ਼ ਦੇ ਬਹੁ ਗਿਣਤੀ ਭਾਈਚਾਰੇ ਵਿਚ ਇਸ ਨੂੰ ਇੱਕ ਵੱਡੀ ਪ੍ਰਾਪਤੀ ਵਜੋਂ ਉਭਾਰੇਗੀ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਭਾਜਪਾ ਨੇ ਸੱਤਾ ਦੌਰਾਨ ਸੂਬਿਆਂ ਦੇ ਅਧਿਕਾਰਾਂ, ਸੰਘੀ ਢਾਂਚੇ, ਸੰਵਿਧਾਨ, ਜਮਹੂਰੀ ਕਦਰਾਂ-ਕੀਮਤਾਂ, ਬੋਲਣ ਦੀ ਆਜ਼ਾਦੀ, ਧਾਰਮਿਕ ਘੱਟ ਗਿਣਤੀਆਂ ਦੇ ਖਿਲਾਫ ਕੰਮ ਕੀਤਾ ਹੈ ਲੇਕਿਨ ਘੱਟ ਜਾਂ ਵੱਧ ਰੂਪ ਵਿਚ ਸੱਤਾ ਦੌਰਾਨ ਇਹੋ ਕੁਝ ਕਾਂਗਰਸ ਪਾਰਟੀ ਵੀ ਕਰਦੀ ਰਹੀ ਹੈ। ਲੋਕ ਮੁੱਦੇ ਉਭਾਰਨ ਦੀ ਥਾਂ ਜਿਵੇਂ ਨਰਿੰਦਰ ਮੋਦੀ ਦਾ ਚਿਹਰਾ ਉਭਾਰ ਕੇ ਭਾਜਪਾ ਚੋਣਾਂ ਲੜ ਰਹੀ ਹੈ, ਕਿਸੇ ਸਮੇਂ ਇਸੇ ਤਰ੍ਹਾਂ ਦੀਆਂ ਚੋਣਾਂ ਕਾਂਗਰਸ ਪਾਰਟੀ ਇੰਦਰਾ ਗਾਂਧੀ ਨੂੰ ਉਭਾਰ ਕੇ ਲੜਦੀ ਰਹੀ ਹੈ ਪਰ ਇਸ ਸਭ ਦੇ ਬਾਵਜੂਦ ਦੇਸ਼ ਵਿਚ ਵਿਰੋਧੀ ਧਿਰਾਂ ਦਾ ਹਾਸ਼ੀਏ ਜਾਣਾ ਅਤੇ ਭਾਜਪਾ ਦਾ ਬਹੁ ਗਿਣਤੀ ਸੂਬਿਆਂ ਵਿਚ ਕਾਬਜ਼ ਹੋਣਾ ਚਿੰਤਾਜਨਕ ਹੈ। ਸਥਿਤੀ ਇਹ ਬਣ ਚੁੱਕੀ ਹੈ ਕਿ ਹੁਣ ਭਾਜਪਾ 12 ਸੂਬਿਆਂ ਵਿਚ ਸਰਕਾਰ ਚਲਾਏਗੀ ਜਦਕਿ ਕਾਂਗਰਸ ਕੋਲ ਮਸਾਂ ਤਿੰਨ ਸੂਬੇ ਬਚੇ ਹਨ। ਭਾਵੇਂ



28 ਸੂਬਿਆਂ ਵਿਚੋਂ ਅਜੇ ਵੀ ਭਾਜਪਾ ਸ਼ਾਸਤ ਸੂਬਿਆਂ ਦੀ ਗਿਣਤੀ ਅੱਧ ਤੋਂ ਘੱਟ ਹੈ ਪਰ ਹਕੀਕਤ ਇਹ ਹੈ ਕਿ ਜਿਨ੍ਹਾਂ ਸੂਬਿਆਂ ਵਿਚ ਖੇਤਰੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਹਨਾਂ ਸੂਬਿਆਂ ਵਿਚ ਸੰਘੀ ਢਾਂਚੇ ਦੀ ਥਾਂ ਕੇਂਦਰੀ ਏਜੰਸੀਆਂ ਦਾ ਦਾਬਾ ਵਧ ਰਿਹਾ ਹੈ ਤੇ ਰਾਜਪਾਲਾਂ ਰਾਹੀਂ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ।

ਮੱਧ ਪ੍ਰਦੇਸ਼ ਵਿਚ ਭਾਜਪਾ ਦੀ ਵੱਡੀ ਜਿੱਤ ਦਾ ਕਾਰਨ ਇਹ ਹੈ ਕਿ ਪਾਰਟੀ ਨੇ ਇਸ ਸੂਬੇ ਦੇ ਚੋਣ ਮੈਦਾਨ ਵਿਚ ਕੇਂਦਰੀ ਮੰਤਰੀਆਂ ਅਤੇ ਸੰਸਦ ਮੈਂਬਰਾਂ ਨੂੰ ਚੋਣ ਲੜਨ ਲਈ ਉਤਾਰਿਆ ਸੀ। ਜਦ ਕੋਈ ਕੇਂਦਰੀ ਮੰਤਰੀ ਬਗੈਰ ਮੰਤਰੀ ਪਦ ਤੋਂ ਅਸਤੀਫਾ ਦਿੱਤੇ ਵੱਡੇ ਲਾਮ ਲਸ਼ਕਰ ਨਾਲ ਐਮ.ਐਲ.ਏ. ਦੀ ਚੋਣ ਲੜੇ ਤਾਂ ਉਸ ਦੀ ਜਿੱਤ ਨੂੰ ਹੈਰਾਨੀਜਨਕ ਕਿਵੇਂ ਕਿਹਾ ਜਾ ਸਕਦਾ ਹੈ? ਭਾਜਪਾ ਤਾਂ ਹੁਣ ਇਸ ਸਥਿਤੀ ਵਿਚ ਹੈ ਜੋ ਵਿਧਾਇਕਾਂ ਦੇ ਛੋਟੇ ਫਰਕ ਨਾਲ ਬਣਾਈ ਸਰਕਾਰ ਨੂੰ ਤਾਂ ਬਹੁਤਾ ਚਿਰ ਚੱਲਣ ਹੀ ਨਹੀਂ ਦਿੰਦੀ ਤੇ ਕਥਿਤ ਖਰੀਦ-ਫਰੋਖਤ ਨਾਲ ਮੁੜ ਸੱਤਾ ਹਾਸਲ ਕਰ ਲੈਂਦੀ ਹੈ। ਉਦਾਹਰਨ ਦੇ ਤੌਰ 'ਤੇ 2018 ਵਿਚ ਹੋਈਆਂ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਜਨ। ਉਦੋਂ ਕਾਂਗਰਸ ਨੇ 230 ਵਿਚੋਂ 114 ਸੀਟਾਂ ਜਿੱਤ ਕੇ ਸਰਕਾਰ ਬਣਾ ਲਈ ਸੀ ਪਰ ਕਮਲ ਨਾਥ ਦੀ ਅਗਵਾਈ ਵਾਲੀ ਉਹ ਸਰਕਾਰ ਮਹਿਜ਼ 20 ਮਹੀਨੇ ਹੀ ਚੱਲ ਸਕੀ ਅਤੇ 2020 ਵਿਚ ਭਾਜਪਾ ਨੇ ਸ਼ਿਵਰਾਜ ਸਿੰਘ ਚੌਹਾਨ ਦੀ ਅਗਵਾਈ ਹੇਠ ਸਰਕਾਰ ਬਣਾ ਲਈ ਸੀ। ਮੱਧ ਪ੍ਰਦੇਸ਼ ਵਿਚ ਕਾਂਗਰਸ ਦੀ ਹਾਰ ਦਾ ਵੱਡਾ ਕਾਰਨ ਕਮਲ ਨਾਥ ਅਤੇ ਦਿਗਵਿਜੇ ਸਿੰਘ ਵਰਗੇ ਪੁਰਾਣੇ ਵਿਵਾਦਤ ਆਗੂ ਵੀ ਹਨ ਜੋ ਕਿਸੇ ਨਵੇਂ ਲੀਡਰ ਨੂੰ ਅੱਗੇ ਨਹੀਂ ਆਉਣ ਦੇ ਰਹੇ। ਕਾਂਗਰਸ ਹਾਈ ਕਮਾਂਡ ਬਹੁਤੇ ਸੂਬਿਆਂ ਵਿਚ ਅੰਦਰੂਨੀ ਵਿਵਾਦ ਸੁਲਝਾਉਣ ਵਿਚ ਅਸਫਲ ਸਿੱਧ ਹੋਈ ਹੈ। ਰਾਜਸਥਾਨ ਵਿਚ ਕਾਂਗਰਸ ਆਪਣੀ ਪੰਜ ਸਾਲ ਦੀ ਸੱਤਾ ਦੌਰਾਨ ਅਸ਼ੋਕ ਗਹਿਲੋਤ ਅਤੇ ਸਚਿਨ ਪਾਇਲਟ ਵਿਚਕਾਰ ਵਿਵਾਦ ਹੱਲ ਨਹੀਂ ਕਰ ਸਕੀ।

ਕਾਂਗਰਸ ਦੀ ਤਿਲੰਗਾਨਾ ਵਿਚਲੀ ਜਿੱਤ ਅਤੇ ਕੇ. ਚੰਦਰਸ਼ੇਖਰ ਰਾਓ ਦੀ ਅਗਵਾਈ ਵਾਲੀ ਭਾਰਤੀ ਰਾਸ਼ਟਰ ਸਮਿਤੀ (ਬੀ.ਆਰ.ਐਸ.) ਦੀ ਹਾਰ ਖੇਤਰੀ ਪਾਰਟੀਆਂ ਲਈ ਵੀ ਸਬਕ ਹੈ। ਬਹੁਤੀਆਂ ਖੇਤਰੀ ਪਾਰਟੀਆਂ ਦੇ ਲੀਡਰ ਆਪਣੀਆਂ ਨਿੱਜੀ ਕਮਜ਼ੋਰੀਆਂ ਕਾਰਨ ਭਾਜਪਾ ਅੱਗੇ ਗੋਡੇ ਤਾਂ ਟੇਕ ਰਹੇ ਹਨ; ਦੂਜੇ ਪਾਸੇ ਲੋਕਾਂ ਵਿਚ ਵੀ ਕੱਟੇ ਜਾ ਰਹੇ ਹਨ।

ਇਹਨਾਂ ਚੋਣ ਨਤੀਜਿਆਂ ਤੋਂ ਬਾਅਦ ਭਾਜਪਾ ਨੂੰ ਕੇਂਦਰੀ ਸੱਤਾ ਵਿਚੋਂ ਪਾਸੇ ਕਰ ਕੇ ਸਾਂਝੀ ਸਰਕਾਰ ਬਣਾਉਣ ਦੇ ਮੰਤਵ ਨਾਲ 28 ਦੇ ਕਰੀਬ ਪਾਰਟੀਆਂ ਵੱਲੋਂ ਬਣਾਇਆ ਗਿਆ 'ਇੰਡੀਆ' ਗੱਠਜੋੜ ਚਰਚਾ ਵਿਚ ਹੈ। ਲੋਕ ਸਭਾ ਚੋਣਾਂ ਤੋਂ ਮਹਿਜ਼ ਕੁਝ ਮਹੀਨੇ ਪਹਿਲਾਂ ਹੋਈਆਂ ਉਕਤ ਵਿਧਾਨ ਸਭਾ ਚੋਣਾਂ ਨੂੰ 'ਸੈਮੀ ਫਾਈਨਲ' ਮੰਨਿਆ ਜਾ ਰਿਹਾ ਸੀ; ਸੈਮੀ ਫਾਈਨਲ ਨਾ ਵੀ ਕਹੀਏ, ਇਹ ਤਾਂ ਪਤਾ ਹੀ ਸੀ ਕਿ ਇਹਨਾਂ ਰਾਜਾਂ ਦੀ ਜਿੱਤ ਹਾਰ ਦਾ ਦਬਾਅ ਲੋਕ ਸਭਾ ਚੋਣਾਂ ਦੇ ਪ੍ਰਚਾਰ 'ਤੇ ਰਹੇਗਾ ਲੇਕਿਨ ਇਹ ਵੀ ਤਾਂ ਤੱਥ ਹੀ ਹੈ ਕਿ 'ਇੰਡੀਆ' ਗੱਠਜੋੜ ਵਿਚ ਸ਼ਾਮਲ ਪਾਰਟੀਆਂ ਇਹਨਾਂ ਰਾਜਾਂ ਵਿਚ ਇੱਕ-ਦੂਜੇ ਖਿਲਾਫ ਖੂਬ ਪ੍ਰਚਾਰ ਕਰਦੀਆਂ ਰਹੀਆਂ ਹਨ। ਆਮ ਆਦਮੀ ਪਾਰਟੀ ਦੇ ਦੋ ਮੁੱਖ ਮੰਤਰੀਆਂ ਨੇ ਇਹਨਾਂ ਚੋਣਾਂ ਵਿਚ ਪ੍ਰਚਾਰ ਮੁਹਿੰਮ ਭਖਾਈ ਰੱਖੀ, ਭਾਵੇਂ 'ਆਪ' ਕਿਸੇ ਵੀ ਸੂਬੇ ਵਿਚ ਇੱਕ ਫੀਸਦ ਵੋਟਾਂ ਤੱਕ ਹਾਸਲ ਨਹੀਂ ਕਰ ਸਕੀ ਹੈ ਲੇਕਿਨ ਕਾਂਗਰਸ ਨੂੰ ਖੋਰਾ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ।

ਕੁਝ ਕਾਂਗਰਸ ਆਗੂ ਚੋਣਾਂ ਵਿਚ ਹਾਰ ਦੀ ਸਵੈ-ਪੜਚੋਲ ਦੀ ਬਜਾਇ ਇਸ ਗੱਲੋਂ ਆਪਣੀ ਪਿੱਠ ਥਾਪੜ ਰਹੇ ਕਿ ਉਹਨਾਂ ਦੇ ਵੋਟ ਫੀਸਦ ਦਾ ਭਾਜਪਾ ਮੁਕਾਬਲੇ ਬਹੁਤਾ ਫਰਕ ਨਹੀਂ ਹੈ। ਛੱਤੀਸਗੜ੍ਹ 'ਚ ਭਾਜਪਾ ਨੂੰ 46.3 ਫੀਸਦੀ ਅਤੇ ਕਾਂਗਰਸ ਨੂੰ 42.2 ਫੀਸਦੀ ਵੋਟਾਂ ਮਿਲੀਆਂ ਹਨ। ਮੱਧ ਪ੍ਰਦੇਸ਼ ਵਿਚ ਭਾਜਪਾ ਨੂੰ 48.6 ਫੀਸਦੀ ਅਤੇ ਕਾਂਗਰਸ ਨੂੰ 40.4 ਫੀਸਦੀ ਵੋਟਾਂ ਮਿਲੀਆਂ ਹਨ। ਰਾਜਸਥਾਨ ਵਿਚ ਭਾਜਪਾ ਨੂੰ 41.7 ਫੀਸਦੀ ਅਤੇ ਕਾਂਗਰਸ ਨੂੰ 39.5 ਫੀਸਦੀ ਵੋਟਾਂ ਮਿਲੀਆਂ ਹਨ।

ਅਸਲ ਵਿਚ, ਕਾਂਗਰਸ ਵਿਚ ਹੁਣ ਤੱਕ 'ਵੱਡੇ ਭਾਈ' ਵਾਲੀ ਪਹੁੰਚ ਰਹੀ ਹੈ ਲੇਕਿਨ ਹੁਣ ਰਾਜਸਥਾਨ, ਮੱਧ ਪ੍ਰਦੇਸ਼ ਵਰਗੇ ਵੱਡੇ ਸੂਬੇ ਹੱਥੋਂ ਗੁਆਉਣ ਤੋਂ ਬਾਅਦ 'ਇੰਡੀਆ' ਗੱਠਜੋੜ ਦੀਆਂ ਪਾਰਟੀਆਂ ਵਿਚ ਲੋਕ ਸਭਾ ਦੀਆਂ ਸੀਟਾਂ ਦੀ ਵੰਡ ਸਬੰਧੀ ਮੱਤਭੇਦ ਵਧ ਸਕਦੇ ਹਨ ਜਿਸ ਦਾ ਸਿੱਧਾ-ਸਿੱਧਾ ਫਾਇਦਾ ਭਾਜਪਾ ਨੂੰ ਹੋਵੇਗਾ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ 28 ਸਿਆਸੀ ਪਾਰਟੀਆਂ ਦਾ ਝੁੜਾ ਕਿਸੇ ਠੋਸ ਸਿਆਸੀ ਬਦਲ ਵਿਚੋਂ ਨਹੀਂ ਬਲਕਿ ਸੱਤਾ ਹਾਸਲ ਕਰਨ ਦੀ ਹੋੜ ਵਿਚੋਂ ਨਿੱਕਲਿਆ ਹੈ ਕਿਉਂਕਿ ਕਾਂਗਰਸ ਸਮੇਤ ਕੋਈ ਵੀ ਸਿਆਸੀ ਪਾਰਟੀ ਭਾਜਪਾ ਨੂੰ ਟੱਕਰ ਦੇਣ ਦੀ ਹਾਲਤ ਵਿਚ ਨਹੀਂ ਹੈ। ਕਾਂਗਰਸ ਨੂੰ ਪਤਾ ਹੈ ਕਿ ਉਸ ਦੇ ਮੁੜ ਸੱਤਾ ਵਿਚ ਆਉਣ ਦਾ ਰਾਹ ਖੇਤਰੀ ਪਾਰਟੀਆਂ ਨਾਲ ਗੱਠਜੋੜ ਕਰ ਕੇ ਸੰਭਵ ਹੈ ਜਦਕਿ ਦੂਜੇ ਪਾਸੇ ਖੇਤਰੀ ਪਾਰਟੀਆਂ ਲਈ ਗੱਠਜੋੜ ਕਰਨਾ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ। ਜੇਕਰ ਇਹ ਪਾਰਟੀਆਂ ਭਾਜਪਾ ਦੀਆਂ ਨੀਤੀਆਂ ਖਿਲਾਫ ਸੱਚਮੁੱਚ ਸੁਹਿਰਦ ਹੁੰਦੀਆਂ ਤਾਂ ਇਹਨਾਂ ਨੂੰ ਕਈ ਸਾਲ ਪਹਿਲਾਂ ਹੀ ਫਾਸ਼ੀਵਾਦ ਖਿਲਾਫ ਜਾਂ ਭਾਜਪਾ ਦੀਆਂ ਵਧੀਕੀਆਂ ਖਿਲਾਫ ਮੋਰਚਾ ਉਸਾਰ ਲੈਣਾ ਚਾਹੀਦਾ ਸੀ, ਵਿਧਾਨ ਸਭਾ ਚੋਣਾਂ ਵਿਚ ਇੱਕ ਦੂਜੇ ਖਿਲਾਫ ਤੋਹਮਤਾਂ ਲਾਉਣ ਵਾਲੀਆਂ 'ਇੰਡੀਆ' ਗੱਠਜੋੜ ਦੀਆਂ ਪਾਰਟੀਆਂ ਕੁਝ ਮਹੀਨਿਆਂ ਬਾਅਦ ਇਕੱਠੀਆਂ ਚੋਣਾਂ ਲੜਨਗੀਆਂ ਵੀ ਜਾਂ ਨਹੀਂ, ਇਹ ਵੀ ਵੱਡਾ ਸਵਾਲ ਹੈ।

ਸਥਿਤੀ ਸਾਫ ਹੈ ਕਿ ਭਾਜਪਾ ਵਰਗੀ ਫਿਰਕੂ ਪਾਰਟੀ ਯੋਜਨਾਬੱਧ ਢੰਗ ਨਾਲ ਅੱਗੇ ਵਧ ਰਹੀ ਹੈ ਅਤੇ ਇਸ ਅੱਗੇ ਖੜ੍ਹਨ ਦੀ ਕਾਂਗਰਸ ਸਮੇਤ ਕਿਸੇ ਵੀ ਸੰਸਦੀ ਪਾਰਟੀ ਦੀ ਸਮਰੱਥਾ ਨਜ਼ਰ ਨਹੀਂ ਆ ਰਹੀ ਹੈ। ਕਈ ਪਾਰਟੀਆਂ ਭਾਜਪਾ ਵਿਰੋਧੀ ਹੋਣ ਦਾ ਭੁਲੇਖਾ ਪਾ ਰਹੀਆਂ ਹਨ ਪਰ ਹਕੀਕੀ ਰੂਪ ਵਿਚ ਉਹ ਇਸੇ ਦੀ ਬੀ. ਟੀਮ ਸਾਬਤ ਹੋ ਰਹੀਆਂ ਹਨ, ਇਸ ਸੂਰਤ ਵਿਚ ਲੋਕ ਪੱਖੀ ਧਿਰਾਂ ਨੂੰ ਇਕਜੁੱਟਤਾ ਨਾਲ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ। ਕਿਸਾਨ ਅੰਦੋਲਨ ਵਾਂਗ ਲੋਕ ਮੁੱਦਿਆਂ 'ਤੇ ਸਾਂਝੇ ਸੰਘਰਸ਼ ਹੀ ਭਾਜਪਾ ਦੀਆਂ ਨੀਤੀਆਂ ਨੂੰ ਮੋੜਾ ਦੇ ਸਕਦੇ ਹਨ।

ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

# ਖ਼ਾਲਿਸਤਾਨ ਪੱਖੀਆਂ ਦੇ ਕਤਲਾਂ ਬਾਰੇ ਖ਼ੁਲਾਸਿਆਂ ਨੂੰ ਸਮਝਦਿਆਂ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਪਿਛਲੇ ਦਿਨੀਂ ਅਮਰੀਕਾ ਦੀ ਇਕ ਅਦਾਲਤ ਵਿਚ ਨਿਖਿਲ ਗੁਪਤਾ ਨਾਂ ਦੇ ਸ਼ਖ਼ਸ ਉੱਪਰ ਕਤਲ ਦੀ ਸਾਜ਼ਿਸ਼ 'ਚ ਵਿਚੋਲਗੀ ਦਾ ਮੁਕੱਦਮਾ ਚਲਾਉਣ ਲਈ ਤਿੰਨ ਅਮਰੀਕਨ ਏਜੰਸੀਆਂ ਵੱਲੋਂ ਮਿਲ ਕੇ ਦੋਸ਼ ਤਿਆਰ ਕਰਨ ਅਤੇ ਫਿਰ ਫਟਾਫਟ ਦੋਸ਼ ਜਨਤਕ ਕਰ ਦਿੱਤੇ ਜਾਣ ਨਾਲ ਆਰ.ਐੱਸ.ਐੱਸ.-ਭਾਜਪਾ ਹਕੂਮਤ ਕਸੂਤੀ ਹਾਲਤ 'ਚ ਫਸ ਗਈ। ਅਕਤੂਬਰ ਮਹੀਨੇ ਅਮਰੀਕਨ ਹਕੂਮਤ ਦੇ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਨੇ ਭਾਰਤ 'ਚ ਉਚੇਚਾ ਗੇੜਾ ਮਾਰ ਕੇ ਭਾਰਤ ਦੇ ਅਧਿਕਾਰੀਆਂ ਨਾਲ ਉਹ ਠੋਸ ਜਾਣਕਾਰੀ ਸਾਂਝੀ ਕੀਤੀ ਸੀ ਜਿਸ ਨੂੰ ਫੈਡਰਲ ਪ੍ਰਾਸੀਕਿਊਟਰਾਂ ਵੱਲੋਂ ਦੋਸ਼ ਤਿਆਰ ਕਰਨ 'ਚ ਸ਼ਾਮਿਲ ਕੀਤਾ ਜਾਣਾ ਸੀ। ਭਾਰਤ ਸਰਕਾਰ ਨੇ ਦੋਸ਼ਾਂ ਨੂੰ "ਨਸ਼ਾ ਤਸਕਰਾਂ, ਹਥਿਆਰਾਂ ਦੇ ਤਸਕਰਾਂ, ਮੁਜਰਿਮਾਂ ਆਦਿ ਗੱਠਜੋੜ" ਦੇ ਖ਼ਾਤੇ ਪਾ ਕੇ ਮਾਮਲਾ ਦਬਾਉਣਾ ਚਾਹਿਆ ਅਤੇ ਉੱਚ ਪੱਧਰੀ ਕਮੇਟੀ ਬਣਾ ਕੇ ਜਾਂਚ ਕਰਾਉਣ ਦੀ ਗੱਲ ਕਹੀ ਜਿਸ ਉੱਪਰ ਅਮਰੀਕਨ ਪ੍ਰਸ਼ਾਸਨ ਨੇ ਯਕੀਨ ਨਹੀਂ ਕੀਤਾ। ਅਮਰੀਕਨ ਅਧਿਕਾਰੀਆਂ ਨੇ ਉਡੀਕਣ ਦੀ ਬਜਾਇ ਦੋ ਹਫ਼ਤੇ 'ਚ ਹੀ ਮੁਕੱਦਮੇ ਲਈ ਦੋਸ਼ ਤਿਆਰ ਕਰ ਲਏ।

ਮੁਕੱਦਮੇ ਦੀ ਤਿਆਰੀ ਨਾਲ ਹੁਣ ਉਹ 'ਇਨਕਾਰ ਮੋਡ' ਵੀ ਭਗਵਾ ਹਕੂਮਤ ਦੇ ਕੰਮ ਨਹੀਂ ਆ ਸਕਦਾ ਜਿਸ ਦਾ ਸਹਾਰਾ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਜਰ ਦੇ ਕਤਲ ਦੇ ਭਰੋਸੇਯੋਗ ਸਬੂਤਾਂ ਦਾ ਖ਼ੁਲਾਸਾ ਕੀਤੇ ਜਾਣ 'ਤੇ ਜਵਾਬਦੇਹੀ ਤੋਂ ਟਾਲ ਵੱਟਣ ਲਈ ਲਿਆ ਗਿਆ ਸੀ। ਹੁਣ ਤਾਂ ਇਹ ਸਪਸ਼ਟ ਹੋ ਹੀ ਗਿਆ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਦਾਅਵਾ ਨਿਰਾਧਾਰ ਨਹੀਂ ਸੀ ਜਦੋਂ ਉਸ ਨੇ ਪਾਰਲੀਮੈਂਟ ਦੇ ਮੰਚ ਤੋਂ ਹਿੱਕ ਠੋਕ ਕੇ ਕਿਹਾ ਕਿ ਕੈਨੇਡੀਅਨ ਜਾਂਚ ਏਜੰਸੀਆਂ ਕੋਲ ਨਿੱਜਰ ਦੇ ਕਤਲ 'ਚ ਭਾਰਤੀ ਅਧਿਕਾਰੀਆਂ ਦਾ ਹੱਥ ਹੋਣ ਦੇ 'ਭਰੋਸੇਯੋਗ' ਸਬੂਤ ਹਨ। ਟਰੂਡੋ ਸਰਕਾਰ ਨੇ ਭਾਰਤ ਦੇ ਇਕ ਸੀਨੀਅਰ ਕੂਟਨੀਤਕ ਅਧਿਕਾਰੀ ਨੂੰ ਕੈਨੇਡਾ ਤੋਂ ਚਲੇ ਜਾਣ ਦਾ ਆਦੇਸ਼ ਦੇ ਦਿੱਤਾ ਜਿਸ ਦੇ ਜਵਾਬ 'ਚ ਭਾਰਤ ਨੇ 'ਸਖ਼ਤ' ਰੁਖ ਅਖਤਿਆਰ ਕਰਦਿਆਂ ਕੈਨੇਡਾ ਦੇ ਕੂਟਨੀਤਕ ਅਧਿਕਾਰੀ ਭਾਰਤ 'ਚੋਂ ਕੱਢ ਦਿੱਤੇ। ਆਖ਼ਿਰਕਾਰ ਹਾਲਾਤ ਮਸਾਂ ਸਹਿਜ ਹੋਣੇ ਸ਼ੁਰੂ ਹੋਣ ਨਾਲ ਆਮ ਲੋਕਾਂ ਨੇ ਸੁੱਖ ਦਾ ਸਾਹ ਲਿਆ।

ਨਿਖਿਲ ਗੁਪਤਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ ਉੱਪਰ ਦੋਸ਼ ਇਹ ਹੈ ਕਿ ਉਹ ਭਾਰਤ ਸਰਕਾਰ ਦੇ ਇਕ ਅਧਿਕਾਰੀ ਅਤੇ 'ਸਾਥੀ ਮੁਜਰਿਮ' ਤੇ ਇਕ 'ਕਾਤਲ' ਦਰਮਿਆਨ ਇਕ ਅਮਰੀਕਨ ਸਿੱਖ ਨਾਗਰਿਕ ਨੂੰ ਸੁਪਾਰੀ ਦੇ ਕੇ ਕਤਲ ਕਰਾਉਣ ਦੀ ਸਾਜ਼ਿਸ਼ 'ਚ ਸੌਦਾ ਕਰਾਉਣ ਲਈ ਵਿਚੋਲਗੀ ਕਰ ਰਿਹਾ ਸੀ। ਬੇਸ਼ੱਕ ਕਿਸੇ ਕਾਰਨ ਨਾਂ ਨਸ਼ਰ ਨਹੀਂ ਕੀਤਾ ਗਿਆ ਪਰ ਸਭ ਨੇ ਅੰਦਾਜ਼ਾ ਲਗਾ ਹੀ ਲਿਆ ਹੈ ਕਿ ਇਸ ਸਾਜ਼ਿਸ਼ ਦਾ ਨਿਸ਼ਾਨਾ ਖ਼ਾਲਿਸਤਾਨ ਪੱਖੀ ਕਾਰਕੁਨ ਗੁਰਪਤਵੰਤ ਸਿੰਘ ਪੰਨੂ ਸੀ। ਮੀਡੀਆ ਰਿਪੋਰਟਾਂ ਅਨੁਸਾਰ ਕੁਝ ਅਮਰੀਕਨ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਅਮਰੀਕਨ ਨਿਊਜ਼ ਬ੍ਰਾਡਕਾਸਟਰ ਸੀ.ਐੱਨ.ਐੱਨ. ਨੇ ਦਾਅਵਾ ਕੀਤਾ ਹੈ ਕਿ ਕੇਸ ਤੋਂ ਜਾਣੂ ਅਮਰੀਕਨ ਅਧਿਕਾਰੀ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਨਿਸ਼ਾਨਾ ਪੰਨੂ ਸੀ। ਸਾਜ਼ਿਸ਼ ਇਸ ਕਾਰਨ ਅਸਫ਼ਲ ਹੋ ਗਈ ਕਿ ਦਰਅਸਲ 'ਨਾਲ ਦਾ ਮੁਜਰਿਮ' ਅਤੇ 'ਕਾਤਲ' ਦੋਵੇਂ ਡਬਲ ਏਜੰਟ ਸਨ ਜੋ ਅਮਰੀਕਾ ਦੀਆਂ ਏਜੰਸੀਆਂ ਲਈ ਕੰਮ ਕਰ ਰਹੇ ਸਨ।

ਗੁਪਤਾ 'ਕਾਰੋਬਾਰ ਅਤੇ ਸੈਰ-ਸਪਾਟੇ' ਲਈ ਚੈੱਕ ਗਣਰਾਜ ਗਿਆ ਸੀ। ਉਸ ਦੇ ਨਸ਼ੀਲੇ ਪਦਾਰਥਾਂ ਦੇ ਧੰਦੇ 'ਚ ਲੱਗਾ ਹੋਣ ਦੀ ਸੂਹ ਦੇ ਆਧਾਰ 'ਤੇ ਉੱਥੋਂ ਦੇ ਅਧਿਕਾਰੀਆਂ ਨੇ ਉਸ ਨੂੰ 30 ਜੂਨ ਨੂੰ ਹਵਾਈ ਅੱਡੇ ਤੋਂ ਹਿਰਾਸਤ 'ਚ ਲੈ ਲਿਆ ਅਤੇ ਬਾਅਦ ਵਿਚ ਦੋਸ਼ ਤਿਆਰ ਕੀਤੇ ਜਾਣ ਤੋਂ ਦੋ ਦਿਨ ਪਹਿਲਾਂ ਹਵਾਲਗੀ ਸੰਧੀ ਤਹਿਤ ਉਸ ਨੂੰ ਅਮਰੀਕਨ ਐੱਫ.ਬੀ.ਆਈ. ਦੇ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ। ਇਹ ਆਉਣ ਵਾਲੇ ਦਿਨਾਂ 'ਚ ਸਾਹਮਣੇ ਆਵੇਗਾ ਕਿ ਉਸ ਦੀ ਤਫ਼ਤੀਸ਼ ਅਤੇ ਉਸ ਦੇ ਮੋਬਾਈਲ ਫੋਨ ਦੇ ਡੇਟਾ ਦੀ ਜਾਂਚ 'ਚ ਜੋ ਹੋਰ ਸਬੂਤ ਮਿਲਣਗੇ, ਉਨ੍ਹਾਂ ਨੂੰ ਮੁਕੱਦਮੇ 'ਚ ਕਿਵੇਂ ਤੇ ਕਿਸ ਹੱਦ ਤੱਕ ਇਸਤੇਮਾਲ ਕੀਤਾ ਜਾਵੇਗਾ।



ਹਰਦੀਪ ਸਿੰਘ ਨਿੱਜਰ

*ਇਸ ਮੁਹਿੰਮ ਪਿੱਛੇ ਅਮਰੀਕਨ ਹਕੂਮਤ ਦੀਆਂ ਗਿਣਤੀਆਂ-ਮਿਣਤੀਆਂ ਭਾਵੇਂ ਕੁਝ ਵੀ ਹੋਣ ਪਰ ਉਨ੍ਹਾਂ ਨੇ ਇਸ ਸਾਜ਼ਿਸ਼ ਨੂੰ ਗੰਭੀਰਤਾ ਨਾਲ ਲੈ ਕੇ ਮੁਕੱਦਮੇ ਦੇ ਪੜਾਅ 'ਤੇ ਪਹੁੰਚਾ ਦਿੱਤਾ ਹੈ। ਕੀ ਟਰੂਡੋ ਸਰਕਾਰ ਵੀ ਉਨ੍ਹਾਂ 'ਭਰੋਸੇਯੋਗ ਸਬੂਤਾਂ' ਨੂੰ ਆਧਾਰ ਬਣਾ ਕੇ ਅੱਗੇ ਵਧੇਗੀ ਜਿਨ੍ਹਾਂ ਦਾ ਦਾਅਵਾ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ 'ਚ ਕੀਤਾ ਸੀ? ਕੀ ਉਹ ਵੀ ਜਾਂਚ ਨੂੰ ਮੁਕੱਦਮੇ ਦੇ ਅੰਜਾਮ ਤੱਕ ਲਿਜਾਣਗੇ?*



ਗੁਰਪਤਵੰਤ ਸਿੰਘ ਪੰਨੂ

ਸਤੰਬਰ ਮਹੀਨੇ 'ਜੀ-20' ਸਿਖ਼ਰ ਸੰਮੇਲਨ ਦੌਰਾਨ ਜਸਟਿਨ ਟਰੂਡੋ ਵੱਲੋਂ ਨਿੱਜਰ ਕਤਲ ਕੇਸ ਆਪਣੇ ਹਮਰੁਤਬਾ ਨਰਿੰਦਰ ਮੋਦੀ ਨਾਲ ਦੁਵੱਲੀ ਗੱਲਬਾਤ 'ਚ ਉਠਾਏ ਜਾਣ 'ਤੇ ਅਮਰੀਕਨ ਰਾਸ਼ਟਰਪਤੀ ਬਾਇਡਨ ਸਮੇਤ 'ਫਾਈਵ ਆਈਜ਼' ਮੁਲਕਾਂ ਦੇ ਮੁਖੀਆਂ ਵੱਲੋਂ ਟਰੂਡੋ ਦੀ ਹਮਾਇਤ ਕੀਤੀ ਗਈ ਅਤੇ ਭਾਰਤ ਉੱਪਰ ਨਿੱਜਰ ਕਤਲ ਕੇਸ ਦੀ ਜਾਂਚ 'ਚ ਸਹਿਯੋਗ ਕਰਨ ਲਈ ਦਬਾਅ ਪਾਇਆ ਗਿਆ। ਇਸ ਨੇ ਸਾਫ਼ ਇਸ਼ਾਰਾ ਕਰ ਦਿੱਤਾ ਕਿ ਬੇਸ਼ੱਕ ਇਜ਼ਰਾਇਲ ਅਤੇ 'ਆਲਮੀ ਥਾਣੇਦਾਰ' ਦੀ ਸਰਪ੍ਰਸਤੀ ਵਾਲੀਆਂ ਹੋਰ ਹਕੂਮਤਾਂ ਦੂਜੇ ਮੁਲਕਾਂ 'ਚ ਰਹਿ ਰਹੇ ਰਾਜਨੀਤਕ ਵਿਰੋਧੀਆਂ ਨੂੰ ਕਤਲ ਕਰਾਉਂਦੀਆਂ ਆ ਰਹੀਆਂ ਹਨ ਪਰ ਅਮਰੀਕਾ ਅਤੇ ਉਸ ਦੇ ਜੋਟੀਦਾਰ 'ਫਾਈਵ ਆਈਜ਼' ਹੁਕਮਰਾਨ ਜੋ ਖ਼ੁਦ ਦੁਨੀਆ ਭਰ 'ਚ ਬੇਸ਼ੁਮਾਰ ਦਹਿਸ਼ਤਵਾਦੀ ਹਮਲਿਆਂ ਅਤੇ ਰਾਜਨੀਤਕ ਕਤਲਾਂ ਦੇ ਮੁਜਰਿਮ ਹਨ, ਮੋਦੀ ਸਰਕਾਰ ਨੂੰ ਆਪਣੇ ਮੁਲਕਾਂ ਦੇ ਅੰਦਰ 'ਘਰ ਮੇਂ ਘੁਸ ਕਰ ਮਾਰੇਂਗੇ' ਦੀ ਇਜਾਜ਼ਤ ਨਹੀਂ ਦੇਣਾ ਚਾਹੁੰਦੇ। ਉਦੋਂ ਅਮਰੀਕਨ ਮੀਡੀਆ ਦੇ ਕੁਝ ਹਿੱਸਿਆਂ ਨੇ ਇਹ ਖ਼ੁਲਾਸਾ ਵੀ ਕੀਤਾ ਕਿ ਕੈਨੇਡਾ ਨੂੰ ਨਿੱਜਰ ਦੇ ਕਤਲ ਦਾ ਸੁਰਾਗ਼ ਅਮਰੀਕਨ ਏਜੰਸੀਆਂ ਨੇ ਹੀ ਮੁਹੱਈਆ ਕਰਾਇਆ ਸੀ। ਅਮਰੀਕਨ ਖ਼ੁਫ਼ੀਆ ਏਜੰਟਾਂ ਵੱਲੋਂ ਆਪਣੇ ਮੁਲਕ ਵਿਚਲੇ ਕੁਝ ਖ਼ਾਲਿਸਤਾਨੀ ਕਾਰਕੁਨਾਂ ਨੂੰ ਉਨ੍ਹਾਂ ਦੀ ਜਾਨ ਨੂੰ ਖ਼ਤਰੇ ਬਾਰੇ ਅਗਾਊਂ ਚੁਕੰਨੇ ਕਰਨਾ ਵੀ ਦਰਸਾਉਂਦਾ ਸੀ ਕਿ ਅਮਰੀਕਨ ਏਜੰਸੀਆਂ ਭਾਰਤ ਦੇ ਕੂਟਨੀਤਕ ਅਧਿਕਾਰੀਆਂ ਅਤੇ ਖ਼ੁਫੀਆ ਏਜੰਟਾਂ ਦੀ ਨਕਲੋ-ਹਰਕਤ ਉੱਪਰ ਲਗਾਤਾਰ ਨਜ਼ਰ ਰੱਖ ਰਹੀਆਂ ਸਨ। ਅਮਰੀਕਨ ਖ਼ੁਫ਼ੀਆ ਏਜੰਸੀਆਂ ਇੱਥੇ ਨਹੀਂ ਰੁਕੀਆਂ। ਨਿਊ ਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਯੂਨਾਈਟਿਡ ਸਟੇਟਸ ਅਟਾਰਨੀ, ਜਸਟਿਸ ਡਿਪਾਰਟਮੈਂਟ ਦੀ ਨੈਸ਼ਨਲ ਸਕਿਉਰਿਟੀ ਡਿਵੀਜ਼ਨ, ਡਰੱਗ ਐਨਫੋਰਸਮੈਂਟ ਐਮਿਨਿਸਟਰੇਸ਼ਨ (ਡੀ.ਈ.ਏ.) ਅਤੇ ਐੱਫ.ਬੀ.ਆਈ. ਦੇ ਨਿਊ ਯਾਰਕ ਫੀਲਡ ਆਫ਼ਿਸ ਨੇ ਡੂੰਘਾਈ 'ਚ ਛਾਣਬੀਣ ਕਰ ਕੇ ਸਬੂਤ ਇਕੱਠੇ ਕੀਤੇ ਅਤੇ ਕੇਸ ਅਦਾਲਤ 'ਚ ਲੈ ਗਏ। ਸਬੂਤਾਂ ਦੇ ਜੋ ਹਿੱਸੇ ਜਨਤਕ ਕੀਤੇ ਗਏ, ਉਹ ਖ਼ਾਲਿਸਤਾਨ ਪੱਖੀ ਕਾਰਕੁਨਾਂ ਨੂੰ ਚੁਣ ਕੇ ਨਿਸ਼ਾਨਾ ਬਣਾਏ ਜਾਣ ਦੀ ਸਾਜ਼ਿਸ਼ ਨੂੰ ਨੰਗਾ ਕਰਨ ਲਈ ਕਾਫ਼ੀ ਹਨ। ਅਮਰੀਕਨ ਮੁਕੱਦਮਾ ਪੱਖ ਵੱਲੋਂ ਤਿਆਰ ਕੀਤੇ ਦੋਸ਼ਾਂ ਅਨੁਸਾਰ ਗੁਪਤਾ ਨੂੰ ਇਹ ਜਾਣਕਾਰੀ ਸੀ ਕਿ ਜੂਨ ਮਹੀਨੇ ਕੈਨੇਡਾ 'ਚ "ਵੱਡੇ ਟਾਰਗੈਟ" ਕੌਣ ਸਨ।

ਅਮਰੀਕਨ ਏਜੰਸੀਆਂ ਵੱਲੋਂ ਮਿਲ ਕੇ ਮੁਕੱਦਮਾ ਚਲਾਉਣ ਲਈ ਤਿਆਰ ਕੀਤੇ ਦੋਸ਼ ਠੋਸ ਵੀ ਹਨ ਅਤੇ ਕਾਫ਼ੀ ਸੰਗੀਨ ਵੀ। ਦੋਸ਼ਾਂ ਮੁਤਾਬਿਕ ਉਨ੍ਹਾਂ ਕੋਲ ਗੁਪਤਾ ਵੱਲੋਂ 12 ਜੂਨ ਨੂੰ ਤਿੰਨ "ਹੋਰ ਵਿਅਕਤੀਆਂ"(ਸੰਭਵ ਤੌਰ 'ਤੇ ਖ਼ੁਫ਼ੀਆ ਅਧਿਕਾਰੀਆਂ) ਸਮੇਤ "ਭਾੜੇ ਦੇ ਕਾਤਲ" ਨੂੰ ਦਿੱਲੀ ਤੋਂ ਅਮਰੀਕਾ 'ਚ ਕੀਤੀ ਵੀਡੀਓ ਕਾਲ ਦੀ ਰਿਕਾਰਡਿੰਗ ਹੈ। ਉਨ੍ਹਾਂ ਕੋਲ ਨਿੱਜਰ ਦੇ ਕਤਲ ਦਾ ਉਹ ਵੀਡੀਓ ਕਲਿੱਪ ਹੈ ਜੋ ਭਾਰਤੀ ਅਧਿਕਾਰੀਆਂ ਨੇ ਅੱਗੇ ਸਾਂਝਾ ਕੀਤਾ। ਕਤਲ ਤੋਂ ਬਾਅਦ 18 ਜੂਨ ਦੀ ਰਾਤ ਨੂੰ "ਸੀ.ਸੀ.-1 ਨੇ ਗੁਪਤਾ ਨੂੰ ਵੀਡੀਓ ਕਲਿੱਪ ਭੇਜਿਆ ਜਿਸ ਵਿਚ ਨਿੱਜਰ ਦੀ ਲਹੂ 'ਚ ਲੱਥਪੱਥ ਲਾਸ਼ ਉਸ ਦੀ ਗੱਡੀ 'ਚ ਪਈ ਨਜ਼ਰ ਆਉਂਦੀ ਸੀ।" ਵੀਡੀਓ ਕਲਿੱਪ ਦੇਖ ਕੇ ਨਿਖਿਲ ਗੁਪਤਾ ਦਾ ਪ੍ਰਤੀਕਰਮ ਸੀ ਕਿ "ਕਾਸ਼ ਇਹ ਕਤਲ ਉਸ ਨੇ ਖ਼ੁਦ ਕੀਤਾ ਹੁੰਦਾ"। ਇਸ ਤੋਂ ਵੀ ਅੱਗੇ ਜਾਂਚ ਕਰਤਾਵਾਂ ਕੋਲ ਫੋਨ ਕਾਲਾਂ ਦਾ ਰਿਕਾਰਡ ਹੈ ਜਿਨ੍ਹਾਂ 'ਚੋਂ ਇਕ ਕਾਲ ਕਰਦੇ ਸਮੇਂ ਗੁਪਤਾ ਅਮਰੀਕਾ 'ਚ ਭਾੜੇ ਦੇ ਕਾਤਲ (ਅਮਰੀਕਨ ਖ਼ੁਫ਼ੀਆ ਏਜੰਟ) ਨੂੰ ਕਹਿੰਦਾ ਹੈ ਕਿ ਭਾਵੇਂ ਕੈਨੇਡਾ ਵਾਲਾ "ਜ਼ਬਰਦਸਤ" ਕੰਮ "ਕਿਸੇ ਹੋਰ ਬੰਦੇ" ਨੂੰ ਸੌਂਪਿਆ ਗਿਆ ਸੀ, ਉਸ ਨੂੰ ਚਾਰ ਹੋਰ "ਕੰਮ" ਅਮਰੀਕਾ ਵਿਚ ਅਤੇ "ਤਿੰਨ ਕੈਨੇਡਾ ਵਿਚ ਕਰਨ" ਲਈ ਦਿੱਤੇ ਗਏ ਹਨ। "ਇੰਡੀਅਨ ਹੈਂਡਲਰ" ਅਤੇ ਗੁਪਤਾ ਆਪਸ 'ਚ ਸੋਸ਼ਲ ਮੀਡੀਆ ਐਪ ਉੱਪਰ ਜੋ ਆਦਾਨ-ਪ੍ਰਦਾਨ ਕਰਦੇ ਰਹੇ, ਉਹ ਵੀ ਜਾਂਚ ਏਜੰਸੀਆਂ ਕੋਲ ਹੈ।

"ਸੀ.ਸੀ.-1" ਅਤੇ ਹੋਰ "ਇੰਡੀਅਨ ਹੈਂਡਲਰ" ਕੌਣ ਹਨ? ਅਮਰੀਕਾ ਨੇ ਉਨ੍ਹਾਂ ਦੀ ਸ਼ਨਾਖ਼ਤ ਤਾਂ ਨਸ਼ਰ ਨਹੀਂ ਕੀਤੀ, ਇਕ ਹੈਂਡਲਰ ਨੂੰ "ਸੀ.ਸੀ.-1" ਦਾ ਨਾਮ ਦਿੱਤਾ ਗਿਆ ਹੈ। ਇੰਨੀ ਕੁ ਤਫ਼ਸੀਲ ਦਿੱਤੀ ਗਈ ਹੈ ਕਿ "ਸੀ.ਸੀ.-1" ਭਾਰਤ ਸਰਕਾਰ ਵੱਲੋਂ ਨਿਯੁਕਤ "ਸੀਨੀਅਰ ਫੀਲਡ ਅਫਸਰ" ਹੈ ਜੋ "ਪਹਿਲਾਂ ਸੀ.ਆਰ.ਪੀ.ਐੱਫ. ਵਿਚ ਨੌਕਰੀ ਕਰ ਚੁੱਕਾ ਹੈ" ਅਤੇ ਜੋ "ਯੁੱਧ ਕਲਾ" ਤੇ "ਹਥਿਆਰਾਂ" ਦੀ ਸਿਖਲਾਈ ਪ੍ਰਾਪਤ ਹੈ। ਇਹ ਵੀ ਕਿ ਉਸ ਨੂੰ "ਭਾਰਤ ਸਰਕਾਰ ਵੱਲੋਂ ਇਸ ਦੋਸ਼-ਆਰੋਪਣ ਲਈ ਪ੍ਰਸੰਗਿਕ ਪੂਰੇ ਸਮੇਂ ਵਾਸਤੇ ਲਗਾਇਆ ਗਿਆ ਸੀ, ਉਹ ਭਾਰਤ ਦਾ ਬਾਸ਼ਿੰਦਾ ਹੈ ਜੋ ਭਾਰਤ ਤੋਂ ਕਤਲ ਦੀ ਸਾਜ਼ਿਸ਼ ਦਾ ਸੰਚਾਲਨ ਕਰ ਰਿਹਾ ਸੀ।" ਇਸ ਦਾ ਅਰਥ ਤਾਂ ਇਹੀ ਬਣਦਾ ਹੈ ਕਿ ਉਹ ਭਾਰਤ ਦੀ ਵਿਦੇਸ਼ ਮਾਮਲਿਆਂ ਨਾਲ ਸਬੰਧਿਤ ਕਿਸੇ ਖ਼ੁਫ਼ੀਆ ਏਜੰਸੀ ਲਈ ਕੰਮ ਕਰ ਰਿਹਾ ਅਧਿਕਾਰੀ ਹੈ ਜੋ "ਘਰ ਮੇਂ ਘੁਸ ਕੇ ਮਾਰੇਂਗੇ" ਦੀ ਹਕੂਮਤੀ ਨੀਤੀ ਨੂੰ ਅਮਲ 'ਚ ਲਿਆ ਰਿਹਾ ਹੋਵੇਗਾ। ਅਮਰੀਕਨ ਜਾਂਚ ਅਨੁਸਾਰ "ਸੀ.ਸੀ.-1" ਨੇ ਮੁਜਰਿਮ ਪਿਛੋਕੜ ਵਾਲੇ ਗੁਪਤਾ ਨੂੰ ਆਪਣੇ ਨਾਲ ਗੰਢ ਲਿਆ ਅਤੇ ਗੁਪਤਾ ਨੇ ਅੱਗੇ ਆਪਣੇ ਸੰਪਰਕਾਂ ਰਾਹੀਂ "ਭਾੜੇ ਦੇ ਕਾਤਲ" ਲੱਭ ਲਏ। ਭਾਰਤ ਦੇ ਇਸ ਅਧਿਕਾਰੀ ਨੇ ਗੁਪਤੇ ਰਾਹੀਂ ਖ਼ਾਸ ਬੰਦੇ ਨੂੰ ਕਤਲ ਕਰਾਉਣ ਲਈ ਇਕ ਲੱਖ ਡਾਲਰ ਦੇਣ ਦਾ ਸੌਦਾ ਕੀਤਾ ਜਿਸ ਵਿੱਚੋਂ ਪੰਦਰਾਂ ਹਜ਼ਾਰ ਡਾਲਰ ਐਡਵਾਂਸ ਦਿੱਤੇ ਗਏ। ਗੁਪਤਾ ਨੂੰ ਲੱਗਿਆ ਕਿ ਉਸ ਨੇ ਸੌਂਪਿਆ ਕੰਮ ਨੇਪਰੇ ਚਾੜ੍ਹਨ ਲਈ ਭਾੜੇ ਦਾ ਕਾਤਲ ਲੱਭ ਲਿਆ ਹੈ। ਉਹ ਨਹੀਂ ਸੀ ਜਾਣਦਾ ਕਿ 'ਭਾੜੇ ਦੇ ਕਾਤਲ ਤਾਂ ਅਮਰੀਕਨ ਖ਼ੁਫ਼ੀਆ ਏਜੰਸੀਆਂ ਦੇ ਬੰਦੇ ਹਨ। ਜਾਂਚ ਦੇ ਦੋਸ਼ਾਂ 'ਚ ਇਕ "ਬੌਸ" ਦਾ ਜ਼ਿਕਰ ਵੀ ਹੈ ਜਿਸ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ "ਬੌਸ" ਕੋਈ ਆਹਲਾ ਦਰਜੇ ਦਾ ਖ਼ੁਫ਼ੀਆ ਅਧਿਕਾਰੀ ਹੈ ਜਾਂ ਕੋਈ ਰਾਜਕੀ ਅਥਾਰਟੀ? ਭਾਰਤ ਲਈ "ਬੌਸਾਂ" ਦਾ ਜ਼ਿਕਰ ਨਵੀਂ ਗੱਲ ਨਹੀਂ, ਕਈ ਰਾਜਨੀਤਕ ਅਤੇ ਹਿਰਾਸਤੀ ਕਤਲਾਂ ਵਿਚ "ਬੌਸ" ਪਹਿਲਾਂ ਵੀ ਚਰਚਾ 'ਚ ਰਹੇ ਹਨ।

ਮੁਜਰਿਮ ਪਿਛੋਕੜ ਵਾਲੇ ਗੁਪਤਾ ਵਿਰੁੱਧ ਗੁਜਰਾਤ ਵਿਚ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਸੌਦੇਬਾਜ਼ੀ ਦੇ ਕੇਸ ਦਰਜ ਹਨ। ਅਮਰੀਕਨ ਜਾਂਚ ਕਰਤਾਵਾਂ ਅਨੁਸਾਰ, ਗੁਪਤਾ ਦਾ "ਇੰਡੀਅਨ ਹੈਂਡਲਰ" ਚਾਹੁੰਦਾ ਸੀ ਕਿ ਕਤਲ "ਤਰਜੀਹੀ ਆਧਾਰ 'ਤੇ" 20 ਜੂਨ ਨੂੰ ਕੀਤਾ ਜਾਵੇ ਤਾਂ ਜੁ ਅਗਲੇ ਦਿਨਾਂ 'ਚ, 21 ਜੂਨ ਤੋਂ 23 ਤੱਕ ਪ੍ਰਧਾਨ ਮੰਤਰੀ ਮਿਸਟਰ ਮੋਦੀ ਦੇ ਅਮਰੀਕਨ ਦੌਰੇ 'ਤੇ ਕੋਈ ਅਸਰ ਨਾ ਪਵੇ। "ਇੰਡੀਅਨ ਹੈਂਡਲਰ" ਨੇ ਗੁਪਤਾ ਨੂੰ "12 ਮਈ 2023 ਨੂੰ ਜਾਂ ਇਸ ਦੇ ਲਾਗੇ-ਚਾਗੇ" ਭਰੋਸਾ ਦਿਵਾਇਆ ਸੀ ਕਿ ਉਸ ਦੇ ਗੁਜਰਾਤ ਵਾਲੇ ਕੇਸ ਵੱਲ "ਪਹਿਲਾਂ ਹੀ ਧਿਆਨ ਦਿੱਤਾ ਜਾ ਚੁੱਕਾ ਹੈ" ਅਤੇ "ਗੁਜਰਾਤ ਪੁਲਿਸ ਦਾ ਕੋਈ ਵੀ ਅਧਿਕਾਰੀ ਕਾਰਵਾਈ ਦੀ ਗੱਲ ਨਹੀਂ ਕਰ ਰਿਹਾ।" 23 ਮਈ ਨੂੰ "ਇੰਡੀਅਨ ਹੈਂਡਲਰ" ਨੇ ਗੁਪਤੇ ਨੂੰ ਮੁੜ ਭਰੋਸਾ ਦਿਵਾਇਆ ਕਿ "ਬੌਸ ਨਾਲ ਤੇਰੇ ਗੁਜਰਾਤ ਵਾਲੇ ਕੇਸ ਸਬੰਧੀ ਗੱਲ ਹੋ ਗਈ ਹੈ" ਅਤੇ "ਸਭ ਕੁਝ ਕਲੀਅਰ" ਹੈ ਤੇ "ਕੋਈ ਵੀ ਤੈਨੂੰ ਦੁਬਾਰਾ ਪ੍ਰੇਸ਼ਾਨ ਨਹੀਂ ਕਰੇਗਾ।" ਇੰਡੀਅਨ ਹੈਂਡਲਰ ਨੇ ਉਸ ਦੀ "ਡੀ.ਸੀ.ਪੀ." (ਜ਼ਾਹਿਰ ਹੈ ਗੁਜਰਾਤ ਪੁਲਿਸ ਦੇ ਕਿਸੇ ਡੀ.ਸੀ.ਪੀ.) ਨਾਲ ਮੀਟਿੰਗ ਕਰਾਉਣ ਦੀ ਪੇਸ਼ਕਸ਼ ਵੀ ਕੀਤੀ।

ਭਾਰਤ ਦਾ ਵਿਦੇਸ਼ ਮੰਤਰੀ ਐੱਸ. ਜੈ ਸ਼ੰਕਰ ਕਹਿੰਦਾ ਰਿਹਾ ਹੈ ਕਿ ਕੈਨੇਡਾ ਸਰਕਾਰ ਠੋਸ ਸਬੂਤ ਪੇਸ਼ ਕਰੇ, ਭਾਰਤ ਸਰਕਾਰ ਉਨ੍ਹਾਂ ਦੇ ਆਧਾਰ 'ਤੇ ਕਾਰਵਾਈ ਕਰੇਗੀ। ਹੁਣ ਨਿੱਜਰ ਦੇ ਕਤਲ ਦੇ ਸ਼ੇਅਰ ਕੀਤੇ ਵੀਡੀਓ ਕਲਿੱਪ ਸਮੇਤ ਇਲੈਕਟਰਾਨਿਕਸ ਸਬੂਤ ਅਤੇ ਤਫ਼ਤੀਸ਼ 'ਚ ਸਾਹਮਣੇ ਆਏ ਸਾਜ਼ਿਸ਼ ਦੇ ਕੱਚੇ ਚਿੱਠਿਆਂ ਸਮੇਤ ਕਾਫ਼ੀ ਕੁਝ ਬਤੌਰ ਸਬੂਤ ਪੇਸ਼ ਹੋ ਗਿਆ ਹੈ। ਕੀ ਹੁਣ ਵੀ ਭਾਰਤ ਸਰਕਾਰ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਅਧਿਕਾਰਕ ਤੌਰ 'ਤੇ ਲਾਏ ਦੋਸ਼ਾਂ ਨੂੰ "ਬੇਹੂਦਾ ਅਤੇ ਹਿਤਾਂ ਤੋਂ ਪ੍ਰੇਰਿਤ" ਕਰਾਰ ਦੇ ਕੇ ਜਾਂਚ 'ਚ ਸਹਿਯੋਗ ਕਰਨ ਤੋਂ ਇਨਕਾਰ ਕਰਨਾ ਚਾਹੇਗੀ?

ਇਸ ਮੁਹਿੰਮ ਪਿੱਛੇ ਅਮਰੀਕਨ ਹਕੂਮਤ ਦੀਆਂ ਗਿਣਤੀਆਂ-ਮਿਣਤੀਆਂ ਭਾਵੇਂ ਕੁਝ ਵੀ ਹੋਣ ਪਰ ਉਨ੍ਹਾਂ ਨੇ ਇਸ ਸਾਜ਼ਿਸ਼ ਨੂੰ ਗੰਭੀਰਤਾ ਨਾਲ ਲੈ ਕੇ ਮੁਕੱਦਮੇ ਦੇ ਪੜਾਅ 'ਤੇ ਪਹੁੰਚਾ ਦਿੱਤਾ ਹੈ। ਕੀ ਟਰੂਡੋ ਸਰਕਾਰ ਵੀ ਉਨ੍ਹਾਂ 'ਭਰੋਸੇਯੋਗ ਸਬੂਤਾਂ' ਨੂੰ ਆਧਾਰ ਬਣਾ ਕੇ ਅੱਗੇ ਵਧੇਗੀ ਜਿਨ੍ਹਾਂ ਦਾ ਦਾਅਵਾ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ 'ਚ ਕੀਤਾ ਸੀ? ਕੀ ਉਹ ਵੀ ਜਾਂਚ ਨੂੰ ਮੁਕੱਦਮੇ ਦੇ ਅੰਜਾਮ ਤੱਕ ਲਿਜਾਣਗੇ?

ਇੰਝ ਅਮਰੀਕਾ, ਕੈਨੇਡਾ ਅਤੇ ਪਾਕਿਸਤਾਨ 'ਚ ਰਹਿ ਰਹੇ 'ਭਾਰਤ ਵਿਰੋਧੀਆਂ' ਨੂੰ ਮਾਰਨ ਦੀ ਸਾਜ਼ਿਸ਼ ਦੀਆਂ ਕੜੀਆਂ ਜੁੜਨ ਨਾਲ ਹਾਲ ਦੀ ਘੜੀ ਸੰਘ ਬ੍ਰਿਗੇਡ ਨੂੰ 'ਘਰ ਮੇਂ ਘੁਸ ਕੇ ਮਾਰੇਂਗੇ' ਦੀ ਇਜ਼ਰਾਇਲੀ ਤਰਜ਼ ਦੀ ਮਾਅਰਕੇਬਾਜ਼ੀ ਪੁੱਠੀ ਪੈ ਗਈ ਹੈ। ਇਸ ਨੇ ਮੋਦੀ ਦੀ ਅਮਰੀਕਾ ਨਾਲ ਦੋਸਤੀ ਦੀ ਖੀਰ ਉੱਪਰ ਸੁਆਹ ਧੂੜ ਦਿੱਤੀ ਹੈ। ਅਮਰੀਕਨ ਮੁਕੱਦਮਾ ਪੱਖ ਇਨ੍ਹਾਂ ਦੋਸ਼ਾਂ ਨੂੰ ਨਿਖਿਲ ਗੁਪਤਾ ਨੂੰ ਕਟਿਹਰੇ 'ਚ ਖੜ੍ਹਾ ਕਰਨ ਤੱਕ ਸੀਮਤ ਰੱਖ ਕੇ ਚੁੱਪ ਧਾਰ ਲੈਂਦਾ ਹੈ ਜਾਂ "ਇੰਡੀਅਨ ਹੈਂਡਲਰ" ਵਰਗੇ ਹੋਰ ਚਿਹਰੇ ਨੰਗੇ ਕਰਨ ਲਈ ਦੋਸ਼ਾਂ ਨੂੰ ਅੱਗੇ ਵਧਾਉਂਦਾ ਹੋਇਆ ਉਨ੍ਹਾਂ ਨੂੰ ਅਦਾਲਤ ਵਿਚ ਬੁਲਾਉਂਦਾ ਹੈ, ਇਹ ਅਮਰੀਕਨ ਹੁਕਮਰਾਨਾਂ ਦੀਆਂ ਭੂਗੋਲਿਕ-ਰਾਜਨੀਤਕ ਗਿਣਤੀਆਂ-ਮਿਣਤੀਆਂ ਉੱਪਰ ਨਿਰਭਰ ਕਰੇਗਾ।

# ਰੈਣਾ ਜੋੜੀ ਦਾ ਵਿਛੋੜਾ

**ਡਾ. ਚਰਨਜੀਤ ਸਿੰਘ ਗੁਮਟਾਲਾ**
ਫੋਨ:937-573-9812

ਪ੍ਰੇਮ ਅਵਤਾਰ ਰੈਣਾ ਜੋ ਇਸ ਫ਼ਾਨੀ ਸੰਸਾਰ ਤੋਂ 22 ਨਵੰਬਰ 2023 ਤੋਂ ਕੂਚ ਕਰ ਗਏ, ਅੰਮ੍ਰਿਤਸਰ ਦੀਆਂ ਹਰਮਨ ਪਿਆਰੀਆਂ ਸ਼ਖ਼ਸੀਅਤਾਂ ਵਿਚੋਂ ਸਨ। ਉਨ੍ਹਾਂ ਨੇ ਕੁਝ ਸਮਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਅੰਗਰੇਜ਼ੀ ਵਿਭਾਗ ਵਿਚ ਬਤੌਰ ਲੈਕਚਰਾਰ ਨੌਕਰੀ ਕੀਤੀ ਪਰ ਕੁਝ ਸਮੇਂ ਬਾਅਦ ਇਹ ਨੌਕਰੀ ਛੱਡ ਦਿੱਤੀ। ਅੰਮ੍ਰਿਤਸਰ ਦੇ ਪੁਤਲੀਘਰ ਚੌਕ ਵਿਚ ਉਨ੍ਹਾਂ ਦਾ ਘਰ ਸੀ ਜਿੱਥੇ ਗੁਰੂ ਨਾਨਕ ਯੂਨੀਵਰਸਿਟੀ ਦੇ ਵਿਦਿਆਰਥੀ ਅਕਸਰ ਆਉਂਦੇ ਜਾਂਦੇ ਰਹਿੰਦੇ ਸਨ। ਇਨ੍ਹਾਂ ਸਭ ਦੀ ਟਹਿਲ ਸੇਵਾ ਉਨ੍ਹਾਂ ਦੀ ਪਤਨੀ ਕੰਵਲਜੀਤ ਕੌਰ ਜੋ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਮਾਲ ਰੋਡ, ਅੰਮ੍ਰਿਤਸਰ ਵਿਚ ਰਸਾਇਣ ਵਿਗਿਆਨ ਦੀ ਲੈਕਚਰਾਰ ਸੀ, ਕਰਦੇ ਸਨ। ਬਾਅਦ ਵਿਚ ਤਰੱਕੀ ਹੋਣ 'ਤੇ ਉਨ੍ਹਾਂ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ, ਭਕਨਾ ਖ਼ੁਰਦ ਜ਼ਿਲ੍ਹਾ ਅੰਮ੍ਰਿਤਸਰ ਵਿਚ ਬਤੌਰ ਪ੍ਰਿੰਸੀਪਲ ਸੇਵਾ ਕੀਤੀ ਤੇ ਉੱਥੋਂ 31 ਜਨਵਰੀ 2005 ਨੂੰ ਸੇਵਾ ਮੁਕਤ ਹੋਏ।

ਪ੍ਰੇਮ ਅਵਤਾਰ ਰੈਣਾ ਗੁਰੂ ਨਾਨਕ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਚ 'ਚਾਚਾ ਜੀ' ਦੇ ਨਾਂ ਨਾਲ ਜਾਣੇ ਜਾਂਦੇ ਸਨ। ਉਹ ਲੋੜਵੰਦ ਵਿਦਿਆਰਥੀਆਂ ਦੀ ਮਾਇਕ ਸਹਾਇਤਾ ਵੀ ਕਰਦੇ ਸਨ। ਵਿਦਿਆਰਥੀਆਂ ਨੇ ਵਿਭਾਗ ਦੀ ਕੋਈ ਫੀਸ ਭਰਨੀ ਹੋਵੇ, ਮੈੱਸ ਦਾ ਬਕਾਇਆ ਦੇਣਾ ਹੋਵੇ ਜਾਂ ਕੋਈ ਆਰਟ ਮੂਵੀ ਦੇਖਣੀ ਹੋਵੇ ਤਾਂ ਉਹ ਉਨ੍ਹਾਂ ਨੂੰ ਘੇਰ ਲੈਂਦੇ। ਉਨ੍ਹਾਂ ਇਸ ਸ਼ਰਤ 'ਤੇ ਪੈਸੇ ਦੇਣੇ ਕਿ ਇਨ੍ਹਾਂ ਪੈਸਿਆਂ ਦੀ ਦਾਰੂ ਨਹੀਂ ਪੀਣੀ।

ਉਹ ਬਹੁਤ ਉੱਚ ਪਾਏ ਦੇ ਅਨਵਾਦਕ ਸਨ । ਉਨ੍ਹਾਂ ਬਹੁਤ ਸਾਰੀਆਂ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ ਜਿਨ੍ਹਾਂ ਵਿਚ 'ਅੱਧੀ ਰਾਤ ਵੇਲੇ' (ਪਰਲ ਬੱਕ), 'ਆਧੁਨਿਕ ਸੌਂਦਰਯ-ਬੋਧ ਦੀਆਂ ਸਮੱਸਿਆਵਾਂ' (ਅਨਾਤੋਲੀ ਦਰੇਮੋਵ), 'ਚੜ੍ਹਦੇ ਸੂਰਜ ਨੂੰ ਸਲਾਮ' (ਅੰਤੋਨ ਚੈਖਵ), 'ਹਵੇਲੀ ਵਾਲੀ ਰਾਣੀ ਸਾਹਿਬਾ' (ਅੰਤੋਨ ਚੈਖਵ), 'ਬਾਬਰ' (ਪਿਰਿਮਕੁਲ ਕਾਦਿਰੋਵ), 'ਮੇਰੀ ਕਹਾਣੀ' (ਫਲੇਵੀਆ), 'ਮੰਟੋ ਦੇ ਖ਼ਤ: ਅੰਕਲ ਸੈਮ ਦੇ ਨਾਂ' (ਸਆਦਤ ਹਸਨ ਮੰਟੋ), 'ਮਹਾਰਾਜਾ ਰਣਜੀਤ ਸਿੰਘ: ਰਾਜ ਵਿਵਸਥਾ, ਅਰਥਚਾਰਾ ਅਤੇ ਸਮਾਜ' (ਡਾ. ਜੇ.ਐੱਸ. ਗਰੇਵਾਲ) ਆਦਿ ਸ਼ਾਮਿਲ ਹਨ। ਉਨ੍ਹਾਂ ਰੂਸੀ ਲੋਕ ਕਹਾਣੀਆਂ ਤੇ ਹੋਰ ਅੱਧੀ ਦਰਜਨ ਬਾਲ ਪੁਸਤਕਾਂ ਪੰਜਾਬੀ ਵਿਚ ਉਲਥਾਈਆਂ। ਉਨ੍ਹਾਂ ਨੇ ਪਰਵੀਨ ਸ਼ਾਕਿਰ ਦੀ ਚੋਣਵੀਂ ਕਵਿਤਾ ਦਾ ਵੀ ਬਾਕਮਾਲ ਲਿੱਪੀਅੰਤਰ ਕੀਤਾ। 'ਆਧੁਨਿਕ ਸੌਂਦਰਯ-ਬੋਧ ਦੀਆਂ ਸਮਸਿਆਵਾਂ' ਕਿਤਾਬ ਤਾਂ ਤਤਕਾਲੀ ਖੋਜਾਰਥੀਆਂ ਨੇ ਪੜ੍ਹ ਪੜ੍ਹ ਕੇ ਘਸਾ ਦਿੱਤੀ ਸੀ। 'ਬਾਬਰ' ਨਾਵਲ ਅਕਾਦਮਿਕ ਹਲਕਿਆਂ ਵਿਚ ਬਹੁਤ ਮਕਬੂਲ ਰਿਹਾ ਹੈ। ਰੂਸੀ ਲਿਖਤਾਂ ਨੂੰ ਰੈਣਾ ਜੀ ਨੇ ਰੀਝ ਨਾਲ ਉਲਥਾਇਆ।

ਅੰਮ੍ਰਿਤਸਰ ਵਿਚ ਨਿਵਾਸ ਕਰਨ ਵਾਲੀ ਇਹ ਜੋੜੀ ਅੱਜ ਕੱਲ੍ਹ ਆਪਣੇ ਪੁੱਤਰ ਡਾ. ਨਵਪ੍ਰੇਮ ਸਿੰਘ ਰੈਣਾ ਜੋ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਫ਼ਲ ਵਿਭਾਗ ਵਿਚ ਪ੍ਰੋਫੈਸਰ ਹਨ, ਪਾਸ ਲੁਧਿਆਣਾ ਰਹਿ ਰਹੀ ਸੀ। ਰੈਣਾ ਜੀ ਦੇ ਅਕਾਲ ਚਲਾਣੇ ਤੋਂ ਕੁਝ ਦਿਨ ਬਾਅਦ 26 ਨਵੰਬਰ 2023 ਨੂੰ ਕੰਵਲਜੀਤ ਕੌਰ ਰੈਣਾ ਵੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਪਰਿਵਾਰ ਵਿਚ ਪੁੱਤਰ ਡਾ. ਨਵਪ੍ਰੇਮ ਸਿੰਘ ਰੈਣਾ, ਨੂੰਹ ਡਾ. ਮਨਪ੍ਰੀਤ ਕੌਰ (ਜੋ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਰਸਾਇਣ ਵਿਭਾਗ ਵਿਚ ਪ੍ਰੋਫੈਸਰ ਹਨ), ਪੁੱਤਰੀ ਪ੍ਰੇਮ ਅਰਚਨਾ ਤੇ ਜਵਾਈ ਹਰਵਿੰਦਰ ਸਿੰਘ (ਜੋ ਸਿਡਨੀ ਅਸਟਰੇਲੀਆ ਰਹਿੰਦੇ ਹਨ) ਹਨ।

ਇਹ ਜੋੜੀ ਅੱਜ ਭਾਵੇਂ ਸਾਡੇ ਵਿਚਕਾਰ ਨਹੀਂ ਰਹੀ ਪਰ ਪ੍ਰੇਮ ਅਵਤਾਰ ਸਿੰਘ ਰੈਣਾ ਨੂੰ ਸਾਹਿਤਕ ਕਾਰਜਾਂ ਕਰ ਕੇ ਅਤੇ ਕੰਵਲਜੀਤ ਕੌਰ ਨੂੰ ਵਿਦਿਅਕ ਖੇਤਰ ਵਿਚ ਪਾਏ ਯੋਗਦਾਨ ਲਈ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

# ਮਨੁੱਖੀ ਅਧਿਕਾਰਾਂ ਦੇ ਮਸਲੇ ਅਤੇ ਨਿਆਂ

ਪੈਰਿਸ ਵਿਚ 10 ਦਸੰਬਰ 1948 ਨੂੰ ਹੋਈ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿਚ ਮਨੁੱਖੀ ਅਧਿਕਾਰਾਂ ਬਾਰੇ ਸੰਸਾਰਵਿਆਪੀ ਐਲਾਨਨਾਮਾ ਜਾਰੀ ਕੀਤਾ ਗਿਆ ਜਿਸ ਦਾ ਮੁੱਖ ਮਕਸਦ ਮਨੁੱਖਾਂ ਦੇ ਮੁਢਲੇ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ। ਸੰਸਾਰ ਪੱਧਰ 'ਤੇ ਇਸ ਨੂੰ ਸਮਝਣ ਵਾਸਤੇ ਇਸ ਐਲਾਨਨਾਮੇ ਦਾ 500 ਭਾਸ਼ਾਵਾਂ ਵਿਚ ਅਨੁਵਾਦ ਵੀ ਉਪਲਬਧ ਹੈ। 10 ਦਸੰਬਰ ਨੂੰ ਸੰਸਾਰ ਭਰ ਵਿਚ ਮਨੁੱਖੀ

**ਕੰਵਲਜੀਤ ਕੌਰ ਗਿੱਲ**

ਅਧਿਕਾਰ ਦਿਵਸ ਮਨਾਇਆ ਜਾਂਦਾ ਹੈ। ਇਸ ਦਾ ਮੂਲ ਆਧਾਰ ਸੰਸਾਰ ਵਿਚ ਆਜ਼ਾਦੀ, ਨਿਆਂ ਅਤੇ ਸ਼ਾਂਤੀ ਨੂੰ ਮੰਨਿਆ ਗਿਆ ਹੈ। ਮਨੁੱਖਾਂ ਦੀਆਂ ਮੁਢਲੀਆਂ ਜ਼ਰੂਰਤਾਂ ਕੁੱਲੀ, ਗੁੱਲੀ ਤੇ ਜੁੱਲੀ ਜਾਂ ਰੋਟੀ, ਕੱਪੜਾ ਅਤੇ ਮਕਾਨ ਹੁੰਦੀਆਂ ਹਨ। ਸਾਫ਼ ਸੁਥਰੀ ਤੇ ਸੁਰੱਖਿਅਤ ਜੀਵਨ ਸ਼ੈਲੀ ਵਾਸਤੇ ਸਾਰੇ ਮਨੁੱਖਾਂ ਨੂੰ ਸਮਾਨ ਰੂਪ ਵਿਚ ਇਹ ਸਹੂਲਤਾਂ ਪ੍ਰਾਪਤ ਹੋਣੀਆਂ ਮਨੁੱਖ ਦਾ ਅਧਿਕਾਰ ਹੈ। ਇਸ ਨਾਲ ਬੰਦੇ ਦਾ ਸਰੀਰਕ ਤੇ ਮਾਨਸਿਕ ਵਿਕਾਸ ਜੁੜਿਆ ਹੋਇਆ ਹੈ। ਇਸ ਤੋਂ ਘੱਟ ਪ੍ਰਾਪਤੀ ਵਿਦਰੋਹ ਨੂੰ ਜਨਮ ਦਿੰਦੀ ਹੈ ਤੇ ਇਸ ਤੋਂ ਵੱਧ ਹੱਕ, ਦੂਜਿਆਂ ਦਾ ਸ਼ੋਸ਼ਣ ਹੁੰਦਾ ਹੈ।

1948 ਵਾਲੇ ਐਲਾਨਨਾਮੇ ਦੇ ਘੇਰੇ ਵਿਚ ਲਗਭਗ ਸਾਰੇ ਹੀ ਮਨੁੱਖੀ ਅਧਿਕਾਰ ਸ਼ਾਮਲ ਹਨ ਜਿਨ੍ਹਾਂ ਨੂੰ ਮੰਨਣਾ ਸਾਰੇ ਮੈਂਬਰ ਦੇਸ਼ਾਂ ਲਈ ਸੰਵਿਧਾਨਕ ਅਤੇ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ। ਇਨ੍ਹਾਂ ਅਧਿਕਾਰਾਂ ਨੂੰ 30 ਧਾਰਾਵਾਂ ਵਿਚ ਵੰਡ ਕੇ ਸਪਸ਼ਟ ਕੀਤਾ ਗਿਆ ਹੈ। ਪਹਿਲੀਆਂ ਚਾਰ ਧਾਰਾਵਾਂ ਮਨੁੱਖੀ ਆਜ਼ਾਦੀ ਨਾਲ ਸਬੰਧਿਤ ਹਨ; ਭਾਵ, ਬਿਨਾਂ ਕਿਸੇ ਜਾਤ, ਨਸਲ, ਰੰਗ, ਲਿੰਗ, ਭਾਸ਼ਾ, ਧਰਮ, ਵਿਸ਼ਵਾਸ, ਰਾਜਨੀਤਕ ਜਾਂ ਕੋਈ ਹੋਰ ਵਿਚਾਰਧਾਰਾ, ਕੌਮ ਜਾਂ ਸਮਾਜਿਕ ਆਧਾਰ, ਜ਼ਮੀਨ ਜਾਇਦਾਦ ਕਾਰਨ ਮਿਲੀ ਉਪਾਧੀ ਆਦਿ ਦੇ ਹਰ ਇਕ ਦੀ ਆਜ਼ਾਦ ਹੋਂਦ ਹੈ। ਭਾਈਚਾਰਕ ਤੌਰ 'ਤੇ ਸਾਰੇ ਬਰਾਬਰ ਹਨ। ਅਗਲੀਆਂ 5 ਤੋਂ 21 ਤਕ ਧਾਰਾਵਾਂ ਬਿਨਾਂ ਕਿਸੇ ਕਾਰਨ ਦੇ ਨਜ਼ਰਬੰਦੀ, ਗ੍ਰਿਫਤਾਰੀ ਜਾਂ ਕੈਦ ਵਿਰੁੱਧ ਕਾਨੂੰਨੀ ਸੁਰੱਖਿਆ ਦਿੰਦੀਆਂ ਹਨ ਅਤੇ 22 ਤੋਂ 30 ਤਕ ਧਾਰਾਵਾਂ ਸਮਾਜਿਕ, ਸਭਿਆਚਾਰ ਅਤੇ ਆਰਥਿਕ ਅਧਿਕਾਰਾਂ ਬਾਰੇ ਹਨ। ਕੰਮ ਦਾ ਅਧਿਕਾਰ, ਵਾਜਿਬ ਮਜ਼ਦੂਰੀ, ਸਮਾਜਿਕ ਸੁਰੱਖਿਆ, ਲੋੜੀਂਦਾ ਜੀਵਨ ਪੱਧਰ, ਭੁੱਖ ਤੋਂ ਮੁਕਤੀ, ਸਿਖਿਆ ਅਤੇ ਸਿਹਤ ਸੇਵਾਵਾਂ ਦੀ ਪ੍ਰਾਪਤੀ ਤੋਂ ਇਲਾਵਾ ਟ੍ਰੇਡ ਯੂਨੀਅਨਾਂ ਬਣਾਉਣ ਦਾ ਅਧਿਕਾਰ ਇਸ ਵਿਚ ਸ਼ਾਮਲ ਹਨ। ਸਮਾਜ ਵਿਚ ਵਿਚਰਦਾ ਬੰਦਾ ਆਪਣੇ ਸਮਾਜਿਕ ਤੇ ਸੱਭਿਆਚਾਰਕ ਅਧਿਕਾਰ ਮਾਣਦਾ ਆਪਣੇ ਭਾਈਚਾਰੇ ਨਾਲ ਜੁੜਦਾ ਅਤੇ ਵੱਖ ਵੱਖ ਗਤੀਵਿਧੀਆਂ ਵਿਚ ਸ਼ਾਮਲ ਹੁੰਦਾ ਹੈ। ਇਸ ਨਾਲ ਉਸ ਦੀ ਸਮੁੱਚੀ ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ। ਭਾਰਤ ਨੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਬਾਰੇ ਐਲਾਨਨਾਮੇ ਦੀ ਤਰਜ਼ 'ਤੇ ਇਨ੍ਹਾਂ ਸਾਰੇ ਅਧਿਕਾਰਾਂ ਨੂੰ ਆਪਣੇ ਸੰਵਿਧਾਨ ਵਿਚ (1950) ਦਰਜ ਕੀਤਾ ਹੈ। 1960ਵਿਆਂ ਦੌਰਾਨ ਯੂ.ਐਨ.ਓ. ਨੇ ਇਨ੍ਹਾਂ ਅਧਿਕਾਰਾਂ ਨੂੰ ਦੋ ਕੋਵੀਨੈਂਟ ਦੇ ਰੂਪ ਵਿਚ ਪਾਸ ਕੀਤਾ। ਪਹਿਲੇ ਵਿਚ ਸਿਵਲ ਅਧਿਕਾਰ ਅਤੇ ਦੂਜੇ ਵਿਚ ਸਮਾਜਿਕ ਤੇ ਆਰਥਿਕ ਅਧਿਕਾਰ ਰਖੇ ਗਏ। ਇਸ ਤਰਤੀਬ ਨੂੰ ਭਾਰਤ ਸਰਕਾਰ ਨੇ ਵੀ ਸਪਸ਼ਟ ਰੂਪ ਵਿਚ ਸਵੀਕਾਰ ਕੀਤਾ ਹੈ। ਸੰਵਿਧਾਨਕ ਤੌਰ 'ਤੇ ਭਾਰਤ ਦੇ ਸਾਰੇ ਨਾਗਰਿਕ ਬਰਾਬਰ ਹਨ।

ਇਸ ਵੇਲੇ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਹਾਲਤ ਕੀ ਹੈ? ਕੀ ਇਹ ਅਧਿਕਾਰ ਸਿਰਫ ਉੱਚ ਸ਼੍ਰੇਣੀ ਜਾਂ ਸਰਦੇ ਪੁੱਜਦੇ ਅਮੀਰ ਘਰਾਣੇ ਜਿਨ੍ਹਾਂ ਦੇ ਸਬੰਧ ਰਾਜਨੀਤਕ ਪਾਰਟੀਆਂ ਨਾਲ ਹਨ, ਲਈ ਹਨ? ਹੰਸਾ ਮਹਿਤਾ ਭਾਰਤ ਦੀ ਪਹਿਲੀ ਔਰਤ ਸੀ ਜਿਸ ਨੇ ਇਸ ਐਲਾਨਨਾਮੇ ਵਿਚ ਸੋਧ ਕਰਵਾ ਕੇ ਔਰਤਾਂ ਦੇ ਅਧਿਕਾਰਾਂ ਵੱਲ ਧਿਆਨ ਦਿਵਾਇਆ ਕਿ "ਸਾਰੇ ਆਦਮੀ ਪੈਦਾ ਹੋਣ ਵੇਲੇ ਆਜ਼ਾਦ ਤੇ ਬਰਾਬਰ ਹੁੰਦੇ ਹਨ" ਦੀ ਥਾਂ ਲਿਖੋ ਕਿ "ਸਾਰੇ ਵਿਅਕਤੀ ਪੈਦਾ ਹੋਣ ਵੇਲੇ ਆਜ਼ਾਦ ਤੇ ਬਰਾਬਰ ਹੁੰਦੇ ਹਨ"। 2021 ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਔਰਤਾਂ ਦੇ ਅਧਿਕਾਰਾਂ ਬਾਰੇ ਰਿਪੋਰਟ ਜਾਰੀ ਕੀਤੀ ਜਿਸ ਦਾ ਸਬੰਧ ਐਲਾਨਨਾਮੇ ਵਿਚ ਦਰਜ 'ਔਰਤਾਂ ਵਿਰੁੱਧ ਹਰ ਪ੍ਰਕਾਰ ਦਾ ਪੱਖਪਾਤ ਪੂਰਨ ਰੂਪ ਵਿਚ ਖ਼ਤਮ ਕਰਨਾ' ਹੈ। 1995 ਵਿਚ ਪੇਈਚਿੰਗ (ਚੀਨ) ਵਿਚ ਚੌਥੀ ਕੌਮਾਂਤਰੀ ਮਹਿਲਾ ਕਾਨਫਰੰਸ ਵਿਚ ਵੀ ਇਸੇ ਪ੍ਰਕਾਰ ਦਾ ਐਲਾਨਨਾਮਾ ਜਾਰੀ ਕੀਤਾ ਗਿਆ। ਯੂ.ਐਨ. ਕਮਿਸ਼ਨ ਦੇ ਜਾਰੀ ਕੀਤੇ ਐਲਾਨਨਾਮੇ (1993) ਦੀ ਧਾਰਾ ਇੱਕ ਵਿਚ ਸਪਸ਼ਟ ਹੈ ਕਿ ਔਰਤ ਉਪਰ ਹਿੰਸਾ ਔਰਤ ਦੇ ਮੁਢਲੇ ਅਧਿਕਾਰਾਂ ਦੀ ਉਲੰਘਣਾ ਦੇ ਬਰਾਬਰ ਹੈ। ਇਕ ਪਾਸੇ ਮਨੁੱਖੀ ਅਧਿਕਾਰਾਂ ਦੇ ਸੰਸਾਰ ਪੱਧਰ ਤੇ ਲਾਗੂ ਹੋਣ ਦੀ ਚਰਚਾ ਹੈ, ਦੂਜੇ ਪਾਸੇ ਔਰਤਾਂ ਉਪਰ ਰੋਜ਼ਾਨਾ ਹੋ ਰਹੀਆਂ ਵਹਿਸ਼ਿਆਨਾ ਘਟਨਾਵਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ। ਅਫਗਾਨਿਸਤਾਨ ਵਿਚ ਤਾਲਿਬਾਨ ਹਕੂਮਤ ਦੇ ਮੁੜ ਸੱਤਾ ਵਿਚ ਆਉਣ ਤੋਂ ਬਾਅਦ ਔਰਤਾਂ ਦੇ ਮੁੱਢਲੇ ਅਧਿਕਾਰ ਖੋਹਣ ਤੇ ਉਨ੍ਹਾਂ ਦੀ ਉਲੰਘਣਾ ਦਾ ਰੁਝਾਨ ਦੁਬਾਰਾ ਸ਼ੁਰੂ ਹੋ ਗਿਆ ਹੈ। 2021 ਤੋਂ ਬਾਅਦ ਸੋਚੇ ਸਮਝੇ ਢੰਗ ਨਾਲ ਔਰਤਾਂ ਨੂੰ ਮੁੱਖ ਧਾਰਾ ਵਿਚੋਂ ਬਾਹਰ



ਕੀਤਾ ਜਾ ਰਿਹਾ ਹੈ। ਉਚੇਰੀ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ, ਰੁਜ਼ਗਾਰ ਦਾ ਅਧਿਕਾਰ, ਘਰ ਤੋਂ ਬਾਹਰ ਘੁੰਮਣ ਫਿਰਨ ਦੀ ਆਜ਼ਾਦੀ ਆਦਿ ਸਾਰਾ ਕੁਝ, ਸ਼ਰੀਅਤ ਦੇ ਬਹਾਨੇ ਖੋਹਿਆ ਜਾ ਰਿਹਾ ਹੈ। ਇਰਾਨ ਵਿਚ ਹਿਜਾਬ ਪਹਿਨਣ ਤੋਂ ਇਨਕਾਰੀ ਹੋਣ 'ਤੇ ਔਰਤਾਂ ਉਪਰ ਅਤਿਆਚਾਰ ਕੀਤਾ ਗਿਆ। ਇਵੇਂ ਹੀ ਇਜ਼ਰਾਈਲ ਦੀਆਂ ਗਾਜ਼ਾ ਕਾਰਵਾਈਆਂ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਘੇਰੇ 'ਚ ਆਉਂਦੀਆਂ ਹਨ। ਇਜ਼ਰਾਈਲ ਇਹ ਅਮਰੀਕਾ ਅਤੇ ਪੱਛਮੀ ਯੂਰਪੀ ਮੁਲਕਾਂ ਦੀ ਸ਼ਹਿ 'ਤੇ ਕਰ ਰਿਹਾ ਹੈ। ਇਹ ਕਾਰਵਾਈਆਂ ਵਧ ਰਹੇ ਮਨੁੱਖੀ ਸੰਕਟ ਵਲ ਸੰਕੇਤ ਹਨ।

ਔਰਤਾਂ ਦੇ ਮਨੁੱਖੀ ਅਧਿਕਾਰਾਂ ਦੀ ਗੱਲ ਕਰੀਏ ਤਾਂ ਹਾਲਤ ਅਤਿਅੰਤ ਦੁਖਦਾਈ ਤੇ ਚਿੰਤਾਜਨਕ ਹੈ। ਔਰਤਾਂ ਵਿਰੁੱਧ ਵਹਿਸ਼ੀਆਨਾ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਔਰਤਾਂ ਵਿਰੁੱਧ ਰਿਪੋਰਟ ਹੁੰਦੇ ਕੇਸਾਂ ਵਿਚ ਜਬਰ ਜ਼ਨਾਹ ਚੌਥੇ ਨੰਬਰ 'ਤੇ ਸਭ ਤੋਂ ਵੱਧ ਹੋਣ ਵਾਲਾ ਅਪਰਾਧ ਹੈ। ਪਿੱਛੇ ਜਿਹੇ ਗੁਜਰਾਤ ਹਾਈ ਕੋਰਟ ਨੇ ਜਬਰ ਜ਼ਨਾਹ ਪੀੜਤ ਦਾ ਗਰਭ ਖ਼ਤਮ ਕਰਨ ਸਬੰਧੀ ਪਟੀਸ਼ਨ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਜਿਸ ਬਾਰੇ ਸੁਪਰੀਮ ਕੋਰਟ ਨੇ ਨਾਰਾਜ਼ਗੀ ਵੀ ਜ਼ਾਹਿਰ ਕੀਤੀ ਅਤੇ ਕਿਹਾ ਕਿ 'ਗੁਜਰਾਤ ਹਾਈ ਕੋਰਟ ਦੀ ਇਸ ਕਾਰਵਾਈ ਨਾਲ ਬਹੁਮੁੱਲਾ ਸਮਾਂ ਬਰਬਾਦ ਹੋਇਆ ਹੈ'। ਜਬਰ ਜ਼ਨਾਹ ਮਨੁੱਖਤਾ ਵਿਰੁੱਧ ਅਪਰਾਧ ਹੈ। ਗੁਜਰਾਤ ਹਾਈ ਕੋਰਟ ਦੀ ਇਸ ਕਾਰਵਾਈ ਨਾਲ ਕਿਸ ਦਾ ਸਮਾਂ ਬਰਬਾਦ ਹੋਇਆ? ਕੋਰਟ ਦਾ ਜਾਂ ਉਸ ਪੀੜਤ ਔਰਤ ਦਾ ਜਿਸ ਲਈ ਇਸ ਹਾਲਤ ਵਿਚ ਇੱਕ ਇੱਕ ਘੜੀ ਮਹੱਤਵਪੂਰਨ ਹੈ? ਮਨੁੱਖੀ ਅਧਿਕਾਰਾਂ ਤਹਿਤ ਇਹ ਲਾਜ਼ਮੀ ਹੈ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਨੂੰ ਸੰਵੇਦਨਸ਼ੀਲਤਾ ਨਾਲ ਨਜਿੱਠਿਆ ਜਾਵੇ। 2018-22 ਦੌਰਾਨ ਔਰਤਾਂ ਉਪਰ ਤੇਜ਼ਾਬ ਸੁੱਟਣ ਦੇ 386 ਕੇਸ ਦਰਜ ਹੋਏ ਜਿਨ੍ਹਾਂ ਵਿਚੋਂ ਕੇਵਲ 62 ਦੋਸ਼ੀਆਂ ਨੂੰ ਸਜ਼ਾ ਹੋਈ। ਤ੍ਰਾਸਦੀ ਇਹ ਹੈ ਕਿ ਹਿੰਸਕ ਘਟਨਾਵਾਂ ਦੇ ਬਹੁਤੇ ਕੇਸ ਦਰਜ ਹੀ ਨਹੀਂ ਹੁੰਦੇ। ਕੋਵਿਡ-19 ਦੀ ਮਹਾਮਾਰੀ ਕਾਰਨ ਘਰੇਲੂ ਝਗੜੇ ਅਤੇ ਹਿੰਸਾ ਦੇ ਕੇਸਾਂ ਵਿਚ ਕਈ ਗੁਣਾ ਵਾਧਾ ਹੋਇਆ ਹੈ। ਮਹਿਲਾ ਅਧਿਕਾਰ ਕਮਿਸ਼ਨ ਅਨੁਸਾਰ ਔਰਤਾਂ ਉਪਰ ਹੋ ਰਹੀ ਘਰੇਲੂ ਹਿੰਸਾ ਦੇ 75% ਕੇਸ ਰਿਪੋਰਟ ਹੀ ਨਹੀਂ ਹੁੰਦੇ। ਆਜ਼ਾਦੀ ਦਿਵਸ ਮੌਕੇ ਇੱਕ ਪਾਸੇ ਮੁਲਕ ਦੇ ਆਗੂ ਔਰਤਾਂ ਦੀ ਰੋਜ਼ਾਨਾ ਹੋ ਰਹੀ ਬੇਹੁਰਮਤੀ ਬਾਰੇ ਚਿੰਤਾ ਪ੍ਰਗਟਾਉਂਦੇ ਹਨ, ਦੂਜੇ ਪਾਸੇ ਉਸੇ ਦਿਨ ਜਬਰ ਜ਼ਨਾਹ ਦੇ ਦੋਸ਼ੀ ਜਿਨ੍ਹਾਂ ਦੀ ਸਜ਼ਾ ਪੂਰੀ ਨਹੀਂ ਹੋਈ ਹੁੰਦੀ, ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ।

ਅਸਲ ਵਿਚ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਉਸ ਖੇਤ ਦੀ ਫ਼ਸਲ ਉੱਜੜਦੀ ਹੀ ਹੈ। ਔਰਤਾਂ ਨੂੰ ਕਦੀ ਬੁੱਲੀ ਬਾਈ ਤੇ ਕਦੀ ਸੁੱਲੀ ਬਾਈ ਕਹਿ ਕੇ ਪ੍ਰੇਸ਼ਾਨ ਕੀਤਾ ਜਾਂਦਾ ਹੈ। ਇੰਟਰਨੈੱਟ ਜ਼ਰੀਏ ਔਰਤ ਨੂੰ ਬਦਨਾਮ ਕਰਨ ਦਾ ਨਵਾਂ ਤਰੀਕਾ ਲੱਭਿਆ ਹੈ। ਸਾਈਬਰ ਬੁਲਿੰਗ ਉਨ੍ਹਾਂ ਔਰਤਾਂ ਖ਼ਿਲਾਫ਼ ਵਰਤਿਆ ਜਾਂਦਾ ਹੈ ਜਿਹੜੀਆਂ ਥੋੜ੍ਹਾ ਬਹੁਤ ਚੇਤੰਨ ਹਨ ਤੇ ਆਪਣੇ ਹੱਕਾਂ ਲਈ ਆਵਾਜ਼ ਉਠਾਉਂਦੀਆਂ ਹਨ। ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ। ਇਸ ਸਾਰੇ ਵਰਤਾਰੇ ਪਿੱਛੇ ਮਰਦ ਦੀ ਔਰਤ ਪ੍ਰਤੀਮਾਤੀ ਸੋਚ, ਪੱਖਪਾਤੀ ਰਵੱਈਆ ਤੇ ਨਾ-ਬਰਾਬਰੀ ਹੈ। ਬੋਲਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਬਾਰੇ ਹਾਲਾਤ ਇਹ ਹਨ ਕਿ ਜਿਹੜੇ ਲੇਖਕ, ਬੁਧੀਜੀਵੀ ਜਾਂ ਚਿੰਤਕ ਆਪਣੇ ਵਿਚਾਰ ਖੁੱਲ੍ਹ ਕੇ ਪੇਸ਼ ਕਰਦੇ ਹਨ, ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਿਆ ਜਾਂਦਾ ਹੈ, ਉਨ੍ਹਾਂ ਨਾਲ ਅਣਮਨੁੱਖੀ ਵਰਤਾਓ ਕੀਤਾ ਜਾਂਦਾ ਹੈ। ਮੀਡੀਆ ਰਾਹੀਂ ਸਪਸ਼ਟ ਰਿਪੋਰਟਿੰਗ ਕਰਨ ਵਾਲੇ ਨੂੰ ਮਜਬੂਰਨ ਅਸਤੀਫਾ ਦੇਣਾ ਪੈਂਦਾ ਹੈ। ਹੋਰ ਸਰਕਾਰੀ ਅਦਾਰਿਆਂ ਦੇ ਨਾਲ ਨਾਲ ਮੀਡੀਆ ਪ੍ਰਾਈਵੇਟ ਕਾਰਪੋਰੇਟ ਘਰਾਣਿਆਂ ਹੱਥ ਵੇਚਿਆ ਜਾ ਰਿਹਾ ਹੈ। ਖ਼ਾਸ ਪਹਿਰਾਵਾ ਪਾਉਣ/ਨਾ ਪਾਉਣ ਦੇ ਆਦੇਸ਼ ਜਾਰੀ ਹੁੰਦੇ ਹਨ।

ਸੋ ਅਸੀਂ ਕਿਸ ਕਿਸਮ ਦੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਦੀ ਗੱਲ ਕਰ ਰਹੇ ਹਾਂ ਤੇ ਸੰਸਾਰ ਭਰ 'ਚ ਵਾਹ ਵਾਹ ਖੱਟਣ ਦੇ ਦਾਅਵੇ ਕਰ ਰਹੇ ਹਾਂ? ਇਥੇ ਔਰਤ ਸੁਰੱਖਿਅਤ ਨਹੀਂ, ਖ਼ਾਸ ਧਰਮ 'ਚ ਵਿਸ਼ਵਾਸ ਰੱਖਣ ਵਾਲੇ ਜਾਂ ਘਟ ਗਿਣਤੀ ਫਿਰਕਿਆਂ ਦੇ ਲੋਕ ਮਹਿਫੂਜ਼ ਨਹੀਂ, ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਨਹੀਂ, ਆਪਣੀ ਲਿਆਕਤ ਅਨੁਸਾਰ ਰੁਜ਼ਗਾਰ ਨਹੀਂ; ਮਨੁੱਖੀ ਅਧਿਕਾਰਾਂ ਦੀ ਪਰਿਭਾਸ਼ਾ ਵਿਅਕਤੀ ਤੋਂ ਵਿਅਕਤੀ, ਸ਼੍ਰੇਣੀ ਤੋਂ ਸ਼੍ਰੇਣੀ ਅਤੇ ਰਾਜ ਤੋਂ ਰਾਜ 'ਚ ਬਦਲ ਜਾਂਦੀ ਹੈ। ਅਸਲ 'ਚ ਸ਼੍ਰੇਣੀ ਵੰਡ ਸਮਾਜ ਦੀ ਬੁਨਿਆਦ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਉਪਰ ਟਿਕੀ ਹੁੰਦੀ ਹੈ। ਅਜ ਹਾਲਤ ਇਹ ਹੈ ਕਿ ਘਟ ਗਿਣਤੀ ਫ਼ਿਰਕੇ, ਮਾੜੇ ਤੇ ਗਰੀਬ ਵਾਸਤੇ ਤਾਂ ਕਾਨੂੰਨ ਹੈ ਪਰ ਇਸ ਦੀ ਡੋਰ ਬਹੁਗਿਣਤੀ, ਤਕੜੇ ਅਤੇ ਧਨਾਢ ਤਬਕੇ ਦੇ ਹੱਥ ਹੈ। ਉਹ ਕਾਨੂੰਨ ਨੂੰ ਵੀ ਆਪਣੀ ਮਰਜ਼ੀ ਅਤੇ ਸੌੜੇ ਹਿੱਤਾਂ ਦੀ ਪੂਰਤੀ ਲਈ ਵਰਤ ਰਹੇ ਹਨ।

ਆਜ਼ਾਦੀ, ਸਮਾਨਤਾ, ਸ਼ਾਂਤੀ, ਵਿਕਾਸ ਆਦਿ ਤਾਂ ਹੀ ਸੰਭਵ ਹਨ ਜੇ ਸਮਾਨਤਾ ਦੇ ਆਧਾਰ 'ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਹੁੰਦੀ ਹੈ। ਇਹ ਸਭ ਕੁਝ ਯਕੀਨੀ ਬਣਾਉਣ ਵਾਸਤੇ ਜਮਹੂਰੀਅਤ ਵਿਚ ਵਿਸ਼ਵਾਸ ਰੱਖਣ ਵਾਲੇ ਸਮੂਹ ਚਿੰਤਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਵਕੀਲਾਂ, ਅਧਿਆਪਕਾਂ, ਡਾਕਟਰਾਂ ਆਦਿ ਨੂੰ ਇਕੱਠਿਆਂ ਹੋ ਕੇ ਆਵਾਜ਼ ਬੁਲੰਦ ਕਰਨੀ ਪਵੇਗੀ। 1993 ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਭਾਵੇਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਹੋਂਦ ਵਿਚ ਆਇਆ ਸੀ ਪਰ ਇਸ ਵੇਲੇ ਕਾਨੂੰਨ ਨੂੰ ਸਹੀ ਅਰਥਾਂ ਵਿਚ ਸਮਾਨਤਾ ਦੇ ਆਧਾਰ ਉੱਤੇ ਲਾਗੂ ਕਰਨ ਦੀ ਜ਼ਰੂਰਤ ਹੈ। ਕੇਂਦਰ ਸਰਕਾਰ ਨੂੰ ਲਿੰਗ, ਜਾਤ ਬਰਾਦਰੀ, ਧਰਮ, ਨਸਲ, ਰੰਗ, ਸ਼੍ਰੇਣੀ ਆਦਿ ਤੋਂ ਉੱਪਰ ਉੱਠ ਕੇ ਨਿਰਪੱਖ ਰੂਪ ਵਿਚ ਲੋਕਤੰਤਰ ਪ੍ਰਣਾਲੀ ਦੀਆਂ ਧਾਰਾਵਾਂ ਤਹਿਤ ਸੁਚੱਜਾ ਤੇ ਸੂਝਬੂਝ ਵਾਲਾ ਸ਼ਾਸਨ ਯਕੀਨੀ ਬਣਾਉਣਾ ਪਵੇਗਾ। ਸਰਕਾਰ ਅਤੇ ਪ੍ਰਾਈਵੇਟ ਕਾਰਪੋਰੇਟ ਘਰਾਣਿਆਂ ਦੀ ਆਪਸੀ ਭਾਈਵਾਲੀ ਦਾ ਲੋਕਤੰਤਰ ਵਿਚ ਕੋਈ ਸਥਾਨ ਨਹੀਂ। ਇਸ ਦੇ ਨਾਲ ਹੀ ਆਪਣੇ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕ ਹੁੰਦਿਆਂ ਉਨ੍ਹਾਂ ਦੀ ਬਹਾਲੀ ਵਾਸਤੇ ਸਾਰਿਆਂ ਨੂੰ ਆਪ ਹੀ ਲਾਮਬੰਦ ਹੋ ਕੇ ਨਿੱਤ ਹੋ ਰਹੀਆਂ ਜ਼ਿਆਦਤੀਆਂ ਅਤੇ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕਰਨੀ ਪਵੇਗੀ।

# ਇਉਂ ਹੁੰਦਾ ਹੈ ਕਲਾ ਦਾ ਅਸਰ...

ਕੀਰਤੀ ਕਿਰਪਾਲ ਉਦੋਂ ਪੰਜਾਬੀ ਮਾਸਟਰ ਸੀ ਅਤੇ ਜੈਤੋ ਨੇੜਲੇ ਇਕ ਸਕੂਲ ਵਿਚ ਪੜ੍ਹਾਉਂਦਾ ਸੀ। ਨਾਟਕ ਦੀ ਚੇਟਕ ਉਹਨੂੰ ਉਦੋਂ ਹੀ ਲੱਗ ਗਈ ਸੀ ਜਦੋਂ ਉਹ ਉਮਰ ਵਿਚ ਅਜੇ ਛੋਟਾ ਹੀ ਸੀ। ਪਾਲੀ ਭੁਪਿੰਦਰ ਦਾ ਥਾਪੜਾ ਮਿਲਣ ਸਦਕਾ ਉਸ ਅੰਦਰਲੇ ਗਹਿਰ ਗੰਭੀਰ ਸ਼ਖ਼ਸ ਨੂੰ ਨਾਟਕਾਂ ਦੇ ਪਾਤਰ ਵਜੋਂ ਕੰਮ ਕਰਵਾਇਆ ਅਤੇ ਫਿਰ ਨਿਰਦੇਸ਼ਨ ਵਿਚ ਐਸਾ ਖੁੱਭਿਆ ਕਿ ਹੁਣ

**ਗੁਰਦੀਪ ਢੁੱਡੀ**
ਫੋਨ: +91-95010-20731

ਉਸ ਦਾ ਨਾਟਕ ਨਿਰਦੇਸ਼ਨ ਦੇ ਖੇਤਰ ਵਿਚ ਚੰਗਾ ਨਾਮ ਹੈ। ਮੇਰਾ ਉਸ ਨਾਲ ਵਾਹ 1999 ਵਿਚ ਉਦੋਂ ਪਿਆ ਜਦੋਂ ਵਿਭਾਗ ਨੇ ਮੇਰੀ ਡਿਊਟੀ ਕਵਿਤਾ ਮੁਕਾਬਲਿਆਂ ਦੀ ਜੱਜਮੈਂਟ ਵਿਚ ਲੱਗੀ ਸੀ। ਇਸ ਮੁਕਾਬਲੇ ਵਿਚ ਉਹ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਲੈ ਕੇ ਆਇਆ ਸੀ। ਮੁਕਾਬਲੇ ਦੇ ਨਤੀਜੇ ਬਾਅਦ ਮੇਰੇ ਕੋਲ ਆਇਆ, ਬੜੀ ਨਿਮਰਤਾ ਨਾਲ ਆਖਿਆ, "ਸਰ, ਸਾਡੇ ਵਿਦਿਆਰਥੀ ਦੀ ਪ੍ਰੋਫਾਰਮੈਂਸ 'ਚ ਕੀ ਕਮੀ ਸੀ, ਅਗਲੀ ਵਾਰੀ ਸੁਧਾਰ ਕਰ ਲਵਾਂਗੇ।"

"ਬੱਚਾ ਬੋਲ ਤਾਂ ਕਵਿਤਾ ਰਿਹਾ ਸੀ ਪਰ ਲੱਗਦਾ ਉਹ ਇਸ ਤਰ੍ਹਾਂ ਸੀ ਜਿਵੇਂ ਕਿਸੇ ਨਾਟਕ ਵਿਚ ਰੋਲ ਅਦਾ ਕਰ ਰਿਹਾ ਹੋਵੇ।" ਮੇਰੇ ਸੰਖੇਪ ਜਵਾਬ ਤੋਂ ਬਾਅਦ ਉਹ ਮੁਸਕਰਾ ਪਿਆ, "ਸਰ, ਇਸ ਵਿਚ ਲੜਕੇ ਦਾ ਕਸੂਰ ਨਹੀਂ। ਅਸਲ ਵਿਚ ਨਾਟਕ ਮੇਰਾ ਖੇਤਰ ਹੈ, ਇਹ ਕਵਿਤਾ ਮੈਂ ਈ ਤਿਆਰ ਕਰਵਾਈ ਸੀ।" ਉਸ ਦੇ ਚਿਹਰੇ ਦੀ ਗੰਭੀਰਤਾ ਅਤੇ ਨਿਮਰ ਸੁਭਾਅ ਨੇ ਵਾਹਵਾ ਟੁੰਬਿਆ। ਇਸ ਤੋਂ ਬਾਅਦ ਥੋੜ੍ਹੀਆਂ ਬਹੁਤੀਆਂ ਹੋਰ ਗੱਲਾਂ ਹੋਈਆਂ; ਫਿਰ ਉਮਰਾਂ ਦੇ ਪਾੜੇ ਘਟਦੇ ਗਏ ਤੇ ਅਸੀਂ ਦੋਸਤਾਂ ਵਾਂਗ ਮਿਲਣ ਲੱਗੇ। ਉਹਨੇ ਆਪਣੇ ਵਿਦਿਆਰਥੀਆਂ ਨੂੰ ਨਾਟਕ ਤਿਆਰ ਕਰਵਾਏ, ਵੱਡੇ ਮੁਕਾਬਲਿਆਂ ਤੇ ਵੱਡੀਆਂ ਸਟੇਜਾਂ ਤੱਕ ਲੈ ਕੇ ਗਿਆ। ਉਨ੍ਹਾਂ ਵਿਚੋਂ ਅੱਜ ਚੰਗੇ ਕਲਾਕਾਰ ਵਜੋਂ ਆਪਣੀ ਪਛਾਣ ਬਣਾ ਚੁੱਕੇ ਹਨ। ਕੀਰਤੀ ਦੇ ਆਪਣੇ ਵਿਸਥਾਰ ਦਾ ਗਵਾਹ ਬਣਨ ਦਾ ਮੈਨੂੰ ਵੀ ਮੌਕਾ ਮਿਲਿਆ ਹੈ।

2011 ਵਿਚ ਮੇਰੀ ਤਾਇਨਾਤੀ ਫ਼ਰੀਦਕੋਟ ਦੇ ਲੜਕੀਆਂ ਦੇ ਸਕੂਲ ਵਿਚ ਪ੍ਰਿੰਸੀਪਲ ਵਜੋਂ ਹੋਈ। ਇਹ ਸਕੂਲ ਬੱਸ ਅੱਡੇ ਦੇ ਨਾਲ ਲੱਗਵਾਂ ਹੈ। ਕੀਰਤੀ ਨੇ ਰਹਾਇਸ਼ ਜੈਤੋ ਤੋਂ ਬਠਿੰਡੇ ਦੀ ਕਰ ਲਈ ਸੀ ਪਰ ਉਹ ਨਾਟਕਾਂ ਦੀ ਤਿਆਰੀ ਫ਼ਰੀਦਕੋਟ ਹੀ ਕਰਵਾਉਂਦਾ ਹੁੰਦਾ ਸੀ। ਇਸ ਸਕੂਲ ਵਿਚ ਮੇਰੇ ਆਉਣ ਸਦਕਾ ਉਸ ਲਈ ਨਾਟਕਾਂ ਦੀ ਤਿਆਰੀ ਕਰਵਾਉਣੀ ਵਾਹਵਾ ਸੌਖੀ ਹੋ ਗਈ। ਉਹ ਫ਼ਰੀਦਕੋਟ ਆਉਂਦਾ ਅਤੇ ਆਪਣੇ ਕਲਾਕਾਰਾਂ ਨੂੰ ਸਕੂਲ ਆਉਣ ਦਾ ਸੱਦਾ ਦੇ ਕੇ ਤਿਆਰੀ ਕਰਵਾ ਲੈਂਦਾ। ਉਸ ਨੇ 'ਪੀਰੂ ਦੀ ਸਾਰੰਗੀ' ਅਤੇ 'ਲੂਣਾ' ਨਾਟਕ ਇਥੇ ਹੀ ਤਿਆਰ ਕਰਵਾਏ।

'ਲੂਣਾ' ਦੀਆਂ ਰਿਹਰਸਲਾਂ ਚੱਲ ਰਹੀਆਂ ਸਨ ਕਿ ਮੈਨੂੰ ਅਜਮੇਰ ਔਲਖ ਦੇ ਸਕੂਲ ਆਉਣ ਸਮੇਂ ਦੀ ਘਟਨਾ ਯਾਦ ਆ ਗਈ। ਆਪਣੇ ਇਲਾਜ ਲਈ ਔਲਖ ਸਾਹਿਬ ਫ਼ਰੀਦਕੋਟ ਦੇ ਮੈਡੀਕਲ ਕਾਲਜ ਆਉਂਦੇ ਸਨ। ਆਪਣੀ ਪਤਨੀ ਮਨਜੀਤ ਔਲਖ ਨਾਲ ਜਦੋਂ ਉਹ ਫ਼ਰੀਦਕੋਟ ਆਏ ਤਾਂ ਵਾਪਸੀ 'ਤੇ ਮੇਰੇ ਸਕੂਲ ਆ ਗਏ। ਸਕੂਲ ਆਉਣ ਬਾਰੇ ਗੁਰਮੀਤ ਸਿੰਘ (ਪੱਤਰਕਾਰ) ਨੇ ਮੈਨੂੰ ਦੱਸਿਆ ਸੀ। "ਗੁਰਦੀਪ ਬੱਲੇ, ਅਸੀਂ ਥੋੜ੍ਹੀ ਥੋੜ੍ਹੀ ਚਾਹ ਪੀਵਾਂਗੇ, ਜ਼ਿਆਦਾ ਸਮਾਂ ਔਲਖ ਸਾਹਿਬ ਤੋਂ ਬੈਠਿਆ ਨ੍ਹੀਂ ਜਾਣਾ।" ਸਕੂਲ ਆ ਕੇ ਮਨਜੀਤ ਔਲਖ ਨੇ ਮੈਨੂੰ ਸੁਚੇਤ ਕਰ ਦਿੱਤਾ ਸੀ। ਕਲਾ ਨਾਲ ਵਾਹ ਵਾਸਤਾ ਰੱਖਣ ਵਾਲੇ ਕੁਝ ਅਧਿਆਪਕਾਂ ਨੂੰ ਮੈਂ ਔਲਖ ਹੁਰਾਂ ਦੇ ਸਕੂਲ ਆਉਣ ਬਾਰੇ ਦੱਸਿਆ ਹੋਇਆ ਸੀ। ਜਿਵੇਂ ਹੀ ਔਲਖ ਸਾਹਿਬ ਦੀ ਗੱਡੀ ਸਕੂਲ ਵਿਚ ਆਈ, ਅਧਿਆਪਕਾਂ ਨੇ ਉਨ੍ਹਾਂ ਨੂੰ ਆਣ ਘੇਰਿਆ। ਔਲਖ ਸਾਹਿਬ ਆਪਣੇ ਨਾਟਕਾਂ, ਪਾਤਰਾਂ ਬਾਰੇ ਗੱਲਾਂ ਕਰਦੇ ਹੋਏ ਇੰਨੇ ਮਘਨ ਹੋ ਗਏ ਕਿ ਉਹ ਤੰਦਰੁਸਤਾਂ ਵਾਂਗ ਗੱਲਬਾਤ ਕਰ ਰਹੇ ਸਨ। ਮਨਜੀਤ ਭੈਣ ਜੀ ਅਤੇ ਗੁਰਮੀਤ ਸਿੰਘ ਹੋਰੀਂ ਪਾਸੇ ਬੈਠੇ ਹੱਸ ਰਹੇ ਸਨ। ਗੱਲਬਾਤ ਦਾ ਇਹ ਸਿਲਸਿਲਾ ਵਾਹਵਾ ਚਿਰ ਚੱਲਦਾ ਰਿਹਾ।

ਇਸ ਘਟਨਾ ਦੀ ਯਾਦ ਆਉਂਦਿਆਂ ਹੀ ਮੈਂ ਕੀਰਤੀ ਕਿਰਪਾਲ ਨੂੰ ਬੇਨਤੀ ਕੀਤੀ, "ਜੇ ਨਾਟਕ ਸਾਡੇ ਅਧਿਆਪਕਾਂ ਨੂੰ ਦਿਖਾ ਸਕੋ ਤਾਂ?"

"ਨਾਟਕ ਦੀ ਆਖ਼ਰੀ ਰਿਹਰਸਲ ਅਸੀਂ ਅਧਿਆਪਕਾਂ ਸਾਹਮਣੇ ਕਰ ਲਵਾਂਗੇ।" ਕੀਰਤੀ ਨੇ ਹਾਮੀ ਭਰੀ।

ਸਕੂਲ ਵਿਚ ਸਤੰਬਰ ਦੇ ਪੇਪਰ ਚੱਲ ਰਹੇ ਸਨ। ਬੱਚੇ ਪੇਪਰ ਦੇ ਕੇ ਆਪੋ-ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਫਿਰ ਵੀ ਸੰਗੀਤ ਅਧਿਆਪਕਾ ਅਵਨਿੰਦਰ ਨੇ ਸੰਗੀਤ ਵਿਸ਼ੇ ਵਾਲੀਆਂ ਲੜਕੀਆਂ ਨੂੰ ਨਾਟਕ ਦਿਖਾਉਣ ਲਈ ਆਖਦਿਆਂ ਸਕੂਲ ਵਿਚ ਰੱਖ ਲਿਆ।... ਸਟੇਜ ਸੈਟਿੰਗ ਅਤੇ ਕਲਾਕਾਰਾਂ ਦੀ ਵੇਸ਼-ਭੂਸ਼ਾ ਤੋਂ ਬਿਨਾ ਹੀ ਨਾਟਕ ਖੇਡਿਆ ਗਿਆ। ਨਾਟਕ ਦੇ ਵਿਸ਼ੇ ਅਤੇ ਪੇਸ਼ਕਾਰੀ ਨੇ ਅਧਿਆਪਕਾਂ ਵਿਸ਼ੇਸ਼ ਕਰ ਕੇ ਔਰਤ ਅਧਿਆਪਕਾਵਾਂ 'ਤੇ ਇੰਨਾ ਗਹਿਰਾ ਅਸਰ ਕੀਤਾ ਕਿ ਕੁਝ ਔਰਤਾਂ ਨੂੰ ਅੱਖਾਂ ਪੂੰਝਦਿਆਂ ਦੇਖਿਆ।

ਉਸ ਦਿਨ ਮੇਰੇ ਮਨ ਵਿਚਲੀ ਗੱਲ 'ਤੇ ਮੋਹਰ ਲੱਗ ਗਈ ਕਿ ਉਹੀ ਕਲਾਤਮਿਕ ਕਿਰਿਆ ਆਪਣੇ ਮੰਤਵ 'ਤੇ ਖਰੀ ਉਤਰਦੀ ਹੈ ਜਿਹੜੀ ਮਨੁੱਖੀ ਭਾਵਨਾਵਾਂ ਨੂੰ ਟੁੰਬਦੀ ਹੈ, ਸੁੱਤੀਆਂ ਭਾਵਨਾਵਾਂ ਜਗਾਉਂਦੀ ਹੈ। ਇਹ ਆਪੇ ਦੀ ਪਛਾਣ ਕਰਵਾਉਂਦੀ ਹੈ। ਕਲਾ ਉਹ ਹੁੰਦੀ ਹੈ ਜਿਹੜੀ ਮਨੁੱਖ ਦੇ ਧੁਰ ਅੰਦਰ ਤੱਕ ਲਹਿ ਜਾਣ ਦੀ ਸਮਰੱਥਾ ਰੱਖਦੀ ਹੈ। ਕਲਾ ਦਾ ਕਾਰਜ ਖੇਤਰ ਬੜਾ ਵਿਸ਼ਾਲ ਹੁੰਦਾ ਹੈ। ਇਹ ਸੀਮਾਵਾਂ ਵਿਚ ਕੈਦ ਨਹੀਂ ਹੁੰਦੀ। ਇਹ ਆਪਣੇ ਰਾਹ ਵੀ ਬਣਾਉਂਦੀ ਹੈ ਅਤੇ ਦਿਖਾਉਂਦੀ ਵੀ ਹੈ।

# ਨਾਮ ਜਪਣਾ - ਸਾਡੀ ਲੋੜ ਅਤੇ ਇਰਾਦਿਆਂ 'ਤੇ ਖੁੱਲ੍ਹੀ ਝਾਤ

ਡੂੰਘੇ ਫਲਸਫੇ, ਇਤਿਹਾਸ ਅਤੇ ਪ੍ਰੰਪਰਾਵਾਂ ਨਾਲ ਭਰਪੂਰ, ਪੰਦਰਵੀਂ ਸਦੀ ਦੌਰਾਨ ਹੋਂਦ ਵਿਚ ਆਇਆ ਸਿੱਖ ਧਰਮ, ਪੰਜਾਬ ਦੀ ਸਮਾਜਿਕ ਪਹਿਚਾਣ ਬਣ ਗਿਆ ਹੈ। ਇਸ ਧਰਮ ਦੀਆਂ ਮੂਲ ਸਿੱਖਿਆਵਾਂ 'ਚੋਂ ਇਕ ਹੈ ਨਾਮ ਜਪਣਾ, ਮਤਲਬ ਰੱਬ ਨੂੰ ਹਮੇਸ਼ਾ ਯਾਦ ਰੱਖਣਾ। ਸਿੱਖ ਰਹਿਤ ਮਰਿਆਦਾ ਅਨੁਸਾਰ ਹਰ ਸਿੱਖ ਨੂੰ ਦਿਨ ਵਿਚ ਪੰਜ ਬਾਣੀਆਂ ਪੜ੍ਹਨ ਦੀ ਹਦਾਇਤ ਹੈ। ਇਸ ਲੇਖ ਵਿਚ ਆਪਾਂ ਸਿੱਖ ਧਰਮ ਵਿਚ ਨਾਮ ਜਪਣ ਦੀ ਮਹੱਤਤਾ, ਉਸਦੇ ਫਾਇਦਿਆਂ ਅਤੇ ਨਾਮ ਜਪਣ ਪਿੱਛੇ ਸਾਡੇ ਇਰਾਦਿਆਂ ਦਾ ਨਿਰੀਖਣ ਕਰਾਂਗੇ।



ਡਾ. ਰਛਪਾਲ ਸਹੋਤਾ

**ਰੱਬ ਦਾ ਭੈਅ:** ਜਿਵੇਂ ਵੇਖਿਆ ਗਿਆ ਹੈ, ਬਹੁਤ ਸਾਰੇ ਇਨਸਾਨ ਰੱਬ ਦਾ ਨਾਮ ਉਸਦੀ ਕਰੋਪੀ ਦੇ ਡਰ ਤੋਂ ਲੈਂਦੇ ਹਨ - ਰੱਬ ਦੀਆਂ ਮਿਹਰਵਾਨ ਨਜ਼ਰਾਂ ਵਿਚ ਰਹਿਣ ਲਈ; ਮਰਨ ਤੋਂ ਬਾਅਦ ਨਰਕ ਵਿਚ ਭੇਜੇ ਜਾਣ ਤੋਂ ਬਚਣ ਲਈ ਤੇ ਜਾਂ ਚੁਰਾਸੀ ਲੱਖ ਜਨਮਾਂ ਦੇ ਚੱਕਰ ਵਿਚ ਫਸੇ ਨਾ ਰਹਿਣ ਲਈ। ਇਹ ਡਰ ਸਦੀਆਂ ਤੋਂ ਧਰਮ ਦੇ ਪੈਰੋਕਾਰਾਂ ਵੱਲੋਂ, ਆਪਣੀ ਗੱਲ ਲੋਕਾਂ ਤੋਂ ਮਨਾਉਣ ਲਈ ਵਰਤਿਆ ਜਾਣ ਵਾਲਾ ਹਥਿਆਰ ਹੈ। ਮੈਂ ਇੱਕ ਵਾਰ ਕੈਨੇਡਾ ਇੱਕ ਗੁਰਦੁਆਰੇ ਬੈਠਾ ਕਥਾ ਸੁਣ ਰਿਹਾ ਸਾਂ ਕਿ ਕਥਾਕਾਰ ਕਹਿਣ ਲੱਗਾ, "ਜਿਹੜੇ ਰੱਬ ਦਾ ਨਾਮ ਨਹੀਂ ਜਪਦੇ, ਉਹ ਅਗਲੀ ਵਾਰ ਕੁੱਤੇ ਦੀ ਜੂਨ ਵਿਚ ਪੈਣਗੇ।" ਫਿਰ ਉਹਨੇ ਇੱਕ ਪਲ ਸੋਚਿਆ ਤੇ ਆਪਣੇ ਆਪ ਨੂੰ ਦਰੁਸਤ ਕੀਤਾ-"ਇਹ ਸੋਚ ਕੇ ਕਿਤੇ ਖੁਸ਼ ਨਾ ਹੋ ਜਾਇਓ ਕਿ ਉਹ ਅਮਰੀਕਾ ਜਾਂ ਕਨੇਡਾ ਵਾਲੇ ਕੁੱਤੇ ਦੀ ਜੂਨ ਪੈਣਗੇ - ਸਾਧ ਸੰਗਤ ਜੀ, ਉਹ ਤਾਂ ਇੰਡੀਆ ਵਾਲੇ ਕੁੱਤੇ ਦੀ ਜੂਨ ਪੈਣਗੇ।"

ਡਰਾ ਕੇ ਲੋਕਾਂ ਨੂੰ ਰੱਬ ਦਾ ਨਾਂ ਲੈਣ ਲਈ ਪ੍ਰੇਰਤ ਕਰ ਸਕਣ ਦੀ ਇੱਕ ਸੀਮਾ ਹੁੰਦੀ ਹੈ। ਧਿਆਨ ਨਾਲ ਸੋਚੀਏ, ਤਾਂ ਅਜਿਹੇ ਡਰ ਪਿੱਛੇ, ਰੱਬ ਦੀ ਸ਼ਖ਼ਸੀਅਤ ਬੰਦੇ ਵਰਗੀ ਬਣਾਈ ਹੁੰਦੀ ਹੈ - ਉਹ ਰੱਬ ਜਿਸਨੂੰ ਇਨਸਾਨ ਵਾਂਗੂੰ ਸਿਫਤ ਕਰਵਾਉਣ ਦੀ ਜ਼ਰੂਰਤ ਹੁੰਦੀ ਹੈ ਅਤੇ ਜਿਹੜੇ ਉਹਦੀ ਸਿਫਤ ਨਹੀਂ ਕਰਦੇ, ਉਨ੍ਹਾਂ ਨਾਲ ਉਹ ਦੁਸ਼ਮਣੀ ਕੱਢਦਾ ਅਤੇ ਸਜ਼ਾ ਦਿੰਦਾ ਹੈ। ਪਰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਨੇ ਤਾਂ ਰੱਬ ਦੀ ਪਰਿਭਾਸ਼ਾ, ਕਰਤਾਪੁਰਖੁ, ਨਿਰਭਉ, ਨਿਰਵੈਰੁ ਦੇ ਤੌਰ 'ਤੇ ਦਿੱਤੀ ਹੈ - ਸ੍ਰਿਸ਼ਟੀ ਸਾਜਣ ਵਾਲਾ ਉਹ ਬੇਅੰਤ, ਜਿਸਨੂੰ ਨਾ ਕਿਸੇ ਦਾ ਡਰ ਤੇ ਨਾ ਕਿਸੇ ਨਾਲ, ਕੋਈ ਵੈਰ ਹੈ। ਉਹ ਤੇ 'ਸੈਭੰ' ਹੈ - ਆਪਣੇ ਆਪ ਵਿਚ ਸੰਪੂਰਨ; ਆਪਣਾ ਮਾਣ ਤਾਣ ਬਣਾਈ ਰੱਖਣ ਲਈ ਉਹਨੂੰ ਆਪਣਾ ਨਾਮ ਜਪਾਉਣ ਦੀ ਲੋੜ ਕਿਓਂ ਪਵੇਗੀ?

**ਰੱਬ ਤੋਂ ਬਰਕਤਾਂ ਦੀ ਉਮੀਦ:** ਇਸੇ ਤਰ੍ਹਾਂ ਰੱਬ ਤੋਂ ਬਰਕਤਾਂ ਦੀ ਉਮੀਦ ਵੀ ਸਾਨੂੰ ਰੱਬ ਦਾ ਨਾਂ ਜਪਣ ਲਈ ਪ੍ਰੇਰਿਤ ਕਰਦੀ ਹੈ। ਪਰ ਕੀ ਇਸ ਤਰ੍ਹਾਂ ਦੀ ਉਮੀਦ ਰੱਖਣਾ, ਉਸ ਦਾਤੇ ਦੇ ਨਿਰਪੱਖਤਾ ਵਾਲੇ ਸੁਭਾਅ ਨਾਲ ਮੇਲ ਖਾਂਦਾ ਹੈ? ਦੋ ਵਿਦਿਆਰਥੀਆਂ ਦੀ ਗਾਥਾ ਵੱਲ ਧਿਆਨ ਦਿਓ: ਇੱਕ ਹੁਸ਼ਿਆਰ, ਮਿਹਨਤੀ ਅਤੇ ਘੱਟ ਬੋਲਣ ਵਾਲਾ ਸੰਗਾਊ, ਤੇ ਦੂਜਾ ਐਨਾ ਹੁਸ਼ਿਆਰ ਤੇ ਮਿਹਨਤੀ ਨਹੀਂ, ਪਰ ਹੈ ਆਪਣੇ ਮਾਸਟਰ ਦੀ ਵਧ ਕੇ ਚਾਪਲੂਸੀ ਕਰਨ ਵਾਲਾ। ਜੇਕਰ ਮਾਸਟਰ ਖੁਸ਼ ਹੋ ਕੇ ਦੂਜੇ ਵਦਿਆਰਥੀ ਨੂੰ ਵੱਧ ਨੰਬਰ ਦੇਵੇ ਤਾਂ ਕੀ ਇਹ ਮਾਸਟਰ ਦੀ ਨੈਤਿਕਤਾ 'ਤੇ ਸਵਾਲ ਖੜ੍ਹਾ ਨਹੀਂ ਕਰੇਗਾ? ਇਹ ਉਦਾਹਰਣ, ਸਿੱਖੀ ਧਰਮ ਵਿਚ ਰੱਬ ਦੀ ਨਿਰਪੱਖਤਾ ਅਤੇ ਨਿਆਂਪੂਰਨ ਵਾਲੇ ਅਕਸ 'ਤੇ ਵੀ ਪੂਰੀ ਢੁੱਕਦੀ ਹੈ।

**ਮਾਨਸਿਕ ਸ਼ਾਂਤੀ:** ਕਈਆਂ ਲਈ, ਨਾਮ ਜਪਣਾ ਇੱਕ ਕਿਸਮ ਦੀ ਮੈਡੀਟੇਸ਼ਨ ਹੈ ਜਿਸ ਨਾਲ, ਇਸ ਰੁਝੇਵਿਆਂ, ਚਿੰਤਾਵਾਂ ਭਰੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਮਨ ਦੀ ਸ਼ਾਂਤੀ ਮਿਲਦੀ ਹੈ। ਪਾਠ ਕਰਦਿਆਂ ਉਹ ਸਹਿਜ ਵਿਚ ਚਲੇ ਜਾਂਦੇ ਹਨ ਤੇ ਉਨ੍ਹਾਂ ਦਾ ਮਨ ਸ਼ਾਂਤ ਅਤੇ ਸਥਿਰ ਹੋ ਜਾਂਦਾ ਹੈ।

**ਰੱਬ ਨਾਲ ਇੱਕ ਮਿੱਕ ਹੋਣ ਦੀ ਤਾਂਘ:** ਕਿੰਨਿਆਂ ਦੀ ਸੋਚ ਹੈ ਕਿ ਲਗਾਤਾਰ ਨਾਮ ਜਪਣ ਨਾਲ, ਉਨ੍ਹਾਂ ਦੀ ਰੱਬ ਨਾਲ ਤੰਦ ਮਜ਼ਬੂਤ, ਤੇ ਮਨ ਸ਼ੁੱਧ ਹੋ ਜਾਂਦਾ ਹੈ। ਉਨ੍ਹਾਂ ਨੂੰ ਗਿਆਨ ਚਾਨਣ ਹੋ ਜਾਂਦਾ ਹੈ ਅਤੇ ਉਹ ਰੱਬ ਨਾਲ ਇੱਕ ਮਿੱਕ ਹੋ ਕੇ ਜਨਮ ਮਰਨ ਦੇ ਬੰਧਨਾਂ ਤੋਂ ਛੁੱਟ ਜਾਂਦੇ ਹਨ। ਬਹੁਤ ਸਾਧੂ-ਸੰਤ, ਰੋਜ਼ਮਰਾ ਦੀਆਂ ਜ਼ਿੰਮੇਵਾਰੀਆਂ ਨੂੰ, ਰੱਬ ਨਾਲ ਏਕਤਾ ਕਰਨ ਦੇ ਅਧਿਆਤਮਕ ਰਸਤੇ ਵਿਚ ਰੋੜਾ ਮੰਨਦੇ ਹਨ। ਰੱਬ ਵੱਲ ਧਿਆਨ ਦੇਣ ਲਈ, ਉਹ ਇਨ੍ਹਾਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ, ਲੋਕਾਂ ਤੋਂ ਪਰ੍ਹੇ ਚਲੇ ਜਾਂਦੇ ਹਨ ਤਾਂ ਜੋ ਪੂਰਾ ਧਿਆਨ ਰੱਬ ਵੱਲ ਦੇ ਸਕਣ। ਉਨ੍ਹਾਂ ਦਾ ਵਿਚਾਰ ਹੁੰਦਾ ਹੈ ਕਿ, ਉਨ੍ਹਾਂ ਦੀ ਧਾਰਮਿਕ ਗ੍ਰੰਥਾਂ ਦੀ ਜਾਣਕਾਰੀ 'ਤੇ ਕੰਟਰੋਲ ਕੀਤੇ ਵਾਤਾਵਰਣ ਵਿਚ ਕੀਤੀ ਤਪੱਸਿਆ, ਉਨ੍ਹਾਂ ਨੂੰ ਰੱਬ ਤੀਕਰ ਪਹੁੰਚਾ ਦੇਵੇਗੀ। ਪਰ ਗੁਰੂ ਨਾਨਕ ਦੇਵ ਨੇ ਅਜਿਹੀ, ਦੁਨੀਆਂ ਤੋਂ ਨਿਰਲੇਪ ਹੋ ਕੇ ਕੀਤੀ ਤਪੱਸਿਆ ਦਾ ਖੰਡਨ ਕੀਤਾ ਹੈ। ਉਨ੍ਹਾਂ ਦੀ ਸਿੱਖਿਆ ਹੈ, 'ਹੱਥ ਕਾਰ ਵੱਲ, ਤੇ ਚਿੱਤ ਕਰਤਾਰ ਵੱਲ।' ਪਰੰਤੂ ਰੋਜ਼ਮਰਾ ਦੀ ਜ਼ਿੰਦਗੀ 'ਚ ਰੁਲੇ, ਆਮ ਮਨੁੱਖ ਲਈ 'ਚਿੱਤ ਕਰਤਾਰ ਵੱਲ' ਲਾਉਣ ਵਾਲਾ ਹਿੱਸਾ ਸਮਝਣਾ ਮੁਸ਼ਕਲ ਹੋ ਜਾਂਦਾ ਹੈ। ਸਾਨੂੰ, ਕਰਤਾਰ ਵੱਲ ਚਿੱਤ ਲਾਉਣ ਵਾਲੀ ਸਿੱਖਿਆ ਨੂੰ, ਜੀਵਨ ਵਿਚ ਲਗਾਤਾਰ ਬਦਲਾਅ ਲਿਆਉਣ ਦੀ ਪ੍ਰਕਿਰਿਆ ਕਰਕੇ ਸਮਝਣ ਦੀ ਜ਼ਰੂਰਤ ਹੈ।



ਨਾਮ ਜਪਣਾ ਇੱਕ ਨਿੱਜੀ ਬਦਲਾਅ: ਜੇਕਰ ਆਪਾਂ ਇਹ ਮੰਨ ਕੇ ਤੁਰੀਏ ਕਿ ਰੱਬ ਨੂੰ ਸਾਡੇ ਨਾਮ ਜਪਣ ਨਾਲ ਕੋਈ ਫਰਕ ਨਹੀਂ ਪੈਂਦਾ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਫੇਰ ਆਪਾਂ ਨਾਮ ਕਿਓਂ ਜਪੀਏ। ਐਥੇ ਸਾਨੂੰ ਸਮਝਣ ਦੀ ਲੋੜ ਹੈ ਕਿ ਨਾਮ ਜਪਣ ਦਾ ਅਭਿਆਸ ਦਾ ਮਤਲਬ ਰੱਬ ਦੀ ਕਿਸੇ ਲੋੜ ਨੂੰ ਪੂਰਾ ਕਰਨਾ ਨਹੀਂ, ਇਹ ਤਾਂ ਸਗੋਂ ਸਾਨੂੰ ਆਪਣੇ ਨਿੱਜੀ ਜੀਵਨ ਨੂੰ ਬਦਲਣ ਦੀ ਪ੍ਰਕਿਰਿਆ ਹੈ।

ਗੁਰਬਾਣੀ, ਅਹੰਕਾਰ, ਈਰਖਾ, ਬਦਲਾ ਲਊ ਵਰਗੀਆਂ ਭਾਵਨਾਵਾਂ ਨਾਲ ਨਜਿੱਠਣ ਦੀ ਜਾਚ ਸਿਖਾਉਂਦੀ ਹੈ, ਜਿਹੜੀਆਂ ਸਾਡੇ ਇੱਕ ਦੂਜੇ ਪ੍ਰਤੀ ਸਤਿਕਾਰ, ਮਦਦ ਅਤੇ ਪਿਆਰ ਦੇ ਰਾਹ ਵਿਚ ਰੋੜਾ ਹਨ। ਇਸ ਅਹਿਸਾਸ ਨੂੰ ਅਪਣਾ ਲੈਣ ਨਾਲ, ਕਿ ਸਾਡੀ ਜ਼ਿੰਦਗੀ ਜੀਵਨ ਤੋਂ ਮਰਨ ਤੀਕ ਕਿਸੇ ਵੱਡੀ ਤਾਕਤ ਦੇ ਕੰਟ੍ਰੋਲ ਵਿਚ ਹੈ, ਘੁਮੰਡ ਖਤਮ ਹੋ ਜਾਂਦਾ ਹੈ, ਗਿਲੇ ਸ਼ਿਕਵੇ ਮਿਟ ਜਾਂਦੇ ਹਨ ਅਤੇ ਉਨ੍ਹਾਂ ਦੀ ਥਾਂ ਪਿਆਰ ਤੇ ਅਪਣੱਤ ਲੈ ਲੈਂਦੀ ਹੈ। ਪਰ ਸਵਾਲ ਇਹ ਹੈ ਕਿ ਜਦੋਂ ਸਾਨੂੰ ਇਹ ਗੱਲ ਇੱਕ ਵਾਰ ਸਮਝ ਲੱਗ ਗਈ ਕਿ ਰੱਬ ਬਹੁਤ ਵੱਡਾ ਹੈ ਤੇ ਸਾਰੇ ਇਨਸਾਨ ਬਰਾਬਰ ਹਨ ਤਾਂ ਸਾਨੂੰ ਗੁਰਬਾਣੀ ਨੂੰ ਬਾਰ ਬਾਰ ਪੜ੍ਹਨ ਦੀ, ਅਤੇ ਦੁਹਰਾਉਣ ਦੀ ਕੀ ਲੋੜ ਹੈ। ਸਾਡਾ ਟੀਚਾ ਸਿਰਫ ਗੱਲ ਨੂੰ ਸਮਝਣ ਦਾ ਹੀ ਨਹੀਂ, ਬਲਕਿ ਇਨ੍ਹਾਂ ਤੱਥਾਂ ਨੂੰ ਜੀਵਨ ਜਾਚ ਬਣਾਉਣ ਦਾ ਹੈ। ਇਸ ਸਮਝ ਨੂੰ, ਕਿ ਇਹ ਜਗਤ, ਇਹ ਕਾਇਨਾਤ ਕਿਸੇ ਵੱਡੀ ਤਾਕਤ ਦੀ ਮਰਜ਼ੀ ਨਾਲ ਚੱਲ ਰਹੀ ਹੈ, ਆਪਣੀ ਰੋਜ਼ਾਨਾ ਸੋਚ ਦਾ ਅਟੁੱਟ ਹਿੱਸਾ ਬਣਾਉਣ ਦੀ ਲੋੜ ਹੈ, ਅਤੇ ਆਪਣੇ ਪਹਿਲੂ ਦੇ ਹਰ ਹਿੱਸੇ ਵਿਚ ਜੜ੍ਹਨ ਦੀ ਲੋੜ ਹੈ। ਨਾਮ ਜਪਣਾ, ਰੋਜ਼ਾਨਾ ਰੱਟੇ ਤੋਂ ਕਿਤੇ ਵੱਡੀ ਚੀਜ਼ ਹੈ; ਇਹ ਤਾਂ ਵਿਚਾਰਸ਼ੀਲਤਾ ਨਾਲ ਗੁਰਬਾਣੀ ਨਾਲ ਇੱਕ ਮਿੱਕ ਹੋਣ ਲਈ, ਕੀਤੀ ਜਾਣ ਵਾਲੀ ਤਪੱਸਿਆ ਹੈ। ਗੁਰਬਾਣੀ ਦੇ ਲਗਾਤਾਰ ਸੱਚੇ, ਵਿਚਾਰਸ਼ੀਲ ਅਭਿਆਸ ਨਾਲ 'ਹੱਥ ਕਾਰ ਵੱਲ, ਤੇ ਚਿੱਤ ਕਰਤਾਰ ਵੱਲ' ਵਾਲੀ ਸਿੱਖਿਆ, ਇੱਕ ਮਹਿਸੂਸ ਕੀਤੀ ਜਾ ਸਕਣ ਵਾਲੀ ਅਸਲੀਅਤ ਬਣ ਜਾਂਦੀ ਹੈ। ਹਰ ਕੰਮ ਕਰਦਿਆਂ ਤੁਸੀਂ ਰੱਬ ਦੀ ਹੋਂਦ ਮਹਿਸੂਸ ਕਰਦੇ ਹੋ ਤੇ ਕੰਮ ਖੁਦ-ਬ-ਖੁਦ ਰੱਬੀ ਸਿਧਾਂਤਾਂ ਮੁਤਾਬਕ ਹੋਣ ਲਗਦੇ ਹਨ।

# ਅਜ਼ੀਮ ਅਦਬੀ ਸ਼ਖ਼ਸੀਅਤ - ਪ੍ਰੋ. ਆਸ਼ਿਕ ਰਹੀਲ

ਪ੍ਰੋ. ਆਸ਼ਿਕ ਰਹੀਲ ਹੁਰਾਂ ਨਾਲ ਮੇਰੀ ਮੁਲਾਕਾਤ ਲਗਭਗ ਦਹਾਕਾ ਪਹਿਲਾਂ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੇ ਇਕ ਮਹੀਨਾਵਾਰ ਸਮਾਗਮ ਵਿਚ ਹੋਈ। ਇਹ ਗਰਮੀਆਂ ਦੇ ਦਿਨ ਸਨ। ਉਹ ਸਾਡੇ 10-12 ਦੋਸਤਾਂ ਵੱਲੋਂ ਮਿਲ ਕੇ ਪਿਛਲੇ 12 ਸਾਲਾਂ ਤੋਂ ਚਲਾਈ ਜਾ ਰਹੀ ਇਸ ਸਭਾ ਦੇ ਸਮਾਗਮ ਵਿਚ ਪਹਿਲੀ ਵਾਰ ਆਏ ਸਨ। ਪਤਲੇ ਜਿਹੇ ਇਕਹਿਰੇ ਛੀਂਟਕੇ ਸਰੀਰ 'ਤੇ ਸਫੈਦ ਪਾਕਿਸਤਾਨੀ




ਡਾ. ਸੁਖਦੇਵ ਸਿੰਘ ਝੰਡ
ਫੋਨ: 647-567-9128

ਕੁੜਤੇ-ਪਜਾਮੇ ਉੱਪਰ ਕਾਲੀ ਜੈਕਟ ਪਾਈ ਉਹ ਬੜੇ ਜਚ ਰਹੇ ਸਨ।

ਸਮਾਗਮ ਸ਼ੁਰੂ ਹੋਣ ਵਿਚ ਅਜੇ ਕੁਝ ਸਮਾਂ ਰਹਿੰਦਾ ਸੀ ਅਤੇ ਉਨ੍ਹਾਂ ਸਮੇਤ ਸਾਰੇ ਮੈਂਬਰ ਤੇ ਮਹਿਮਾਨ ਚਾਹ, ਵੇਸਣ ਦੀ ਬਰਫ਼ੀ ਅਤੇ ਪਕੌੜਿਆਂ ਦਾ ਲੁਤਫ਼ ਲੈ ਰਹੇ ਸਨ। ਚਾਹ ਪੀਂਦਿਆਂ ਮੇਰੇ ਅੰਦਰ ਉਨ੍ਹਾਂ ਨੂੰ ਮਿਲਣ ਦੀ ਉਤਸੁਕਤਾ ਹੋਈ ਅਤੇ ਮੈਂ ਉਨ੍ਹਾਂ ਦੇ ਨੇੜੇ ਜਾ ਕੇ 'ਅਸਲਾਮਾ-ਲੇਕਮ' ਜਾ ਬੁਲਾਈ। ਅੱਗੋਂ ਉਨ੍ਹਾਂ ਨੇ ਮੈਨੂੰ ਬੜੇ ਹੀ ਤਪਾਕ ਨਾਲ ਠੇਠ ਪੰਜਾਬੀ ਵਿਚ 'ਸਤਿ ਸ੍ਰੀ ਅਕਾਲ' ਕਹਿ ਕੇ ਜੁਆਬ ਦਿੱਤਾ। ਮੈਂ ਜਦੋਂ ਆਪਣਾ ਨਾਂ ਦੱਸ ਕੇ ਉਨ੍ਹਾਂ ਬਾਰੇ ਜਾਨਣਾ ਚਾਹਿਆ ਤਾਂ ਉਨ੍ਹਾਂ ਬੜੇ ਬੇ-ਤੁਕੱਲਫ਼ ਹੋ ਕੇ ਦੱਸਿਆ ਕਿ ਉਹ ਲਾਹੌਰ ਤੋਂ ਹਨ ਅਤੇ ਇੱਥੇ ਬਰੈਂਪਟਨ ਰਹਿੰਦੇ ਆਪਣੇ ਦੋ ਬੇਟਿਆਂ ਕੋਲ ਆਏ ਹਨ। ਵੱਡਾ ਬੇਟਾ ਰੀਅਲ-ਅਸਟੇਟ ਦੇ ਕਾਰੋਬਾਰ ਵਿਚ ਮਸਰੂਫ਼ ਹੈ ਅਤੇ ਉਸ ਦੀ ਬੇਗ਼ਮ ਇੱਥੇ ਡੈਂਟਿਸਟ ਹੈ। ਛੋਟਾ ਬੇਟਾ ਇੱਥੇ ਆਪਣਾ ਰੈਸਟੋਰੈਂਟ ਚਲਾ ਰਿਹਾ ਹੈ। ਤੀਸਰਾ ਬੇਟਾ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਚ ਹੈ ਅਤੇ ਚੌਥਾ ਸਭ ਤੋਂ ਛੋਟਾ ਲਾਹੌਰ ਰਹਿੰਦਾ ਹੈ। ਮੈਂ ਵੀ ਆਪਣੇ ਪਰਿਵਾਰ ਬਾਰੇ ਸੰਖੇਪ ਜਾਣਕਾਰੀ ਉਨ੍ਹਾਂ ਨਾਲ ਸਾਂਝੀ ਕੀਤੀ।

ਸਮਾਗਮ ਆਰੰਭ ਹੋਇਆ। ਇਸ ਦੇ ਪਹਿਲੇ ਸੈਸ਼ਨ ਵਿਚ ਇਕ ਪੁਸਤਕ ਲੋਕ-ਅਰਪਿਤ ਕੀਤੀ ਗਈ ਅਤੇ ਇਕ ਬੁਲਾਰੇ ਵੱਲੋਂ ਪੁਸਤਕ ਬਾਰੇ ਜਾਣਕਾਰੀ ਪਰਚੇ ਦੇ ਰੂਪ ਵਿਚ ਸਾਂਝੀ ਕੀਤੀ ਗਈ। ਦੂਸਰੇ ਸੈਸ਼ਨ ਵਿਚ ਕਵੀ-ਦਰਬਾਰ ਸੀ ਜਿਸ ਵਿਚ ਪੰਜ-ਛੇ ਕਵੀਆਂ ਤੋਂ ਬਾਅਦ ਪ੍ਰੋ. ਆਸ਼ਿਕ ਰਹੀਲ ਨੇ ਛੋਟੀ ਬਹਿਰ ਵਿਚ ਪੰਜਾਬੀ ਵਿਚ ਆਪਣੀ ਖ਼ੂਬਸੂਰਤ ਗ਼ਜ਼ਲ ਪੇਸ਼ ਕੀਤੀ ਜਿਸ 'ਤੇ ਉਨ੍ਹਾਂ ਨੂੰ ਸਰੋਤਿਆਂ ਵੱਲੋਂ ਢੇਰ ਸਾਰੀ ਦਾਦ ਮਿਲੀ। ਇਸ ਤਰ੍ਹਾਂ ਸਭਾ ਦੇ ਸਮਾਗਮਾਂ ਵਿਚ ਉਨ੍ਹਾਂ ਨਾਲ ਮੁਲਾਕਾਤਾਂ ਦਾ ਇਹ ਸਿਲਸਿਲਾ ਕੁਝ ਮਹੀਨੇ ਚੱਲਦਾ ਰਿਹਾ ਅਤੇ ਫਿਰ ਅਚਾਨਕ ਬੰਦ ਹੋ ਗਿਆ। ਪਤਾ ਲੱਗਾ ਕਿ ਉਹ ਪਾਕਿਸਤਾਨ ਵਾਪਸ ਚਲੇ ਗਏ ਹਨ। ਅਗਲੀਆਂ ਗਰਮੀਆਂ ਵਿਚ ਉਹ ਫਿਰ ਬਰੈਂਪਟਨ ਰਹਿੰਦੇ ਬੇਟਿਆਂ ਕੋਲ ਆ ਗਏ ਅਤੇ ਸਾਡੀਆਂ ਮੁਲਾਕਾਤਾਂ ਦਾ ਸਿਲਸਿਲਾ ਮੁੜ ਤੋਂ ਬਹਾਲ ਹੋ ਗਿਆ। ਬਰੈਂਪਟਨ ਵਿਚ ਇਸ ਸਮੇਂ ਚਾਰ-ਪੰਜ ਸਾਹਿਤਕ ਸਭਾਵਾਂ ਸਰਗਰਮ ਹਨ ਅਤੇ ਉਹ ਲਗਭਗ ਸਾਰੀਆਂ ਹੀ ਸਭਾਵਾਂ ਦੇ ਸਮਾਗਮਾਂ ਵਿਚ ਸ਼ਿਰਕਤ ਕਰਦੇ ਹਨ। ਆਪਣੀਆਂ ਖ਼ੂਬਸੂਰਤ ਗ਼ਜ਼ਲਾਂ ਤੇ ਨਜ਼ਮਾਂ ਪੇਸ਼ ਕਰਦੇ ਹਨ ਅਤੇ ਸਰੋਤਿਆਂ ਕੋਲੋਂ 'ਵਾਹ-ਵਾਹ' ਖੱਟਦੇ ਹਨ। ਇਸ ਸਾਲ ਉਨ੍ਹਾਂ ਨੇ ਗਰਮੀਆਂ ਵਿਚ ਬਰੈਂਪਟਨ ਵਿਚ ਹੋਈਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਵਿਚ ਭਰਪੂਰ ਸ਼ਮੂਲੀਅਤ ਕੀਤੀ।

ਪ੍ਰੋ. ਆਸ਼ਿਕ ਰਹੀਲ ਗੌਰਮਿੰਟ ਕਾਲਜ ਲਾਹੌਰ ਜੋ ਹੁਣ 'ਗੌਰਮਿੰਟ ਕਾਲਜ ਯੂਨੀਵਰਸਿਟੀ' ਦੇ ਨਾਂ ਹੇਠ ਪੂਰੀ ਯੂਨੀਵਰਸਿਟੀ ਦਾ ਦਰਜਾ ਅਖ਼ਤਿਆਰ ਕਰ ਚੁੱਕਾ ਹੈ, ਵਿਚ ਮੈਥੇਮੈਟਿਕਸ (ਹਿਸਾਬ) ਦੇ ਪ੍ਰੋਫ਼ੈਸਰ ਰਹਿ ਚੁੱਕੇ ਹਨ। ਸਾਹਿਤ ਨਾਲ ਉਨ੍ਹਾਂ ਨੂੰ ਅੰਤਾਂ ਦਾ ਪ੍ਰੇਮ ਹੈ ਅਤੇ ਉਹ ਉਰਦੂ ਤੇ ਪੰਜਾਬੀ ਦੋਹਾਂ ਜ਼ਬਾਨਾਂ ਵਿਚ ਲਿਖਦੇ ਤੇ ਪੜ੍ਹਦੇ ਹਨ। ਉਹ ਸ਼ਾਹਮੁਖੀ ਤੇ ਗੁਰਮੁਖੀ ਦੋਹਾਂ ਹੀ ਲਿਪੀਆਂ ਵਿਚ ਲਿਖਣ/ਪੜ੍ਹਨ ਦੇ ਮਾਹਿਰ ਹਨ ਅਤੇ ਹੁਣ ਤੀਕ 50 ਤੋਂ ਵਧੇਰੇ ਪੁਸਤਕਾਂ ਦਾ ਗੁਰਮੁਖੀ ਤੋਂ ਸ਼ਾਹਮੁਖੀ



ਅਤੇ ਸ਼ਾਹਮੁਖੀ ਤੋਂ ਗੁਰਮੁਖੀ ਵਿਚ ਉਲੱਥਾ ਕਰ ਚੁੱਕੇ ਹਨ। ਉਨ੍ਹਾਂ ਦਾ ਇਹ ਸ਼ੌਕ ਜਨੂੰਨ ਦੀ ਹੱਦ ਤੱਕ ਹੈ ਅਤੇ ਉਹ ਹਰ ਵੇਲੇ ਕਿਸੇ ਨਾ ਕਿਸੇ ਕਿਤਾਬ ਨੂੰ ਇੱਕ ਤੋਂ ਦੂਸਰੀ ਲਿਪੀ ਵਿਚ ਬਦਲਣ ਵਿਚ ਮਸਰੂਫ਼ ਰਹਿੰਦੇ ਹਨ।

ਇਨ੍ਹਾਂ ਗਰਮੀਆਂ ਵਿਚ ਜਦੋਂ ਉਹ ਬਲਦੇਵ ਸਿੰਘ ਸੜਕਨਾਮਾ ਦੀ ਗਿਆਨੀ ਗੁਰਦਿੱਤ ਸਿੰਘ ਬਾਰੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖੀ ਗਈ ਪੁਸਤਕ 'ਅਜੋਕੇ ਭਾਰਤੀ ਇਤਿਹਾਸ ਦੇ ਉਸਰੱਈਏ : ਗਿਆਨੀ ਗੁਰਦਿੱਤ ਸਿੰਘ' ਨੂੰ ਗੁਰਮੁਖੀ ਤੋਂ ਸ਼ਾਹਮੁਖੀ ਵਿਚ ਕਰ ਰਹੇ ਸਨ ਤਾਂ ਇਸ ਪੁਸਤਕ ਵਿਚ ਬਲਦੇਵ ਸਿੰਘ ਵੱਲੋਂ ਵਰਤੇ ਗਏ ਕਈ ਟਕਸਾਲੀ ਸ਼ਬਦ ਸਮਝਣ ਵਿਚ ਉਨ੍ਹਾਂ ਨੂੰ ਮੁਸ਼ਕਲ ਪੇਸ਼ ਆ ਰਹੀ ਸੀ। ਸਾਡੀ ਇਕ ਮੁਲਾਕਾਤ ਵਿਚ ਉਨ੍ਹਾਂ ਆਪਣੀ ਇਹ ਸਮੱਸਿਆ ਮੇਰੇ ਨਾਲ ਸਾਂਝੀ ਕੀਤੀ ਤਾਂ ਜਦੋਂ ਮੈਂ ਇਨ੍ਹਾਂ ਸ਼ਬਦਾਂ ਦੇ ਭਾਵ-ਅਰਥ ਉਨ੍ਹਾਂ ਨੂੰ ਦੱਸੇ ਤਾਂ ਉਹ ਬੜੇ ਖ਼ੁਸ਼ ਹੋਏ। ਕਹਿਣ ਲੱਗੇ, "ਇਹ ਤਾਂ ਬਹੁਤ ਹੀ ਚੰਗਾ ਹੋਇਆ। ਹੁਣ ਅੱਗੋਂ ਮੈਨੂੰ ਜਦੋਂ ਵੀ ਅਜਿਹੀ ਕੋਈ ਸਮੱਸਿਆ ਆਏਗੀ ਤਾਂ ਮੈਂ ਤੁਹਾਨੂੰ ਫ਼ੋਨ ਕਰ ਕੇ ਪੁੱਛ ਲਿਆ ਕਰਾਂਗਾ।" ਮੇਰੇ ਲਈ ਇਸ ਤੋਂ ਵਧੇਰੇ ਖ਼ੁਸ਼ੀ ਵਾਲੀ ਕਿਹੜੀ ਗੱਲ ਹੋ ਸਕਦੀ ਸੀ। ਇਸ ਤਰ੍ਹਾਂ ਫ਼ੋਨ 'ਤੇ ਵੀ ਸਾਡੀਆਂ ਅਜਿਹੀਆਂ ਕਈ ਮੁਲਾਕਾਤਾਂ ਹੁੰਦੀਆਂ ਰਹੀਆਂ। ਗਿਆਨੀ ਗੁਰਦਿੱਤ ਸਿੰਘ ਹੁਰਾਂ ਬਾਰੇ ਵਧੇਰੇ ਜਾਣਕਾਰੀ ਲਈ ਜਦੋਂ ਮੈਂ ਉਨ੍ਹਾਂ ਨੂੰ ਆਪਣੀ ਨਿੱਜੀ ਲਾਇਬ੍ਰੇਰੀ ਵਿੱਚੋਂ ਗਿਆਨੀ ਜੀ ਦੀ ਵਡਮੁੱਲੀ ਕਿਤਾਬ 'ਮੇਰਾ ਪਿੰਡ' ਦਿੱਤੀ ਤਾਂ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ ਅਤੇ ਉਨ੍ਹਾਂ ਨੇ ਇਹ ਪੁਸਤਕ ਸਾਰੀ ਪੜ੍ਹ ਕੇ ਮੈਨੂੰ ਵਾਪਸ ਕੀਤੀ।

ਇਸ ਸਾਲ ਫ਼ਰਵਰੀ ਮਹੀਨੇ ਦੌਰਾਨ ਮੇਰਾ, ਸ੍ਰੀਮਤੀ ਜਗਦੀਸ਼ ਕੌਰ ਝੰਡ, ਛੋਟੀ ਭੈਣ ਗੁਰਚਰਨ ਬਿੰਦ ਅਤੇ ਉਸ ਦੇ ਪਤੀ ਡਾ. ਸੁਖਵਿੰਦਰ ਸਿੰਘ ਬਿੰਦ ਦਾ ਲਹਿੰਦੇ ਪੰਜਾਬ ਦੀ ਦੋ ਹਫ਼ਤਿਆਂ ਦੀ ਯਾਤਰਾ ਦਾ ਪ੍ਰੋਗਰਾਮ ਬਣ ਗਿਆ। ਸਾਡਾ ਇਹ ਟੂਰ-ਪ੍ਰੋਗਰਾਮ 'ਪੰਜਾਬੀ ਪ੍ਰਚਾਰ ਟੀ.ਵੀ.' ਦੇ ਸੰਚਾਲਕ ਦੋਸਤ ਅਹਿਮਦ ਰਜ਼ਾ ਵੱਲੋਂ ਸਪਾਂਸਰ ਕੀਤਾ ਗਿਆ। ਇਨ੍ਹਾਂ ਦੋ ਹਫ਼ਤਿਆਂ ਦੌਰਾਨ ਅਸੀਂ ਲਾਹੌਰ, ਕਸੂਰ, ਫ਼ੈਸਲਾਬਾਦ, ਇਸਲਾਮਾਬਾਦ, ਰਾਵਲਪਿੰਡੀ, ਪੁਰਾਤਨ ਤਕਸ਼ਿਲਾ ਯੂਨੀਵਰਸਿਟੀ ਦੇ ਖੰਡਰ, ਨਨਕਾਣਾ ਸਾਹਿਬ, ਪੰਜਾ ਸਾਹਿਬ, ਸੱਚਾ ਸੌਦਾ ਸਾਹਿਬ, ਕਰਤਾਰਪੁਰ ਸਾਹਿਬ, ਹਸਨ ਅਬਦਾਲ, ਫ਼ਰੁਕਾਬਾਦ, ਆਦਿ ਸ਼ਹਿਰਾਂ ਦੇ ਨਾਲ ਨਾਲ ਆਪਣੇ ਜੱਦੀ ਪਿੰਡ ਚੱਕ ਨੰਬਰ 202 (ਗੱਟੀ ਤਲਾਵਾਂ), ਬਸਤੀ ਦਾਨਿਸ਼ਮੰਦਾਂ ਅਤੇ ਪਡਿਆਲ ਪਿੰਡਾਂ ਵਿਚ ਵੀ ਗਏ। ਬਹੁਤ ਹੀ ਜਾਣਕਾਰੀ ਭਰਪੂਰ ਅਤੇ ਅਨੰਦਦਾਇਕ ਰਿਹਾ, ਸਾਡਾ ਇਹ ਇਤਿਹਾਸਕ ਟੂਰ।

ਲਾਹੌਰ ਵਿਚ ਵਿਚਰਦਿਆਂ ਸਾਨੂੰ ਜਨਾਬ ਤਾਰਿਕ ਜਟਾਲਾ ਤੇ ਮੈਡਮ ਦੀਪ ਸਈਦਾ ਵਰਗੇ ਮੁਅੱਜ਼ਜ਼ ਮੇਜ਼ਬਾਨਾਂ ਵੱਲੋਂ ਕੀਤੀਆਂ ਗਈਆਂ ਦਾਅਵਤਾਂ ਵਿਚ ਸ਼ਿਰਕਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਅਜਿਹੀ ਹੀ ਇਕ ਦਾਅਵਤ ਵਿਚ ਅਸੀਂ ਪ੍ਰੋ. ਆਸ਼ਿਕ ਰਹੀਲ ਹੁਰਾਂ ਦੇ ਵੀ ਮਹਿਮਾਨ ਬਣੇ। ਰਾਤ ਦੇ ਖਾਣੇ ਦੀ ਦਾਅਵਤ ਸੀ। ਦਾਅਵਤ ਕਾਹਦੀ ਸੀ, ਇਹ ਤਾਂ ਇੱਕ ਵੱਡਾ ਅਦਬੀ ਸਮਾਗਮ ਸੀ। ਪ੍ਰੋ. ਸਾਹਿਬ ਨੇ ਆਪਣੇ ਘਰ ਵਿਚ 30-35 ਅਦਬੀ ਸ਼ਖ਼ਸੀਅਤਾਂ ਨੂੰ ਬੁਲਾਇਆ ਹੋਇਆ ਸੀ। ਦੋ-ਢਾਈ ਘੰਟੇ ਚੱਲੇ ਇਸ ਕਵੀ-ਦਰਬਾਰ (ਮੁਸ਼ਾਇਰੇ) ਵਿਚ ਜਨਾਬ ਇਕਬਾਲ ਰਾਹੀ, ਮਿਰਾਜ ਦੀਨ ਡੋਗਰ, ਖ਼ਾਲਿਦ ਮਹਿਮੂਦ ਅਸ਼ਫ਼ਤਾ, ਅੱਬਾਸ ਮਿਰਜ਼ਾ, ਮਜ਼ਹਰ ਉਲਾਹ ਕੁਰੈਸ਼ੀ, ਮੁਨਾਜ਼ਾ ਸਹਿਰ, ਆਦਿਲ ਨਿਨਹਾਸ ਲਾਹੌਰੀ, ਰਾਸ਼ਿਦ ਲਾਹੌਰੀ, ਨਵੀਦ ਕੁਆਲੰਦਰੀ, ਅਹਿਮਦ ਰਜ਼ਾ ਪੰਜਾਬੀ, ਯਾਸੀਨ ਰਜ਼ਾ, ਆਬਿਦ ਨਾਬਿਲ ਸ਼ਾਦ, ਸੁਲਤਾਨ ਖ਼ੈਰਵੀ, ਅਫ਼ਜ਼ਲ ਮਿਰਜ਼ਾ, ਪ੍ਰੋ. ਕਲਿਆਣ ਸਿੰਘ ਕਲਿਆਣ, ਰਾਣਾ ਅਜ਼ਹਰ ਫਿਰੋਜ਼, ਡਾ. ਤੁਬੱਸਮ ਵਰਗੇ ਅਜ਼ੀਮ ਸ਼ਾਇਰਾਂ ਨੂੰ ਸੁਣਨ ਅਤੇ ਆਪਣੀ ਵੀ ਕਹਿਣ ਦਾ ਬੇਹਤਰੀਨ ਮੌਕਾ ਮਿਲਿਆ। ਮੇਰੇ ਲਈ ਇਹ ਖ਼ੁਦਾ ਵੱਲੋਂ ਭੇਜੇ ਗਏ ਕਿਸੇ ਅਨਮੋਲ ਤੋਹਫ਼ੇ ਤੋਂ ਘੱਟ ਨਹੀਂ ਸੀ।

ਇਸ ਨਵੰਬਰ ਮਹੀਨੇ ਵਿਚ ਹੀ ਪ੍ਰੋ. ਆਸ਼ਿਕ ਰਹੀਲ ਲਾਹੌਰ ਵਾਪਸ ਗਏ ਹਨ। ਉਨ੍ਹਾਂ ਨੂੰ ਮੈਂ ਲਹਿੰਦੇ ਪੰਜਾਬ ਦੀਆਂ ਆਪਣੀਆਂ ਯਾਦਾਂ, ਆਪਣੇ ਦੋਸਤਾਂ ਦੇ ਨਾਲ ਸਾਂਝੀਆਂ ਕਰਨ ਲਈ ਕਿਹਾ ਹੈ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਉਹ ਮੇਰਾ ਇਹ ਕੰਮ ਜ਼ਰੂਰ ਕਰਨਗੇ। ਇਨਸ਼ਾ ਅੱਲ੍ਹਾ! ਉਨ੍ਹਾਂ ਦੀ ਲਾਹੌਰ ਦੀ ਇਹ ਫੇਰੀ ਕਾਮਯਾਬ ਰਹੇ ਅਤੇ ਅਗਲੇ ਸਾਲ ਗਰਮੀਆਂ ਵਿਚ ਉਹ ਫਿਰ ਬਰੈਂਪਟਨ ਆਪਣੇ ਬੇਟਿਆਂ ਕੋਲ ਆਉਣ ਅਤੇ ਉਨ੍ਹਾਂ ਨਾਲ ਮੁੜ ਤਾਜ਼ੀ ਮੁਲਾਕਾਤ ਹੋਵੇ।

# ਭਗਵਿਆਂ ਦੀ ਸ਼ਿਕੰਜਾ ਕੱਸਣ ਦੀ ਕਵਾਇਦ ਤੇਜ਼

**ਹਰਚਰਨ ਸਿੰਘ ਚਹਿਲ**

ਕੇਂਦਰ ਸਰਕਾਰ ਨੇ 11 ਅਗਸਤ, 2023 ਨੂੰ ਲੋਕ ਸਭਾ ਵਿਚ ਤਿੰਨ ਬਿਲ ਪੇਸ਼ ਕੀਤੇ, ਭਾਰਤੀਯਾ ਨਿਯਾ ਸੰਹਿਤਾ ਬਿਲ (ਬੀ.ਐਨ.ਐਸ.), ਭਾਰਤੀਯਾ ਸਮਸ਼ਿਯਾ ਅਧਿਨਿਯਮ (ਬੀ.ਐਸ.ਏ.) ਅਤੇ ਭਾਰਤੀਯਾ ਨਾਗਰਿਕ ਸੁਰੱਕਸ਼ਾ ਸੰਹਿਤਾ ਬਿਲ (ਬੀ.ਐਨ.ਐਸ.ਐਸ.)। ਸੰਸਦ ਵਿਚ ਪਾਸ ਹੋ ਕੇ ਕਾਨੂੰਨ ਬਣਨ ਬਾਅਦ ਇਹ ਬਿਲ ਕ੍ਰਮਵਾਰ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.-1860), ਭਾਰਤੀ ਐਵੀਡੈਂਸ ਐਕਟ (ਆਈ.ਈ.ਏ.-1972) ਅਤੇ ਫੌਜਦਾਰੀ ਜ਼ਾਬਤਾ ਸੰਹਿਤਾ (ਸੀ.ਆਰ.ਪੀ.ਸੀ.-1973) ਦੀ ਥਾਂ ਲੈਣਗੇ। ਸੰਸਦ ਦੀ ਗ੍ਰਹਿ ਮੰਤਰਾਲੇ ਨਾਲ ਸਬੰਧਿਤ ਸਥਾਈ ਸਮਿਤੀ ਇਨ੍ਹਾਂ ਬਿਲਾਂ 'ਤੇ ਬਹਿਸ ਕਰ ਚੁੱਕੀ ਹੈ ਅਤੇ ਸੰਸਦ ਦੇ ਅਗਾਮੀ ਸੈਸ਼ਨ ਵਿਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

ਇਨ੍ਹਾਂ ਬਿਲਾਂ ਰਾਹੀਂ ਫੌਜਦਾਰੀ ਕਾਨੂੰਨਾਂ ਵਿਚ ਅਜਿਹੀਆਂ ਕਈ ਅਹਿਮ ਤਬਦੀਲੀਆਂ ਤਜਵੀਜ਼ ਕੀਤੀਆਂ ਗਈਆਂ ਹਨ ਜਿਹੜੀਆਂ ਸਰਕਾਰ ਦੀਆਂ ਨੀਤੀਆਂ ਅਤੇ ਅਮਲਾਂ ਨਾਲ ਅਸਹਿਮਤੀ ਪ੍ਰਗਟਾਉਣ ਤੇ ਵਿਰੋਧ ਕਰਨ ਵਾਲਿਆਂ ਨੂੰ ਕੁਚਲਣ ਲਈ ਸਰਕਾਰ ਨੂੰ ਅਥਾਹ ਤਾਕਤਾਂ ਦੇਣਗੀਆਂ। ਇਨ੍ਹਾਂ ਤਬਦੀਲੀਆਂ ਦੇ ਲਾਗੂ ਹੋ ਜਾਣ ਬਾਅਦ ਸਰਕਾਰ ਜਦ ਚਾਹੇ ਜਨਤਾ ਵਿਚ ਚਲ ਰਹੇ ਕਿਸੇ ਵੀ ਬਿਰਤਾਂਤ ਨੂੰ ਬੰਦ ਕਰ ਸਕਦੀ ਹੈ ਅਤੇ ਉਨ੍ਹਾਂ ਸਾਰੇ ਮਾਧਿਅਮਾਂ ਦਾ ਗਲਾ ਘੁੱਟ ਸਕਦੀ ਹੈ ਜਿਹੜੇ ਸਰਕਾਰ ਵਿਰੋਧੀ ਖਬਰਾਂ ਤੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਂਦੇ ਹੋਣ। ਇਹ ਵਿਚਾਰ ਸੁਪਰੀਮ ਕੋਰਟ ਦੇ ਉਘੇ ਵਕੀਲ ਅਤੇ ਨਿਆਂ ਸ਼ਾਸਤਰ ਦੇ ਮਾਹਿਰ ਜੀ. ਮੋਹਨ ਗੋਪਾਲ ਦੇ ਹਨ। 'ਦਿ ਵਾਇਰ' ਵਿਚ ਛਪੇ ਲੇਖ ਵਿਚ ਉਸ ਨੇ ਅਜਿਹੀਆਂ 12 ਖੌਫਨਾਕ ਤਬਦੀਲੀਆਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਹੜੀਆਂ ਦੇਸ਼ ਨੂੰ ਹਕੀਕੀ ਤੌਰ 'ਤੇ ਪੁਲਿਸ ਤੇ ਤਾਨਾਸ਼ਾਹ ਰਾਜ ਵਿਚ ਬਦਲਣ ਦੀ ਸਮਰੱਥਾ ਰੱਖਦੀਆਂ ਹਨ। ਇੱਥੇ ਅਸੀਂ ਇਨ੍ਹਾਂ ਦਾ ਸਿਰਫ ਸੰਖੇਪ ਵਰਣਨ ਕਰਾਂਗੇ:

1) ਭਾਰਤੀਯਾ ਨਿਯਾ ਸੰਹਿਤਾ (ਬੀ.ਐਨ.ਐਸ.) ਦੀ ਧਾਰਾ 111(1) ਅਤਿਵਾਦ ਦੀ ਪਰਿਭਾਸ਼ਾ ਨੂੰ ਅਤਿ-ਵਸੀਹ ਕਰਦੀ ਹੋਈ ਸ਼ਾਂਤਮਈ ਜਮਹੂਰੀ ਕਾਰਵਾਈਆਂ ਨੂੰ ਵੀ ਅਤਿਵਾਦੀ ਕਾਰਵਾਈਆਂ ਦੀ ਜੱਦ ਵਿਚ ਲੈ ਆਉਂਦੀ ਹੈ। ਹੁਣ ਸਰਵਜਨਕ ਵਿਵਸਥਾ ਭੰਗ ਕੀਤੇ ਜਾਣ, ਕਿਸੇ ਗ਼ੈਰ-ਹਿੰਸਕ ਕਾਰਵਾਈ ਜਾਂ ਕਿਸੇ ਭਾਸ਼ਣ ਜਾਂ ਲਿਖਤ ਰਾਹੀਂ ਅਜਿਹੀ ਕਾਰਵਾਈ ਦਾ ਮਹਿਜ਼ ਪ੍ਰਗਟਾਵਾ ਕਰਨ, ਮੁਲਕ ਦੇ ਸਿਆਸੀ, ਆਰਥਿਕ ਜਾਂ ਸਮਾਜਿਕ ਢਾਂਚੇ ਨੂੰ ਅਸਥਿਰ ਜਾਂ ਢਾਹ ਲਾਉਣ ਵਾਲੀ ਕਿਸੇ ਵੀ ਕਾਰਵਾਈ ਨੂੰ ਅਤਿਵਾਦੀ ਕਾਰਵਾਈ ਕਰਾਰ ਦਿੱਤਾ ਜਾ ਸਕੇਗਾ।

2) ਸਰਕਾਰ ਨਵੇਂ ਕਾਨੂੰਨ ਵਿਚ ਰਾਜਧ੍ਰੋਹ ਦੇ ਅਪਰਾਧ (ਆਈ.ਪੀ.ਸੀ. ਦੀ ਧਾਰਾ 124ਏ) ਨੂੰ ਖਤਮ ਕਰਨ ਦਾ ਦਾਅਵਾ ਕਰਦੀ ਹੈ ਪਰ ਬੀ.ਐਨ.ਐਸ. ਦੀ ਧਾਰਾ 150 ਰਾਹੀਂ ਇਹ ਅਪਰਾਧ ਆਪਣੇ ਵਧੇਰੇ ਕਰੂਰ ਰੂਪ ਰਾਜਧ੍ਰੋਹ-ਪਲੱਸ ਵਜੋਂ ਪੁਨਰਜਨਮ ਲੈ ਲੈਂਦਾ ਹੈ। ਬੀ.ਐਨ.ਐਸ. ਦੀ ਧਾਰਾ 150 ਭੰਨ-ਤੋੜ, ਅਲਹਿਦਗੀ, ਵੱਖਵਾਦੀ, ਦੇਸ਼ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖਤਰੇ ਵਿਚ ਪਾਉਣ ਵਾਲੀਆਂ ਗਤੀਵਿਧੀਆਂ ਅਤੇ ਹਥਿਆਰਬੰਦ ਬਗਾਵਤ ਨੂੰ ਅਤਿਵਾਦੀ ਕਾਰਵਾਈਆਂ ਮੰਨਦੀ ਹੈ। ਇਨ੍ਹਾਂ ਵਿਚੋਂ ਕਿਸੇ ਵੀ ਗਤੀਵਿਧੀ ਨੂੰ ਕਾਨੂੰਨੀ ਤੌਰ 'ਤੇ ਪਰਿਭਾਸ਼ਿਤ ਨਹੀਂ ਕੀਤਾ ਗਿਆ ਜਿਸ ਦੇ ਫਲਸਰੂਪ ਇਹ ਨਵੀਂ ਧਾਰਾ ਮੌਜੂਦਾ 124 ਏ ਨਾਲੋਂ ਵੀ ਵਧੇਰੇ ਕਰੂਰ ਹੋ ਨਿਬੜਦੀ ਹੈ।

3) ਬੀ.ਐਨ.ਐਸ. ਦੀ ਧਾਰਾ 109 ਵਿਚ ਸੰਗਠਿਤ ਅਪਰਾਧ ਅਤੇ ਧਾਰਾ 110 ਵਿਚ ਨਿੱਕ-ਸੰਗਠਿਤ ਅਪਰਾਧ ਨੂੰ ਜਿਸ ਪ੍ਰਕਾਰ ਪਰਿਭਾਸ਼ਤ ਕੀਤਾ ਗਿਆ ਹੈ, ਉਸ ਨਾਲ ਸਰਕਾਰ ਨੂੰ ਆਪਣੇ ਸਿਆਸੀ ਵਿਰੋਧੀਆਂ ਤੇ ਮੱਤਭੇਦੀਆਂ ਨੂੰ ਨਿਸ਼ਾਨਾ ਬਣਾਉਣ ਦੀ ਅਥਾਹ ਤਾਕਤ ਮਿਲ ਜਾਵੇਗੀ। ਸਰਕਾਰ ਆਪਣੇ ਵਿਰੋਧੀਆਂ ਨੂੰ ਚੋਣਵੀਂ ਤੇ ਪੱਖਪਾਤੀ ਸਿਆਸੀ ਮੁਕੱਦਮੇਬਾਜ਼ੀ ਵਿਚ ਫਸਾ ਸਕੇਗੀ। ਸੰਗਠਿਤ ਅਪਰਾਧ ਦੀਆਂ ਤਜਵੀਜ਼ਤ ਪਰਿਭਾਸ਼ਾਵਾਂ, ਮਹਾਰਾਸ਼ਟਰ ਦੇ ਮਕੋਕਾ-1999 ਅਤੇ ਕਰਨਾਟਕ ਦੇ ਕਕੋਕਾ-2000 ਵਿਚ ਇਨ੍ਹਾਂ ਅਪਰਾਧਾਂ ਦੀਆਂ ਦਰਜ ਪਰਿਭਾਸ਼ਾਵਾਂ ਨਾਲੋਂ ਕਿਤੇ ਵਧੇਰੇ ਵਸੀਹ ਤੇ ਅਸਪੱਸ਼ਟ ਹਨ ਜਿਸ ਕਾਰਨ ਪੁਲਿਸ ਨੂੰ ਆਪ-ਹੁਦਰੇਪਣ ਦੀ ਖੁੱਲ੍ਹ ਮਿਲੇਗੀ।

4) ਬੀ.ਐਨ.ਐਸ. ਦੀ ਧਾਰਾ 224 ਅਨੁਸਾਰ, ਸਿਆਸੀ ਰੋਸ ਪ੍ਰਗਟਾਉਣ ਲਈ ਰੱਖੇ ਵਰਤ ਨੂੰ ਹੁਣ ਖੁਦਕੁਸ਼ੀ ਦੀ ਕੋਸ਼ਿਸ਼ ਕਰਾਰ ਦੇ ਕੇ ਅਪਰਾਧ ਦੀ ਸ਼੍ਰੇਣੀ ਵਿਚ ਲਿਆਂਦਾ ਜਾ ਸਕੇਗਾ। ਇੱਕ ਆਮ ਵਿਸ਼ੇ ਵਜੋਂ ਖੁਦਕਸ਼ੀ ਦੀ ਕੋਸ਼ਿਸ਼ ਕਰਨ ਨੂੰ ਗ਼ੈਰ-ਅਪਰਾਧਿਕ ਕਾਰਵਾਈ ਕਰਾਰ ਦਿੱਤਾ ਗਿਆ ਹੈ ਪਰ ਇਸ ਨਵੀਂ ਧਾਰਾ ਮੁਤਾਬਕ "ਕਿਸੇ ਕਾਨੂੰਨੀ ਅਧਿਕਾਰੀ ਨੂੰ ਕਾਰਵਾਈ ਕਰਨ ਲਈ ਮਜਬੂਰ ਕਰਨ ਜਾਂ ਰੋਕਣ ਲਈ ਕੀਤੀ ਗਈ ਖੁਦਕੁਸ਼ੀ ਦੀ ਕੋਸ਼ਿਸ਼ ਅਪਰਾਧਿਕ ਕਾਰਵਾਈ ਹੋਵੇਗੀ।"

5) ਬੀ.ਐਨ.ਐਸ.ਐਸ. ਲੋਕਾਂ ਦੇ ਇਕੱਠ ਨੂੰ ਖਿੰਡਾਉਣ ਲਈ ਸਰਕਾਰੀ ਤਾਕਤਾਂ ਵਿਚ ਵਾਧਾ ਕਰਦਾ ਹੈ। ਮੌਜੂਦਾ ਸੀ.ਆਰ.ਪੀ.ਸੀ. ਦੀ ਧਾਰਾ 130 ਅਨੁਸਾਰ ਕਿਸੇ ਗ਼ੈਰ-ਕਾਨੂੰਨੀ ਇਕੱਤਰਤਾ ਨੂੰ ਖਿੰਡਾਉਣ ਲਈ ਮੌਕੇ 'ਤੇ ਮੌਜੂਦ ਉਚਤਮ ਰੈਂਕ ਦਾ ਕਾਰਜਕਾਰੀ ਮੈਜਿਸਟਰੇਟ ਹੀ ਹਥਿਆਰਬੰਦ ਬਲਾਂ ਦੀ ਵਰਤੋਂ ਦੇ ਆਦੇਸ਼ ਦੇ ਸਕਦਾ ਹੈ ਪਰ ਨਵੀਂ ਸੰਹਿਤਾ ਅਨੁਸਾਰ ਕੋਈ ਵੀ ਕਾਰਜਕਾਰੀ ਮੈਜਿਸਟਰੇਟ ਜੋ ਮੌਕੇ 'ਤੇ ਮੌਜੂਦ ਹੋਵੇ (ਉਸ ਦਾ ਉਚਤਮ ਰੈਂਕ ਦਾ ਹੋਣਾ ਜ਼ਰੂਰੀ ਨਹੀਂ), ਹਥਿਆਰਬੰਦ ਬਲਾਂ ਦੀ ਵਰਤੋਂ ਦਾ ਆਦੇਸ਼ ਦੇ ਸਕਦਾ ਹੈ।

6) ਆਰ.ਐਸ.ਐਸ. ਪੱਖੀ ਸੋਧਾਂ: ਬੀ.ਐਨ.ਐਸ. ਵਿਚ ਅਤਿਵਾਦ ਦੀ ਜਿਹੜੀ ਪਰਿਭਾਸ਼ਾ ਦਿੱਤੀ ਗਈ ਹੈ, ਉਸ ਵਿਚੋਂ "ਸੰਵਿਧਾਨਕ ਢਾਂਚਿਆਂ" ਉਪਰ ਹਮਲਿਆਂ ਨੂੰ ਜਾਣਬੁੱਝ ਕੇ ਛੱਡ ਦਿੱਤਾ ਗਿਆ ਹੈ ਕਿਉਂਕਿ ਸੰਵਿਧਾਨਕ ਢਾਂਚੇ ਹਮੇਸ਼ਾ ਹੀ ਆਰ.ਐਸ.ਐਸ. ਦੇ ਨਿਸ਼ਾਨੇ 'ਤੇ ਰਹੇ ਹਨ। ਸੰਵਿਧਾਨਕ ਢਾਂਚੇ ਦੀ ਬਜਾਇ ਨਵੀਂ ਸੰਹਿਤਾ ਵਿਚ ਸਮਾਜਿਕ ਢਾਂਚੇ ਨੂੰ ਅਸਥਿਰ ਕਰਨ ਜਾਂ ਢਾਹ ਲਾਉਣ ਨੂੰ ਅਤਿਵਾਦੀ ਕਾਰਵਾਈ ਮੰਨਿਆ ਜਾਵੇਗਾ ਕਿਉਂਕਿ ਆਰ.ਐਸ.ਐਸ. ਸਮਾਜਿਕ ਢਾਂਚੇ (ਵਰਣ ਵਿਵਸਥਾ, ਰੂੜ੍ਹੀਵਾਦੀ ਤੇ ਜਾਗੀਰੂ ਰਵਾਇਤਾਂ) ਨੂੰ ਬਰਕਰਾਰ ਰੱਖਣਾ ਚਾਹੁੰਦੀ ਹੈ। ਮੌਜੂਦਾ ਆਈ.ਪੀ.ਸੀ. ਦੀ ਧਾਰਾ 153 ਏਏ ਅਨੁਸਾਰ, "ਫੌਜਦਾਰੀ ਜ਼ਾਬਤਾ ਸੰਹਿਤਾ (ਸੀ.ਆਰ.ਪੀ.ਸੀ.) ਦੀ ਧਾਰਾ 144ਏ ਅਧੀਨ ਜਾਰੀ ਕੀਤੇ ਗਏ ਕਿਸੇ ਜਨਤਕ ਆਦੇਸ਼ ਦੀ ਉਲੰਘਣਾ ਕਰਦੇ ਹੋਏ ਕਿਸੇ ਮੁਜ਼ਾਹਰੇ ਵਿਚ ਹਥਿਆਰ ਲੈ ਕੇ ਚੱਲਣਾ ਜਾਂ ਕਿਸੇ ਜਨਤਕ ਥਾਂ 'ਤੇ ਹਥਿਆਰਾਂ ਨਾਲ ਕੋਈ ਸਰਵਜਨਕ ਡਰਿੱਲ ਜਾਂ ਸਰਬਜਨਕ ਸਿਖਲਾਈ ਜਥੇਬੰਦ ਕਰਨਾ ਗ਼ੈਰ-ਕਾਨੂੰਨੀ ਕਾਰਵਾਈ ਸਮਝੀ ਜਾਵੇਗੀ। ਇਨ੍ਹਾਂ ਹਥਿਆਰਾਂ ਵਿਚ ਬਰੂਦੀ ਹਥਿਆਰ, ਨੁਕੀਲੇ ਹਥਿਆਰ, ਲਾਠੀ, ਡੰਡੇ ਤੇ ਸੋਟੀਆਂ ਸ਼ਾਮਲ ਹਨ।" ਪਰ ਭਾਰਤ ਵਿਚ ਕਿਸੇ ਵੀ ਪਾਰਟੀ ਦਾ ਰਾਜ ਰਿਹਾ ਹੋਵੇ, ਸੰਘ ਪਰਿਵਾਰ ਦੀ ਸਰਵਜਨਕ ਡਰਿੱਲ 'ਤੇ ਪਾਬੰਦੀ ਲਾਉਣ ਵਾਲੇ ਇਸ ਪ੍ਰਬੰਧ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ ਹਾਲਾਂਕਿ ਇਸ ਲਈ ਮਹਿਜ਼ ਨੋਟੀਫਿਕੇਸ਼ਨ ਜਾਰੀ ਕਰਨਾ ਬਾਕੀ ਹੈ। ਹੁਣ ਦੋਵੇਂ ਨਵੀਆਂ ਸੰਹਿਤਾਵਾਂ ਵਿਚ ਇਸ ਪ੍ਰਬੰਧ ਦੀ ਚੁੱਪ-ਚਾਪ ਭੋਗ ਪਾ ਦਿੱਤਾ ਗਿਆ ਹੈ ਤਾਂ ਜੋ ਸੰਘ ਪਰਿਵਾਰ, ਬਗ਼ੈਰ ਕਿਸੇ ਕਾਨੂੰਨੀ ਅੜਿੱਕੇ ਦੇ ਖੁਸ਼ੀ ਖੁਸ਼ੀ ਆਪਣੇ ਕਾਡਰ ਨੂੰ ਹਥਿਆਰਾਂ ਦੀ ਸਿਖਲਾਈ ਦੇ ਸਕੇ। ਬੀ.ਐਨ.ਐਸ. ਵਿਚ ਹਜੂਮੀ ਕਤਲ ਬਾਰੇ ਜੋੜੀ ਗਈ ਨਵੀਂ ਵਿਸ਼ੇਸ਼ ਨਵੀਂ ਧਾਰਾ 101 ਵਿਚ ਹਜੂਮੀ ਕਤਲ ਨੂੰ "ਨਸਲ, ਜਾਤ ਜਾਂ ਬਿਰਾਦਰੀ, ਲਿੰਗ, ਜਨਮ ਸਥਾਨ, ਭਾਸ਼ਾ, ਨਿੱਜੀ ਵਿਸ਼ਵਾਸ ਜਾਂ ਕੋਈ ਹੋਰ ਆਧਾਰ ਉਪਰ ਕੀਤੇ ਕਤਲ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ।" ਪਰ ਆਰ.ਐਸ.ਐਸ. ਦਾ ਖਿਆਲ ਰੱਖਦੇ ਹੋਏ ਹਜੂਮੀ ਕਤਲ ਲਈ ਧਰਮ ਨੂੰ ਕੋਈ ਆਧਾਰ ਨਹੀਂ ਮੰਨਿਆ ਗਿਆ।

7) ਨਵੀਂ ਸੰਹਿਤਾ ਬੀ.ਐਨ.ਐਸ.ਐਸ ਦੀ ਧਾਰਾ 172 ਮੁਲਕ ਨੂੰ ਪੁਲਿਸ ਰਾਜ ਵਿਚ ਤਬਦੀਲ ਕਰਨ ਦੀ ਸਮਰੱਥਾ ਰੱਖਦੀ ਹੈ। ਉਕਤ ਧਾਰਾ ਅਨੁਸਾਰ "ਕਿਸੇ ਪੁਲਿਸ ਅਧਿਕਾਰੀ ਦੁਆਰਾ ਆਪਣੇ ਫਰਜ਼ਾਂ ਦੇ ਨਿਭਾਅ ਲਈ ਦਿੱਤੇ ਆਦੇਸ਼ਾਂ ਦਾ ਵਿਰੋਧ ਕਰਨ, ਇਨਕਾਰੀ ਹੋਣ, ਅਣਗੌਲਿਆਂ ਕਰਨ ਜਾਂ ਅਨਾਦਰ ਕਰਨ ਵਾਲੇ ਕਿਸੇ ਵੀ ਸ਼ਖਸ ਨੂੰ ਹਿਰਾਸਤ ਵਿਚ ਲਿਆ ਜਾਂ ਉਥੋਂ ਲਾਂਭੇ ਕੀਤਾ ਜਾ ਸਕਦਾ ਹੈ... ਉਹ ਅਧਿਕਾਰੀ ਅਜਿਹੇ ਸ਼ਖਸ ਨੂੰ ਅਗਲੇ ਹੁਕਮਾਂ ਲਈ ਕਿਸੇ ਨਿਆਇਕ ਮੈਜਿਸਟਰੇਟ ਮੂਹਰੇ ਪੇਸ਼ ਕਰ ਸਕਦਾ ਹੈ ਜਾਂ ਸਬੰਧਿਤ ਗਤੀਵਿਧੀ ਖਤਮ ਹੋਣ ਬਾਅਦ ਛੱਡ ਸਕਦਾ ਹੈ।

8) ਬੀ.ਐਨ.ਐਸ.ਐਸ ਦੀ ਧਾਰਾ 43 (3) ਅਨੁਸਾਰ ਹੁਣ ਬਹੁਤ ਸਾਰੇ ਮਾਮਲਿਆਂ ਵਿਚ ਪੁਲਿਸ ਦੁਆਰਾ ਦੋਸ਼ੀ ਨੂੰ ਹੱਥਕੜੀ/ਬੇੜੀ ਲਗਾਈ ਜਾ ਸਕੇਗੀ ਜਦੋਂ ਕਿ ਮਨੁੱਖੀ ਸਨਮਾਨ ਦਾ ਘਾਣ ਕਰਨ ਵਾਲੀ ਇਸ ਕੁਪ੍ਰਥਾ ਨੂੰ ਸੁਪਰੀਮ ਕੋਰਟ ਨੇ 1978 ਵਿਚ 'ਸੁਨੀਲ ਬੱਤਰਾ ਬਨਾਮ ਦਿੱਲੀ ਪ੍ਰਸ਼ਾਸਨ' ਕੇਸ ਦੇ ਫੈਸਲੇ ਰਾਹੀਂ ਬੰਦ ਕਰਨ ਦਾ ਆਦੇਸ਼ ਦੇ ਦਿੱਤਾ ਸੀ। ਜੇਕਰ ਪਹਿਲਾਂ ਸਿਰਫ ਚੰਦ ਕੁ ਮਾਮਲਿਆਂ ਵਿਚ ਹੱਥਕੜੀ ਲਗਾਈ ਜਾ ਸਕਦੀ ਸੀ ਪਰ ਨਵੀਂ ਧਾਰਾ ਵਿਚ ਅਜਿਹੇ ਮਾਮਲਿਆਂ ਦੀ ਲਿਸਟ ਬਹੁਤ ਲੰਮੀ ਕਰ ਦਿੱਤੀ ਗਈ ਹੈ।

9) ਲੰਬੇ ਸਮੇਂ ਤੱਕ ਲਟਕੇਗੀ ਪੁਲਿਸ ਰਿਮਾਂਡ ਦੀ ਤਲਵਾਰ: ਸੁਪਰੀਮ ਕੋਰਟ ਦੁਆਰਾ ਸਟੇਟ (ਦਿੱਲੀ ਪ੍ਰਸ਼ਾਸਨ) ਬਨਾਮ ਧਰਮਪਾਲ-1982 ਅਤੇ ਸੀ.ਬੀ.ਆਈ. ਬਨਾਮ ਅਨੁਪਮ ਜੇ ਕੁਲਕਰਨੀ-1992 ਕੇਸਾਂ ਦੇ ਫੈਸਲਿਆਂ ਅਨੁਸਾਰ ਮੌਜੂਦਾ ਕਾਨੂੰਨ ਅਧੀਨ ਕਿਸੇ ਦੋਸ਼ੀ ਨੂੰ ਗ੍ਰਿਫਤਾਰ ਕੀਤੇ ਜਾਣ ਬਾਅਦ ਮੈਜਿਸਟਰੇਟ ਮੂਹਰੇ ਪੇਸ਼ ਕਰਨ ਦੇ ਸਿਰਫ ਪਹਿਲੇ ਪੰਦਰਾਂ ਦਿਨਾਂ ਦੌਰਾਨ ਵੱਧ ਤੋਂ ਵੱਧ ਪੰਦਰਾਂ ਦਿਨ ਤੱਕ ਦੀ ਪੁਲਿਸ ਹਿਰਾਸਤ (ਰਿਮਾਂਡ) ਵਿਚ ਭੇਜਿਆ ਜਾ ਸਕਦਾ ਹੈ ਪਰ ਬੀ.ਐਨ.ਐਸ.ਐਸ. ਦੀ ਧਾਰਾ 187(2) ਅਨੁਸਾਰ ਹੁਣ ਸੰਗੀਨ ਅਪਰਾਧਾਂ (ਮੌਤ, ਉਮਰ ਕੈਦ ਤੇ ਦਸ ਸਾਲ ਤੋਂ ਵਧੇਰੇ ਸਜ਼ਾ ਵਾਲੇ ਅਪਰਾਧ) ਵਿਚ 90 ਦਿਨਾਂ ਦੇ ਕੁੱਲ ਹਿਰਾਸਤੀ/ਤਫਤੀਸ਼ੀ ਅਰਸੇ ਦੇ ਪਹਿਲੇ 60 ਦਿਨਾਂ ਦੌਰਾਨ ਕਦੇ ਵੀ 15 ਦਿਨ ਦਾ ਪੁਲਿਸ ਰਿਮਾਂਡ (ਲਗਾਤਾਰ ਜਾਂ ਟੁੱਟਵੇਂ ਤੌਰ 'ਤੇ) ਦਿੱਤਾ ਜਾ ਸਕੇਗਾ। ਗੈਰ-ਸੰਗੀਨ ਅਪਰਾਧਾਂ (ਦਸ ਸਾਲ ਤੋਂ ਘੱਟ ਦੀ ਸਜ਼ਾ ਵਾਲੇ ਅਪਰਾਧ) ਦੇ ਮਾਮਲੇ ਵਿਚ ਕੁੱਲ 60 ਦਿਨਾਂ ਦੇ ਹਿਰਾਸਤੀ ਅਰਸੇ ਵਿਚੋਂ ਪਹਿਲੇ 40 ਦਿਨਾਂ ਦੌਰਾਨ ਕਦੇ ਵੀ 15 ਦਿਨ ਦਾ ਰਿਮਾਂਡ (ਲਗਾਤਾਰ ਜਾਂ ਟੁੱਟਵੇਂ ਰੂਪ ਵਿਚ) ਦਿੱਤਾ ਜਾ ਸਕੇਗਾ। ਇਸ ਤਬਦੀਲੀ ਦੇ ਫਲਸਰੂਪ ਦੋਸ਼ੀ ਦੇ ਸਿਰ ਉਪਰ ਪੁਲਿਸ ਰਿਮਾਂਡ ਦੀ ਤਲਵਾਰ ਵਧੇਰੇ ਲੰਮੇ ਸਮੇਂ ਤੱਕ ਲਟਕਦੀ ਰਹੇਗੀ।

10) ਬੀ.ਐਨ.ਐਸ.ਐਸ ਦੀ ਧਾਰਾ 349 ਬਾਇਓਮੈਟਰਿਕ (ਸਰੀਰਕ) ਚਿੰਨ੍ਹਾਂ ਦੀ ਵਰਤੋਂ ਰਾਹੀਂ ਲੋਕਾਂ ਦੇ ਨਿੱਜਤਾ ਦੇ ਸੰਵਿਧਾਨਕ ਅਧਿਕਾਰ ਉਪਰ ਹਮਲਾ ਕਰਦੀ ਹੈ। ਇਸ ਤਰਕਹੀਣ ਤੇ ਜਾਬਰ ਧਾਰਾ ਅਧੀਨ ਮੈਜਿਸਟਰੇਟ ਤਫਤੀਸ਼ ਨਾਲ ਸਬੰਧਿਤ ਕਿਸੇ ਵੀ ਸ਼ਖਸ ਨੂੰ (ਸਿਰਫ ਦੋਸ਼ੀ ਨੂੰ ਨਹੀਂ) ਆਪਣੇ ਦਸਤਖਤਾਂ ਦੇ ਨਮੂਨੇ, ਉਂਗਲੀਆਂ ਦੇ ਨਿਸ਼ਾਨ ਜਾਂ ਹੱਥ ਲਿਖਤ ਜਾਂ ਆਵਾਜ਼ ਦੇ ਨਮੂਨੇ ਦੇਣ ਦਾ ਆਦੇਸ਼ ਦੇ ਸਕਦਾ ਹੈ।

11) ਬੀ.ਐਨ.ਐਸ.ਐਸ. ਦੀ ਧਾਰਾ 173(3) ਐਫ.ਆਈ.ਆਰ. ਦਰਜ ਕਰਨ ਜਾਂ ਨਾ ਕਰਨ ਦੇ ਸਬੰਧ ਵਿਚ ਪੁਲਿਸ ਦੀਆਂ ਅਖਤਿਆਰੀ ਤਾਕਤਾਂ ਵਿਚ ਵਾਧਾ ਕਰਦੀ ਹੈ। ਐਫ.ਆਈ.ਆਰ. ਦਰਜ ਕਰਨ ਤੋਂ ਪਹਿਲਾਂ ਪੁਲਿਸ ਮੁਢਲੀ ਜਾਂਚ ਕਰਨ ਦਾ ਬਹਾਨਾ ਲਗਾ ਸਕਦੀ ਹੈ ਜਦੋਂ ਕਿ ਸੁਪਰੀਮ ਕੋਰਟ ਨੇ ਸੰਨ 2014 ਵਿਚ ਲਲਿਤਾ ਕੁਮਾਰੀ ਬਨਾਮ ਉੱਤਰ ਪ੍ਰਦੇਸ਼ ਸਰਕਾਰ ਕੇਸ ਦੇ ਫੈਸਲੇ ਰਾਹੀਂ ਹਦਾਇਤ ਕੀਤੀ ਸੀ ਕਿ ਥਾਣੇ ਵਿਚ ਪ੍ਰਾਪਤ ਹੋਈ ਜਾਣਕਾਰੀ ਨੂੰ ਐਫ.ਆਈ.ਆਰ. ਹੋਣ ਵਜੋਂ ਦਰਜ ਤੇ ਤਫਤੀਸ਼ ਕੀਤਾ ਜਾਵੇ, ਭਾਵੇਂ ਪੁਲਿਸ ਇਸ ਜਾਣਕਾਰੀ ਦੀ ਵਾਜਬੀਅਤ ਜਾਂ ਭਰੋਸੇਯੋਗਤਾ ਬਾਰੇ ਸੰਤੁਸ਼ਟ ਨਾ ਵੀ ਹੋਵੇ। ਸੁਪਰੀਮ ਕੋਰਟ ਨੇ ਇਹ ਫੈਸਲਾ ਬੇਵਸ ਤੇ ਲਾਚਾਰ ਲੋਕਾਂ ਦੀ ਮਦਦ ਲਈ ਕੀਤਾ ਸੀ ਜਿਨ੍ਹਾਂ ਦੀ ਪੁਲਿਸ ਸ਼ਿਕਾਇਤ 'ਤੇ ਪੁਲਿਸ, ਰਸੂਖਵਾਨਾਂ ਦੇ ਦਬਾਉ ਹੇਠ ਐਫ.ਆਈ.ਆਰ. ਦਰਜ ਨਹੀਂ ਕਰਦੀ।

12) ਨਵੇਂ ਕਾਨੂੰਨਾਂ ਰਾਹੀਂ ਜੇਲ੍ਹਬੰਦੀ ਨੂੰ ਵਧੇਰੇ ਤਕਲੀਫ-ਦੇਹ ਬਣਾਇਆ ਹੈ ਅਤੇ ਸੰਗੀਨ ਅਪਰਾਧਾਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਹੈ। ਬੀ.ਐਨ.ਐਸ.ਐਸ. ਦੀ ਧਾਰਾ 187(5) ਹਵਾਲਾਤੀਆਂ ਦੀ ਆਪਣੇ ਘਰਾਂ ਵਿਚ ਨਜ਼ਰਬੰਦੀ ਵਾਲੀ ਸਹੂਲਤ ਖ਼ਤਮ ਕਰਦੀ ਹੋਈ ਉਨ੍ਹਾਂ ਨੂੰ ਸਿਰਫ ਥਾਣਿਆਂ ਜਾਂ ਜੇਲ੍ਹਾਂ ਵਿਚ ਡੱਕਣ ਦਾ ਆਦੇਸ਼ ਦਿੰਦੀ ਹੈ। ਜਦੋਂ ਇੱਕ ਤਰਫ ਕਚਘਰਤ ਤਰੀਕੇ ਨਾਲ ਵਿਉਂਤੀ ਗਈ ਸਮਾਜਿਕ ਸੇਵਾ ਦੀ ਸੀਮਤ ਵਰਤੋਂ ਨੂੰ ਸੀਮਤ ਬਦਲਵੀਂ ਸਜ਼ਾ ਵਜੋਂ ਸ਼ਾਮਲ ਕੀਤਾ ਗਿਆ ਹੈ, ਦੂਸਰੀ ਤਰਫ ਇਹ ਨਵੇਂ ਬਿਲ, ਕਰੀਬ ਕਰੀਬ ਆਮ ਰੂਪ ਵਿਚ ਹੀ ਅਪਰਾਧਾਂ ਦੀਆਂ ਸਾਰੀਆਂ ਹੀ ਸ਼੍ਰੇਣੀਆਂ ਲਈ ਜੇਲ੍ਹਬੰਦੀ ਦੇ ਅਰਸੇ ਵਿਚ ਹਕੀਕੀ ਰੂਪ ਵਿਚ ਵਾਧਾ ਦਿੰਦੇ ਹਨ। ਮੌਜੂਦਾ ਕਾਨੂੰਨ ਅਧੀਨ ਮੌਤ ਤੇ ਉਮਰ ਕੈਦ ਦੀ ਸਜ਼ਾ ਵਾਲੇ ਅਪਰਾਧਾਂ ਦੀ ਲਿਸਟ ਕਿਸੇ ਜਮਹੂਰੀਅਤ ਦੇ ਨੁਕਤਾ-ਨਜ਼ਰ ਤੋਂ ਪਹਿਲਾਂ ਹੀ ਬਹੁਤ ਲੰਮੀ ਹੈ। ਨਵੇਂ ਬਿਲ ਇਸ ਲਿਸਟ ਵਿਚ ਮੌਤ ਦੀ ਸਜ਼ਾ ਵਾਲੇ ਚਾਰ ਹੋਰ ਅਪਰਾਧਾਂ (ਹਜੂਮੀ ਹਿੰਸਾ, ਸੰਗਠਿਤ ਅਪਰਾਧ, ਅਤਿਵਾਦ ਤੇ ਨਾਬਾਲਗ ਦਾ ਬਲਾਤਕਾਰ) ਅਤੇ ਉਮਰ ਕੈਦ ਦੀ ਸਜ਼ਾ ਵਾਲੇ ਛੇ ਹੋਰ ਅਪਰਾਧਾਂ ਨੂੰ ਸ਼ਾਮਲ ਕਰਦੇ ਹਨ। ਮੌਜੂਦਾ ਆਈ.ਪੀ.ਸੀ. ਵਿਚ ਕੈਦੀ ਦੀ ਬਾਕੀ ਬਚਦੀ ਕੁਦਰਤੀ ਜ਼ਿੰਦਗੀ (14 ਸਾਲ ਦੀ ਬਜਾਇ) ਤੱਕ ਲਾਜ਼ਮੀ ਤੌਰ 'ਤੇ ਜਾਰੀ ਰਹਿਣ ਵਾਲੀ ਉਮਰ ਕੈਦ ਦੀ ਸਜ਼ਾ ਵਾਲੇ ਕੁਝ ਕੁ ਹੀ ਅਪਰਾਧ ਸ਼ਾਮਲ ਹਨ ਪਰ ਬੀ.ਐਨ.ਐਸ. ਦੀ ਧਾਰਾ 4(ਬੀ), ਹੁਣ ਕੈਦੀ ਦੀ ਬਾਕੀ ਬਚਦੀ ਕੁਦਰਤੀ ਜ਼ਿੰਦਗੀ ਦੀ ਸਜ਼ਾ ਨੂੰ ਹੀ ਉਮਰ ਕੈਦ ਦੀ ਸਜ਼ਾ ਦਾ ਸਿਰਫ ਇੱਕੋ-ਇੱਕ ਰੂਪ ਧਰਦੀ ਹੈ।

ਕਾਨੂੰਨਾਂ ਦੇ ਨਾਮ ਅੰਗਰੇਜ਼ੀ ਵਿਚ ਹੋਣ ਬਾਰੇ ਸੰਵਿਧਾਨ ਦੀ ਧਾਰਾ 348 ਦੀ ਉਲੰਘਣਾ ਕਰਦੇ ਹੋਏ ਇਨ੍ਹਾਂ ਦਾ ਨਾਮਕਰਨ ਸਿਰਫ ਹਿੰਦੀ ਵਿਚ ਕਰਨਾ, ਜ਼ਾਬਤਾ/ਕੋਡ ਆਦਿ ਸ਼ਬਦਾਂ ਦੀ ਬਜਾਇ ਧਾਰਾਵਾਂ ਦੇ ਸੰਗ੍ਰਹਿ ਨੂੰ 'ਸੰਹਿਤਾ' ਕਹਿਣਾ, ਖਾਸ ਵਿਚਾਰਧਾਰਕ ਏਜੰਡੇ ਵੱਲ ਇਸ਼ਾਰਾ ਕਰ ਰਿਹਾ ਹੈ। 'ਸੰਹਿਤਾ' ਦੇ ਸ਼ਾਬਦਿਕ ਅਰਥ ਭਾਵੇਂ 'ਸੰਗ੍ਰਹਿ' ਹਨ, ਇਹ ਸ਼ਬਦ ਆਮ ਤੌਰ 'ਤੇ ਮਨੂ ਸਿਮਰਿਤੀ ਅਤੇ ਵੇਦਾਂ ਤੇ ਹੋਰ ਪ੍ਰਾਚੀਨ ਧਾਰਮਿਕ ਗ੍ਰੰਥਾਂ ਦੀਆਂ ਰਿਚਾਵਾਂ/ਸਲੋਕਾਂ ਦੇ ਸੰਗ੍ਰਹਿ ਲਈ ਵਰਤਿਆ ਜਾਂਦਾ ਹੈ। ਇਹ ਸੋਧਾਂ ਸਾਡੇ ਕਾਨੂੰਨੀ ਪ੍ਰਬੰਧ ਦੀ ਬੁਨਿਆਦ ਨੂੰ ਸੰਵਿਧਾਨਕ ਤੋਂ ਬਦਲ ਕੇ ਧਰਮ-ਤੰਤਰਿਕ ਬਣਾਉਣ ਦੇ ਅਮਲ ਦੀ ਦਿਖਾਵਾ-ਰਹਿਤ ਸ਼ੁਰੂਆਤ ਹੈ ਜਾਂ ਕਹਿ ਲਈਏ ਭਾਰਤ ਦੇ ਹਿੰਦੂ ਕਾਨੂੰਨੀ ਪ੍ਰਬੰਧ ਦੇ ਨਿਰਮਾਣ ਦਾ ਸ਼ਿਲਾਨਿਆਸ (ਨੀਂਹ ਪੱਥਰ) ਹੈ।

# ਯੁਵਕ ਮੇਲਿਆਂ ਦਾ ਰੰਗ

**ਪ੍ਰੋ. ਕੰਵਲ ਢਿੱਲੋਂ**

ਸੂਰਜ ਦੀ ਤਪਸ਼ ਘਟਦਿਆਂ ਹੀ ਅੱਸੂ ਅਤੇ ਕੱਤਕ ਦੇ ਮਹੀਨੇ ਪੰਜਾਬ ਦੀਆਂ ਵੱਖੋ-ਵੱਖਰੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਯੁਵਕ ਮੇਲਿਆਂ ਦਾ ਆਗਾਜ਼ ਹੁੰਦਾ ਹੈ। ਪੜ੍ਹਾਈ ਦੇ ਨਾਲ ਸਭਿਆਚਾਰਕ ਗਤੀਵਿਧੀਆਂ ਵਿਚ ਵੀ ਵਿਦਿਆਰਥੀ ਬੜੇ ਚਾਅ ਨਾਲ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਸੰਸਥਾਵਾਂ ਵਿਚ ਉਦੋਂ ਅਜੀਬ ਜਿਹਾ ਜੋਸ਼ ਭਰ ਉੱਠਦਾ ਹੈ ਜਦੋਂ ਇਨ੍ਹਾਂ ਯੁਵਕ ਮੇਲਿਆਂ ਦੀ ਤਿਆਰੀ ਕਰਦੇ ਵਿਦਿਆਰਥੀ ਸਭਿਆਚਾਰਕ ਲੋਕ ਨਾਚਾਂ ਜਿਵੇਂ ਗਿੱਧਾ, ਭੰਗੜਾ, ਝੂਮਰ ਆਦਿ ਦਾ ਲੁਤਫ਼ ਉਠਾ ਰਹੇ ਹੁੰਦੇ ਹਨ। ਕਿਤੇ ਸਾਡੇ ਰੰਗਕਰਮੀ ਸਮਾਜਿਕ ਸਰੋਕਾਰਾਂ ਦੀਆਂ ਬਾਤਾਂ ਪਾ ਰਹੇ ਹੁੰਦੇ ਹਨ ਹਨ। ਪੰਜਾਬੀ ਸਭਿਆਚਾਰ ਦਾ ਵੱਖ-ਵੱਖ ਵੰਨਗੀਆਂ ਵਾਲਾ ਗੀਤ-ਸੰਗੀਤ ਕੰਨਾਂ ਵਿਚ ਰਸ ਘੋਲ ਰਿਹਾ ਹੁੰਦਾ ਹੈ। ਮੱਸ-ਫੁੱਟ ਗੱਭਰੂਆਂ ਅਤੇ ਅੱਲ੍ਹੜ ਮੁਟਿਆਰਾਂ ਦੇ ਖਿੜੇ ਚਿਹਰੇ ਪੂਰੀ ਫਿਜ਼ਾ ਨੂੰ ਮਹਿਕਾ ਰਹੇ ਹੁੰਦੇ ਹਨ।

ਦੇਸ਼ ਵੰਡ ਤੋਂ ਬਾਅਦ ਪੰਜਾਬ ਵਿਚ ਉਚੇਰੀ ਸਿੱਖਿਆ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਪੰਜਾਬ ਯੂਨੀਵਰਸਿਟੀ ਹੀ ਹੁੰਦੀ ਸੀ ਜਿਸ ਵਿਚ ਯੁਵਕ ਮੇਲਿਆਂ ਦਾ ਆਗਾਜ਼ 1958 ਵਿਚ ਹੋਇਆ। ਇਸ ਵਰ੍ਹੇ 65ਵਾਂ ਯੁਵਕ ਮੇਲਾ ਪੰਜਾਬ ਯੂਨੀਵਰਸਿਟੀ ਅਧੀਨ ਪੈਂਦੇ ਵੱਖੋ-ਵੱਖ ਜ਼ੋਨਾਂ ਵਿਚ ਸਫਲਤਾ ਪੂਰਵਕ ਸਮਾਪਤ ਹੋਇਆ ਅਤੇ ਵਿਦਿਆਰਥੀ ਅੰਤਰ ਜ਼ੋਨਲ ਮੁਕਾਬਲਿਆਂ ਦੀ ਤਿਆਰੀ ਵਿਚ ਰੁੱਝੇ ਹਨ। ਅਮੂਮਨ ਦੇਖਣ ਵਿਚ ਆਉਂਦਾ ਹੈ, ਇਨ੍ਹਾਂ ਮੇਲਿਆਂ ਵਿਚ ਵਿਦਿਆਰਥੀ ਸਬੰਧਤ ਗਤੀਵਿਧੀਆਂ ਦੀਆਂ ਬਰੀਕੀਆਂ ਨੂੰ ਸਮਝਦੇ ਹੋਏ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਹਨ ਅਤੇ ਕਈ ਤਾਂ ਅੱਗੇ ਚੱਲ ਕੇ ਸਬੰਧਤ ਗਤੀਵਿਧੀ ਨੂੰ ਹੀ ਆਪਣਾ ਮੁਸਤਕਬਿਲ ਬਣਾ ਲੈਂਦੇ ਹਨ। ਵਿਦਿਆਰਥੀਆਂ ਵੱਲੋਂ ਕੀਤੀ ਮਿਹਨਤ, ਉਨ੍ਹਾਂ ਦੀ ਪੇਸ਼ਕਾਰੀ ਵਿਚੋਂ ਝਲਕਦੀ ਹੈ, ਭਾਵੇਂ ਇਹ ਵਿਦਿਆਰਥੀ ਪੇਸ਼ੇਵਰ ਕਲਾਕਾਰ ਨਹੀਂ ਪ੍ਰੰਤੂ ਇਨ੍ਹਾਂ ਦੀ ਤਿਆਰੀ ਮਾਹਿਰ ਕਲਾਕਾਰਾਂ ਵੱਲੋਂ ਕਰਵਾਈ ਜਾਂਦੀ ਹੈ। ਵਿਦਿਆਰਥੀਆਂ ਨੂੰ ਇਨ੍ਹਾਂ ਕਲਾਕਾਰਾਂ ਤੋਂ ਕਲਾ ਦੀਆਂ ਬਾਰੀਕੀਆਂ ਸਿੱਖਣ ਦਾ ਸੁਨਹਿਰੀ ਮੌਕਾ ਮਿਲਦਾ ਹੈ। ਕਈ ਵਾਰ ਇਨ੍ਹਾਂ ਯੁਵਕ ਮੇਲਿਆਂ ਦੀ ਹੱਲਾਸ਼ੇਰੀ ਇਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਦੇ ਮਹਾਨ ਕਲਾਕਾਰ ਬਣਾ ਦਿੰਦੀ ਹੈ।

ਅੱਜ ਵੀ ਇਨ੍ਹਾਂ ਯੁਵਕ ਮੇਲਿਆਂ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਕਈ ਕਾਲਜ ਅਤੇ ਉਨ੍ਹਾਂ ਵਿਚ ਪੜ੍ਹਾਉਂਦੇ ਪ੍ਰੋਫੈਸਰ ਆਪਣਾ ਫਰਜ਼ ਨਿਭਾ ਰਹੇ ਹਨ ਪਰ ਵਿਦਿਆਰਥੀਆਂ ਦੇ ਵਿਦੇਸ਼ ਜਾਣ ਦੇ ਰੁਝਾਨ ਅਤੇ ਕਰੋਨਾ ਕਾਲ ਦੀ ਮਾਰ ਦਾ ਖਮਿਆਜ਼ਾ ਕਾਲਜਾਂ ਨੂੰ ਝੱਲਣਾ ਪੈ ਰਿਹਾ ਹੈ। ਕਾਲਜਾਂ ਅਤੇ ਯੂਨੀਵਰਸੀਟੀਆਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟ ਰਹੀ ਹੈ ਜਿਸ ਕਾਰਨ ਕਾਲਜਾਂ ਦੀ ਆਰਥਿਕ ਸਥਿਤੀ ਡਾਵਾਂਡੋਲ ਹੁੰਦੀ ਜਾ ਰਹੀ ਹੈ। ਇਸ ਕਰ ਕੇ ਬਹੁਤ ਸਾਰੇ ਕਾਲਜ ਇਨ੍ਹਾਂ ਯੁਵਕ ਮੇਲਿਆਂ ਵਿਚ ਭਾਗ ਨਹੀਂ ਲੈ ਰਹੇ। ਜੋ ਹਿੱਸਾ ਲੈ ਵੀ ਰਹੇ ਹਨ, ਛੋਟੀਆਂ-ਛੋਟੀਆਂ ਵੰਨਗੀਆਂ ਵਿਚ ਹੀ ਲੈ ਰਹੇ ਹਨ। ਵੱਡੀ ਵੰਨਗੀ ਦੀ ਤਿਆਰੀ ਦਾ ਬੋਝ ਚੁੱਕਣਾ ਉਨ੍ਹਾਂ ਲਈ ਅਸੰਭਵ ਜਿਹਾ ਹੋ ਗਿਆ ਹੈ। ਜਿਵੇਂ ਗਰੁੱਪ ਡਾਂਸ, ਗਿੱਧਾ, ਭੰਗੜਾ, ਨਾਟਕ ਜਿਹੀਆਂ ਵੰਨਗੀਆਂ ਦੀਆਂ ਤਿਆਰੀ 'ਤੇ ਕਾਫੀ ਖਰਚਾ ਆਉਂਦਾ ਹੈ। ਬਾਹਰੋਂ ਤਿਆਰੀ ਕਰਵਾਉਣ ਆਏ ਪ੍ਰਬੀਨ ਕਲਾਕਾਰ ਅਤੇ ਉਸਤਾਦਾਂ ਦਾ ਮਿਹਨਤਾਨਾ ਦੇਣਾ ਵੀ ਕਾਲਜਾਂ ਦੇ ਵੱਸੋਂ ਬਾਹਰੀ ਗੱਲ ਹੋ ਜਾਂਦੀ ਹੈ। ਕਈ ਵਾਰ ਤਾਂ ਸਿਰਫ ਦੋ ਜਾਂ ਤਿੰਨ ਟੀਮਾਂ ਹੀ ਮੁਕਾਬਲੇ ਵਿਚ ਹੁੰਦੀਆਂ ਹਨ। ਜੱਜਾਂ ਨੂੰ ਉਨ੍ਹਾਂ ਵਿਚੋਂ ਹੀ ਪਹਿਲੇ, ਦੂਜੇ, ਤੀਜੇ ਸਥਾਨ ਦੇਣੇ ਪੈਂਦੇ ਹਨ ਜਿਸ ਕਾਰਨ ਨਾ ਕੇਵਲ ਸਬੰਧਤ ਵੰਨਗੀਆਂ ਦੀ ਗੁਣਵੱਤਾ ਦਾ ਪੱਧਰ ਹੇਠਾਂ ਆਉਂਦਾ ਹੈ ਬਲਕਿ ਮੁਕਾਬਲੇ ਦਾ ਜੋ ਜਜ਼ਬਾ ਹੋਣਾ ਚਾਹੀਦਾ ਹੈ, ਉਹ ਗਾਇਬ ਹੁੰਦਾ ਹੈ। ਇਸੇ ਕਰ ਕੇ ਇਨ੍ਹਾਂ ਯੁਵਕ ਮੇਲਿਆਂ ਦਾ ਰੰਗ ਆਏ ਸਾਲ ਫਿੱਕਾ ਪੈ ਰਿਹਾ ਹੈ।

ਕਈ ਮੇਜ਼ਬਾਨ ਕਾਲਜਾਂ ਵੱਲੋਂ ਪੁਖਤਾ ਪ੍ਰਬੰਧਾਂ ਦੀ ਘਾਟ ਕਰ ਕੇ ਬਾਹਰੋਂ ਆਏ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਧੂਰੇ ਪ੍ਰਬੰਧਾਂ ਕਾਰਨ ਕਈ ਨਿਰਾਸ਼ ਵਿਦਿਆਰਥੀ ਤੇ ਅਧਿਆਪਕ ਅਗਲੇ ਯੁਵਕ ਮੇਲੇ ਵਿਚ ਸ਼ਾਮਿਲ ਹੋਣ ਤੋਂ ਗੁਰੇਜ਼ ਕਰਦੇ ਹਨ। ਬਹੁਤਾਤ ਕਾਲਜਾਂ ਵਿਚ ਸਹੂਲਤਾਂ ਤੋਂ ਸੱਖਣੇ ਇਨਡੋਰ ਹਾਲ ਵਿਦਿਆਰਥੀਆਂ ਦੀ ਪੇਸ਼ਕਾਰੀ ਨੂੰ ਪ੍ਰਭਾਵਿਤ ਕਰਦੇ ਹਨ। ਸਾਊਂਡ ਸਿਸਟਮ ਦਾ ਮਾੜਾ ਪ੍ਰਬੰਧ ਉਸ ਤੋਂ ਵੀ ਵੱਧ ਮਾਰੂ ਪ੍ਰਭਾਵ ਪਾਉਂਦਾ ਹੈ। ਨਾਟਕ ਵਰਗੀ ਪੇਸ਼ਕਾਰੀ ਲਈ ਸੁਚੱਜੇ ਇਨਡੋਰ ਨਾਟਕ ਹਾਲ ਦੀ ਜ਼ਰੂਰਤ ਹੁੰਦੀ ਹੈ ਜੋ ਪੇਸ਼ਕਾਰੀ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੀ ਹੈ ਪਰ ਇਸ ਦੀ ਅਣਹੋਂਦ ਵਿਚ ਨਾਟਕ ਤੇ ਅਦਾਕਾਰ ਆਪਣਾ ਸਮੁੱਚਾ ਪ੍ਰਭਾਵ ਸਿਰਜਣ ਵਿਚ ਨਾਕਾਮਯਾਬ ਰਹਿੰਦੇ ਹਨ ਜਿਸ ਦੀ ਮਿਹਨਤ ਵਿਦਿਆਰਥੀ ਕਈ ਮਹੀਨਿਆਂ ਤੋਂ ਕਰ ਰਹੇ ਹੁੰਦੇ ਹਨ। ਮਾੜੇ ਸਾਊਂਡ ਸਿਸਟਮ ਕਾਰਨ ਜੱਜ ਸਾਹਿਬਾਨ ਵੀ ਡਾਇਲਾਗ ਸੁਣ ਨਹੀਂ ਪਾਉਂਦੇ, ਕਿਉਂਕਿ ਇੱਕ ਤਾਂ ਪ੍ਰਬੰਧ ਪੂਰਾ ਨਹੀਂ ਹੁੰਦਾ, ਉੱਪਰੋਂ ਕੁਝ ਹੁੱਲੜਬਾਜ਼ ਵਿਦਿਆਰਥੀ ਵੀ ਚੀਕਾਂ-ਕੂਕਾਂ ਮਾਰ ਕੇ ਵਿਘਨ ਪਾਉਂਦੇ ਹਨ।


ਯੂਨੀਵਰਸਿਟੀਆਂ ਦੇ ਯੁਵਕ ਭਲਾਈ ਵਿਭਾਗ ਜਿਨ੍ਹਾਂ ਦੀ ਸਰਪ੍ਰਸਤੀ ਹੇਠ ਯੁਵਕ ਮੇਲੇ ਕਰਵਾਏ ਜਾਂਦੇ ਹਨ, ਦਾ ਫਰਜ਼ ਹੈ ਕਿ ਉਹ ਮੇਜ਼ਬਾਨ ਕਾਲਜ ਵਿਚ ਹਰੇਕ ਵੰਨਗੀ ਦੇ ਪੁਖਤਾ ਪ੍ਰਬੰਧਾਂ ਦਾ ਨਿਰੀਖਣ ਕਰਨ ਅਤੇ ਇਸ ਗੱਲ ਦਾ ਵੀ ਖ਼ਿਆਲ ਰੱਖਣ ਕਿ ਸਾਰਾ ਯੁਵਕ ਮੇਲਾ ਲਿਖਤੀ ਮਾਪਦੰਡਾਂ ਦੇ ਆਧਾਰ 'ਤੇ ਪੂਰੇ ਅਨੁਸ਼ਾਸਨ ਵਿਚ ਸਿਰੇ ਚੜ੍ਹੇ। ਜੱਜਾਂ ਦੀ ਜੱਜਮੈਂਟ ਵੀ ਸ਼ੀਸ਼ੇ ਦੀ ਤਰ੍ਹਾਂ ਸਾਫ਼ ਹੋਵੇ। ਜੱਜ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਕਮੀਆਂ ਬਾਰੇ ਜਾਣਕਾਰੀ ਦੇਣ ਤੇ ਪਹਿਲੇ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਜਾਂ ਵਿਦਿਆਰਥੀਆਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਵੀ ਜ਼ਰੂਰ ਦੱਸਣ ਤਾਂ ਜੋ ਬਾਕੀ ਵਿਦਿਆਰਥੀਆਂ ਦੇ ਮਨਾਂ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਸ਼ੰਕਾ ਨਾ ਰਹੇ।

ਸ਼ਾਲਾ! ਇਹ ਯੁਵਕ ਮੇਲੇ ਹੀ ਹਨ ਜੋ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਕਰ ਕੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਨਿਖਾਰਦੇ ਹਨ। ਸ਼ਾਲਾ ਇਹ ਯੁਵਕ ਮੇਲੇ ਇੰਝ ਹੀ ਲੱਗਦੇ ਰਹਿਣ, ਆਪਣੀ ਮਹਿਕ ਬਿਖੇਰਦੇ ਰਹਿਣ। ਇਨ੍ਹਾਂ ਦਾ ਰੰਗ ਕਦੇ ਵੀ ਫਿੱਕਾ ਨਾ ਪਵੇ।

# 1984 – ਕੁਝ ਸਵਾਲ ਕੁਝ ਜਵਾਬ

**ਸੰਨ ਚੁਰਾਸੀ ਦੀ ਘਟਨਾ ਅਜਿਹੀ ਘਟਨਾ ਹੈ ਜੋ ਭੁਲਾਇਆ ਨਹੀਂ ਭੁੱਲਦੀ। ਹੁਣ ਤਕਰੀਬਨ ਚਾਰ ਦਹਾਕਿਆਂ ਬਾਅਦ ਕਿਹਾ ਜਾ ਸਕਦਾ ਹੈ ਕਿ ਅਜਿਹੀਆਂ ਘਟਨਾਵਾਂ ਬਾਰੇ ਪੜਤਾਲਾਂ ਕਦੇ ਪੂਰੀਆਂ ਨਹੀਂ ਹੁੰਦੀਆਂ ਅਤੇ ਨਾ ਹੀ ਇਨ੍ਹਾਂ ਜਾਂਚਾਂ ਦੇ ਨਤੀਜੇ ਕਦੀ ਸਾਹਮਣੇ ਆਉਂਦੇ ਹਨ। ਪਰਮਜੀਤ ਸਿੰਘ ਨੇ ਇਹ ਕਥਾ ਆਪਣੇ ਢੰਗ ਨਾਲ ਸੁਣਾਈ ਹੈ ਜੋ ਪਾਠਕ ਨੂੰ ਆਪਣੇ ਨਾਲ ਵਹਾ ਕੇ ਲੈ ਜਾਂਦੀ ਹੈ।**

ਮਹਾਨ ਦਾਰਸ਼ਨਿਕ ਜਾਰਜ ਸਾਂਤਯਾਨਾ ਅਨੁਸਾਰ, "ਜੋ ਲੋਕ ਬੀਤੇ ਨੂੰ ਯਾਦ ਨਹੀਂ ਰੱਖ ਸਕਦੇ, ਉਹ ਇਸ ਨੂੰ ਦੁਹਰਾਉਣ ਲਈ ਸਰਾਪੇ ਹੁੰਦੇ ਹਨ।" ਸਾਂਤਯਾਨਾ ਦੀਆਂ ਇਨ੍ਹਾਂ ਸਤਰਾਂ ਦੀ ਵਿਆਖਿਆ ਕਈ ਰਾਜਨੇਤਾਵਾਂ, ਸਿਆਸਤਦਾਨਾਂ ਅਤੇ ਦਾਰਸ਼ਨਿਕਾਂ ਨੇ ਆਪੋ-ਆਪਣੇ ਤਰੀਕੇ ਨਾਲ ਕੀਤੀ ਹੈ। ਆਇਰਿਸ਼ ਰਾਜਨੇਤਾ ਐਡਮੰਡ ਬਰਕ ਅਨੁਸਾਰ, "ਜਿਹੜੇ ਲੋਕ ਇਤਿਹਾਸ ਨਹੀਂ ਜਾਣਦੇ, ਉਨ੍ਹਾਂ ਦਾ ਇਸ ਨੂੰ ਦੁਹਰਾਉਣਾ ਤੈਅ ਹੈ।" ਬਰਤਾਨਵੀ ਰਾਜਨੇਤਾ ਵਿੰਸਟਨ ਚਰਚਿਲ ਅਨੁਸਾਰ, "ਜੋ ਲੋਕ ਇਤਿਹਾਸ ਤੋਂ ਸਿੱਖਣ ਵਿਚ ਅਸਫਲ ਰਹਿੰਦੇ ਹਨ, ਉਹ ਇਸ ਨੂੰ ਦੁਹਰਾਉਣ ਲਈ ਸਰਾਪੇ ਹੁੰਦੇ ਹਨ।" ਉਪਰੋਕਤ ਸਾਰੀਆਂ ਸਤਰਾਂ ਸਿਰਫ਼ ਇੱਕੋ ਗੱਲ ਵੱਲ ਇਸ਼ਾਰਾ



**ਪਰਮਜੀਤ ਸਿੰਘ**


ਕਰਦੀਆਂ ਹਨ: ਸਾਨੂੰ ਆਪਣੇ ਇਤਿਹਾਸ ਦੀਆਂ ਗ਼ਲਤੀਆਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਸਾਨੂੰ ਇਸ ਦਾ ਸਹੀ ਲੇਖਾ-ਜੋਖਾ ਕਰਨਾ ਚਾਹੀਦਾ ਹੈ ਅਤੇ ਇਸ ਤੋਂ ਸਬਕ ਸਿੱਖਣਾ ਚਾਹੀਦਾ ਹੈ ਪਰ ਸਾਡੇ ਦੇਸ਼ ਦੇ ਹਾਲਾਤ ਅਜਿਹੇ ਹਨ ਕਿ ਸਾਨੂੰ ਮਿਥਿਹਾਸ ਤਾਂ ਚੇਤੇ ਰਹਿੰਦਾ ਹੈ ਪਰ ਜ਼ਿੰਦਗੀ 'ਚ ਵਾਪਰੀਆਂ ਅਸਲ ਘਟਨਾਵਾਂ ਬਾਰੇ ਸਾਡਾ ਚੇਤਾ ਬਹੁਤ ਛੋਟਾ ਹੈ; ਖ਼ਾਸ ਕਰ ਕੇ ਉਨ੍ਹਾਂ ਘਟਨਾਵਾਂ ਬਾਰੇ ਜਿਨ੍ਹਾਂ ਵਿਚ ਦੇਸ਼ ਦੀ ਸਰਕਾਰ ਅਤੇ ਰਾਜ ਸੱਤਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਹੋਵੇ; ਜਾਂ ਤਾਂ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਅਸੀਂ ਇਨ੍ਹਾਂ ਨੂੰ ਭੁਲਾ ਦੇਈਏ, ਜਾਂ ਫਿਰ ਰਾਜ ਸੱਤਾ ਉਨ੍ਹਾਂ ਘਟਨਾਵਾਂ ਨੂੰ ਆਪਣੇ ਸਵਾਰਥ ਲਈ ਵਰਤਦੀ ਹੈ।

ਸੰਨ ਚੁਰਾਸੀ ਦੀ ਘਟਨਾ ਵੀ ਕੁਝ ਅਜਿਹੀ ਹੀ ਹੈ। ਇਸ ਘਟਨਾ ਨੂੰ 39 ਸਾਲ ਹੋ ਗਏ ਹਨ। ਦੋ ਨਵੀਆਂ ਪੀੜ੍ਹੀਆਂ ਆ ਗਈਆਂ। ਇਸ ਘਟਨਾ ਦਾ ਵੀ ਉਹੀ ਹਾਲ ਹੋ ਰਿਹਾ ਹੈ ਜੋ ਅਸੀਂ ਸੰਨ ਸੰਤਾਲੀ ਵਿਚ ਦੇਖ ਚੁੱਕੇ ਹਾਂ। ਇਸ ਦੌਰਾਨ ਕਈ ਹੋਰ ਦੰਗੇ ਹੋਏ ਅਤੇ ਬਾਅਦ ਵਿਚ ਵੀ ਹੁੰਦੇ ਰਹੇ ਪਰ ਆਉਣ ਵਾਲੀ ਪੀੜ੍ਹੀ ਉਨ੍ਹਾਂ ਬਾਰੇ ਬਹੁਤ ਘੱਟ ਜਾਣਦੀ ਹੈ। ਹਰ ਦੰਗੇ ਤੋਂ ਬਾਅਦ ਅਣਗਿਣਤ ਜਾਂਚ ਕਮੇਟੀਆਂ ਬਣਾਈਆਂ ਗਈਆਂ ਹਨ ਪਰ ਜਾਂ ਤਾਂ ਉਹ ਪੜਤਾਲਾਂ ਕਦੇ ਪੂਰੀਆਂ ਨਹੀਂ ਹੁੰਦੀਆਂ ਜਾਂ ਉਨ੍ਹਾਂ ਦਾ ਨਤੀਜਾ ਕਦੇ ਵੀ ਲੋਕਾਂ ਸਾਹਮਣੇ ਨਹੀਂ ਆਉਂਦਾ।

ਕਿਸੇ ਵੀ ਦੇਸ਼ ਜਾਂ ਸਮਾਜ ਦੀ ਖ਼ੁਸ਼ਹਾਲੀ ਉਸ ਵਿਚ ਰਹਿਣ ਵਾਲੇ ਭਾਈਚਾਰਿਆਂ ਦੇ ਆਪਸੀ ਸਬੰਧਾਂ 'ਤੇ ਨਿਰਭਰ ਕਰਦੀ ਹੈ; ਖ਼ਾਸ ਕਰ ਕੇ ਭਾਰਤ ਵਰਗੇ ਦੇਸ਼ ਵਿਚ ਜਿੱਥੇ ਵੱਖ-ਵੱਖ ਭਾਈਚਾਰਿਆਂ ਦੇ ਲੋਕ ਵਸੇ ਹੋਏ ਹਨ। ਆਮ ਤੌਰ 'ਤੇ ਸਾਡਾ ਸਮਾਜ ਧਰਮ ਜਾਂ ਕੌਮਾਂ ਵਿਚ ਜ਼ਰੂਰ ਵੰਡਿਆ ਹੋਇਆ ਹੈ ਪਰ ਸਾਡੀ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਜ਼ਿੰਦਗੀ ਆਪਸੀ ਮੇਲਜੋਲ ਹੈ। ਧਰਮ, ਕੌਮ ਅਤੇ ਜਾਤ ਹੀ ਅਜਿਹੇ ਪਹਿਲੂ ਹਨ ਜਿਨ੍ਹਾਂ ਨੂੰ ਕਦੇ ਵੀ ਕੁਰੇਦ ਕੇ ਕਿਸੇ ਵੀ ਸਮੇਂ ਇਕ ਭਾਈਚਾਰੇ ਨੂੰ ਦੂਜੇ ਦੇ ਵਿਰੁੱਧ ਭੜਕਾਇਆ ਜਾ ਸਕਦਾ ਹੈ।

ਮੈਂ ਤੀਹ ਸਾਲਾਂ ਤੋਂ ਇਨ੍ਹਾਂ ਮੁੱਦਿਆਂ ਉੱਪਰ ਕੰਮ ਕੀਤਾ ਹੈ। ਬਹੁਤ ਸਾਰੇ ਫ਼ਿਰਕੂ ਅਤੇ ਜਾਤੀ ਦੰਗਿਆਂ ਦੀਆਂ ਤੱਥ ਖੋਜ ਕਮੇਟੀਆਂ ਵਿਚ ਸ਼ਾਮਿਲ ਹੋਇਆ ਹਾਂ। ਉਨ੍ਹਾਂ ਦਾ ਵਿਸ਼ਲੇਸ਼ਣ ਕਰ ਕੇ ਉਨ੍ਹਾਂ ਉੱਪਰ ਕਈ ਰਿਪੋਰਟਾਂ ਛਾਪੀਆਂ। ਜ਼ਿਆਦਾਤਰ ਘਟਨਾਵਾਂ ਵਿਚ ਇਹ ਸਿੱਟਾ ਕੱਢਿਆ ਗਿਆ ਕਿ ਲੋਕ ਜਾਂ ਅਵਾਮ ਜਾਂ ਆਮ ਜਨਤਾ ਜਾਂ ਫਿਰ ਸਮਾਜ, ਫ਼ਿਰਕੂ ਨਹੀਂ ਹੁੰਦਾ। ਸਵਾਲ ਇਹ ਪੈਦਾ ਹੁੰਦਾ ਹੈ ਕਿ ਫਿਰ ਦੰਗੇ ਹੁੰਦੇ ਕਿਉਂ ਹਨ? ਕੁਝ ਕੁ ਲੋਕਾਂ ਦਾ ਸਵਾਰਥ, ਖ਼ਾਸ ਕਰ ਕੇ ਉਹ ਲੋਕ ਜੋ ਕਿਸੇ ਨਾ ਕਿਸੇ ਰੂਪ 'ਚ ਸੱਤਾ ਨਾਲ ਜੁੜੇ ਹੋਏ ਹਨ, ਅਕਸਰ ਮਾੜੇ ਅਨਸਰਾਂ ਦੀ ਭੀੜ ਇਕੱਠੀ ਕਰ ਕੇ ਦੰਗਾ ਕਰਵਾਉਣ 'ਚ ਕਾਮਯਾਬ ਹੋ ਜਾਂਦੇ ਹਨ।

ਅਜਿਹੀਆਂ ਘਟਨਾਵਾਂ ਦਾ ਪ੍ਰਭਾਵ ਸਮਾਜ ਦੇ ਹਰ ਵਰਗ ਉੱਪਰ ਪੈਂਦਾ ਹੈ; ਖ਼ਾਸ ਕਰ ਕੇ




ਪਰਮਜੀਤ ਸਿੰਘ ਦੀ ਕਿਤਾਬ ਦਾ ਮੁਖੜਾ।

ਨੌਜਵਾਨ ਪੀੜ੍ਹੀ ਉੱਤੇ ਜਿਨ੍ਹਾਂ ਦੀ ਮਾਨਸਿਕਤਾ ਅਜੇ ਵਿਕਸਿਤ ਹੋਣ ਦੇ ਪੜਾਅ 'ਤੇ ਹੈ। ਇਕ ਉਹ ਜੋ ਦੰਗੇ, ਕਤਲੇਆਮ ਅਤੇ ਲੁੱਟ-ਮਾਰ ਤੋਂ ਪੀੜਤ ਹੁੰਦਾ ਹੈ ਅਤੇ ਦੂਜਾ ਉਹ ਸਮਾਜ ਜਿਸ ਦੇ ਸਮਾਜਿਕ ਰਿਸ਼ਤੇ ਉਸ ਦੰਗਾ ਪੀੜਤ ਭਾਈਚਾਰੇ ਨਾਲ ਸਾਲਾਂ ਤੋਂ ਪ੍ਰਫੁੱਲਤ ਹੋਏ ਹੁੰਦੇ ਹਨ। ਅਜਿਹੀਆਂ ਘਟਨਾਵਾਂ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਵਿਚ ਮੱਤਭੇਦ, ਕੁੜੱਤਣ ਅਤੇ ਦੁਸ਼ਮਣੀ ਦੀ ਭਾਵਨਾ ਨੂੰ ਜਨਮ ਦੇਣ ਦੀ ਸੰਭਾਵਨਾ ਨੂੰ ਵੀ ਪੈਦਾ ਕਰ ਸਕਦੀਆਂ ਹਨ। ਇਹ ਸਮਾਜ ਲਈ ਘਾਤਕ ਹੀ ਨਹੀਂ ਸਗੋਂ ਉਸ 'ਚ ਵੰਡੀਆਂ ਪਾਉਣ ਦੀ ਵੀ ਸਮਰੱਥਾ ਰੱਖਦਾ ਹੈ।

ਇਸ ਕਿਤਾਬ ਰਾਹੀਂ ਮੈਂ ਇਨ੍ਹਾਂ ਸਵਾਲਾਂ ਨੂੰ ਆਪਣੀ ਨਿੱਜੀ ਜ਼ਿੰਦਗੀ ਨੂੰ ਮੁੱਖ ਰੱਖਦਿਆਂ ਫਰੋਲਣ ਦੀ ਕੋਸ਼ਿਸ਼ ਕੀਤੀ ਹੈ। ਕਹਾਣੀ ਦੇ ਪਾਤਰ ਕਾਲਪਨਿਕ ਹਨ ਪਰ ਉਨ੍ਹਾਂ ਨਾਲ ਜੁੜੇ ਘਟਨਾਕ੍ਰਮ ਅਸਲੀ ਹਨ।

ਇਹ ਕਿਤਾਬ ਉਨ੍ਹਾਂ ਵਿਅਕਤੀਆਂ ਅਤੇ ਸਮਾਜ ਨੂੰ ਮੁਖ਼ਾਤਬ ਹੈ ਜੋ ਚੁਰਾਸੀ ਵਰਗੀਆਂ ਘਟਨਾਵਾਂ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੁੰਦੇ ਹਨ। ਮੇਰਾ ਮੰਨਣਾ ਹੈ ਕਿ ਸਮਾਜ ਦਾ ਹਰ ਵਿਅਕਤੀ ਇਨ੍ਹਾਂ ਘਟਨਾਵਾਂ ਨਾਲ ਜੁੜਿਆ ਹੁੰਦਾ ਹੈ। ਉਸ ਸਮਾਜ ਦੀ ਖ਼ੁਸ਼ਹਾਲੀ ਲਈ ਉਸ ਵਿਚ ਰਹਿਣ ਵਾਲੇ ਹਰ ਨਾਗਰਿਕ ਦੇ ਸਮਾਜਿਕ ਅਤੇ ਰਾਜਨੀਤਕ ਯੋਗਦਾਨ ਦੀ ਜ਼ਰੂਰਤ ਹੁੰਦੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਉਹ ਇਨ੍ਹਾਂ ਘਟਨਾਵਾਂ ਦੇ ਕਾਰਨਾਂ ਪਿੱਛੇ ਕੰਮ ਕਰਦੇ ਰਾਜਨੀਤਕ ਇਰਾਦਿਆਂ ਦਾ ਸਹੀ ਮੁਲਾਂਕਣ ਕਰੇ, ਜਿਸ ਦੇ ਲਈ ਉਹ ਸਿੱਖਿਅਤ ਹੋਵੇ ਅਤੇ ਆਪਣੀ ਰਾਜਨੀਤਕ ਚੇਤਨਾ ਨੂੰ ਵਿਕਸਿਤ ਕਰੇ। ਸੋ, ਜ਼ਰੂਰਤ ਹੈ, ਸਮਾਜ ਵਿਚ ਇਨ੍ਹਾਂ ਘਟਨਾਵਾਂ ਉੱਪਰ ਚਰਚਾ ਕਰਦੇ ਰਹਿਣ ਦੀ ਤਾਂ ਜੋ ਭਵਿੱਖ ਵਿਚ ਸਮਾਂ ਆਉਣ 'ਤੇ ਹਰ ਸਮਾਜ ਦਾ ਹਰ ਨਾਗਰਿਕ ਅਜਿਹੀਆਂ ਘਟਨਾਵਾਂ ਦੌਰਾਨ ਸਹੀ ਭੂਮਿਕਾ ਨਿਭਾ ਸਕੇ - ਸਿਰਫ਼ ਮੂਕ ਦਰਸ਼ਕ ਬਣ ਕੇ ਨਾ ਦੇਖਦਾ ਰਹੇ। ਦੂਜੇ ਪਾਸੇ, ਇਨ੍ਹਾਂ ਘਟਨਾਵਾਂ ਤੋਂ ਪੀੜਤ ਭਾਈਚਾਰੇ ਵੀ ਇਸ ਨੂੰ ਸਹੀ ਪ੍ਰਸੰਗ 'ਚ ਘੋਖਣ-ਪਰਖਣ ਅਤੇ ਆਪਣੇ ਫ਼ੈਸਲੇ ਕਰਨ। ਇਹ ਕਹਾਣੀ ਇਹੀ ਦਰਸਾਉਂਦੀ ਹੈ।

ਮੇਰਾ ਤੱਥ ਆਧਾਰਿਤ ਰਿਪੋਰਟਾਂ ਅਤੇ ਪੇਸ਼ੇ ਨਾਲ ਸਬੰਧਿਤ ਕਿਤਾਬਾਂ ਦਾ ਤਜਰਬਾ ਤਾਂ ਰਿਹਾ ਹੈ ਪਰ ਨਿੱਜੀ ਤਜਰਬਿਆਂ 'ਤੇ ਆਧਾਰਿਤ ਸਮਾਜਿਕ ਅਤੇ ਮਨੁੱਖੀ ਪਹਿਲੂਆਂ ਬਾਰੇ ਇਹ ਮੇਰੀ ਪਹਿਲੀ ਕਿਤਾਬ ਹੈ। ਇਹ ਕਿਤਾਬ ਲਿਖਣ ਸਮੇਂ ਮੈਂ ਆਪਣੇ ਨਿੱਜੀ ਅਨੁਭਵ ਵੀ ਸ਼ਾਮਲ ਕੀਤੇ ਹਨ। ਇਸ ਲਈ ਮੈਂ ਇਸ ਕਿਤਾਬ ਦੇ ਉਨ੍ਹਾਂ ਸਾਰੇ ਪਾਤਰਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜੋ ਕਿਸੇ ਨਾ ਕਿਸੇ ਰੂਪ ਵਿਚ ਇਸ ਸਮਾਜ ਦੇ ਵਸਨੀਕ ਹਨ। ਇਨ੍ਹਾਂ ਵਿਚੋਂ ਕੁਝ ਅਸਲੀ ਹਨ ਅਤੇ ਕੁਝ ਮੇਰੀ ਕਲਪਨਾ ਦੀ ਉਪਜ ਹਨ।

ਮੈਨੂੰ ਇਹ ਕਹਾਣੀ ਲਿਖਣ ਦੀ ਸਭ ਤੋਂ ਪਹਿਲੀ ਪ੍ਰੇਰਨਾ ਮੇਰੇ ਮਿੱਤਰ ਰਾਜਿੰਦਰ ਨੇਗੀ ਤੋਂ ਮਿਲੀ। ਮੈਂ ਆਪਣੇ ਮਿੱਤਰ ਅਤੇ ਦਿਆਲ ਸਿੰਘ ਕਾਲਜ ਦੇ ਹਿੰਦੀ ਅਧਿਆਪਕ ਸੁਨੀਲ ਮਾਂਡੀਵਾਲ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਇਸ ਨੂੰ ਵਾਰ-ਵਾਰ ਪੜ੍ਹਿਆ ਅਤੇ ਆਪਣੀ ਵਡਮੁੱਲੀ ਰਾਏ ਦਿੱਤੀ। ਮੈਂ ਕੰਚਨ ਦਾ ਧੰਨਵਾਦੀ ਹਾਂ ਜਿਸ ਨੇ ਇਸ ਕਿਤਾਬ ਦੀ ਪਰੂਫ ਰੀਡਿੰਗ ਵਿਚ ਪੂਰੀ ਲਗਨ ਨਾਲ ਸਹਿਯੋਗ ਦਿੱਤਾ।

ਇਹ ਕਿਤਾਬ ਲਿਖਣ ਦੇ ਸਮੇਂ ਦੌਰਾਨ ਮੈਨੂੰ ਕਈ ਭਾਵਨਾਤਮਕ ਪਹਿਲੂਆਂ 'ਚੋਂ ਗੁਜ਼ਰਨਾ ਪਿਆ। ਮੈਂ ਥੋੜ੍ਹਾ ਨਿਰਾਸ਼ ਤੇ ਉਦਾਸ ਵੀ ਰਿਹਾ। ਮੈਂ ਆਪਣੀ ਕੁਦਰਤ-ਪ੍ਰੇਮੀ ਜੀਵਨ ਸਾਥਣ ਮੌਸ਼ਮੀ ਦਾ ਧੰਨਵਾਦੀ ਹਾਂ ਜੋ ਪਿਛਲੇ ਤਿੰਨ ਦਹਾਕਿਆਂ ਤੋਂ ਮੇਰੇ ਹਰ ਸਮਾਜਿਕ ਕਾਰਜ ਵਿਚ ਮੇਰੀ ਸਹਿਯੋਗੀ ਰਹੀ ਹੈ।

ਇਹ ਕਿਤਾਬ ਮੇਰੇ ਰਾਹ-ਦਰਸਾਵੇ ਕੁਲਬੀਰ ਤੋਂ ਬਿਨਾਂ ਸੰਭਵ ਨਹੀਂ ਸੀ ਜੋ ਕਦੇ ਰਿਸ਼ਤੇ 'ਚ ਮੇਰੇ ਭਰਾ ਦੇ ਰੂਪ ਸੀ ਪਰ ਉਸ ਦੀ ਮਨਸ਼ਾ, ਜ਼ਿੱਦ ਅਤੇ ਹਾਲਾਤ ਨੇ ਮਿੱਤਰ ਅਤੇ ਹਮਸਫ਼ਰ ਦੀ ਭੂਮਿਕਾ ਤੈਅ ਕਰ ਦਿੱਤੀ। ਇਸ ਕਿਤਾਬ ਦੇ ਪੰਜਾਬੀ ਅਨੁਵਾਦ ਲਈ ਮੈਂ ਆਪਣੇ ਮਿੱਤਰ ਬੂਟਾ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

# ਮੈਂ ਕਿਉਂ ਜਾਵਾਂ ਆਪਣੇ ਸ਼ਹਿਰ: ਵਡਮੁੱਲੀ ਕਿਤਾਬ

'ਮੈਂ ਕਿਉਂ ਜਾਵਾਂ ਆਪਣੇ ਸ਼ਹਿਰ' ਕਿਤਾਬ ਦੇ ਰੂਪ 'ਚ ਪਰਮਜੀਤ ਸਿੰਘ ਨੇ ਨਿੱਜੀ ਤਜਰਬੇ ਨੂੰ ਸਮਾਜੀ ਸਮਝ 'ਚ ਵਿਕਸਿਤ ਕਰ ਕੇ ਸਾਡੇ ਨਾਲ ਸਾਂਝਾ ਕੀਤਾ ਹੈ। 1984 ਦੇ ਯੋਜਨਾਬੱਧ ਕਤਲੇਆਮ ਨਾਲ ਸਿੱਖ ਭਾਈਚਾਰੇ ਨੂੰ ਬਹੁਤ ਜ਼ਿਆਦਾ ਜਾਨੀ-ਮਾਲੀ ਤਬਾਹੀ, ਅਪਮਾਨ ਅਤੇ ਹਿਜਰਤ ਦਾ ਅਕਹਿ ਸੰਤਾਪ ਝੱਲਣਾ ਪਿਆ। ਰੌਚਕ ਸ਼ੈਲੀ 'ਚ ਲਿਖੀ ਇਹ ਕਿਤਾਬ ਇਕ ਸਿੱਖ ਨੌਜਵਾਨ ਦੀ ਮਾਨਸਿਕਤਾ ਉੱਪਰ ਪਏ ਉਨ੍ਹਾਂ ਘਟਨਾਵਾਂ ਦੇ ਵਿਚਾਰਧਾਰਕ ਤੇ ਮਨੋਵਿਗਿਆਨਕ ਅਸਰਾਂ ਨੂੰ ਬਖ਼ੂਬੀ ਬਿਆਨ ਕਰਨ ਦੇ ਨਾਲ-ਨਾਲ ਅਗਲੀਆਂ ਪੀੜ੍ਹੀਆਂ ਨੂੰ ਇਨ੍ਹਾਂ ਖ਼ਤਰਿਆਂ ਤੋਂ ਸੁਰੱਖਿਅਤ ਕਰਨ ਦੇ ਰਾਜਨੀਤਕ ਉਪਾਵਾਂ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੰਦੀ ਹੈ। ਲੇਖਕ ਬੀਤੇ ਨੂੰ ਭੁੱਲ ਜਾਣ ਦੀ ਬਜਾਇ ਯਥਾਰਥਮੁਖੀ ਵਿਸ਼ਲੇਸ਼ਣ ਰਾਹੀਂ ਉਨ੍ਹਾਂ ਘਟਨਾਵਾਂ ਦੇ ਪਿੱਛੇ ਕੰਮ ਕਰਦੇ ਫੈਕਟਰਾਂ ਨੂੰ ਸਮਝਣ ਲਈ ਸਾਨੂੰ ਪ੍ਰੇਰਿਤ ਕਰਦਾ ਹੈ ਤਾਂ ਜੋ ਸਾਡੇ ਸਮਾਜ ਨੂੰ ਉਸ ਤਰ੍ਹਾਂ ਦੇ ਸਮਿਆਂ ਵਿਚੋਂ ਨਾ ਗੁਜ਼ਰਨਾ ਪਵੇ ਜੋ ਸੰਤਾਪ ਸਾਡੇ ਲੋਕਾਂ ਨੂੰ ਪਹਿਲਾਂ 1947 'ਚ ਅਤੇ ਫਿਰ 1984 'ਚ ਝੱਲਣਾ ਪਿਆ; ਤੇ ਜਿਸ ਦਾ ਖ਼ਤਰਾ ਸਾਡੇ ਸਮਾਜ ਉੱਪਰ ਅੱਜ ਵੀ ਮੰਡਰਾ ਰਿਹਾ ਹੈ।

ਅੰਗਰੇਜ਼ ਦਾ ਬਸਤੀਵਾਦੀ ਰਾਜ ਤਾਂ ਖ਼ਤਮ ਹੋ ਗਿਆ ਪਰ 'ਪਾੜੋ ਤੇ ਰਾਜ ਕਰੋ' ਦੀ ਨੀਤੀ ਖ਼ਤਮ ਨਹੀਂ ਹੋਈ। ਨਵੇਂ ਹਾਕਮਾਂ ਨੇ ਸਮਾਜ ਵਿਚਲੇ ਉਨ੍ਹਾਂ ਟਕਰਾਵਾਂ ਅਤੇ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਇ ਰਾਜਨੀਤਕ ਚਲਾਕੀ ਨਾਲ ਲਮਕਾਉਣ ਅਤੇ ਉਲਝਾਉਣ ਦੀ ਘਿਨਾਉਣੀ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ ਜਿਨ੍ਹਾਂ ਰਾਹੀਂ ਦੇਸ਼ ਦੇ ਲੋਕਾਂ ਨੂੰ ਜਾਤ, ਧਰਮ ਅਤੇ ਫਿਰਕਿਆਂ ਦੇ ਨਾਂ 'ਤੇ ਵਰਗਲਾ ਕੇ ਉਨ੍ਹਾਂ ਨੂੰ ਜ਼ਿੰਦਗੀ ਦੇ ਅਸਲ ਮਸਲਿਆਂ ਦੇ ਹੱਲ ਲਈ ਸੰਘਰਸ਼ ਅਤੇ ਬਿਹਤਰ ਜ਼ਿੰਦਗੀ ਲਈ ਅਗਾਂਹਵਧੂ ਤਬਦੀਲੀ ਬਾਰੇ ਜਾਗਰੂਕ ਹੋਣ ਤੋਂ ਰੋਕਿਆ ਜਾ ਸਕਦਾ ਹੈ। ਉਨ੍ਹਾਂ ਪਿਛਾਂਹਖਿੱਚੂ ਤਾਕਤਾਂ ਨੂੰ ਸ਼ਹਿ ਅਤੇ ਰਾਜਨੀਤਕ ਸਰਪ੍ਰਸਤੀ ਦਿੱਤੀ ਜਾਣ ਲੱਗੀ ਜਿਨ੍ਹਾਂ ਨੂੰ ਇਸ ਘਿਨਾਉਣੀ ਸਿਆਸਤ ਦਾ ਮੋਹਰਾ ਬਣਾਇਆ ਜਾ ਸਕਦਾ ਹੈ। ਇਸ ਰਾਜਨੀਤਕ ਮਾਹੌਲ ਵਿਚ ਅਗਲੀਆਂ ਪੀੜ੍ਹੀਆਂ ਦਾ ਇਤਿਹਾਸ 'ਚ ਵਾਪਰੀਆਂ ਹੌਲਨਾਕ ਘਟਨਾਵਾਂ ਤੋਂ ਸਿੱਖਣ ਦਾ ਨਜ਼ਰੀਆ ਨਹੀਂ ਬਣ ਸਕਿਆ। ਇਸ ਕਾਰਨ ਚੰਦਰੇ ਇਰਾਦਿਆਂ ਵਾਲੀਆਂ ਤਾਕਤਾਂ ਕਿਸੇ ਵੀ ਘਟਨਾ ਦੇ ਬਹਾਨੇ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਦਹਾਕਿਆਂ ਤੋਂ ਬਣੀ ਭਾਈਚਾਰਕ ਸਾਂਝ ਅਤੇ ਰਿਸ਼ਤਿਆਂ ਨੂੰ ਪਲਾਂ 'ਚ ਤਹਿਸ-ਨਹਿਸ ਕਰਨ 'ਚ ਕਾਮਯਾਬ ਹੋ ਜਾਂਦੀਆਂ ਹਨ। ਬੀਤੇ ਦਾ ਭੂਤ ਮੁੜ-ਮੁੜ ਆਪਣਾ ਭਿਆਨਕ ਰੂਪ ਦਿਖਾਉਂਦਾ ਹੈ।



ਸਾਨੂੰ ਆਜ਼ਾਦੀ ਸੰਗਰਾਮ ਦੌਰਾਨ ਵਿਕਸਿਤ ਹੋਈ ਭਾਈਚਾਰਕ ਸਾਂਝ ਅਤੇ ਧਰਮ ਨਿਰਲੇਪਤਾ ਦੇ ਅਮੀਰ ਵਿਰਸੇ ਨੂੰ ਆਪਣੇ ਚੇਤਿਆਂ 'ਚ ਵਾਰ-ਵਾਰ ਤਾਜ਼ਾ ਕਰਨਾ ਚਾਹੀਦਾ ਹੈ। 1857 ਦੀ ਪਹਿਲੀ ਜੰਗੇ-ਆਜ਼ਾਦੀ ਤੋਂ ਲੈ ਕੇ ਜੱਲਿਆਂਵਾਲਾ ਬਾਗ਼ ਤੱਕ ਅਤੇ ਯੁਗ ਪਲਟਾਊ ਦੇਸ਼ਭਗਤ ਲਹਿਰਾਂ ਤੇ ਇਨਕਲਾਬੀ ਮਜ਼ਦੂਰ, ਕਿਸਾਨ ਲਹਿਰਾਂ ਤੱਕ ਦਾ ਸ਼ਾਨਦਾਰ ਵਿਰਸਾ ਸਾਡੀਆਂ ਅੱਜ ਦੀਆਂ ਪੀੜ੍ਹੀਆਂ ਨੂੰ ਅਜਿਹੇ ਵਰਤਾਰਿਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਅਤੇ ਵੰਡ ਪਾਊ ਤਾਕਤਾਂ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਬਣਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਅੰਗਰੇਜ਼ ਰਾਜ ਦੀਆਂ ਨੀਤੀਆਂ ਦੀ ਸਮਝ ਨੇ ਸਾਡੇ ਆਜ਼ਾਦੀ ਪ੍ਰੇਮੀ ਪੁਰਖਿਆਂ ਦੀ ਸੋਚ ਇਨਕਲਾਬੀ ਬਣਾਈ। ਜਦ ਦੇਸ਼ਭਗਤ ਲੋਕਾਂ ਨੇ ਨਿੱਜੀ ਮੁਸ਼ਕਿਲਾਂ ਨੂੰ ਉਸ ਤਜਰਬੇ ਦੀ ਰੋਸ਼ਨੀ 'ਚ ਦੇਖਿਆ ਤਾਂ ਗ਼ਦਰ ਪਾਰਟੀ ਜਹੀ ਇਤਿਹਾਸਕ ਲਹਿਰ ਨੇ ਜਨਮ ਲਿਆ ਅਤੇ ਉਨ੍ਹਾਂ ਨੇ 1913 'ਚ ਦੇਸ਼ ਵਾਸੀਆਂ ਅੱਗੇ ਸੱਚੀ ਆਜ਼ਾਦੀ ਦਾ 'ਮੁਕਤੀ, ਬਰਾਬਰੀ ਅਤੇ ਭਾਈਚਾਰਾ' ਉੱਤੇ ਆਧਾਰਿਤ ਅਗਾਂਹਵਧੂ ਪ੍ਰੋਗਰਾਮ ਪੇਸ਼ ਕੀਤਾ। ਸ਼ਹੀਦ ਭਗਤ ਸਿੰਘ ਹੋਰਾਂ ਨੇ ਆਪਣੇ ਤੋਂ ਪਹਿਲੀਆਂ ਸਮੂਹ ਤਰਕੀਪਸੰਦ ਲਹਿਰਾਂ ਦੇ ਤਜਰਬਿਆਂ ਨੂੰ ਆਤਮਸਾਤ ਕਰਦਿਆਂ ਆਪਣੀ ਸਮਝ ਵਿਕਸਿਤ ਕੀਤੀ। ਵਿਗਿਆਨਕ ਨਜ਼ਰੀਆ ਅਪਣਾ ਕੇ ਸਮਾਜਿਕ ਤਰੱਕੀ 'ਚ ਰੁਕਾਵਟ ਬਣਨ ਵਾਲੀਆਂ ਤਾਕਤਾਂ ਤੋਂ ਸੁਚੇਤ ਕੀਤਾ ਜੋ ਸਮਾਜਿਕ ਤਾਣੇ-ਬਾਣੇ ਅਤੇ ਭਾਈਚਾਰਕ ਸਾਂਝ ਲਈ ਖ਼ਤਰਾ ਬਣਦੀਆਂ ਹਨ। ਉਨ੍ਹਾਂ ਨੇ ਸਮਾਜਿਕ ਤਰੱਕੀ ਲਈ ਵਿਗਿਆਨਕ ਸੋਚ ਵਾਲੀ ਗਤੀਸ਼ੀਲ ਸਮਾਜਿਕ ਸ਼ਕਤੀ ਉਸਾਰਨ 'ਤੇ ਜ਼ੋਰ ਦਿੱਤਾ। ਇਤਿਹਾਸਕ ਤ੍ਰਾਸਦੀਆਂ ਦੇ ਨਾਲ-ਨਾਲ ਸਾਨੂੰ ਇਸ ਅਮੀਰ ਵਿਰਸੇ ਤੋਂ ਵੀ ਸਿੱਖਣ ਦੀ ਲੋੜ ਹੈ।

1984 ਵਰਗੀਆਂ ਘਟਨਾਵਾਂ ਨਿੱਜੀ ਤੇ ਸਮਾਜੀ ਪੱਧਰ 'ਤੇ ਬਹੁਤ ਡੂੰਘੇ ਰੂਪ 'ਚ ਅਸਰ-ਅੰਦਾਜ਼ ਹੁੰਦੀਆਂ ਹਨ। ਜ਼ਰੂਰਤ ਇਸ ਗੱਲ ਦੀ ਹੁੰਦੀ ਹੈ ਕਿ ਉਨ੍ਹਾਂ ਦਾ ਤੱਥਾਂ 'ਤੇ ਆਧਾਰਿਤ ਵਿਗਿਆਨਕ ਵਿਸ਼ਲੇਸ਼ਣ ਹੋਵੇ ਅਤੇ ਭਾਵੁਕਤਾ ਤੋਂ ਉੱਪਰ ਉੱਠ ਕੇ ਅੱਗੇ ਸਮਾਜਿਕ ਉਸਾਰੀ ਵੱਲ ਵਧਿਆ ਜਾਵੇ ਪਰ ਆਪਣੇ ਸਵਾਰਥਾਂ ਲਈ ਰਾਜਨੀਤਕ ਲੋਕ ਇਹ ਨਸੀਹਤ ਦਿੰਦੇ ਹਨ ਕਿ ਚਲੋ ਛੱਡੋ, ਪਿਛਲੇ ਨੂੰ ਭੁੱਲ ਜਾਓ ਪਰ ਉਸ ਵਿਚੋਂ ਸਬਕ ਨਾ ਸਿੱਖਣਾ ਉਸ ਬਿਮਾਰੀ ਦੇ ਜਰਮਾਂ ਨੂੰ ਪਸਰਦੇ ਰਹਿਣ ਦੇਣਾ ਹੁੰਦਾ ਹੈ। ਵਾਰ-ਵਾਰ ਸਮਾਜ ਨੂੰ ਉਸੇ ਦੁਖਦਾਈ ਤਜਰਬੇ ਵਿਚੋਂ ਦੀ ਗੁਜ਼ਰਨਾ ਪੈਂਦਾ ਹੈ। ਸਬਕ ਸਿੱਖਣ ਲਈ ਵਿਗਿਆਨਕ ਵਿਸ਼ਲੇਸ਼ਣ ਦੀ ਪ੍ਰਕਿਰਿਆ ਅਪਣਾਉਣੀ ਜ਼ਰੂਰੀ ਹੈ। ਸਮਾਜ ਨੂੰ ਤਬਾਹੀ, ਉਜਾੜੇ ਅਤੇ ਹਿਜਰਤ ਦੇ ਮੂੰਹ ਧੱਕਣ ਵਾਲੇ ਇਨਸਾਨੀਅਤ ਵਿਰੋਧੀ ਜੁਰਮਾਂ ਦਾ ਹਿਸਾਬ-ਕਿਤਾਬ ਮੂੰਹ-ਜ਼ਬਾਨੀ ਨਹੀਂ ਹੋ ਸਕਦਾ। ਜਦੋਂ ਹੁਕਮਰਾਨ 'ਜਦੋਂ ਵੱਡਾ ਦਰਖ਼ਤ ਡਿਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ' ਦੇ ਮੱਤ ਦੇ ਧਾਰਨੀ ਹਨ ਤਾਂ ਇਸ ਦੀ ਜਵਾਬਦੇਹੀ ਵੀ ਜ਼ਰੂਰੀ ਹੈ ਅਤੇ ਇਸ ਪਿੱਛੇ ਕੰਮ ਕਰਦੇ ਰਹੇ ਫੈਕਟਰਾਂ ਦੀ ਸਹੀ ਨਿਸ਼ਾਨਦੇਹੀ ਹੋਰ ਵੀ ਜ਼ਰੂਰੀ ਬਣ ਜਾਂਦੀ ਹੈ।

ਅਜਿਹਾ ਗਿਆਨ ਦੇਣ ਵਾਲਾ ਸਾਹਿਤ ਬਹੁਤ ਘੱਟ ਮਿਲਦਾ ਹੈ। ਇਹ ਵਡਮੁੱਲੀ ਕਿਤਾਬ ਇਸ ਘਾਟ ਨੂੰ ਪੂਰਾ ਕਰਨ ਦੀ ਦਿਸ਼ਾ 'ਚ ਬਹੁਤ ਮਹੱਤਵਪੂਰਨ ਉਪਰਾਲਾ ਹੈ। ਜੋ ਜ਼ਰੂਰ ਹੀ ਨਿੱਜੀ ਕੁੜੱਤਣ ਤੋਂ ਮੁਕਤ ਕਰ ਕੇ ਸਮਾਜਿਕ ਤਾਕਤ ਨੂੰ ਤਰੱਕੀ ਦੀ ਦਿਸ਼ਾ 'ਚ ਵਧਾਉਣ ਵਿਚ ਮਦਦਗਾਰ ਸਾਬਿਤ ਹੋਵੇਗੀ।

*-ਪ੍ਰੋ. ਜਗਮੋਹਣ ਸਿੰਘ*

# ਪੌਲ ਲਿੰਚ ਦਾ ਰਚਨਾ ਸੰਸਾਰ

**ਕਲਾ ਪਰਿਕਰਮਾ**

**ਪ੍ਰੋ. (ਡਾ.) ਕ੍ਰਿਸ਼ਨ ਕੁਮਾਰ ਰੱਤੂ**

"ਅੱਜ ਦੀ ਜ਼ਿੰਦਗੀ, ਜਿਊਣ ਦੀ ਭਾਲ ਵਿਚ ਸੰਘਰਸ਼ ਨਾਲ ਭਰੀ ਹਕੀਕਤ ਹੈ।" ਇਸ ਸਾਲ ਦੇ ਵੱਕਾਰੀ ਬੁਕਰ ਪੁਰਸਕਾਰ ਦਾ ਜੇਤੂ 46 ਸਾਲਾ ਆਇਰਿਸ਼ ਲੇਖਕ ਪੌਲ ਲਿੰਚ ਜਦੋਂ ਇਹ ਕਹਿੰਦਾ ਹੈ ਤਾਂ ਸਾਹਿਤ ਦੀ ਗੂੰਜਦੀ ਦੁਨੀਆ ਵਿਚ ਜ਼ਿੰਦਗੀ ਦੇ ਸੰਘਰਸ਼ ਨੂੰ ਬਿਆਨ ਕਰਨ ਵਾਲੇ ਸੰਸਾਰ ਸਾਹਿਤ ਵਿਚ ਵਿਦਰੋਹ ਦੀਆਂ ਆਵਾਜ਼ਾਂ ਹੋਰ ਬੁਲੰਦ ਹੋ ਜਾਂਦੀਆਂ ਹਨ। ਇਹ ਪੌਲ ਲਿੰਚ ਦੀ ਸਿਰਜਣਾਤਮਕਤਾ ਦੀ ਪਛਾਣ ਹੈ ਅਤੇ ਉਹ ਇਸ ਬਾਰੇ ਕਹਿੰਦਾ ਹੈ: "ਮੈਂ ਹੁਣ ਆਧੁਨਿਕ ਅਰਾਜਕਤਾ ਨੂੰ ਦੇਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੈਂ ਪੱਛਮੀ ਲੋਕਤੰਤਰ 'ਚ ਅਸ਼ਾਂਤੀ ਦੇਖਣ ਦੀ ਕੋਸ਼ਿਸ਼ ਕੀਤੀ। ਸੀਰੀਆ ਦੀ ਸਮੱਸਿਆ ਸ਼ਰਨਾਰਥੀ ਸੰਕਟ ਦੇ ਪੈਮਾਨੇ ਦਾ ਮਾਪਦੰਡ ਅਤੇ ਪੱਛਮੀ ਮੁਲਕਾਂ ਦੀ ਉਦਾਸੀਨਤਾ ਦੀ ਨਿਸ਼ਾਨੀ ਹੈ।"

ਪੌਲ ਲਿੰਚ ਬੁਕਰ ਸਾਹਿਤ ਪੁਰਸਕਾਰ ਜਿੱਤਣ ਵਾਲਾ ਪੰਜਵਾਂ ਆਇਰਿਸ਼ ਲੇਖਕ ਹੈ। ਉਸ ਤੋਂ ਪਹਿਲਾਂ ਆਇਰਿਸ ਮਰਡੌਕ, ਜੌਹਨ ਬੈਨਵਿਲ, ਰੋਡੀ ਡੋਇਲ ਅਤੇ ਐਨੀ ਐਨਰਾਇਟ ਨੂੰ ਇਹ ਪੁਰਸਕਾਰ ਮਿਲ ਚੁੱਕਾ ਹੈ। ਪੌਲ ਲਿੰਚ ਨੂੰ ਇਹ ਪੁਰਸਕਾਰ 'ਪ੍ਰੌਫਟ ਸੌਂਗ' ਨਾਵਲ ਲਈ ਮਿਲਿਆ ਹੈ, ਇਹ ਨਾਵਲ ਇੰਨਾ ਤਾਕਤਵਰ ਹੈ ਕਿ ਇਸ ਅੰਦਰ ਜੜੇ ਸ਼ਬਦਾਂ ਦਾ ਅਹਿਸਾਸ ਇਸ ਨੂੰ ਪੜ੍ਹ ਕੇ ਹੀ ਹੋ ਸਕਦਾ ਹੈ। ਪੌਲ ਲਿੰਚ ਦਾ ਕਹਿਣਾ ਹੈ: "ਜਦੋਂ ਮੈਂ ਇਹ ਨਾਵਲ ਲਿਖਣਾ ਸ਼ੁਰੂ ਕੀਤਾ ਸੀ, ਉਦੋਂ ਮੇਰੇ ਪੁੱਤਰ ਦਾ ਜਨਮ ਹੋਇਆ ਸੀ, ਤੇ ਹੁਣ ਮੇਰਾ ਪੁੱਤਰ ਤੁਰਨ ਲੱਗਾ ਹੈ। ਇਹ ਇਸ ਦੇ ਲਿਖਣ ਦਾ ਸਫ਼ਰ ਹੈ, ਤੁਸੀਂ ਇਸ ਦੇ ਲਿਖਣ ਦੇ ਸਮੇਂ ਨੂੰ ਮਾਪ ਸਕਦੇ ਹੋ। ਸਮਝੋ, ਦੁਨੀਆ ਵਿਚ ਅਜਿਹੇ ਲੇਖਕਾਂ ਦੀ ਜਿਸ ਤਰ੍ਹਾਂ ਦੀ ਲੋੜ ਹੈ, ਉਨ੍ਹਾਂ ਨੂੰ ਮਾਨਤਾ ਦੇ ਕੇ ਇਹ ਦੌੜ ਸਥਾਪਿਤ ਲੇਖਕਾਂ ਦੇ ਬਰਾਬਰ ਲੈ ਜਾਂਦੀ ਹੈ। ਇੱਥੇ ਲੇਖਕ ਸਰਬ-ਪੱਖੀ ਰਚਨਾਵਾਂ ਦਾ ਸੰਸਾਰ ਲੇਖਕ ਬਣ ਜਾਂਦਾ ਹੈ।" ਸਾਹਿਤ ਦੀ ਇਹ ਪਛਾਣ ਅੱਗੇ ਜਾ ਕੇ ਉਸ ਦੀ ਭਾਸ਼ਾ, ਸਮਾਂ ਅਤੇ ਜ਼ਿੰਦਗੀ ਦੀ ਹਕੀਕਤ ਨਾਲ ਹਮੇਸ਼ਾ ਜ਼ਿੰਦਾ ਰਹੇਗੀ। ਪੌਲ ਲਿੰਚ ਦੇ ਨਾਲ ਨਾਲ ਉਸ ਦਾ ਸਾਹਿਤ ਵੀ ਜਿਊਂਦਾ ਰਹੇਗਾ।

ਪੌਲ ਲਿੰਚ ਦੀ ਕਹਾਣੀ, ਸ਼ੈਲੀ ਅਤੇ ਇਸ ਦੇ ਪਰਸਪਰ ਪ੍ਰਭਾਵੀ ਪਹਿਲੂਆਂ ਬਾਰੇ ਗੌਰ ਕਰਦਿਆਂ ਇਹ ਦੇਖਿਆ ਜਾ ਸਕਦਾ ਹੈ ਕਿ ਸਾਰੀਆਂ ਰਚਨਾਵਾਂ ਵਿਚ ਕਾਵਿਕ ਲੈਅ ਨਜ਼ਰ ਆਉਂਦੀ ਹੈ; ਚੁੱਪ ਦੀ ਸ਼ਾਂਤੀ ਵਿਚੋਂ ਜੀਵਨ ਦੀ ਜਾਗ੍ਰਿਤੀ ਉਸ ਦੀ ਸਾਹਿਤਕ ਰਚਨਾ ਦਾ ਹਿੱਸਾ ਹੈ। ਇਹ ਕ੍ਰਿਸ਼ਮਾ ਉਸ ਦੀ ਅਨੋਖੀ ਰਚਨਾਤਮਕਤਾ ਦੀ ਪਹਿਲੀ ਪਛਾਣ ਹੈ ਅਤੇ ਲਿੰਚ ਦੀ ਸ਼ੈਲੀ ਪਾਠਕ ਦੇ ਸਿਰ ਚੜ੍ਹ ਬੋਲਦੀ ਹੈ।


'ਪ੍ਰੌਫਟ ਸੌਂਗ' ਪਰਿਵਾਰ ਦੇ ਉਸ ਹਿੱਸੇ ਦੀ ਕਹਾਣੀ ਹੈ ਜਿੱਥੇ ਸੰਘਰਸ਼ ਹੀ ਸੰਘਰਸ਼ ਹੈ, ਜਾਂ ਅਸੀਂ ਕਹਿ ਸਕਦੇ ਹਾਂ ਕਿ ਇਹ ਜਿਊਣ ਦੀ ਜ਼ਿੱਦ ਦੇ ਵਿਚਕਾਰ ਜੀਵਨ ਦੇ ਰਾਹ ਦੀ ਖੋਜ ਹੈ। ਜਿਊਣ ਅਤੇ ਸਾਹ ਲੈਣ ਲਈ ਕੁਝ ਹਵਾ ਬਚੀ ਰਹਿਣੀ ਚਾਹੀਦੀ ਹੈ। ਇਹ ਨਾਵਲ ਉਥਲ ਪੁਥਲ ਵਾਲੀ ਦੁਨੀਆ ਵਿਚ ਰਹਿ ਰਹੇ ਅਜਿਹੇ ਪਰਿਵਾਰ ਦੀ ਕਹਾਣੀ ਦੱਸਦਾ ਹੈ ਜਿੱਥੇ ਵਿਚ ਉਹ ਬਚਣ ਲਈ ਤਰਸਦੇ ਹਨ। ਇਹੀ ਇਸ ਦਾ ਮੂਲ ਸੰਕਲਪ ਹੈ ਅਤੇ ਇਸੇ ਲਈ ਪੌਲ ਲਿੰਚ ਵਾਰ ਵਾਰ ਕਹਿੰਦਾ ਹੈ, "ਸਮਾਂ ਬਦਲ ਗਿਆ ਹੈ, ਮੇਰਾ ਸ਼ਹਿਰ ਡਬਲਿਨ ਵੀ ਬਦਲ ਗਿਆ ਹੈ ਅਤੇ ਮੈਂ ਇਸ ਨੂੰ ਬਦਲਦਾ ਦੇਖ ਰਿਹਾ ਹਾਂ। ਸਿਆਸੀ ਕਾਰਨਾਂ ਕਰ ਕੇ ਮੈਨੂੰ ਇਹ ਨਾਵਲ ਚਿੱਤਰਕਾਰ ਵਾਂਗ ਲਿਖਣਾ ਪਿਆ। ਅੱਜ ਮਨੁੱਖ ਦਾ ਮਨ ਕੱਟੜਤਾ ਦੇ ਦਾਗਾਂ ਦੇ ਨਾਲ ਨਾਲ ਭਿਆਨਕ ਅਤੇ ਡਰਾਉਣੀ ਭਾਵਨਾ ਨਾਲ ਜੀਣ ਦੀ ਇੱਛਾ ਨਾਲ ਐਨ ਭਰਿਆ ਹੋਇਆ ਹੈ।

ਇਹ ਤੱਤ ਪੌਲ ਲਿੰਚ ਦੇ ਹੋਰ ਨਾਵਲਾਂ ਵਿਚ ਵੀ ਹੈ। ਇਨ੍ਹਾਂ ਵਿਚ 2013 ਵਿਚ ਪ੍ਰਕਾਸ਼ਿਤ ਸੁੰਦਰ ਰੂਪ ਵਿਚ ਲਿਖਿਆ ਉਸ ਦਾ ਨਾਵਲ 'ਰੈੱਡ ਸਕਾਈ ਇਨ ਮੌਰਨਿੰਗ' ਸ਼ਾਮਲ ਹੈ। 'ਦਿ ਬਲੈਕ ਸਨੋਅ' (2014), 'ਗਰੇਸ' (2017) ਅਤੇ 'ਬਿਯੌਂਡ ਦਿ ਸੀਅ' (2019) ਵਰਗੇ ਨਾਵਲਾਂ ਨਾਲ ਉਸ ਨੇ ਆਪਣੀ ਪ੍ਰਸਿੱਧੀ ਪੂਰੀ ਦੁਨੀਆ ਭਰ ਵਿਚ ਫੈਲਾਈ। ਨਾਵਲ 'ਪ੍ਰੌਫਟ ਸੌਂਗ' ਇਸੇ ਸਾਲ ਕੁਝ ਸਮਾਂ ਪਹਿਲਾਂ ਹੀ ਪ੍ਰਕਾਸ਼ਿਤ ਅਤੇ ਪਾਠਕਾਂ ਤੱਕ ਪਹੁੰਚਿਆ ਹੈ। ਇਸ ਨੇ ਆਉਂਦਿਆਂ ਸਾਰ ਸਮੁੱਚੇ ਸਾਹਿਤ ਜਗਤ ਦੀਆਂ ਧਾਰਨਾਵਾਂ ਬਦਲ ਦਿੱਤੀਆਂ।


ਕਿਹਾ ਜਾਂਦਾ ਹੈ ਕਿ ਜਦੋਂ ਕੋਈ ਨਾਵਲਕਾਰ ਆਪਣੇ ਪਾਤਰਾਂ ਨਾਲ ਸੰਵਾਦ ਰਚਾਉਂਦਾ ਹੈ, ਆਪ ਸਾਹਮਣੇ ਆਉਂਦਾ ਹੈ; ਪੌਲ ਲਿੰਚ ਕਹਿੰਦਾ ਹੈ: ਮੈਂ ਆਪਣੇ ਪਾਤਰਾਂ ਨਾਲ ਆਪਣੇ ਆਪ ਤੁਰਦਾ ਹਾਂ। ਅਸਲ ਵਿਚ ਮੇਰੇ ਪਾਤਰ ਹੀ ਮੇਰੀ ਪਛਾਣ ਹਨ।" 'ਪ੍ਰੌਫਟ ਸੌਂਗ' ਪੜ੍ਹਦਿਆਂ ਅਹਿਸਾਸ ਹੋਇਆ ਕਿ ਪੌਲ ਲਿੰਚ ਨੂੰ ਪੜ੍ਹਾਂ ਅਸਲ ਵਿਚ ਉਨ੍ਹਾਂ ਯਾਦਾਂ ਦੀ ਵਾਪਸੀ ਹੈ ਜੋ ਵਰਤਮਾਨ ਨਾਲ ਟਕਰਾਉਂਦੀਆਂ ਹਨ। ਮੈਂ ਪੌਲ ਲਿੰਚ ਨੂੰ ਪਿਛਲੇ ਇੱਕ ਦਹਾਕੇ ਤੋਂ ਜਾਣਦਾ ਹਾਂ ਅਤੇ ਉਸ ਦੇ ਸਾਰੇ ਪੰਜੇ ਨਾਵਲ ਪੜ੍ਹਦਿਆਂ ਮਹਿਸੂਸ ਕੀਤਾ ਹੈ ਕਿ ਜਦੋਂ ਵੀ ਮੈਂ ਉਸ ਦੀ ਅਦਭੁਤ ਕਾਵਿਕ ਵਾਲੀ ਸ਼ੈਲੀ ਵਿਚੋਂ ਲੰਘਦਾ ਹਾਂ, ਉਸ ਦੀ ਭਾਸ਼ਾ ਦੇ ਨਵੇਂ ਪ੍ਰਤੀਬਿੰਬ ਉੱਭਰਦੇ ਹਨ। ਉਸ ਦੀ ਨਵੀਂ ਸ਼ੈਲੀ ਦੇ ਨਾਲ ਨਾਲ ਭਾਸ਼ਾ ਦਾ ਨਵਾਂ ਰੂਪ ਅਦਭੁਤ ਸੰਜੋਗ ਅਤੇ ਸ਼ਾਨਦਾਰ ਪ੍ਰਯੋਗ ਹੈ। ਭਾਸ਼ਾ ਕਿਵੇਂ ਬਦਲਦੀ ਹੈ ਅਤੇ ਇਸ ਦਾ ਨਵਾਂ ਰੂਪ ਕੀ ਹੈ, ਇਹ ਲਿੰਚ ਦੀ ਨਵੀਂ ਸ਼ੈਲੀ ਵਿਚ ਦੇਖਿਆ ਜਾ ਸਕਦਾ ਹੈ।

ਪੌਲ ਲਿੰਚ ਦੇ ਨਾਵਲਾਂ ਦਾ ਦੁਨੀਆ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਾ ਹੈ ਪਰ ਉਹ ਆਪਣੀ ਇੱਕ ਮੁਲਾਕਾਤ ਵਿਚ ਕਹਿੰਦਾ ਹੈ: "ਕਠੋਰ ਯਥਾਰਥਵਾਦ ਨਾਲ ਜੁੜੀ ਕਾਵਿ-ਭਾਸ਼ਾ ਆਪਣੀ ਸਮਰੱਥਾ ਵਧਾ ਸਕਦੀ ਹੈ ਅਤੇ ਮਨੁੱਖੀ ਸਥਿਤੀ ਵਿਚ ਨਵੀਂ ਸੂਝ ਪੈਦਾ ਕਰ ਸਕਦੀ ਹੈ। ਉਸ ਦੀ ਪ੍ਰਸ਼ੰਸਾ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ।" ਪੌਲ ਲਿੰਚ ਨੂੰ ਕਈ ਪੁਰਸਕਾਰਾਂ ਜਿਵੇਂ ਵਿਦੇਸ਼ੀ ਬੁੱਕ ਅਵਾਰਡ, ਆਇਰਲੈਂਡ ਦਾ ਸਭ ਤੋਂ ਵੱਡਾ ਸਾਹਿਤਕ ਸਟਾਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।



ਆਇਰਿਸ਼ ਲਿਖਾਰੀ ਪੌਲ ਲਿੰਚ





ਪੌਲ ਲਿੰਚ ਦੇ ਬੁਕਰ ਇਨਾਮ ਜੇਤੂ ਨਾਵਲ 'ਪ੍ਰੌਫਟ ਸੌਂਗ' ਦਾ ਮੁਖੜਾ।



ਪੌਲ ਲਿੰਚ ਦਾ ਪਹਿਲਾ ਨਾਵਲ 'ਰੈੱਡ ਸਕਾਈ ਇਨ ਮੌਰਨਿੰਗ'।




ਪੌਲ ਲਿੰਚ ਦੇ ਹੋਰ ਨਾਵਲਾਂ 'ਗਰੇਸ', ਬਿਯੌਂਡ ਦਿ ਸੀਅ' ਅਤੇ 'ਦਿ ਬਲੈਕ ਸਨੋਅ' ਦੇ ਮੁਖੜੇ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਦਸੰਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-616



**ਦਇਆਵਾਨ ਮਾਲਕ ਹੈ ਦਿਲ ਦਾ, ਰੱਖੇ ਬੇਜ਼ੁਬਾਨ ਦਾ ਖਿਆਲ,**
**ਜਿਦ੍ਹੇ ਆਸਰੇ ਚੱਲਦੀ ਰੋਜ਼ੀ ਰੋਟੀ, ਉਹਦੀ ਮਿਹਨਤ ਦਾ ਮਲਾਲ।**
**ਸਵੇਰ ਦਾ ਜੋੜਿਆ ਚੱਲੋ ਚਲੀ ਸੀ, ਸਿਰ ਹੋਈ ਸਿਖਰ ਦੁਪਹਿਰ,**
**ਪਲ ਦੋ ਪਲ ਤਾਜ਼ਾ ਦਮ ਹੋ ਲਈਏ, ਉੱਤੋਂ ਧੁੱਪ ਮਚਾਉਂਦੀ ਕਹਿਰ।**

### ਕੈਪਸ਼ਨ ਮੁਕਾਬਲਾ-614



ਵਿਚ ਵਰਦੀ ਦੇ ਸੋਂਹਦੇ ਗੱਭਰੂ
ਚਿਹਰਿਆਂ ਉੱਪਰ ਨੂਰ ਵਰਸਦਾ।
ਇਹ ਹੁੰਦੀ ਹੈ ਅਸਲ ਜਵਾਨੀ
ਜਿਸਨੂੰ ਹੁਣ ਪੰਜਾਬ ਤਰਸਦਾ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਕਲਗੀਆਂ ਵਾਲੇ ਸਤਿਗੁਰਾਂ ਨੇ,
ਖਾਲਸਾ ਪੰਥ ਸਜਾਇਆ,
ਦੇ ਕੇ ਪਾਹੁਲ ਖੰਡੇ ਦੀ ਪਹਿਲਾਂ,
ਅੰਮ੍ਰਿਤ ਫੇਰ ਪਿਲਾਇਆ।
ਦਿੱਤਾ ਆਪਣਾ ਰੂਪ ਉਨ੍ਹਾਂ ਨੂੰ,
ਇੰਝ ਗੁਰਾਂ ਫੁਰਮਾਇਆ,
ਵਾਰ ਦਿਆਂਗਾ ਪਰਿਵਾਰ ਤੁਹਾਥੋਂ,
ਸਿੰਘੋ ਜਦੋਂ ਅਜ਼ਮਾਇਆ!
***-ਸੇਵਾ ਸਿੰਘ ਨੂਰਪੁਰੀ***

---

ਦੇਸ਼ ਭਗਤੀ ਨਾਲ ਭਰਿਆ
ਸਿੱਖ ਇਤਿਹਾਸ
ਪੁੱਛੋ ਸਰਹੱਦਾਂ ਨੂੰ ਜਾ ਕੇ
ਮੁੱਛ ਫੁੱਟ ਸ਼ੇਰਾਂ ਦੇ
ਬੁਲੰਦ ਨੇ ਹੌਸਲੇ
ਸਿਰ ਦਸਤਾਰਾਂ ਸਜਾ ਕੇ।
ਖਾਲਸਾ ਸਕੂਲ ਦੇ ਜਾਪਣ ਵਿਦਿਆਰਥੀ
ਸਿੰਘ ਸਜ ਕੇ ਜੋ ਆਏ
ਸੁਲੱਖਣੀ ਰਹੇ ਉਹ ਮਾਂ ਹਮੇਸ਼ਾ
ਜਿਸ ਕੁੱਖੋਂ ਇਹ ਜਾਏ।
***-ਹਰਜੋਤ ਕੌਰ ਮਹੇਸ਼ਪੁਰਾ***

## ਚਾਂਦਨੀ ਚੌਂਕ

ਜ਼ਰਾ ਤੱਕੋ ਖਾਂ ਅੱਜ ਚਾਂਦਨੀ ਚੌਕ ਵੱਲ ਨੂੰ,
ਲਹੂ-ਲੁਹਾਣ ਹੋਈ ਹੈ ਅੱਜ ਧਰਤ ਸਾਰੀ।
ਦੁਨੀਆਂ ਭਾਣੇ ਤਾਂ ਹੋ ਰਿਹਾ ਹੈ ਤਮਾਸ਼ਾ,
ਪਰ ਕਸਵੱਟੀ ਚੜ੍ਹੀ ਹੈ ਸਿੱਖੀ ਨਿਆਰੀ।

ਕਾਜ਼ੀ ਆਖੇ "ਇਸਲਾਮ ਕਰੋ ਕਬੂਲ ਸਭ,
ਲਵੋ ਸੌਗਾਤਾਂ ਤੇ ਬਖਸ਼ਾਓ ਜਾਨ ਪਿਆਰੀ।"
ਸੁਣ ਫ਼ਤਵਾ ਸਿੱਖ ਜ਼ਰਾ ਨਾ ਡੋਲੇ,
ਜੈਕਾਰੇ ਗੱਜਦੇ ਅਕਾਸ਼ ਵੀ ਡੋਲੇ।

ਆਖਣ : ਕਾਇਆ ਗੁਰੂ ਦੀ ਸ਼ੈਅ ਉਧਾਰੀ,
ਛੇਤੀ ਨੰਬਰ ਲਾਉ ਵਾਰੀ ਵਾਰੀ।
ਨਹੀਂ ਸਾਨੂੰ ਕੋਈ ਮੌਤ ਦਾ ਡਰ ਹੈ,
ਇੱਕ ਦਿਨ ਜਾਣਾ ਸਭਨਾਂ ਮਰ ਹੈ।
ਦੱਸੋ ਕਿਉਂ ਗੁਰੂ ਤੋਂ ਬੇਮੁੱਖ ਹੋਈਏ,
ਜੰਨਤ ਦੇ ਦਰ ਖੁਦ ਹੱਥੀਂ ਢੋਹੀਏ।
ਪਹਿਲੇ ਸਾਡੇ ਗੁਰੂ ਤੋਂ ਦੀਨ ਮਨਾ,
ਨਹੀ ਤਾਂ ਤੂੰ ਆਪਣਾ ਹੁਕਮ ਵਜਾ।"

ਇਹ ਸੁਣ ਹੋਇਆ ਅੱਗ ਬਬੂਲਾ,
ਹੁਕਮ ਚਾੜ੍ਹਿਆ ਫਿਰ ਬੇ-ਅਸੂਲਾ।
'ਕੱਲੇ 'ਕੱਲੇ ਨੂੰ ਐਸੇ ਦਿਓ ਤਸੀਹੇ,
ਤੜਫਾ ਤੜਫਾ ਪਾ ਦਿਉ ਮੌਤ ਦੀ ਲੀਹੇ।
ਦੇਖ ਇਨ੍ਹਾਂ ਦੀਆਂ ਪੁਸ਼ਤਾਂ ਕੰਬਣ,
ਮੁੜ ਨ ਸਿਰ ਫਿਰ ਕਦੇ ਵੀ ਚੱਕਣ।

ਔਹ ਦੇਗ 'ਚ ਉੱਬਲੇ ਭਾਈ ਦਿਆਲਾ,
ਭਾਈ ਮਤੀ ਦਾਸ ਸਿਰ ਚੱਲਦੀ ਆਰੀ।
ਭਾਈ ਸਤੀ ਦਾਸ ਦੀ ਫਿਰ ਆਵੇ ਵਾਰੀ,
ਰੂੰ 'ਚ ਲਪੇਟਿਆ ਲਾਉਂਦੇ ਨੇ ਚਿੰਗਾਰੀ।
ਜਿਸਮ ਭੁੱਜਦਾ ਹੈ ਜਿਉਂ ਤਿੜਕੇ ਛੱਲੀ,
ਪਰ ਸੀ ਨ ਕੀਤੀ ਮੁੱਖੋਂ ਜਪੁਜੀ ਉਚਾਰੀ।

ਧੰਨ ਧੰਨ ਗੁਰੂ ਜੀ ਧੰਨ ਗੁਰੂ ਦੀ ਸਿੱਖੀ,
ਪੋਂਹਦੇ ਨਾ ਦੁੱਖ ਜਦੋਂ ਸੁਖਮਨੀ ਵਿਚਾਰੀ।
ਅੱਖੀਂ ਵੇਖਿਆ ਗੁਰੂ ਜੀ ਇਹ ਨਜ਼ਾਰਾ,
ਦੇਖ ਕੰਬਿਆ ਸੀ ਦਿੱਲੀ ਸ਼ਹਿਰ ਸਾਰਾ।
ਪਰ ਤੇਗ ਬਹਾਦਰ ਜੀ ਸੀ ਰਹੇ ਅਡੋਲ,
ਆਖਣ ਮਜ਼੍ਹਬ ਸੁਣਾਂਦੇ ਪ੍ਰਵਚਨ ਅਮੋਲ।
ਆਪੋ ਆਪਣਾ ਦੀਨ ਹੈ ਸਭਨੂੰ ਪਿਆਰਾ,
ਪਰ ਜ਼ਾਲਮ ਡਾਢਾ ਬਣਿਆ ਹਤਿਆਰਾ।

ਸ਼ਾਂਤੀ ਦਾ ਵੀ ਉਹ ਪੁੰਜ ਸੀ,
ਧਨੀ ਤੇਗਾਂ ਦਾ ਅਖਵਾਇਆ,
ਸੀਸ ਧਰਮ ਤੋਂ ਵਾਰਿਆ ਸੀ,
'ਚਾਦਰ ਹਿੰਦ ਦੀ' ਕਹਾਇਆ।
ਸੌ ਸਿੰਘਾਂ ਸੰਗ ਜਾਨ ਦੇ ਕੇ,
'ਠੀਕਰਾ ਦਹਲੀਜ਼' ਭੰਨਾਇਆ,
ਤੱਕ ਨਾਲ਼ ਲਹੂ ਦੇ ਸਿੰਜਿਆ,
ਚਾਂਦਨੀ ਚੌਕ ਘਬਰਾਇਆ।


ਕੋਟਿ ਕੋਟਿ ਪ੍ਰਣਾਮ ਸ਼ਹੀਦਾਂ ਨੂੰ,
ਜਿਨ੍ਹਾਂ ਸੀ ਜ਼ੁਲਮ ਝੁਕਾਇਆ,
ਪਿੱਛੋਂ ਸਰਬੰਸ ਕੌਮ ਤੋਂ ਵਾਰ ਕੇ,
ਮੁਰਦਾ ਜ਼ਮੀਰ ਜਗਾਇਆ।
***-ਸੇਵਾ ਸਿੰਘ ਨੂਰਪੁਰੀ***

# ਅਜਿਹਾ ਡਾਕਟਰ ਸੀ ਨਾਰਮਨ ਬੈਥਿਊਂ...

"ਦਵਾਈਆਂ ਦਾ ਜਿਹੜਾ ਰੁਝਾਨ ਅਸੀਂ ਦੇਖ ਰਹੇ ਹਾਂ, ਇਹ ਅੱਯਾਸ਼ ਵਪਾਰ ਹੈ। ਅਸੀਂ ਗਹਿਣਿਆਂ ਦੀ ਕੀਮਤ 'ਤੇ ਰੋਟੀ ਵੇਚ ਰਹੇ ਹਾਂ। ਗ਼ਰੀਬ ਜੋ ਸਾਡੀ ਆਬਾਦੀ ਦਾ 50 ਫ਼ੀਸਦੀ ਹਿੱਸਾ ਹਨ, ਇਸ ਦਾ ਭੁਗਤਾਨ ਨਹੀਂ ਕਰ ਸਕਦੇ ਅਤੇ ਭੁੱਖੇ ਮਰ ਰਹੇ ਹਨ... ਦਵਾਈਆਂ ਦਾ ਸਮਾਜੀਕਰਨ ਕਰਨਾ ਅਤੇ ਡਾਕਟਰੀ ਦੀ ਪ੍ਰਾਈਵੇਟ ਪ੍ਰੈਕਟਿਸ ਨੂੰ ਰੋਕਣਾ ਜਾਂ ਖ਼ਤਮ ਕਰਨਾ ਹੀ ਇਸ ਸਮੱਸਿਆ ਦਾ ਹਕੀਕੀ ਹੱਲ ਹੋਵੇਗਾ। ਆਉ ਅਸੀਂ ਮੁਨਾਫ਼ੇ, ਨਿੱਜੀ ਆਰਥਿਕ ਮੁਨਾਫ਼ੇ ਨੂੰ ਦਵਾਈਆਂ ਤੋਂ ਬਾਹਰ ਕੱਢੀਏ

**ਗੁਰਪ੍ਰੀਤ**

ਅਤੇ ਆਪਣੇ ਕਿੱਤੇ ਨੂੰ ਹਾਬੜੇ ਹੋਏ ਵਿਅਕਤੀਵਾਦ ਤੋਂ ਮੁਕਤ ਕਰੀਏ।... ਆਪਣੇ ਵਰਗੇ ਲੋਕਾਂ ਦੀ ਦੁੱਖਾਂ ਦੀ ਕੀਮਤ 'ਤੇ ਖ਼ੁਦ ਅਮੀਰ ਹੋਣ ਨੂੰ ਅਪਮਾਨਜਨਕ ਕਰਾਰ ਦੇਈਏ।... ਆਓ ਲੋਕਾਂ ਨੂੰ ਇਹ ਨਾ ਕਹੀਏ ਕਿ "ਤੁਹਾਡੇ ਕੋ.ਲ ਕਿੰਨਾ ਪੈਸਾ ਹੈ?" ਸਗੋਂ ਇਹ ਕਹੀਏ ਕਿ "ਅਸੀਂ ਬਿਹਤਰ ਤਰੀਕੇ ਨਾਲ ਤੁਹਾਡੀ ਸੇਵਾ ਕਿਵੇਂ ਕਰ ਸਕਦੇ ਹਾਂ?"





*ਡਾਕਟਰ ਨੌਰਮਨ ਬੈਥਿਊਂ ਅਤੇ (ਸੱਜੇ) ਗ੍ਰੇਵਨਹਰਸਟ (ਓਂਟਾਰੀਓ, ਕੈਨੇਡਾ) ਵਿਚ ਨੌਰਮਨ ਬੈਥਿਊਂ ਦਾ ਘਰ ਜਿਸ ਨੂੰ ਵਿਰਾਸਤੀ ਘਰ ਦਾ ਦਰਜਾ ਮਿਲਿਆ ਹੋਇਆ ਹੈ।*

ਇਹ ਸ਼ਬਦ ਕੈਨੇਡਾ ਦੇ ਪ੍ਰਸਿੱਧ ਡਾਕਟਰ ਨਾਰਮਨ ਬੈਥਿਊਂ ਦੇ ਹਨ। ਉਹ ਅਜਿਹਾ ਡਾਕਟਰ ਸੀ ਜਿਸ ਲਈ ਡਾਕਟਰੀ ਦਾ ਕਿੱਤਾ ਵੱਧ ਤੋਂ ਵੱਧ ਲੋਕਾਂ ਦੀ ਸੇਵਾ ਕਰਨ ਦਾ ਸਾਧਨ ਸੀ। ਉਸ ਨੇ ਸਿਹਤ ਸਹੂਲਤਾਂ ਨੂੰ ਕਾਰੋਬਾਰ ਬਣਾਉਣ ਦੀ ਥਾਂ ਇਨ੍ਹਾਂ ਨੂੰ ਹਰ ਨਾਗਰਿਕ ਦਾ ਹੱਕ ਬਣਾਉਣ ਦਾ ਸੁਪਨਾ ਦੇਖਿਆ ਤੇ ਇਸ ਲਈ ਕੰਮ ਕੀਤਾ। ਡਾਕਟਰ ਨਾਰਮਨ ਬੈਥਿਊਂ ਦਾ ਜਨਮ 3 ਮਾਰਚ 1890 ਨੂੰ ਕੈਨੇਡਾ ਦੇ ਓਂਟਾਰੀਓ ਸੂਬੇ ਵਿਚ ਹੋਇਆ। ਉਹਦਾ ਪਿਓ ਚਰਚ ਦਾ ਪਾਦਰੀ ਸੀ ਜਿਸ ਕਰ ਕੇ ਉਸ ਦਾ ਪਰਿਵਾਰ ਵੱਖ-ਵੱਖ ਸ਼ਹਿਰਾਂ ਵਿਚ ਘੁੰਮਦਾ ਰਿਹਾ। 1909 ਵਿਚ ਉਹ ਟੋਰਾਂਟੋ ਯੂਨੀਵਰਸਿਟੀ ਵਿਚ ਦਾਖਲ ਹੋ ਗਿਆ ਪਰ ਕੁਝ ਕਾਰਨਾਂ ਕਰ ਕੇ ਉਸ ਨੂੰ ਪੜ੍ਹਾਈ ਵਿਚਕਾਰ ਛੱਡਣੀ ਪਈ। ਉਸ ਨੇ ਆਪਣੇ ਗੁਜ਼ਾਰੇ ਲਈ ਮਜ਼ਦੂਰੀ ਵੀ ਕੀਤੀ ਤੇ ਅਧਿਆਪਨ ਵੀ ਕੀਤਾ। ਫਿਰ 1912 ਵਿਚ ਇਸੇ ਯੂਨੀਵਰਸਿਟੀ ਦੇ ਮੈਡੀਕਲ ਸਕੂਲ ਵਿਚ ਦਾਖਲਾ ਲੈ ਗਿਆ। 1914 ਵਿਚ ਪਹਿਲੀ ਆਲਮੀ ਜੰਗ ਸ਼ੁਰੂ ਹੋਈ ਤਾਂ ਪੜ੍ਹਾਈ ਛੱਡ ਕੇ ਜੰਗ ਵਿਚ ਜ਼ਖ਼ਮੀਆਂ ਦੀ ਸੇਵਾ ਕਰਨ ਲਈ ਚਲਾ ਗਿਆ। ਇਸ ਕੰਮ ਦੌਰਾਨ ਉਹ ਖ਼ੁਦ ਜ਼ਖ਼ਮੀ ਹੋ ਗਿਆ ਜਿਸ ਕਰ ਕੇ ਛੇ ਮਹੀਨੇ ਹਸਪਤਾਲ ਬਿਤਾਉਣੇ ਪਏ। ਇਸ ਤੋਂ ਬਾਅਦ ਉਸ ਨੇ ਡਾਕਟਰੀ ਦੀ ਪੜ੍ਹਾਈ ਮੁੜ ਸ਼ੁਰੂ ਕੀਤੀ ਤੇ 1916 ਵਿਚ ਪੜ੍ਹਾਈ ਪੂਰੀ ਕੀਤੀ।

1924 ਵਿਚ ਉਸ ਨੇ ਅਮਰੀਕਾ ਦੇ ਡੈਟਰਾਇਟ ਸ਼ਹਿਰ ਵਿਚ ਡਾਕਟਰੀ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਇੱਥੇ ਉਸ ਦੇ ਬਹੁਤੇ ਮਰੀਜ਼ ਗ਼ਰੀਬ ਮਜ਼ਦੂਰ ਹੁੰਦੇ ਸਨ ਜਿਨ੍ਹਾਂ ਲਈ ਉਸ ਨੂੰ ਕੋਈ ਵੀ ਪੈਸਾ ਦੇਣਾ ਸੰਭਵ ਨਾ ਹੁੰਦਾ। ਉਹ ਅਜਿਹੇ ਮਰੀਜ਼ਾਂ ਦਾ ਬਿਨਾਂ ਫੀਸ ਜਾਂ ਬਹੁਤ ਘੱਟ ਪੈਸੇ ਲੈ ਕੇ ਵੀ ਇਲਾਜ ਕਰਦਾ। ਇਕ ਵਾਰ ਉਸ ਨੂੰ ਇਕ ਮਜ਼ਦੂਰ ਪਰਿਵਾਰ ਵਿਚ ਬੱਚੇ ਦੇ ਜਣੇਪੇ ਲਈ ਸੱਦਿਆ ਗਿਆ ਜੋ ਰੇਲ ਗੱਡੀ ਦੇ ਨਕਾਰਾ ਹੋ ਚੁੱਕੇ ਡੱਬੇ ਵਿਚ ਰਹਿ ਰਿਹਾ ਸੀ। ਬੱਚਾ ਜੰਮਣ ਤੋਂ ਬਾਅਦ ਉਸ ਨੇ ਪਰਿਵਾਰ ਤੋਂ ਕੋਈ ਫੀਸ ਨਾ ਲਈ ਪਰ ਇਹ ਖ਼ਿਆਲ ਉਸ ਨੂੰ ਪ੍ਰੇਸ਼ਾਨ ਕਰਦਾ ਰਿਹਾ ਕਿ ਅਜਿਹੀਆਂ ਹਾਲਤਾਂ ਵਿਚ ਇਹ ਬੱਚਾ ਕਿੰਨੇ ਦਿਨ ਜਿਊਂਦਾ ਰਹੇਗਾ। ਅਜਿਹੀਆਂ ਘਟਨਾਵਾਂ ਨੇ ਉਸ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਗ਼ਰੀਬਾਂ ਦਾ ਮੁਫ਼ਤ ਇਲਾਜ ਕਰਨਾ ਹੀ ਕਾਫ਼ੀ ਨਹੀਂ ਹੈ ਸਗੋਂ ਸਮਾਜਿਕ ਬੇਇਨਸਾਫ਼ੀ ਨੂੰ ਖ਼ਤਮ ਕਰਨਾ ਤੇ ਡਾਕਟਰੀ ਦੇ ਕਿੱਤੇ ਨੂੰ ਨਵੇਂ ਸਿਰੇ ਤੋਂ ਜਥੇਬੰਦ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਕਿਸੇ ਨੂੰ ਗ਼ਰੀਬੀ ਕਾਰਨ ਇਲਾਜ ਤੋਂ ਵਿਰਵੇ ਨਾ ਰਹਿਣਾ ਪਵੇ। ਉਸ ਦਾ ਕਹਿਣਾ ਸੀ, "ਸਾਨੂੰ ਦਾਨ ਨੂੰ ਖ਼ਤਮ ਕਰ ਕੇ ਇਨਸਾਫ਼ ਦੇਣਾ ਚਾਹੀਦਾ ਹੈ।"

ਇੱਥੇ ਲਗਾਤਾਰ ਗ਼ਰੀਬਾਂ ਦਾ ਇਲਾਜ ਕਰਨ ਤੇ ਮਾੜੀਆਂ ਹਾਲਤਾਂ 'ਚ ਰਹਿਣ ਕਾਰਨ 1926 ਵਿਚ ਉਸ ਨੂੰ ਟੀ.ਬੀ. ਦੀ ਬਿਮਾਰੀ ਹੋ ਗਈ ਜਿਸ ਕਰ ਕੇ ਉਸ ਨੂੰ ਇਕ ਸਾਲ ਨਿਊਯਾਰਕ ਦੇ ਟਰੂਡੋ ਅਰੋਗ ਘਰ ਵਿਚ ਰਹਿਣਾ ਪਿਆ। 1927 ਵਿਚ ਉਸ ਨੇ ਇਕ ਰਸਾਲੇ ਵਿਚ ਟੀ.ਬੀ. ਦੇ ਇਲਾਜ ਲਈ ਇਕ ਵਿਧੀ ਦੇ ਖਿਆਲ ਬਾਰੇ ਪੜ੍ਹਿਆ ਤੇ ਜਾਨ ਜਾਣ ਦਾ ਖ਼ਤਰਾ ਹੋਣ ਦੇ ਬਾਵਜੂਦ ਉਸ ਨੇ ਡਾਕਟਰਾਂ ਨੂੰ ਆਪਣੇ ਉੱਪਰ ਇਹ ਇਲਾਜ ਅਜ਼ਮਾਉਣ ਲਈ ਮਨਾ ਲਿਆ। 27 ਅਕਤੂਬਰ 1927 ਨੂੰ ਉਸ ਦਾ ਸਫਲ ਅਪ੍ਰੇਸ਼ਨ ਹੋਇਆ ਤੇ ਦੋ ਮਹੀਨੇ ਬਾਅਦ ਉਹ ਸਿਹਤਮੰਦ ਹੋ ਕੇ ਨਿਕਲਿਆ। ਉਸ ਦੇ ਇਹ ਜੋਖ਼ਮ ਉਠਾਉਣ ਨਾਲ ਟੀ.ਬੀ. ਦੀ ਬਿਮਾਰੀ ਦਾ ਇਲਾਜ ਲੱਭ ਗਿਆ।

ਇਸ ਤੋਂ ਬਾਅਦ ਉਸ ਨੇ ਤਕਰੀਬਨ ਦੋ ਸਾਲ ਟੀ.ਬੀ. ਹਸਪਤਾਲ ਵਿਚ ਕੰਮ ਕੀਤਾ ਤੇ ਫਿਰ 1929 ਵਿਚ ਕੈਨੇਡਾ ਦੇ ਕਿਊਬਕ ਸੂਬੇ ਵਿਚ ਰਾਇਲ ਵਿਕਟੋਰੀਆ ਹਸਪਤਾਲ, ਮੌਂਟਰਿਅਲ ਵਿਚ ਸਰਜਨ ਤੇ ਅਧਿਆਪਕ ਵਜੋਂ ਕੰਮ ਕੀਤਾ। ਇਸ ਦੌਰਾਨ ਉਸ ਨੇ ਕਈ ਨਵੀਆਂ ਇਲਾਜ ਵਿਧੀਆਂ ਉੱਪਰ ਕੰਮ ਕੀਤਾ ਤੇ ਸਰਜਰੀ ਦੇ ਕਈ ਨਵੇਂ ਔਜ਼ਾਰ ਇਜਾਦ ਕੀਤੇ।

1935 ਦਾ ਵਰ੍ਹਾ ਉਸ ਦੀ ਜ਼ਿੰਦਗੀ ਦਾ



*ਕੈਨੇਡਾ ਦੀ ਟੋਰਾਂਟੋ ਯੂਨੀਵਰਸਿਟੀ ਵਿਚ ਨਾਰਮਨ ਬੈਥਿਊਂ ਦਾ ਬੁੱਤ।*

ਕੂਹਣੀ ਮੋੜ ਸਾਬਿਤ ਹੋਇਆ ਜਦੋਂ ਉਸ ਨੂੰ ਸਮਾਜਵਾਦੀ ਮੁਲਕ ਸੋਵੀਅਤ ਯੂਨੀਅਨ ਵਿਚ ਜਾਣ ਦਾ ਮੌਕਾ ਮਿਲਿਆ। ਇੱਥੇ ਉਸ ਨੇ ਦੇਖਿਆ ਕਿ ਇਲਾਜ ਤੇ ਸਿਹਤਮੰਦ ਜ਼ਿੰਦਗੀ ਨੂੰ ਹਰ ਮਨੁੱਖ ਦਾ ਹੱਕ ਬਣਾਉਣ ਦਾ ਜਿਹੜਾ ਉਹ ਸੁਪਨਾ ਲੈ ਰਿਹਾ ਸੀ, ਉਹ ਇੱਥੇ ਹਕੀਕਤ ਬਣ ਚੁੱਕਾ ਸੀ। ਸਿਹਤ ਵਿਗਿਆਨ ਦੇ ਖੇਤਰ ਵਿਚ ਹੋਰ ਵੀ ਬਹੁਤ ਕੁਝ ਨਵਾਂ ਕੀਤਾ ਜਾ ਰਿਹਾ ਸੀ। ਉਸ ਨੇ ਸਮਾਜਿਕ ਜੀਵਨ ਵਿਚ ਵੀ ਬੇਇਨਸਾਫ਼ੀ ਦਾ ਖ਼ਾਤਮਾ ਦੇਖਿਆ। ਇਸ ਅੱਖੀਂ ਡਿੱਠੇ ਤਜਰਬੇ ਤੋਂ ਪ੍ਰਭਾਵਿਤ ਹੋ ਕੇ ਉਹ ਕਮਿਊਨਿਸਟ ਬਣ ਗਿਆ ਤੇ ਕੈਨੇਡਾ ਮੁੜਨ ਪਿੱਛੋਂ ਕੈਨੇਡਾ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। ਇਸ ਤੋਂ ਬਾਅਦ ਉਸ ਦੀ ਕਮਿਊਨਿਸਟ ਕਾਰਕੁਨ ਵਜੋਂ ਜ਼ਿੰਦਗੀ ਦੀ ਸ਼ੁਰੂਆਤ ਹੋਈ ਜਿਹੜੀ ਸਿਰਫ਼ ਚਾਰ ਸਾਲ ਦੀ ਸੀ ਪਰ ਯੁੱਗਾਂ ਉੱਪਰ ਆਪਣੀ ਛਾਪ ਛੱਡ ਗਈ।

1936 ਵਿਚ ਸਪੇਨ ਦੇ ਰਾਸ਼ਟਰਪਤੀ ਮੈਨੂਅਲ ਆਜ਼ਾਨਾ ਦੀ ਅਗਵਾਈ ਵਾਲੀ ਰਿਪਬਲਿਕਨਾਂ ਦੀ ਸਰਕਾਰ ਨੂੰ ਫਾਸ਼ੀਵਾਦੀ ਜਰਨਲ ਫਰਾਂਸਿਸ ਫਰਾਂਕੋ ਨੇ ਉਲਟਾਉਣ ਦੀ ਕੋਸ਼ਿਸ਼ ਕੀਤੀ ਜਿਸ ਸਦਕਾ ਉੱਥੇ ਖਾਨਾਜੰਗੀ ਸ਼ੁਰੂ ਹੋ ਗਈ। ਕਈ ਦੇਸ਼ਾਂ 'ਚੋਂ ਕਮਿਊਨਿਸਟ ਕਾਰਕੁਨ ਸਪੇਨ ਵਿਚ ਫਾਸ਼ੀਵਾਦੀਆਂ ਖਿਲਾਫ਼ ਲੋਕਾਂ ਦਾ ਸਾਥ ਦੇਣ ਲਈ ਆਏ। 24 ਅਕਤੂਬਰ 1936 ਨੂੰ ਡਾਕਟਰ ਨਾਰਮਨ ਬੈਥਿਊਂ ਵੀ ਸਪੇਨ ਪਹੁੰਚ ਗਿਆ ਤੇ ਜੰਗ ਦੇ ਮੋਰਚੇ ਵਿਚ ਜ਼ਖ਼ਮੀਆਂ ਦੇ ਇਲਾਜ ਵਿਚ ਜੁਟ ਗਿਆ। ਪਹਿਲੀ ਆਲਮੀ ਜੰਗ ਵਿਚ ਉਸ ਨੇ ਬਹੁਤ ਸਾਰੇ ਸਿਪਾਹੀਆਂ ਨੂੰ ਲਹੂ ਵਗਣ ਕਾਰਨ ਮਰਦੇ ਦੇਖਿਆ ਸੀ। ਇਸ ਲਈ ਉਸ ਨੇ ਜ਼ਖ਼ਮੀਆਂ ਨੂੰ ਹਸਪਤਾਲ ਲਿਆਉਣ ਦੀ ਥਾਂ ਮੁਹਾਜ਼ ਉੱਪਰ ਹੀ ਉਨ੍ਹਾਂ ਨੂੰ ਲਹੂ ਚੜ੍ਹਾਉਣ ਦੀ ਨਵੀਂ ਵਿਧੀ ਇਜਾਦ ਕੀਤੀ ਜਿਸ ਸਦਕਾ ਹਜ਼ਾਰਾਂ ਲੜਾਕਿਆਂ ਦੀ ਜਾਨ ਬਚਾਈ। 27 ਅਕਤੂਬਰ 1937 ਨੂੰ ਉਹ ਸਪੇਨ ਤੋਂ ਵਾਪਸ ਕੈਨੇਡਾ ਆ ਗਿਆ ਤੇ ਸਪੇਨ ਦੇ ਲੋਕਾਂ ਲਈ ਹਮਾਇਤ ਜੁਟਾਉਣ ਤੇ ਫੰਡ ਇਕੱਠਾ ਕਰਨ ਦੇ ਕੰਮ ਵਿਚ ਲੱਗ ਗਿਆ।

ਇਸ ਦੌਰਾਨ ਚੀਨ ਉੱਪਰ ਜਪਾਨ ਨੇ ਹਮਲਾ ਕਰ ਦਿੱਤਾ। ਚੀਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਲੋਕ ਜਪਾਨੀ ਹਮਲੇ ਖਿਲਾਫ਼ ਜੰਗ ਵਿਚ ਕੁੱਦ ਪਏ। ਇਸ ਜੰਗ ਵਿਚ ਲੋਕਾਂ ਦੀ ਮਦਦ ਕਰਨ ਲਈ ਡਾਕਟਰ ਨਾਰਮਨ 2 ਜਨਵਰੀ 1938 ਨੂੰ ਚੀਨ ਜਾ ਪਹੁੰਚਿਆ। ਇੱਥੇ ਉਸ ਦੀ ਚੀਨ ਦੀ ਕਮਿਊਨਿਸਟ ਪਾਰਟੀ ਦੇ ਆਗੂ ਮਾਓ ਜ਼ੇ-ਤੁੰਗ ਨਾਲ ਮੁਲਾਕਾਤ ਵੀ ਹੋਈ। ਉਸ ਤੋਂ ਬਾਅਦ ਉਹ ਸਿਹਤ ਸੇਵਾਵਾਂ ਦੇਣ ਲਈ ਜੰਗ ਦੇ ਮੈਦਾਨ ਵਿਚ ਚਲਾ ਗਿਆ। ਚੀਨੀ ਲੋਕਾਂ ਦੀ ਇਸ ਫ਼ੌਜ ਕੋਲ ਨਾ ਕੋਈ ਢੰਗ ਦੇ ਹਸਪਤਾਲ ਸਨ, ਨਾ ਪੂਰੇ ਡਾਕਟਰੀ ਔਜ਼ਾਰ ਤੇ ਨਾ ਹੀ ਦਵਾਈਆਂ। ਇਸ ਦੌਰਾਨ ਉਸ ਨੇ ਚੀਨੀ ਲੜਾਕਿਆਂ ਨੂੰ ਸਿਹਤ ਸੇਵਾਵਾਂ ਦੇਣ ਦਾ ਸਫ਼ਰ ਸ਼ੁਰੂ ਕਰ ਦਿੱਤਾ। ਚਾਰ ਮਹੀਨਿਆਂ ਵਿਚ ਹੀ ਉਨ੍ਹਾਂ ਨੇ 750 ਕਿਲੋਮੀਟਰ ਦਾ ਸਫ਼ਰ ਕਰਦਿਆਂ 300 ਤੋਂ ਵੱਧ ਅਪਰੇਸ਼ਨ ਕੀਤੇ, ਜ਼ਖ਼ਮੀਆਂ ਦੇ ਇਲਾਜ ਲਈ 13 ਸਿਹਤ ਕੇਂਦਰ ਉਸਾਰੇ ਤੇ ਬਹੁਤ ਸਾਰੇ ਲੋਕਾਂ ਨੂੰ ਮੁੱਢਲੀ ਡਾਕਟਰੀ ਸਿਖਲਾਈ ਦਿੱਤੀ।

ਚੀਨੀ ਲੋਕਾਂ ਦੀ ਭਾਸ਼ਾ ਤੋਂ ਅਣਜਾਣ ਹੋਣ ਦੇ ਬਾਵਜੂਦ ਉਹ ਇੱਥੇ ਲੋਕਾਂ ਨਾਲ ਘੁਲ-ਮਿ.ਲ ਗਿਆ ਤੇ ਲੋਕਾਂ ਤੋਂ ਉਸ ਨੂੰ ਅਥਾਹ ਪਿਆਰ ਸਤਿਕਾਰ ਮਿਲਿਆ। ਡਾਕਟਰ ਨਾਰਮਨ ਜੰਗ ਦੇ ਮੈਦਾਨ ਵਿਚ ਸਿਹਤ ਸੇਵਾਵਾਂ ਦੇ ਰਿਹਾ ਸੀ ਜਿੱਥੇ ਕਿਸੇ ਵੀ ਵੇਲੇ ਜਪਾਨੀ ਹਮਲੇ ਦੇ ਸ਼ਿਕਾਰ ਹੋਣ ਦਾ ਖ਼ਤਰਾ ਸਿਰ ਮੰਡਰਾਉਂਦਾ ਰਹਿੰਦਾ ਸੀ। 1939 ਵਿਚ ਉਸ ਨੇ ਕੈਨੇਡਾ ਮੁੜਨ ਦਾ ਫ਼ੈਸਲਾ ਕਰ ਲਿਆ ਤਾਂ ਜੋ ਚੀਨ ਦੀ ਮਦਦ ਲਈ ਆਰਥਿਕ ਵਸੀਲੇ ਇਕੱਠੇ ਕੀਤੇ ਜਾ ਸਕਣ ਪਰ ਉਸ ਵੇਲੇ ਹੀ ਜਪਾਨ ਨੇ ਮੁੜ ਵੱਡਾ ਹਮਲਾ ਕਰ ਦਿੱਤਾ। ਉਸ ਨੇ ਆਪਣਾ ਫ਼ੈਸਲਾ ਬਦਲ ਲਿਆ ਤੇ ਮੁੜ ਇਲਾਜ ਕਰਨ ਲੱਗ ਗਿਆ। ਇਸ ਦੌਰਾਨ ਉਸ ਨੇ ਲਗਾਤਾਰ ਜਾਗ ਕੇ 69 ਘੰਟਿਆਂ ਵਿਚ 115 ਅਪਰੇਸ਼ਨ ਕੀਤੇ। ਉਸ ਦੇ ਸਾਥੀ ਵਾਰ-ਵਾਰ ਉਸ ਨੂੰ ਆਰਾਮ ਕਰਨ ਲਈ ਆਖ ਰਹੇ ਸਨ ਪਰ ਆਖ਼ਰੀ ਮਰੀਜ਼ ਦਾ ਇਲਾਜ ਕਰਨ ਤੱਕ ਉਹ ਕੰਮ ਵਿਚ ਲੱਗਿਆ ਰਿਹਾ। ਇੱਥੋਂ ਦੀ ਜ਼ਿੰਦਗੀ ਬਾਰੇ ਉਸ ਨੇ ਆਪਣੇ ਇਕ ਦੋਸਤ ਨੂੰ ਚਿੱਠੀ 'ਚ ਲਿਖਿਆ, "ਇਹ ਸੱਚ ਹੈ ਕਿ ਮੈਂ ਥੱਕਿਆ ਹੋਇਆ ਹਾਂ ਪਰ ਮੈਨੂੰ ਲੱਗਦਾ ਹੈ ਕਿ ਮੈਂ ਜ਼ਿੰਦਗੀ 'ਚ ਪਹਿਲਾਂ ਕਦੇ ਇੰਨਾ ਖ਼ੁਸ਼ ਨਹੀਂ ਰਿਹਾ। ਮੈਂ ਉਹ ਕੰਮ ਕਰ ਰਿਹਾ ਹਾਂ ਜੋ ਮੈਂ ਕਰਨਾ ਚਾਹੁੰਦਾ ਹਾਂ... ਮੇਰੇ ਕੋਲ ਕੋਈ ਪੈਸਾ ਨਹੀਂ ਤੇ ਨਾ ਹੀ ਮੈਨੂੰ ਇਸ ਦੀ ਲੋੜ ਹੈ। ਇੱਥੇ ਮੈਨੂੰ ਮੇਰੀ ਲੋੜ ਦੀ ਹਰ ਚੀਜ਼ ਮਿਲ ਜਾਂਦੀ ਹੈ। ਮੇਰੀ ਕੋਈ ਇੱਛਾ, ਸੱਧਰ ਅਧੂਰੀ ਨਹੀਂ ਰਹੀ। ਮੇਰੇ ਨਾਲ ਓਨੇ ਹੀ ਪਿਆਰ ਤੇ ਸਤਿਕਾਰ ਨਾਲ ਇਕ ਅਹਿਮ ਕਾਮਰੇਡ ਜਿਹਾ ਸਲੂਕ ਕੀਤਾ ਜਾਂਦਾ ਹੈ।

---

# ਚਾਨਣ ਜਾਇਆਂ ਨੂੰ ਨਤਮਸਤਕ

ਆਪਣੇ ਮਿੱਤਰ ਦੇ ਪਿੰਡ ਜਾਣ ਦਾ ਸਬਬ ਬਣਿਆ। ਰਸਤੇ ਵਿਚ ਖੇਤਾਂ ਵਿਚ ਝੂਮਦੀਆਂ ਫ਼ਸਲਾਂ। ਮੋਟਰਾਂ ਵਿਚੋਂ ਕਲ ਕਲ ਵਹਿੰਦਾ ਪਾਣੀ। ਵੱਟਾਂ ਬੰਨਿਆਂ 'ਤੇ ਫਿਰਦੇ ਕਿਰਤੀ ਕਾਮੇ। ਦੂਰ ਤੱਕ ਹਰਿਆਲੀ ਦੀ ਵਿਛੀ ਚਾਦਰ। ਪੰਛੀਆਂ ਦੀਆਂ ਮਿੱਠੀਆਂ ਆਵਾਜ਼ਾਂ। ਉੱਪਰ ਛਤਰੀ ਤਾਣੀ ਖੜ੍ਹਾ

**ਰਾਮ ਸਵਰਨ ਲੱਖੇਵਾਲੀ**
**ਫੋਨ: +91-95010-06626**

ਨੀਲਾ ਅੰਬਰ। ਇਹ ਦ੍ਰਿਸ਼ ਖੇਤਾਂ ਦੇ ਜੀਵਨ ਨੂੰ ਰੂਪਮਾਨ ਕਰਦੇ ਨਜ਼ਰ ਆਏ। ਰੁੱਖਾਂ ਦੇ ਫੁੱਲਾਂ ਦੀ ਸੰਗਤ ਨੇ ਮਨ ਮੋਹਿਆ। ਵਗਦੀ ਪੌਣ ਵਿਚ ਮਿਲੀ ਫ਼ਸਲਾਂ, ਫੁੱਲਾਂ ਦੀ ਮਹਿਕ। ਪਿੰਡ ਦੀ ਜੂਹ ਵਿਚ ਹਰੇ ਭਰੇ ਰੁੱਖ ਸਵਾਗਤ ਕਰਦੇ ਦਿਸੇ। ਕੁਦਰਤ ਦਾ ਸੰਗ ਸਾਥ ਮਾਣਦਿਆਂ ਪਿੰਡ ਪਹੁੰਚੇ।

ਪਿੰਡ ਦੇ ਵਿਚਕਾਰ ਖੁੱਲ੍ਹਾ ਡੁੱਲ੍ਹਾ ਘਰ। ਰੁੱਖਾਂ ਤੇ ਫੁੱਲਾਂ ਨੂੰ ਕਲਾਵੇ ਵਿਚ ਸਾਂਭੀ ਬੈਠਾ। ਇੱਕ ਪਾਸੇ ਮੱਝਾਂ, ਗਾਵਾਂ ਬੈਠੀਆਂ। ਨਾਲ ਦੇ ਵੱਡੇ ਬਰਾਂਡੇ ਵਿਚ ਖੇਤੀ ਵਰਤੋਂ ਦੇ ਸੰਦ। ਹਰ ਚੀਜ਼ ਥਾਂ ਸਿਰ ਸਾਂਭੀ ਨਜ਼ਰ ਆਈ। ਦੂਸਰੇ ਪਾਸੇ ਹਰੇ ਰੰਗ ਵਿਚ ਸਜੀ ਸਬਜ਼ੀਆਂ ਦੀ ਕਿਆਰੀ। ਘਰ ਦਾ ਮੂੰਹ ਮੁਹਾਂਦਰਾ ਮਨ ਨੂੰ ਭਾਇਆ। ਬੈਠਕ ਵਿਚ ਜਾ ਬੈਠੇ। ਘਰ ਦੇ ਜੀਆਂ ਨਾਲ ਮੇਲ ਮੁਲਾਕਾਤ। ਚਾਹ ਪਾਣੀ ਪੀਤਾ। ਬੈਠਕ ਵਿਚ ਹੀ ਸਾਹਵੇਂ ਬਣੀ ਅਲਮਾਰੀ ਵਿਚੋਂ ਤਕਦੀਆਂ ਪੁਸਤਕਾਂ ਮਨ ਦਾ ਸਕੂਨ ਬਣੀਆਂ। ਮਾਂ ਬਾਪ ਦੀ ਛਾਂ ਹੇਠ ਪਲਿਆ ਪੁੱਤਰ। ਪੁਸਤਕਾਂ ਨਾਲ ਵਫਾ ਕਰ ਕੇ ਪਰਿਵਾਰ ਦੀ ਵਿਰਾਸਤ ਨੂੰ ਅੱਗੇ ਤੋਰਦਾ ਜਾਪਿਆ। ਘਰ ਬਾਰ ਦੇ ਸੁਹਜ ਸਲੀਕੇ ਦੀ ਜਾਚ ਸਮਝ ਵਿਚ ਆਈ।

ਗੱਲਾਂ ਵਿਚ ਮਿਠਾਸ ਸੀ। ਸਲੀਕੇ ਵਿਚ ਮੁਹੱਬਤ। ਸਾਦ ਮੁਰਾਦੇ, ਸੁੱਚੀ ਜੀਵਨ ਜਾਚ। ਚਿਹਰਿਆਂ 'ਤੇ ਸੰਤੁਸ਼ਟੀ ਦੀ ਝਲਕ। ਨਾ ਕੋਈ ਵਲ ਨਾ ਫੇਰ। ਕੁਦਰਤ, ਜ਼ਿੰਦਗੀ ਤੇ ਕੰਮ ਦੇ ਉਪਾਸ਼ਕ। ਦੁਪਿਹਰ ਦੇ ਖਾਣੇ ਦਾ ਵਕਤ ਹੋਇਆ। ਪਿੰਡ ਦੀਆਂ ਨਿਆਮਤਾਂ ਨਾਲ ਬਣਿਆ ਖਾਣਾ। ਨਾ ਕੋਈ ਦਿਖਾਵਾ ਨਾ ਉਚੇਚ। ਖਾਣਾ ਖਾਂਦਿਆਂ ਮਾਂ ਦਾ ਚੁੱਲ੍ਹਾ ਚੌਂਕਾ ਅੱਖਾਂ ਸਾਹਵੇਂ ਨਜ਼ਰੀਂ ਪਿਆ। ਰੋਟੀ ਦੀ ਉਡੀਕ ਵਿਚ ਬੈਠੇ ਸਾਰੇ ਭੈਣ ਭਰਾ। ਮਾਂ ਦੇ ਹੱਥਾਂ ਦਾ ਸੁਹਜ ਤੱਕਦੇ। ਇੱਕ ਇਕੱਲੀ ਜਾਨ ਸਾਰੇ ਕੰਮ ਨੂੰ ਸਾਂਭੀ ਰੱਖਦੀ। ਅਸੀਂ ਮਿਲ ਬੈਠ ਕੇ ਖਾਂਦੇ। ਮਾਂ ਦੇ ਹੱਥਾਂ ਦੇ ਸੁਹਜ ਦਾ ਅਹਿਸਾਸ ਸਾਲਾਂ ਬਾਅਦ ਮਾਣਿਆ।

ਘਰਦਿਆਂ ਤੋਂ ਵਾਪਸ ਪਰਤਣ ਦੀ ਆਗਿਆ ਲਈ। ਰਾਹ ਵਿਚ ਆਉਂਦੇ ਖੇਤ ਆ ਰੁਕੇ। ਆਪਣੇ ਖੇਤਾਂ ਵਿਚ ਦੂਰ ਤੱਕ ਨਜ਼ਰ ਮਾਰਦਾ ਮਿੱਤਰ ਬੋਲਿਆ, "ਇਨ੍ਹਾਂ ਵਿਚ ਸਾਡੀ ਜਾਨ ਹੈ। ਰਿਜ਼ਕ ਹੈ। ਰਿਸ਼ਤਿਆਂ ਦੀ ਜੜ੍ਹ ਹੈ। ਧੀਆਂ ਪੁੱਤਰਾਂ ਦਾ ਭਵਿੱਖ ਹੈ। ਸੁਫ਼ਨਿਆਂ ਦੀ ਥਾਹ ਹੈ। ਸਾਡੇ ਸਾਹਾਂ ਦੀ ਤੰਦ ਹੈ। ਜਿਊਣ ਦੀ ਚਾਹ ਹੈ। ਇਹ ਸਿਦਕ, ਸਬਰ ਤੇ ਆਪਾ ਵਾਰੂ ਭਾਵਨਾ ਦੇ ਦਾਤੇ। ਇੱਥੋਂ ਹੀ ਮਿਲਦਾ ਸੰਘਰਸ਼ਾਂ ਦਾ ਸਬਕ। ਕਿਰਤ ਦੀ ਰਾਖੀ ਦਾ ਬੁਲੰਦ ਜਜ਼ਬਾ। ਦੇਸ਼ ਦੇ ਭੰਡਾਰ ਭਰਨ ਵਾਲੇ। ਕੁੱਲ ਲੋਕਾਈ ਦੇ ਖ਼ੈਰ ਖਵਾਹ। ਅੰਨ ਦਾਤੇ, ਇਹ ਖੇਤ ਹੀ ਤਾਂ ਹਨ। ਇੱਥੇ ਖ਼ੂਨ ਪਸੀਨਾ ਵਹਾਉਂਦੇ। ਇਨ੍ਹਾਂ ਨਾਲ ਮਿੱਟੀ ਹੁੰਦੇ। ਕਿਰਤੀ ਪੁੱਤਰ ਧੀਆਂ ਦੇ ਸਿਰਾਂ 'ਤੇ ਹੱਥ ਰੱਖਣਾ ਖੇਤਾਂ ਦੀ ਫਿਤਰਤ ਹੈ।"

ਉਹ ਮੁੜ ਬੋਲਣ ਲੱਗਾ, "ਆਪਾਂ ਪਿੰਡਾਂ ਨੂੰ ਛੱਡ ਕੇ ਬਹੁਤ ਕੁਝ ਗੁਆ ਲਿਆ ਹੈ। ਸਾਂਝ, ਸਨੇਹ ਤੋਂ ਸੱਖਣੇ ਹੋ ਗਏ ਹਾਂ। ਆਪਣੇ ਕੰਮ ਨਾਲ ਮਤਲਬ ਰੱਖਦੇ ਹਾਂ। ਇੱਕ ਦੂਜੇ ਦੇ ਕੰਮ ਆਉਣ ਵਾਲੀ ਵਿਰਾਸਤ ਭੁੱਲ ਗਏ ਹਾਂ। ਚੰਦ ਸੁਖ ਸਹੂਲਤਾਂ ਬਦਲੇ ਚੈਨ ਗਵਾ ਬੈਠੇ ਹਾਂ। ਸਹਿਜਤਾ ਸਾਡੇ ਨਾਲ ਰੁੱਸ ਗਈ ਜਾਪਦੀ ਹੈ। ਮਾਵਾਂ ਦੀ ਛਾਂ ਸਾਥੋਂ ਖੁੱਸ ਗਈ ਹੈ। ਆਪੋ-ਆਪਣੇ ਘਰਾਂ ਵਿਚ ਸੁਖ ਤਾਂ ਮਾਣਦੇ ਹਾਂ ਪਰ ਇਕੱਠ ਦੇ ਸੁਖਦ ਅਹਿਸਾਸ ਤੋਂ ਸੱਖਣੇ ਹੋ ਗਏ ਹਾਂ। ਦਿਖਾਵੇ ਨਾਲ ਵੱਡੇ ਹੋਣ ਦੇ ਭਰਮ ਦਾ ਸ਼ਿਕਾਰ ਬਣ ਗਏ ਹਾਂ। ਇਕੱਲੇ ਇਕੱਲੇ ਅੱਗੇ ਵਧਣਾ ਚਾਹੁੰਦੇ ਹਾਂ। ਨਾਂ ਕਮਾਉਣਾ ਲੋਚਦੇ ਹਾਂ। ਖੇਤਾਂ ਦੇ ਪੁੱਤਰਾਂ ਨੇ ਏਕੇ ਨਾਲ ਹੱਕ ਹਾਸਲ ਕਰਨ ਦਾ ਸਬਕ ਦੇ ਸਾਨੂੰ ਹਲੂਣਿਆ ਹੈ।" ਗੱਲਾਂ ਕਰਦਿਆਂ ਖੇਤੋਂ ਘਰ ਵਾਪਸੀ ਦਾ ਰਾਹ ਫੜਿਆ।

ਮਸਤਕ ਸੋਚਾਂ ਦੀ ਤੰਦ ਬੁਣਨ ਲੱਗਾ- 'ਇਹ ਵਕਤ ਦਾ ਕੇਹਾ ਵਹਿਣ ਹੋਇਆ! ਪਿੰਡਾਂ ਤੋਂ ਸ਼ਹਿਰਾਂ ਵਿਚ ਨਿਵਾਸ। ਬਾਲ ਬੱਚੇ ਸੁਖ ਸਹੂਲਤਾਂ ਵਿਚ ਪੜ੍ਹੇ। ਮਾਪਿਆਂ ਦੀ ਸੋਚ ਤੋਂ ਅਗਾਂਹ ਤੁਰੇ। ਵਿਦੇਸ਼ਾਂ ਲਈ ਜਹਾਜ਼ ਚੜ੍ਹ ਗਏ। ਬੇਗਾਨੀ ਧਰਤੀ ਦੇ ਨਾਗਰਿਕ ਬਣੇ। ਸਵਰਗ ਜਿਹੇ ਦਿਨ ਦੇਖੇ। ਮਾਪਿਆਂ ਤੋਂ ਦੂਰ ਮਸ਼ੀਨਾਂ ਬਣ ਜੀਣ ਲੱਗੇ। ਮੋਹ, ਮੁਹੱਬਤ ਤੇ ਸਾਂਝ ਦੀ ਪੀਂਘ ਤੋਂ ਉਤਰ ਗਏ। ਪੂੰਜੀ ਦੇ ਸਾਏ ਵਿਚ ਮਨੁੱਖ ਹੋਣ ਦਾ ਮਤਲਬ ਭੁੱਲ ਬੈਠੇ। ਸਭ ਕੁਝ ਪਾਉਣ ਦੀ ਲਾਲਸਾ ਲੈ ਬੈਠੀ। ਜਿਊਣ ਦੇ ਮਕਸਦ ਤੋਂ ਕੀ ਖੁੰਝੇ; ਜ਼ਿੰਦਗੀ ਦੀ ਝੋਲੀ 'ਚੋਂ ਸਾਂਝ, ਸਨੇਹ, ਮਿਲਾਪ, ਖੁਸ਼ੀ ਤੇ ਸਬਰ ਦੇ ਮੋਤੀ ਬਿਖਰ ਗਏ'।

'ਆਪਣੇ ਲਈ ਜਿਊਣਾ ਚੰਗਾ ਹੈ। ਜੀਵਨ ਵਿਚ ਮਿਹਨਤ ਦੇ ਬਲਬੂਤੇ ਬੁਲੰਦੀਆਂ ਛੂਹਣਾ ਉਸ ਤੋਂ ਵੀ ਚੰਗਾ। ਆਪਣੀ ਸਮਝ, ਸਿੱਖਿਆ ਅਨੁਸਾਰ ਵਿਚਰਨਾ ਮਨੁੱਖ ਦਾ ਹੱਕ ਹੁੰਦਾ ਹੈ। ਜੇਕਰ ਜ਼ਿੰਦਗੀ ਉਚੇਰੇ ਉਦੇਸ਼ ਦੇ ਲੇਖੇ ਲੱਗੀ ਹੋਵੇ ਤਾਂ ਉੱਤਮ। ਹੋਰਾਂ ਦੇ ਜਿਊਣ ਵਿਚ ਰੰਗ ਭਰੇ ਤਾਂ ਹੀ ਜਿਊਣਾ ਸਾਰਥਕ ਬਣਦਾ। ਉਂਝ ਵੀ ਜਿਸ ਧਰਤੀ ਦੇ ਪੌਣ ਪਾਣੀ ਵਿਚ ਰਹਿਣਾ; ਜਿਸ ਸਮਾਜ, ਸਭਿਆਚਾਰ ਦਾ ਅੰਗ ਬਣਨਾ; ਉਸ ਦੀ ਬਿਹਤਰੀ ਵਿਚ ਸੀਰ ਪਾਉਣਾ ਲਾਜ਼ਮ ਹੁੰਦਾ। ਜਿਨ੍ਹਾਂ ਨਾਇਕਾਂ ਦੀ ਵਿਰਾਸਤ ਦੀ ਛਾਂ ਮਾਣੀ; ਉਨ੍ਹਾਂ ਦੇ ਸੋਚਾਂ, ਸੁਫ਼ਨਿਆਂ ਨੂੰ ਅੱਖੋਂ ਪਰੋਖੇ ਕਰਨਾ ਸਾਰਥਕ ਜੀਵਨ ਹਰਗਿਜ਼ ਨਹੀਂ ਹੁੰਦਾ। ਨਾ ਹੀ ਜੀਵਨ ਦੀ ਪ੍ਰਾਪਤੀ ਦਾ ਹਿੱਸਾ ਬਣਦਾ'।

ਜੀਵਨ ਵਿਚ ਬਰਾਬਰੀ ਅਤੇ ਸੰਕਲਪ ਨੂੰ ਜਿਊਣ ਦਾ ਮਕਸਦ ਬਣਾ ਤੁਰਦੇ। ਹਰ ਪਲ ਚੰਗੇਰੀ ਜ਼ਿੰਦਗੀ ਲਈ ਸੰਘਰਸ਼ ਕਰਦੇ। ਨਿੱਤ ਨਵੇਂ ਉਤਸ਼ਾਹ ਨਾਲ ਮੰਜ਼ਿਲ ਵੱਲ ਸਾਬਤ ਕਦਮੀਂ ਵਧਦੇ। ਰਾਹ ਦੀਆਂ ਔਕੜਾਂ ਨੂੰ ਖਿੜੇ ਮੱਥੇ ਟੱਕਰਦੇ। ਕਿਰਤ ਨੂੰ ਉਚਿਆਉਂਦੇ। ਡਿੱਗਿਆਂ ਨੂੰ ਉਠਾਉਂਦੇ। ਸੁੱਤਿਆਂ ਨੂੰ ਜਗਾਉਂਦੇ। ਚੇਤਨਾ ਦਾ ਚਾਨਣ ਵੰਡਦੇ। ਕਲਮ, ਕਲਾ ਨਾਲ ਜਿਊਣ ਰਾਹਾਂ ਨੂੰ ਰੌਸ਼ਨ ਕਰਦੇ। ਸਭਨਾਂ ਨੂੰ ਨਾਲ ਲੈ ਕੇ ਚਲਦੇ। ਹੱਕਾਂ ਹਿਤਾਂ ਲਈ ਸੰਘਰਸ਼ਾਂ ਦੇ ਪਿੜ ਮਘਾਉਂਦੇ। ਸਿਰੜ, ਸਿਦਕ ਤੇ ਲਗਨ ਦੇ ਕਲਾਵੇ ਵਿਚ ਰਹਿੰਦੇ। ਅਜਿਹੇ ਜਾਗਦੇ, ਜੂਝਦੇ ਮਨੁੱਖ ਜ਼ਿੰਦਗੀ ਦੇ ਸ਼ਾਹ ਸਵਾਰ ਬਣਦੇ। ਹੋਰਾਂ ਲਈ ਪ੍ਰੇਰਨਾ ਸ੍ਰੋਤ ਹੁੰਦੇ। ਉਹ ਜ਼ਿੰਦਗੀ ਦੇ ਬੁਲੰਦ ਸਿਤਾਰਿਆਂ ਦੀ ਕਤਾਰ ਵਿਚ ਆਉਂਦੇ।

ਬਿਖੜੇ ਪੈਂਡਿਆਂ ਦੇ ਸਿਦਕਵਾਨ ਪਾਂਧੀ। ਜ਼ਿੰਦਗੀ ਦੇ ਹਰ ਮੋੜ ਤੇ ਲੋਕਾਈ ਲਈ ਰੌਸ਼ਨੀ ਬਣ ਬਿਖਰਦੇ। 'ਸੁਨਿਹਰੇ ਭਵਿੱਖ' ਦਾ ਪ੍ਰਤੀਕ ਬਣੇ ਅਜਿਹੇ ਚਾਨਣ ਜਾਇਆਂ ਦੀ ਕਰਨੀ ਨੂੰ ਨਤਮਸਤਕ ਹੁੰਦਾ ਘਰ ਪਰਤਦਾ ਹਾਂ।

# ਕੌਮ ਜਾਂ ਕੌਮਵਾਦ ਹੈ ਕੋਈ ਬਹੁਤ ਹੀ ਡੂੰਘਾ ਅਤੇ ਅਨੋਖਾ ਜਜ਼ਬਾ - ਕਰਮਜੀਤ ਸਿੰਘ

*ਕੌਮੀ ਰਿਆਸਤਾਂ ਦਾ ਤਸੱਵਰ ਯੂਰਪ ਅੰਦਰ 19ਵੀਂ ਸਦੀ ਦੇ ਸਨਅਤੀ ਇਨਕਲਾਬ ਦੇ ਨਾਲ ਨਾਲ ਪੈਦਾ ਹੋਇਆ ਤੇ ਇਸ ਬਾਰੇ ਇਹ ਬਹਿਸ ਇਕ ਵਾਰ ਖਤਮ ਹੋ ਗਈ ਸੀ ਪਰ ਨਵੇਂ ਸਿਰਿਓਂ ਇਸ ਬਾਰੇ ਵਿਚਾਰ ਚਰਚਾ ਸੋਵੀਅਤ ਯੂਨੀਅਨਾਂ ਅਤੇ ਯੂਗੋਸਲਾਵੀਆ ਵਿਚ ਸਮਾਜਿਕ ਢਾਂਚੇ ਦੇ ਟੁੱਟ ਜਾਣ ਅਤੇ ਨਵੀਆਂ ਸਟੇਟਾਂ ਹੋਂਦ ਵਿਚ ਆਉਣ ਤੋਂ ਬਾਅਦ 20ਵੀਂ ਸਦੀ ਦੇ ਆਖਰੀ ਦਹਾਕੇ ਦੌਰਾਨ ਇਸ ਸਵਾਲ ਬਾਰੇ ਰਾਮਰੌਲਾ ਨਵੇਂ ਸਿਰਿਓਂ ਪ੍ਰਚੰਡ ਹੋ ਗਿਆ। ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਕਰਮ ਬਰਸਟ ਹੁਰਾਂ ਵਲੋਂ ਇਸ ਵਿਸ਼ੇ 'ਤੇ ਬਹੁਤ ਸੰਗਠਿਤ ਲੇਖ ਲਿਖਿਆ ਗਿਆ ਸੀ ਤੇ ਇਸ ਵਾਰ ਖਾਲਿਸਤਾਨੀ ਵਿਚਾਰਧਾਰਾ ਦੇ ਸਮਰਥਕ ਕਰਮਜੀਤ ਸਿੰਘ ਹੁਰਾਂ ਵਲੋਂ ਇਸ ਵਿਸ਼ੇ ਬਾਰੇ ਵੱਖਰੀ ਤਰ੍ਹਾਂ ਦੇ ਨਜ਼ਰੀਏ ਤੋਂ ਦਿੱਤੇ ਵਿਚਾਰ ਅਸੀਂ ਪਾਠਕਾਂ ਅੱਗੇ ਪੇਸ਼ ਕਰ ਰਹੇ ਹਾਂ। ਇਸ ਵਿਸ਼ੇ 'ਤੇ ਵਿਦਵਾਨਾਂ ਦੇ ਵਿਚਾਰਾਂ ਦਾ ਪੰਜਾਬ ਟਾਈਮਜ਼ ਵਲੋਂ ਸਵਾਗਤ ਕੀਤਾ ਜਾਵੇਗਾ -ਸੰਪਾਦਕ।*

ਕੌਮ (nation), ਕੌਮਵਾਦ (nationalism), ਕੌਮ ਰਾਜ (nation-state)ਦੇ ਜਿੰਨੇ ਮਾਹਰ ਜਿੰਨੇ ਵੀ ਵਿਦਵਾਨ ਹਨ, ਇਉਂ ਸਮਝੋ, ਉਨ੍ਹਾਂ ਦੀਆਂ ਉਨੀਆਂ ਹੀ ਵਿਆਖਿਆਵਾਂ, ਉਨੀਆਂ ਹੀ ਪਰਿਭਾਸ਼ਾਵਾਂ।

ਦਿਲਚਸਪ ਸੱਚ ਇਹ ਹੈ ਕਿ ਕੋਈ ਵੀ ਪਰਿਭਾਸ਼ਾ ਇਕ ਦੂਜੇ ਨਾਲ ਮੇਲ ਨਹੀਂ ਖਾਂਦੀ। ਪਰ ਇਕ ਸਾਂਝੇ ਤੱਥ ਉੱਤੇ ਸਾਰਿਆਂ ਦੀ ਸਹਿਮਤੀ ਹੈ ਕਿ ਕੌਮ ਜਾਂ ਕੌਮਵਾਦ ਦਾ ਰਾਜ ਨਾਲ ਕੋਈ ਰਿਸ਼ਤਾ ਹੈ।

ਹਥਲੀ ਪੁਸਤਕ (ਕੌਮਵਾਦ: ਸਿਧਾਂਤਕ ਜਾਣ-ਪਛਾਣ) ਜਿਸ ਦਾ ਹੁਣ ਅਸੀਂ ਰਿਵਿਊ ਕਰ ਰਹੇ ਹਾਂ, ਦੇ ਲੇਖਕ ਜਸਵੀਰ ਸਿੰਘ ਦਾ ਮੰਨਣਾ ਹੈ ਕਿ 'ਕੌਮਵਾਦ ਰਾਜ ਦੀ ਪ੍ਰਾਪਤੀ ਨਾਲ ਜੁੜਿਆ ਹੋਇਆ ਹੈ ਅਤੇ ਠੰਢੀ ਜੰਗ ਦੇ ਖਾਤਮੇ ਪਿੱਛੋਂ



**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਕੌਮਵਾਦ ਤਾਕਤਵਰ ਰੂਪ ਅਖਤਿਆਰ ਕਰ ਗਿਆ ਹੈ'। ਡੈਨਮਾਰਕ ਸਥਿਤ ਇਸ ਉੱਘੇ ਵਿਦਵਾਨ ਨੇ ਆਪਣੀ ਪੁਸਤਕ ਵਿਚ ਉਨ੍ਹਾਂ ਪ੍ਰਸਿੱਧ ਵਿਦਵਾਨਾਂ ਨਾਲ ਸਾਡੀ ਜਾਣ ਪਹਿਚਾਣ ਕਰਵਾਈ ਹੈ ਜਿਨ੍ਹਾਂ ਨੇ ਕੌਮਵਾਦ ਅਤੇ ਕੌਮ ਦੇ ਪਿੜ ਵਿਚ ਗੰਭੀਰ ਅਤੇ ਬਹੁਪੱਖੀ ਵਿਚਾਰ ਸਾਡੇ ਸਾਹਮਣੇ ਲਿਆਂਦੇ ਹਨ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਵਿਦਵਾਨ ਨੇ ਪੰਜਾਬੀ ਵਿਚ ਸਾਨੂੰ ਇਕ ਅਜਿਹੇ ਵਿਸ਼ੇ ਦੀ ਅਹਿਮੀਅਤ ਬਾਰੇ ਲੰਮੀ ਨੀਂਦ ਤੋਂ ਜਗਾਇਆ ਹੈ, ਜਿਸ ਬਾਰੇ ਸਾਡੀ ਸਮਝ ਤੇ ਸਾਡਾ ਗਿਆਨ ਜਾਂ ਤਾਂ ਸਤਈ ਕਿਸਮ ਦਾ ਹੈ, ਜਾਂ ਜਜ਼ਬਾਤੀ, ਜਾਂ ਧੁੰਦਲਾ ਅਤੇ ਜਾਂ ਫਿਰ ਅਸੀਂ ਇਸ ਮਹੱਤਵਪੂਰਨ ਵਿਸ਼ੇ ਦੇ ਵਿਚਾਰਧਾਰਕ ਪਹਿਲੂ ਨੂੰ ਅਣਗੌਲਿਆਂ ਕਰ ਛੱਡਿਆ ਹੈ। ਲੇਖਕ ਨੇ ਇਕ ਵਿਸ਼ੇਸ਼ ਮੁਲਾਕਾਤ ਵਿਚ ਇਹ ਗਿਲ਼ਾ ਵੀ ਪ੍ਰਗਟ ਕੀਤਾ ਕਿ ਸਿੱਖ ਕੌਮ ਨੇ ਇਸ ਮਹੱਤਵਪੂਰਨ ਵਿਸ਼ੇ ਨੂੰ ਅਜੇ ਤੱਕ ਆਪਣੇ ਅੰਦਰ ਰਚਾਇਆ ਹੀ ਨਹੀਂ।

ਇਸ ਕਿਤਾਬ ਦੇ ਆਉਣ ਨਾਲ ਇਕ ਤਾਂ ਰਾਜਨੀਤਿਕ ਵਿਗਿਆਨ, ਸਮਾਜ ਵਿਗਿਆਨ, ਧਰਮ, ਕਲਚਰ, ਇਤਿਹਾਸ ਅਤੇ ਹੋਰ ਸਮਾਜ ਵਿਗਿਆਨਾਂ ਨਾਲ ਜੁੜੇ ਪੰਜਾਬੀ ਦਾਨਿਸ਼ਵਰਾਂ ਵਿਚ ਇਸ ਵਿਸ਼ੇ ਬਾਰੇ ਜਗਿਆਸਾ ਅਤੇ ਦਿਲਚਸਪੀ ਦੀ ਸੱਜਰੀ ਪ੍ਰਭਾਤ ਚੜ੍ਹੇਗੀ ਅਤੇ ਦੂਜਾ, ਵਿਸ਼ੇਸ਼ ਕਰਕੇ ਸਿੱਖ ਕੌਮ ਨੇਸ਼ਨ-ਸਟੇਟ ਅਤੇ ਕੌਮਵਾਦ ਬਾਰੇ ਆਪਣੀ ਸਮਝ ਨੂੰ ਅੰਤਰਰਾਸ਼ਟਰੀ ਪ੍ਰਸੰਗ ਵਿਚ ਚੱਲ ਰਹੀਆਂ ਵੱਡੀਆਂ ਬਹਿਸਾਂ ਨਾਲ ਜੋੜ ਕੇ ਵੇਖ, ਪਰਖ ਸਕੇਗੀ। ਇਹ ਵਿਸ਼ਾ ਤੇ ਇਹ ਕਿਤਾਬ ਸਿਰਫ ਵਿਦਵਾਨਾਂ ਤੱਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ ਸਗੋਂ ਰੁਲ ਖੁਲ ਹੋਈ ਅਤੇ ਖਿੰਡੀ ਹੋਈ ਕੌਮ ਦੇ ਜਾਗਦੇ ਉਹ ਤਮਾਮ ਗੰਭੀਰ ਵਿਦਿਆਰਥੀ, ਅਧਿਆਪਕ, ਸਿਆਸਤਦਾਨ, ਪੱਤਰਕਾਰ, ਮੁਲਾਜ਼ਮ, ਕਥਾਕਾਰ, ਢਾਡੀ, ਰਾਗੀ, ਲੇਖਕ, ਕਲਾਕਾਰ ਅਤੇ ਹੋਰ ਵਰਗਾਂ ਨਾਲ ਜੁੜੇ ਬੁੱਧੀਜੀਵੀ ਪੜ੍ਹਨਗੇ ਜੋ ਸਿੱਖ ਤਰਜ਼ੇ-ਜੀਵਨ ਨੂੰ ਨਵਾਂ ਮੋੜ ਦੇਣਾ ਚਾਹੁੰਦੇ ਹਨ। ਇਸ ਅਹਿਮ ਵਿਸ਼ੇ ਬਾਰੇ ਸਾਡੇ ਵਿਦਵਾਨਾਂ ਵੱਲੋਂ ਲੰਮੇ ਅਰਸੇ ਤੋਂ ਧਾਰੀ ਚੁੱਪ ਨੂੰ ਵੀ ਤੋੜਨ ਵਿਚ ਕਿਤਾਬ ਰੋਲ ਅਦਾ ਕਰੇਗੀ। 202 ਪੰਨਿਆਂ ਵਿਚ ਫੈਲੀ ਇਸ ਪੁਸਤਕ ਵਿਚ ਕੌਮਵਾਦ ਨਾਲ ਜੁੜੇ ਛੇ ਕਾਂਡ ਸ਼ਾਮਿਲ ਹਨ ਅਤੇ 'ਸਿੱਖ ਐਜੂਕੇਸ਼ਨ ਕੌਂਸਲ ਯੂ ਕੇ' ਵੱਲੋਂ ਛਾਪੀ ਇਸ ਕਿਤਾਬ ਦੀ ਭੂਮਿਕਾ ਡਾਕਟਰ ਪਰਗਟ ਸਿੰਘ ਹੁਰਾਂ ਲਿਖੀ ਹੈ ਜੋ ਲੰਡਨ ਮੈਟਰੋਪੋਲੀਟਨ ਕੌਂਸਲ ਤੋ ਸੇਵਾ ਮੁਕਤ ਹੋਏ ਹਨ।


ਖਾਲਿਸਤਾਨ ਅਤੇ ਖਾਲਿਸਤਾਨੀ ਜਥੇਬੰਦੀਆਂ ਨਾਲ ਜੁੜੇ ਸਰਗਰਮ ਕਾਰਕੁਨਾਂ ਲਈ ਤਾਂ ਇਹ ਕਿਤਾਬ ਹੋਰ ਵੀ ਜ਼ਰੂਰੀ ਹੈ ਕਿਉਂਕਿ ਇਸ ਨਾਲ ਜਿੱਥੇ ਉਨ੍ਹਾਂ ਦੀ ਅੰਤਰਰਾਸ਼ਟਰੀ ਸਮਝ ਵਿਚ ਨਵੇਂ ਤੱਤ, ਨਵੇਂ ਤੱਥ ਅਤੇ ਨਵੀਂ ਜਾਣਕਾਰੀ ਸ਼ਾਮਿਲ ਹੋਏਗੀ, ਉਥੇ ਉਹ ਚਲੰਤ ਮਾਮਲਿਆਂ ਦੇ ਸੰਘਰਸ਼ ਦੀ ਅਹਿਮੀਅਤ ਨੂੰ ਇਸ ਅਣਗੌਲੇ ਅਤੇ ਬਹੁਤ ਹੀ ਮਹੱਤਵਪੂਰਨ ਵਿਸ਼ੇ ਨਾਲ ਜੋੜ ਕੇ ਜ਼ਿੰਦਗੀ ਦੇ ਮੈਦਾਨ ਵਿਚ ਅੱਗੇ ਵਧਣਗੇ ਅਤੇ ਸੰਘਰਸ਼ ਦੇ ਅਗਲੇ ਪੈਂਡਿਆਂ ਵਿਚ ਅਤੇ ਰਣਨੀਤੀਆਂ ਵਿਚ ਨਵੀਂ ਧੜਕਨ, ਨਵਾਂ ਜੋਸ਼ ਸ਼ਾਮਿਲ ਕਰਨਗੇ। ਇਸ ਨਾਲ ਉਨ੍ਹਾਂ ਦੀ ਰਾਜਨੀਤਕ ਦਿਸ਼ਾ ਅਤੇ ਤਰਜ਼-ਜ਼ਿੰਦਗੀ ਦਾ ਪੱਧਰ ਹੋਰਨਾਂ ਰਾਜਨੀਤਕ ਪਾਰਟੀਆਂ ਨਾਲੋਂ ਵੱਖਰਾ, ਨਿਵੇਕਲਾ ਅਤੇ ਉੱਚੀ ਪੱਧਰ ਦਾ ਵੀ ਹੋਵੇਗਾ। ਇਸ ਤੋਂ ਇਲਾਵਾ ਇਨ੍ਹਾਂ ਪਾਰਟੀਆਂ ਦੀ ਲੀਡਰਸ਼ਿਪ ਵਿਚ ਸਿੱਖ ਕੌਮ ਨਾਲ ਜੁੜੇ ਅੰਤਰਰਾਸ਼ਟਰੀ ਮਾਮਲਿਆਂ ਬਾਰੇ ਆਈ ਰਾਜਨੀਤਕ ਤੇ ਸਿਧਾਂਤਕ ਖੜੋਤ ਵਿਚ ਆਈਆਂ ਕਮੀਆਂ ਤੇ ਕਮਜ਼ੋਰੀਆਂ ਦਾ ਵੀ ਗਿਆਨ ਹੋਵੇਗਾ।

ਕੀ ਕੌਮ ਜਾਂ ਕੌਮਵਾਦ ਕੋਈ ਬਹੁਤ ਹੀ ਡੂੰਘਾ ਅਤੇ ਅਨੋਖੀ ਕਿਸਮ ਦਾ ਜਜ਼ਬਾ ਹੈ? ਕੀ ਇਹ ਕੋਈ ਵਿਚਾਰਧਾਰਾ ਹੈ? ਜਾਂ ਇਹ ਕੋਈ ਲਹਿਰ ਜਾਂ ਅੰਦੋਲਨ ਹੈ? ਜਾਂ ਇਹ ਕੋਈ ਇੰਨੀ ਵੱਡੀ ਸ਼ਕਤੀ ਹੈ ਜੋ ਧਰਮ ਤੋਂ ਵੀ ਉੱਪਰ ਸਥਾਨ ਲੈ ਚੁੱਕੀ ਹੈ? ਜਾਂ ਫਰਾਂਸੀਸੀ ਵਿਦਵਾਨ ਅਰਨਸਟ ਰੈਨਨ (1823-1892) ਮੁਤਾਬਕ ਕੀ ਕੌਮ ਇਕ ਰੂਹ ਹੈ, ਇਕ ਰੂਹਾਨੀ ਸਿਧਾਂਤ ਹੈ ਜਿਸ ਵਿਚ ਸਾਡੇ ਅਤੀਤ ਤੇ ਵਰਤਮਾਨ ਮਿਲਦੇ ਹਨ? ਜਾਂ ਜਾਹਨ ਆਰਮਸਟਰਾਂਗ ਅਨੁਸਾਰ ਤੀਬਰ ਜਜ਼ਬਿਆਂ ਦੀ ਸਾਂਝ ਵਿਚ ਤਾਣੇ ਪੇਟੇ ਵਾਂਗ ਓਤ ਪੋਤ ਕਿਸੇ ਗਰੁੱਪ ਨੂੰ ਹੀ ਅਸੀਂ ਕੌਮ ਕਹਿ ਸਕਦੇ ਹਾਂ? ਜਾਂ ਕੀ ਕੌਮਵਾਦ ਨੇ ਹੀ ਕੌਮ ਨੂੰ ਇਜਾਦ ਕੀਤਾ ਹੈ? ਕੀ ਇਹ ਕੋਈ ਘਟਨਾ ਹੈ? ਕੌਮ ਕਦੋਂ ਅਤੇ ਕਿਵੇਂ ਹੋਂਦ ਵਿਚ ਆਈ? ਕੀ ਇਹ ਵੱਖਰੇ ਵੱਖਰੇ ਰੂਪ ਵਿਚ ਹਰ ਦੌਰ ਵਿਚ ਮੌਜੂਦ ਸੀ?

ਐਂਥਨੀ ਸਮਿਥ (1939-2016) ਇਤਿਹਾਸਕ ਸਮਾਜ ਵਿਗਿਆਨੀ ਹਨ ਪਰ ਕੌਮਵਾਦ ਅਤੇ ਕੌਮ ਬਾਰੇ ਅਤੇ ਵਿਸ਼ੇਸ਼ ਕਰਕੇ ਐਥਨੀਸਿਟੀ ਦੇ ਵਰਤਾਰੇ ਬਾਰੇ ਉਨ੍ਹਾਂ ਦੀ ਸਮਝ ਅਤੀ ਬਰੀਕ ਅਤੇ ਬਹੁ-ਪੱਖੀ ਹੈ। ਇਸ ਵਿਸ਼ੇ ਉੱਤੇ ਉਨ੍ਹਾਂ ਦੀ ਮਜ਼ਬੂਤ ਪਕੜ ਵੀ ਹੈ। ਦਿਲਚਸਪ ਗੱਲ ਇਹ ਹੈ ਕਿ ਸਮਿਥ ਨੇ ਸਿੱਖ ਕੌਮ ਬਾਰੇ ਵੀ ਕੁਝ ਟਿੱਪਣੀਆਂ ਕੀਤੀਆਂ ਹਨ। ਜਸਵੀਰ ਸਿੰਘ ਮੁਤਾਬਕ ਐਂਥਨੀ ਸਮਿਥ ਕੌਮਵਾਦ ਨੂੰ ਸਿਰਫ ਰਾਜਨੀਤਕ ਦੁਨੀਆ ਨਾਲ ਹੀ ਜੋੜ ਕੇ ਨਹੀਂ ਵੇਖਦੇ ਸਗੋਂ ਉਨ੍ਹਾਂ ਦਾ ਕਹਿਣਾ ਹੈ ਕਿ ਬੌਧਿਕ ਸੱਭਿਆਚਾਰਕ ਅਤੇ ਮਨੋਵਿਗਿਆਨਕ ਤੱਤ ਵੀ ਕੌਮਵਾਦ ਦੇ ਵਰਤਾਰੇ ਵਿਚ ਵੱਡਾ ਰੋਲ ਅਦਾ ਕਰਦੇ ਹਨ। ਕੌਮਵਾਦ ਬਾਰੇ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਇਹ ਵਿਸ਼ਾ ਕਈ ਹੋਰ ਵਿਸ਼ਿਆਂ ਨਾਲ ਵੀ ਜੁੜਿਆ ਹੋਇਆ ਹੈ ਅਰਥਾਤ ਇੰਟਰ ਡਿਸਪਲਨਰੀ ਹੈ। ਕੌਮ ਬਾਰੇ ਸਮਿਥ ਦੀ ਹੇਠ ਲਿਖੀ ਪਰਿਭਾਸ਼ਾ ਵਿਦਵਾਨਾਂ ਦੀ ਮਹਿਫਲ ਵਿਚ ਕਾਫੀ ਮੰਨਣ ਯੋਗ ਦੱਸੀ ਜਾਂਦੀ ਹੈ 'ਕੌਮਵਾਦ ਜਾਂ ਕੌਮ ਕਿਸੇ ਵਸੋਂ ਵੱਲੋਂ ਆਪਣੀ ਵੱਖਰੀ ਪਹਿਚਾਣ, ਏਕਤਾ ਅਤੇ ਖੁਦਮੁਖਤਾਰੀ ਹਾਸਲ ਕਰਨ ਦੀ ਇੱਛਾ ਅਤੇ ਉਸ ਏਕਤਾ ਨੂੰ ਸੰਭਾਲ ਕੇ ਰੱਖਣ ਵਾਲੀ ਵਿਚਾਰਧਾਰਕ ਲਹਿਰ ਹੈ ਜਿਸ ਵਿਚ ਲਹਿਰ ਨਾਲ ਜੁੜੇ ਕੁਝ ਮੈਂਬਰਾਂ ਦੇ ਅੰਦਰ ਕੌਮ ਦੇ ਮਜ਼ਬੂਤ ਤੱਤਾਂ ਦੀਆਂ ਸੰਭਾਵਨਾਵਾਂ ਪਈਆਂ ਹੁੰਦੀਆਂ ਹਨ'।

ਜਸਵੀਰ ਸਿੰਘ ਦੀ ਲਿਖਤ ਵਿਚ ਵੱਡੀ ਖਾਸੀਅਤ ਇਹ ਹੈ ਕਿ ਉਨ੍ਹਾਂ ਨੇ ਬਿਨਾਂ ਕਿਸੇ ਪੱਖਪਾਤ ਤੋਂ ਕੌਮਵਾਦ ਬਾਰੇ ਹਰੇਕ ਵਿਦਵਾਨ ਦਾ ਨਜ਼ਰੀਆ 'ਉਸ ਵਿਦਵਾਨ ਦੇ ਨਜ਼ਰੀਏ' ਮੁਤਾਬਕ ਹੀ ਪੇਸ਼ ਕੀਤਾ ਹੈ। ਪਰ ਨਾਲ ਹੀ ਕਿਤੇ ਕਿਤੇ ਉਸ ਨਜ਼ਰੀਏ ਦੀ ਆਲੋਚਨਾ ਜਾਂ ਪ੍ਰਸ਼ੰਸਾ ਨੂੰ ਵੀ ਬਣਦੀ ਥਾਂ ਦਿੱਤੀ ਹੈ। ਲੇਖਕ ਨੇ ਪਹਿਲੇ ਕਾਂਡ ਵਿਚ ਹੀ ਕੌਮਵਾਦ ਦਾ ਸਿਧਾਂਤਕ ਵਿਸ਼ਲੇਸ਼ਣ ਕੀਤਾ ਹੈ। ਅਸਲ ਵਿਚ ਇਹ ਕਾਂਡ ਬਾਕੀ ਸਾਰੇ ਕਾਂਡਾਂ ਦਾ ਇਕ ਤਰ੍ਹਾਂ ਨਾਲ ਸਾਰ ਹੈ ਅਤੇ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ।

ਇਸ ਕਾਂਡ ਵਿਚ ਗੈਲਨਰ, ਵਾਕਰ ਕੋਨਰ, ਐਂਥਨੀ ਸਮਿਥ, ਐਂਡਰਸਨ, ਮਾਈਕਲ ਹੈਕਰ ਵਰਗੇ ਵਿਦਵਾਨ ਕੌਮਵਾਦ ਬਾਰੇ ਆਪੋ ਆਪਣੀ ਪੋਜ਼ੀਸ਼ਨ ਸਪਸ਼ਟ ਕਰਦੇ ਹਨ। ਇਸੇ ਕਾਂਡ ਵਿਚ ਮਾਰਕਸਵਾਦੀ ਵਿਚਾਰਧਾਰਾ ਦਾ ਵੀ ਸੰਖੇਪ ਜ਼ਿਕਰ ਹੈ ਪਰ 'ਮਾਰਕਸਵਾਦ ਅਤੇ ਕੌਮਵਾਦ' ਦੇ ਕਾਂਡ ਵਿਚ ਸਾਨੂੰ ਪਤਾ ਲੱਗਦਾ ਹੈ ਕਿ ਮਾਰਕਸਵਾਦ ਇਸ ਅਹਿਮ ਵਿਸ਼ੇ ਨਾਲ ਕਿਵੇਂ ਨਜਿੱਠਦਾ ਹੈ ਅਤੇ ਕਿੱਥੇ ਕਿੱਥੇ ਉਹ ਪੂਰੀ ਤਰ੍ਹਾਂ ਅਸਫਲ ਹੈ। ਪੁਸਤਕ ਦੇ 52 ਪੰਨੇ ਇਸੇ ਕਾਂਡ ਲਈ ਹੀ ਵਰਤੇ ਗਏ ਹਨ। ਲੇਖਕ ਮੁਤਾਬਕ ਲੈਨਿਨ, ਸਟਾਲਿਨ, ਬਰੈਜ਼ਨੇਵ, ਖੁਰਸ਼ਚੇਵ ਅਤੇ ਗੋਰਬਾਚੋਵ ਕੌਮੀ




ਮਸਲਿਆਂ ਦੇ ਹੱਲ ਸਬੰਧੀ ਸਿਧਾਂਤਕ ਤੌਰ ਤੇ 'ਪਰੋਲਤਾਰੀ ਕੌਮਾਂਤਰੀਵਾਦ' ਦੀ ਨੀਤੀ ਦੇ ਹੀ ਸਮਰਥਕ ਸਨ। ਪਰ ਅਮਲੀ ਤੌਰ ਉੱਤੇ ਇਨ੍ਹਾਂ ਵੱਲੋਂ ਕੌਮੀ ਵਖਰੇਵਿਆਂ ਨਾਲ ਨਜਿੱਠਣ ਦੇ ਪੈਂਤੜਿਆਂ ਵਿਚ ਫਰਕ ਸੀ।

ਕੌਮ ਤੇ ਕੌਮਵਾਦ ਬਾਰੇ ਮਾਰਕਸਵਾਦੀ ਪਹੁੰਚ ਅਤੇ ਅਮਲ ਦਾ ਇਤਿਹਾਸ ਅਸਲ ਵਿਚ ਵਿਰੋਧਤਾਈਆਂ ਦਾ ਇਕ ਦਿਲਚਸਪ ਮੇਲਾ ਹੈ। ਮਾਰਕਸਵਾਦੀ ਦਰ ਅਸਲ ਕੌਮ ਦੀ ਵਿਸ਼ਾਲ ਤਾਕਤ ਅਤੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਸਮਝ ਹੀ ਨਹੀਂ ਸਕੇ। ਉਹ ਕੌਮ ਬਾਰੇ ਘੜੀ ਦੇ ਪੈਂਡੂਲਮ ਵਾਂਗ ਕਦੀ ਇਧਰ ਤੇ ਕਦੇ ਉਧਰ ਜਾਂਦੇ ਰਹੇ ਅਤੇ ਇਸ ਦਾ ਅਸਰ ਪੂਰਬੀ ਯੂਰਪ ਦੇ ਦੇਸ਼ਾਂ ਚੈਕੋ ਸਲਵਾਕੀਆ, ਯੂਗੋਸਲਾਵੀਆ, ਅਲਬਾਨੀਆ, ਰੁਮਾਨੀਆ, ਪੋਲੈਂਡ, ਬਲਗਾਰੀਆ ਅਤੇ ਹੰਗਰੀ ਆਦਿ ਮੁਲਕਾਂ ਉੱਤੇ ਵੀ ਪਿਆ। ਪੂਰਬੀ ਯੂਰਪ ਦੇ ਦੇਸ਼ਾਂ ਵਿਚ ਸਮਾਜਵਾਦੀ ਢਾਂਚੇ ਢਹਿ-ਢੇਰੀ ਹੋ ਗਏ ਅਤੇ ਵੱਖ ਵੱਖ ਕੌਮੀਅਤਾਂ ਵਿਚਕਾਰ ਹੋਈਆਂ ਜੰਗਾਂ ਕਾਰਨ ਲੱਖਾਂ ਲੋਕ ਮਾਰੇ ਗਏ। ਪਰੋਲਤਾਰੀ ਕੌਮਾਂਤਰੀਵਾਦ ਦੀ ਤਾਨਾਸ਼ਾਹੀ ਨੂੰ ਕਿਵੇਂ ਅਮਲ ਵਿਚ ਲਿਆਉਣਾ ਹੈ, ਕਿਵੇਂ ਇਕ 'ਕੌਮਾਂਤਰੀ ਬੋਲੀ' ਪੈਦਾ ਕਰਨੀ ਹੈ ਅਤੇ ਇਸ ਮੰਜ਼ਲ ਨੂੰ ਹਾਸਲ ਕਰਨ ਲਈ ਦੱਬੀਆਂ ਕੁਚਲੀਆਂ ਕੌਮਾਂ ਅਤੇ ਉਨ੍ਹਾਂ ਦੀਆਂ ਬੋਲੀਆਂ ਨੂੰ ਕਿਵੇਂ ਪੜਾਅਵਾਰ ਅਤੇ ਹੌਲੀ ਹੌਲੀ ਦੀ ਰਣਨੀਤੀ ਉੱਤੇ ਚੱਲ ਕੇ ਖਤਮ ਕਰਨਾ ਹੈ, ਇਸ ਬਾਰੇ ਪੰਨਾ 168 ਉੱਤੇ ਸਟਾਲਿਨ ਦਾ ਏਜੰਡਾ ਪੜ੍ਹਨ ਹੀ ਵਾਲਾ ਹੈ ਅਤੇ ਜਸਵੀਰ ਸਿੰਘ ਦਸਦਾ ਹੈ ਕਿ ਆਖਰ ਨੂੰ ਇਹ ਏਜੰਡਾ ਬੁਰੀ ਤਰ੍ਹਾਂ ਅਸਫਲ ਹੋਇਆ ਅਤੇ ਖੁਦ ਸੋਵੀਅਤ ਯੂਨੀਅਨ ਹੀ 1991 ਵਿਚ ਢਹਿ-ਢੇਰੀ ਹੋ ਗਿਆ। ਲੇਖਕ ਇਸ ਸਬੰਧ ਵਿਚ ਪ੍ਰਸਿੱਧ ਰਾਜਨੀਤਕ ਵਿਦਵਾਨ ਐਰਕ ਹਾਬਸਬਾਅਦ ਦਾ ਹਵਾਲਾ ਦੇ ਕੇ ਉਸ ਦੇ ਵਿਸ਼ਲੇਸ਼ਣ ਨੂੰ ਮਹੱਤਵਪੂਰਨ ਕਰਾਰ ਦਿੰਦਾ ਹੈ।

ਕਿਤਾਬ ਦਾ ਦੂਜਾ ਕਾਂਡ ਰਾਜ (ਸਟੇਟ) ਨਾਲ ਜੁੜਿਆ ਹੋਇਆ ਹੈ। ਲੇਖਕ ਨੂੰ ਇਸ ਗੱਲ ਉੱਤੇ ਇਤਰਾਜ਼ ਹੈ ਕਿ ਜਦੋਂ ਕੌਮਵਾਦ, ਕੌਮ, ਕੌਮੀ ਰਾਜ ਅਤੇ ਰਾਜ ਵਰਗੀਆਂ ਧਾਰਨਾਵਾਂ ਦੀ 'ਬੇਢੰਗੇ ਬੇ ਅਸੂਲੇ ਅਤੇ ਅਸਪਸ਼ਟ' ਤਰੀਕੇ ਨਾਲ ਵਿਆਖਿਆ ਕੀਤੀ ਜਾਂਦੀ ਹੈ।

ਸਿਆਸਤਦਾਨ ਅਤੇ ਕੱਚ-ਘਰੜ ਵਿਦਵਾਨ ਵੀ ਇਸ ਫਰਕ ਨੂੰ ਨਹੀਂ ਸਮਝਦੇ। ਜਸਵੀਰ ਸਿੰਘ ਦੀ ਧਾਰਨਾ ਹੈ ਕਿ ਰਾਜ ਅਤੇ ਕੌਮ ਵਿਚ ਢੇਰ ਸਾਰਾ ਫਰਕ ਹੁੰਦਾ ਹੈ ਅਤੇ ਰਾਜ ਦਾ ਅਸਲ ਵਿਚ ਮੁੱਢ ਤੇ ਵਿਕਾਸ ਯੂਰਪ ਵਿਚ ਹੀ ਹੋਇਆ। ਲੇਖਕ ਇਸ ਵਿਕਾਸ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਪਹਿਲਾ ਹਿੱਸਾ 500 ਬੀਸੀ ਤੋਂ ਸ਼ੁਰੂ ਕਰਕੇ 1500 ਈਸਵੀ ਤੱਕ ਲੈ ਕੇ ਜਾਂਦਾ ਹੈ, ਜਦਕਿ ਦੂਜਾ ਹਿੱਸਾ 1600 ਈਸਵੀ ਤੋਂ ਸ਼ੁਰੂ ਹੋ ਕੇ 1900 ਈਸਵੀ ਤੱਕ ਜਾਂਦਾ ਹੈ। ਇਥੇ ਪਾਠਕਾਂ ਦੇ ਸਹੂਲਤ ਲਈ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਸੀਂ ਕੌਮ ਦੀ ਥਾਂ ਰਾਸ਼ਟਰ ਕੌਮਵਾਦ ਦੀ ਥਾਂ ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੀ ਥਾਂ ਰਾਸ਼ਟਰ-ਰਾਜ ਦਾ ਸ਼ਬਦ ਵੀ ਵਰਤ ਸਕਦੇ ਹਾਂ।

ਜਸਵੀਰ ਸਿੰਘ ਇਕ ਹੋਰ ਤੱਥ ਨੂੰ ਵੀ ਸਾਡੇ ਮਨਾਂ ਵਿਚ ਬਿਠਾਉਣਾ ਚਾਹੁੰਦੇ ਹਨ ਕਿ 1900 ਈਸਵੀ ਤੋਂ ਪਹਿਲਾਂ ਇਤਿਹਾਸ ਦੇ ਹਰੇਕ ਪੜਾਅ ਵਿਚ ਬਹੁਤੇ ਰਾਜ ਨਾ ਤਾਂ ਕੌਮੀ ਸਨ ਅਤੇ ਨਾ ਹੀ ਧਾਰਮਿਕ ਇਕਰੂਪਤਾ ਉੱਤੇ ਆਧਾਰਤ ਸਨ, ਬਲਕਿ ਬਹੁ-ਕੌਮੀ ਰੂਪ ਦੇ ਸਨ। ਇਉਂ ਸਮਝੋ ਕਿ ਇਹ ਸਾਰਾ ਦੌਰ ਇਕ ਤਰ੍ਹਾਂ ਨਾਲ ਖੇਤੀ ਆਧਾਰਤ ਸੱਭਿਆਤਾ ਸੀ। ਇਨ੍ਹਾਂ ਸਾਰੇ ਦੌਰਾਂ ਨੂੰ ਸਾਮਰਾਜ ਜਾਂ ਐਮਪਾਇਰ ਦੇ ਨਾਂ ਨਾਲ ਵੀ ਯਾਦ ਕੀਤਾ ਜਾ ਸਕਦਾ ਹੈ।

ਪਰ 1648 ਈਸਵੀ ਵਿਚ ਯੂਰਪ ਨੇ ਇਕ ਨਵਾਂ ਮੋੜ ਕੱਟਿਆ ਅਤੇ ਮਗਰੋਂ ਬਾਕੀ ਸਾਰੇ ਖਿੱਤੇ ਵੀ ਹੌਲੀ ਹੌਲੀ ਇਸੇ ਮੋੜ ਵੱਲ ਢਲ ਗਏ ਜਾਂ ਢਾਲ ਦਿੱਤੇ ਗਏ। ਦੂਜੇ ਸ਼ਬਦਾਂ ਵਿਚ 1648 ਈਸਵੀ ਵਿਚ ਇਕ ਅਜਿਹੀ ਸੰਧੀ ਹੋਂਦ ਵਿਚ ਆਈ ਜਿਸ ਨੂੰ ਅਸੀਂ 'ਵੈਸਟਫੇਲੀਅਨ ਸੰਧੀ' ਕਹਿੰਦੇ ਹਾਂ। ਯੂਰਪ ਦੇ ਧਰਤੀ 'ਤੇ 30 ਸਾਲ ਦੇ ਭਿਆਨਕ ਖੂਨ ਖਰਾਬੇ ਤੋਂ ਪਿੱਛੋਂ ਇਹ ਸੰਧੀ ਹੋਂਦ ਵਿਚ ਆਈ ਤਾਂ ਇਉਂ ਸਮਝੋ ਕਿ ਮੋਟੇ ਤੌਰ 'ਤੇ ਹੁਣ ਦੁਨੀਆਂ 'ਮੁਲਕਾਂ' ਵਿਚ ਵੰਡੀ ਗਈ ਜਿਸ ਨੂੰ ਮਗਰੋਂ ਨੇਸ਼ਨ-ਸਟੇਟ ਜਾਂ ਕੌਮੀ ਰਾਜ ਕਿਹਾ ਜਾਣ ਲੱਗਾ। ਅੱਜ ਦੁਨੀਆ ਵਿਚ ਕਰੀਬ 193 ਨੇਸ਼ਨ ਸਟੇਟ ਹਨ। ਫਰਾਂਸ ਦੇ ਇਨਕਲਾਬ (1789 ਈਸਵੀ) ਅਤੇ ਅਮਰੀਕਾ ਦੇ ਇਨਕਲਾਬ ਮਗਰੋਂ ਨੇਸ਼ਨ-ਸਟੇਟ ਦੀ ਨੁਹਾਰ' ਮੁਹਾਂਦਰਾ, ਰੂਪ ਰੇਖਾ ਅਤੇ ਵਿਚਾਰ ਹੋਰ ਵੀ ਨਿਖਰ ਕੇ ਸਾਡੇ ਸਾਹਮਣੇ ਆਏ। ਇੱਥੇ ਇਹ ਵੀ ਯਾਦ ਕਰਾਉਣ ਅਤੇ ਹੋਰ ਸਪਸ਼ਟ ਹੋਣ ਦੀ ਲੋੜ ਹੈ ਕਿ ਵੈਸਟਫੇਲੀਆ ਜਰਮਨੀ ਦਾ ਇਕ ਸੂਬਾ ਸੀ। ਇਥੇ ਹੀ ਇਹ ਸੰਧੀ ਹੋਈ ਜਿਸ ਨਾਲ ਪ੍ਰਭੂਸੱਤਾ ਦਾ ਸਿਧਾਂਤ ਹੋਂਦ ਵਿਚ ਆਇਆ। ਕੌਮਾਂਤਰੀ ਪ੍ਰਣਾਲੀ ਹੋਂਦ ਵਿਚ ਆਈ ਅਤੇ ਕੌਮਾਂਤਰੀ ਭਾਈਚਾਰੇ ਦਾ ਆਰੰਭ ਹੋਇਆ। ਕੌਮਾਂਤਰੀ ਕਾਨੂੰਨਾਂ ਨੇ ਜਨਮ ਧਾਰਿਆ ਅਤੇ ਨੇਸ਼ਨ-ਸਟੇਟ ਵਜੂਦ ਵਿਚ ਆਏ ਅਤੇ ਇਨ੍ਹਾਂ ਮੁਲਕਾਂ ਦੀਆਂ ਬਾਕਾਇਦਾ ਹੱਦਾਂ ਨਿਸ਼ਚਿਤ ਹੋਈਆਂ। ਅਸੀਂ ਹੁਣ ਜਿੱਥੇ ਰਹਿ ਰਹੇ ਹਾਂ ਇਸ ਨੂੰ ਰਾਜਨੀਤਕ ਮੁਹਾਵਰੇ ਮੁਤਾਬਕ ਭਾਰਤੀ ਨੇਸ਼ਨ-ਸਟੇਟ ਕਿਹਾ ਜਾਂਦਾ ਹੈ।

ਜਦੋਂ ਅਸੀਂ ਕੌਮਵਾਦ ਜਾਂ ਰਾਸ਼ਟਰਵਾਦ ਦੀਆਂ ਵੱਖ ਵੱਖ ਵੰਨਗੀਆਂ ਦੀ ਗੱਲ ਕਰਦੇ ਹਾਂ ਤਾਂ ਇਸ ਦੀਆਂ ਦਰਜਨਾਂ ਕਿਸਮਾਂ ਹਨ, ਪਰ ਜਸਵੀਰ ਸਿੰਘ ਨੇ ਮੋਟੇ ਤੌਰ 'ਤੇ ਕੌਮਵਾਦ ਦੇ ਤਿੰਨ ਰੂਪ ਦੱਸੇ ਹਨ। ਇਕ ਸਰਕਾਰੀ ਕੌਮਵਾਦ (state nationalism) ਦੂਜਾ ਸਮਾਜਕ ਕੌਮਵਾਦ (civic nationalism) ਅਤੇ ਤੀਜਾ ਕੌਮੀ ਕੌਮਵਾਦ (ethnic nationalism) ਲੇਖਕ ਸਰਕਾਰੀ ਕੌਮਵਾਦ ਨੂੰ ਲੈ ਕੇ ਭਾਰਤ ਦੀ ਮਿਸਾਲ ਦਿੰਦਾ ਹੈ ਜਿੱਥੇ ਭਾਰਤ ਦੀਆਂ ਸਰਕਾਰਾਂ ਭਾਰਤ ਵਿਚ ਵਸਣ ਵਾਲੀਆਂ ਸਾਰੀਆਂ ਧਾਰਮਿਕ ਅਤੇ ਸੱਭਿਆਚਾਰਕ ਕੌਮਾਂ ਦੀਆਂ ਵੱਖਰੀਆਂ ਵੱਖਰੀਆਂ ਪਛਾਣਾਂ ਨੂੰ ਇਕੋ ਭਾਰਤੀ ਕੌਮੀਅਤ ਵਿਚ ਢਾਲਣ ਦੀ ਨੀਤੀ ਉੱਤੇ ਚਲਦੀਆਂ ਹਨ। ਦੂਜੇ ਪਾਸੇ ਲੇਖਕ ਮੁਤਾਬਕ ਇਥੋਂ ਦੀ ਧਾਰਮਿਕ ਬਹੁਗਿਣਤੀ ਦਾ ਕੌਮਵਾਦ ਸਮਾਜਿਕ ਕੌਮਵਾਦ ਵਾਲਾ ਹੈ ਅਰਥਾਤ ਉਹ ਮੁਸਲਮਾਨਾਂ ਅਤੇ ਸਿੱਖਾਂ ਵਗੈਰਾ ਨੂੰ ਆਪਣੇ ਹਿੰਦੂ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਵਿਚ ਜਜ਼ਬ ਕਰਨ ਲਈ ਕਿਸੇ ਵੀ ਤਰ੍ਹਾਂ ਦੀਆਂ ਸਖਤ ਰੋਕਾਂ ਨਹੀਂ ਲਾਉਂਦੀ। ਇੱਥੇ ਲੇਖਕ ਦੀ ਇਸ ਧਾਰਨਾ ਉੱਤੇ ਗੰਭੀਰ ਸਵਾਲੀਆ ਨਿਸ਼ਾਨ ਲੱਗ ਸਕਦਾ ਹੈ; ਕਿਉਂਕਿ ਸਰਕਾਰੀ ਕੌਮਵਾਦ ਅਤੇ ਹਿੰਦੂ ਰਾਸ਼ਟਰ ਦਾ ਕੌਮਵਾਦ ਦੋਵੇਂ ਥੋੜੇ ਬਹੁਤੇ ਫਰਕ ਨਾਲ ਇਕ ਦੂਜੇ ਵਿਚ ਘਿਓ ਖਿਚੜੀ ਹਨ। ਸਿੱਖਾਂ ਬਾਰੇ ਤਾਂ ਸਪਸ਼ਟ ਹੀ ਕਿਹਾ ਜਾਂਦਾ ਹੈ ਕਿ ਭਾਵੇਂ ਉਨ੍ਹਾਂ ਦੀ ਬਾਹਰੀ ਪਛਾਣ ਵੱਖਰੀ ਹੈ ਪਰ ਉਹ ਬੁਨਿਆਦੀ ਤੌਰ 'ਤੇ 'ਹਿੰਦੂ'ਹੀ ਹਨ। ਆਰਐਸਐਸ ਲਗਾਤਾਰ ਇਸੇ ਧਾਰਨਾ 'ਤੇ ਖੜ੍ਹੀ ਹੈ। ਇਥੋਂ ਤੱਕ ਕਿ ਸਿੱਖਾਂ ਨੂੰ ਆਪਣੀ ਵੱਖਰੀ ਪਛਾਣ ਰੱਖਣ ਦੀ ਓਪਰੀ ਜਿਹੀ ਖੁੱਲ੍ਹ ਭਾਵੇਂ ਹੈ ਪਰ ਜਦੋਂ ਕਿਸੇ ਨਗਰ ਕੀਰਤਨ ਜਾਂ ਇਕੱਠ ਵਿਚ ਆਪਣੀ ਵੱਖਰੀ ਹੋਂਦ ਦੇ ਨਾਅਰੇ ਲੱਗਦੇ ਹਨ ਜਾਂ ਗੱਲ ਕੀਤੀ ਜਾਂਦੀ ਹੈ ਤਾਂ ਸਹਿਜੇ ਹੀ ਉਸ ਵਰਤਾਰੇ ਨੂੰ ਵੱਖਵਾਦ, ਅੱਤਵਾਦ, ਰਾਸ਼ਟਰ ਵਿਰੋਧੀ, ਗੱਦਾਰੀ, ਅਤੇ ਦੇਸ਼ ਧ੍ਰੋਹ ਵਰਗੇ ਸ਼ਬਦਾਂ ਦੇ ਵਰਗ ਵਿਚ ਲਿਆਂਦਾ ਜਾਂਦਾ ਹੈ।

ਲੇਖਕ ਨੇ ਹਰ ਕਾਂਡ ਦੇ ਅਖੀਰ 'ਤੇ ਵਿਸ਼ੇ ਅਤੇ ਹਵਾਲਿਆਂ ਨਾਲ ਜੁੜੀਆਂ ਕਿਤਾਬਾਂ ਦੀ ਸੂਚੀ ਵੀ ਪੇਸ਼ ਕੀਤੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਇਨ੍ਹਾਂ ਕਿਤਾਬਾਂ ਨੂੰ ਨਿਠ ਕੇ ਪੜ੍ਹਿਆ ਹੈ। ਇੰਜ ਕਿਤਾਬ ਦਾ ਅਕਾਦਮਿਕ ਪੱਧਰ ਵੀ ਸਥਾਪਤ ਹੋਇਆ ਹੈ। ਕਿਤਾਬ ਦੀ ਅਗਲੀ ਐਡੀਸ਼ਨ ਵਿਚ ਹੋਰ ਵਾਧੇ ਕਰਨ ਦਾ ਸੁਝਾਅ ਹੈ। ਮੇਰਾ ਖਿਆਲ ਹੈ ਕਿ ਲੇਖਕ ਨੂੰ ਨੇਸ਼ਨ-ਸਟੇਟ ਦੇ ਗੁੰਝਲਦਾਰ ਵਰਤਾਰੇ ਬਾਰੇ ਖੁੱਲ੍ਹ ਕੇ ਸਾਹਮਣੇ ਆਉਣਾ ਚਾਹੀਦਾ ਹੈ ਅਤੇ ਇਸ ਸਬੰਧ ਵਿਚ ਸਿੱਖ ਕੌਮ ਦੀ ਨੇਸ਼ਨ-ਸਟੇਟ ਜਾਂ ਨੈਸ਼ਨਲ ਸਟੇਟ ਕਿਹੋ ਜਿਹੀ ਹੋਣੀ ਚਾਹੀਦੀ ਹੈ, ਉਸ ਬਾਰੇ ਸਰਲ ਤੋਂ ਬਰੀਕ ਅਤੇ ਬਹੁਪਰਤੀ ਜਾਣਕਾਰੀ ਗੰਭੀਰ ਪਾਠਕਾਂ ਤੱਕ ਪੁੱਜਣੀ ਚਾਹੀਦੀ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਸਿੱਖਾਂ ਦੇ ਚੇਤਨ ਵਰਗ ਦੇ ਇਕ ਹਿੱਸੇ ਵਿਚ ਨੇਸ਼ਨ-ਸਟੇਟ ਨੂੰ ਵਿੰਗੇ ਟੇਢੇ ਤਰੀਕੇ ਨਾਲ ਰੱਦ ਕੀਤਾ ਹੈ। ਕੁਝ ਲੋਕ 'ਹਾਂ ਅਤੇ ਨਾਂਹ' ਦੇ ਵਿਚ ਵੀ ਲਟਕ ਰਹੇ ਜਾਪਦੇ ਹਨ, ਜਦਕਿ ਕੁਝ ਬਿਨਾਂ ਪੜ੍ਹੇ ਤੋਂ ਜਾਂ ਘੱਟ ਪੜ੍ਹੇ ਤੋਂ ਅਤੇ ਜਾਂ ਭਾਰਤੀ ਸਟੇਟ ਦੇ ਅਸਰ ਹੇਠ ਨੇਸ਼ਨ-ਸਟੇਟ ਨੂੰ ਭੰਡ ਰਹੇ ਹਨ, ਪਰ ਇਕ ਹੋਰ ਵਿਦਵਾਨ ਭਾਈ ਅਵਤਾਰ ਸਿੰਘ (ਇੰਗਲੈਂਡ) ਨੇ ਇਕ ਖੋਜ ਪੱਤਰ 'ਰਾਸ਼ਟਰ, ਰਾਸ਼ਟਰਵਾਦ ਅਤੇ ਰਾਸ਼ਟਰੀ-ਸਟੇਟ ਨੂੰ ਸਮਝਦਿਆਂ' ਦੇ ਸਿਰਲੇਖ ਹੇਠ ਨੇਸ਼ਨ-ਸਟੇਟ ਨੂੰ ਭੰਡਣ ਦੇ ਨਤੀਜਿਆਂ ਤੋਂ ਸਾਨੂੰ ਕਿਵੇਂ ਸਾਵਧਾਨ ਕੀਤਾ ਹੈ: 'ਸਿੱਖ ਹਲਕਿਆਂ ਵਿਚ ਜੋ ਰਾਸ਼ਟਰਵਾਦ ਅਤੇ ਰਾਸ਼ਟਰੀ ਸਟੇਟ ਦੀ ਨਿੰਦਾ ਹੋ ਰਹੀ ਹੈ, ਉਹ ਕਿਸੇ ਡੂੰਘੀ ਅਕਾਦਮਿਕ ਕਸਰਤ ਵਿਚੋਂ ਨਹੀਂ ਹੋ ਰਹੀ ਬਲਕਿ ਭਾਰਤੀ ਸਟੇਟ ਦੇ ਮੌਜੂਦਾ ਸਿਆਸੀ ਪ੍ਰੋਗਰਾਮ ਮੁਤਾਬਿਕ ਭਾਰਤੀ ਸਟੇਟ ਦੀਆਂ ਘੱਟ ਗਿਣਤੀਆਂ ਬਾਰੇ ਵਿਰੋਧੀ ਨੀਤੀਆਂ ਅਤੇ ਘੱਟ ਗਿਣਤੀਆਂ ਦੇ ਸਰੀਰਕ, ਸਿਆਸੀ ਅਤੇ ਸੱਭਿਆਚਾਰਕ ਧਾਰਮਿਕ ਕਤਲੇਆਮ ਦੇ ਮੱਦੇਨਜ਼ਰ ਹੀ ਹੋ ਰਹੀ ਹੈ। ਅਸੀਂ ਸਮਝਦੇ ਹਾਂ ਕਿ ਭਾਰਤੀ ਸਟੇਟ ਦੀ ਤਾਨਾਸ਼ਾਹ ਨੀਤੀ ਨੂੰ ਦੇਖ ਕੇ ਅਤੇ ਹੰਢਾਅ ਕੇ ਇਹ ਸਿੱਟਾ ਕੱਢ ਲੈਣਾ ਕਿ ਸਮੁੱਚੇ ਰੂਪ ਵਿਚ ਹੀ ਨੇਸ਼ਨ-ਸਟੇਟ ਦਾ ਮਾਡਲ ਇਕ ਖਤਰਨਾਕ ਮਾਡਲ ਹੈ, ਇਹ ਠੀਕ ਨਹੀਂ ਹੈ। ਜਦੋਂ ਅਸੀਂ ਨੇਸ਼ਨ-ਸਟੇਟ ਨੂੰ ਮੂਲੋਂ ਹੀ ਰੱਦ ਕਰ ਦਿੰਦੇ ਹਾਂ ਤਾਂ ਅਸੀਂ ਇਸ ਦੇ ਨਾਲ ਹੀ ਰਾਸ਼ਟਰ (ਕੌਮ), ਰਾਸ਼ਟਰਵਾਦ (ਕੌਮਵਾਦ) ਨੂੰ ਵੀ ਰੱਦ ਕਰ ਦੇਂਦੇ ਹਾਂ, ਕਿਉਂਕਿ ਰਾਸ਼ਟਰ, ਰਾਸ਼ਟਰਵਾਦ ਅਤੇ ਰਾਸ਼ਟਰੀ-ਸਟੇਟ ਦਾ ਆਪਸ ਵਿਚ ਡੂੰਘਾ ਸੰਬੰਧ ਹੈ। ਇਹ ਤਿੰਨੇ ਇਕ ਦੂਜੇ ਨਾਲ ਜੁੜੇ ਹੋਏ ਹਨ। ਇਨ੍ਹਾਂ ਨੂੰ ਇਕ ਦੂਜੇ ਤੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ। ਜਦੋਂ ਅਸੀਂ ਰਾਸ਼ਟਰਵਾਦ ਅਤੇ ਰਾਸ਼ਟਰੀ-ਸਟੇਟ ਵਿਚੋਂ ਕਿਸੇ ਇਕ ਨੂੰ ਵੀ ਰੱਦ ਕਰਦੇ ਹਾਂ ਤਾਂ ਅਸੀਂ ਇਨ੍ਹਾਂ ਤਿੰਨਾਂ ਨੂੰ ਹੀ ਰੱਦ ਕਰ ਰਹੇ ਹੁੰਦੇ ਹਾਂ। ਇਸ ਨਾਲ ਸਿੱਖਾਂ ਦਾ ਇਕ ਵੱਖਰੀ ਕੌਮ ਹੋਣ ਦਾ ਦਾਅਵਾ ਵੀ ਆਪਣੇ ਆਪ ਰੱਦ ਹੋ ਜਾਂਦਾ ਹੈ।

ਪਰ ਅਵਤਾਰ ਸਿੰਘ ਸਾਨੂੰ ਇਸ ਗੱਲ ਤੋਂ ਵੀ ਸਾਵਧਾਨ ਕਰਦੇ ਹੋਏ ਕਹਿ ਰਹੇ ਹਨ ਕਿ ਰਾਸ਼ਟਰਵਾਦ ਅਤੇ ਫਾਸ਼ੀਵਾਦ ਦਰਮਿਆਨ ਫਰਕ ਹੁੰਦਾ ਹੈ। ਬਹੁਤ ਵੱਡਾ ਫਰਕ ਹੈ। ਪਰ ਸਵਾਲ

**(ਬਾਕੀ ਅਗਲੇ ਸਫੇ 'ਤੇ)**

# ਅਨੰਦਪੁਰ ਦੇ ਮਤੇ ਤੋਂ ਅਨੰਦਪੁਰ ਦੀ ਠੇਰੀ ਤਕ ਦਾ ਸਫਰ!

ਜੂਨ '84 ਤੋਂ ਬਾਅਦ ਆਪਣੇ ਪਿੰਡੇ ਉਤੇ ਹੰਢਾਏ ਅਣਕਿਆਸੇ ਜਬਰ ਤੇ ਝਲੀ ਮਾਨਸਿਖ ਪੀੜ ਨੇ ਸਿੱਖ ਪੰਥ ਦੀ ਚੇਤਨਾ ਵਿਚ ਬੜੀ ਭਾਰੀ ਤਬਦੀਲੀ ਲਿਆਂਦੀ ਹੈ। ਇਸ ਦਾ ਹਾਂ-ਪੱਖੀ ਪ੍ਰਭਾਵ ਇਹ ਪਿਆ ਹੈ ਕਿ ਗੁਰਮਤਿ ਦੀ ਮੌਲਿਕ ਤੇ ਤੰਗਨਜ਼ਰੀ ਵਿਚੋਂ ਬਾਹਰ ਨਿਕਲ ਕੇ ਸਰਬਸੰਸਾਰੀ (ਯੂਨੀਵਰਸਲ) ਵਿਆਖਿਆ ਹੋਣ ਲੱਗੀ ਹੈ। ਵੈਦਿਕ ਫਿਲਾਸਫੀ (ਵੇਦਾਂਤ) ਨਾਲੋਂ ਇਸ ਦਾ ਸਪੱਸ਼ਟ ਨਿਖੇੜਾ ਹੋਣ ਲੱਗਾ ਹੈ ਅਤੇ ਗੁਰਮਤਿ ਆਧਾਰਿਤ ਕਲਿਆਣਕਾਰੀ ਹਲੇਮੀ ਰਾਜ ('ਰਾਜ ਕਰੇਗਾ ਖਾਲਸਾ') ਦੀ ਰਾਜਸੀ ਚੇਤਨਾ ਪੈਦਾ ਹੋਈ ਹੈ।

1849 ਵਿਚ ਸਰਕਾਰੇ ਖਾਲਸਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਫੌਰੀ ਬਾਅਦ ਸਿੱਖੀ ਪ੍ਰਚਾਰ ਨੂੰ ਅਨੇਕ ਕਿਸਮ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਅੰਗਰੇਜ਼ ਸਾਮਰਾਜੀ ਇਸ ਹੱਦ ਤਕ ਮਕਾਰ ਅਤੇ ਬੇਈਮਾਨ ਸਨ ਕਿ ਉਨ੍ਹਾਂ ਨੇ ਸਿੱਖ ਇਤਿਹਾਸ ਤੇ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਨੂੰ ਕੁਰਾਹੇ ਪਾਉਣ ਦਾ ਹਰੇਕ ਸੰਭਵ ਯਤਨ ਕੀਤਾ ਅਤੇ ਇਸ ਕਾਰਜ ਲਈ ਉਸ ਵੇਲੇ ਦੇ ਕਥਿਤ ਸਿੱਖ ਵਿਦਵਾਨਾਂ ਨੂੰ ਅੱਜ ਵਾਂਗ ਹੀ ਸਰਕਾਰੀ ਅਹੁਦਿਆਂ ਦੀ ਮਹਿੰਗੀ ਤੋਂ ਮਹਿੰਗੀ ਕੀਮਤ ਤਾਰ ਕੇ ਖਰੀਦਿਆ। ਇਥੋਂ ਤਕ ਕਿ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਨੂੰ ਸਿੱਖ ਮਾਨਿਸਕਤਾ ਤੋਂ ਦੂਰ ਕਰਨ ਲਈ ਗੁਰਮੁਖੀ ਲਿਪੀ ਬਦਲਣ ਦੇ ਯਤਨ ਕੀਤੇ ਗਏ ਅਤੇ ਬੇਲੋੜੇ ਅਧਿਕ ਠੋਸ ਕੇ ਗੁਰਮੁਖੀ ਲਿਪੀ ਦਾ ਮੂੰਹ-ਮੱਥਾ ਵਿਗਾੜਿਆ ਗਿਆ। ਇਸ ਦੌਰ ਵਿਚ ਗੁਰਮੁਖੀ ਅੱਖਰਾਂ ਦੇ ਪੈਰਾਂ ਵਿਚ ਪਾਈਆ ਤੇ ਲਾਈਆ ਬਿੰਦੀਆਂ ਅਤੇ ਵਾਕ ਬਣਤਰ ਵਿਚ ਅੰਗਰੇਜ਼ੀ ਦਾ ਪ੍ਰਭਾਵ ਕੁਝ ਹੋਰ ਵਿਗਾੜ ਹਨ।



**ਗੁਰਬਚਨ ਸਿੰਘ**
**ਫੋਨ: +91-98156-98451**

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤਕ ਅਨੇਕ ਤਰੁੱਟੀਆਂ ਦੇ ਬਾਵਜੂਦ ਸਿੱਖ ਲਹਿਰ ਦੀ ਰਾਜਸੀ ਪਹੁੰਚ ਜਾਰੀ ਰਹੀ। 1849 ਤੋਂ ਬਾਅਦ ਅੰਗਰੇਜ ਬਸਤੀਵਾਦੀ ਰਾਜ ਅਧੀਨ ਮਹਾਰਾਜਾ ਦਲੀਪ ਸਿੰਘ ਦੇ ਜਿਉਂਦੇ ਰਹਿਣ ਤਕ ਸਿੱਖਾਂ ਦਾ ਇਕ ਵਰਗ ਆਪਣੇ ਮਨਾਂ ਵਿਚ ਖਾਲਸਾ ਰਾਜ ਦੀ ਤਾਂਘ ਲਈ ਜੂਝਦਾ ਰਿਹਾ। ਬਾਬਾ ਰਾਮ ਸਿੰਘ ਕੂਕਾ ਦੀ ਅਗਵਾਈ ਵਿਚ ਚੱਲੀ ਨਾਮਧਾਰੀ ਲਹਿਰ ਇਸੇ ਤਾਂਘ ਦਾ ਪ੍ਰਗਟਾਵਾ ਸੀ। ਨਾਮਧਾਰੀ ਲਹਿਰ ਤੋਂ ਫੌਰੀ ਬਾਅਦ ਆਰੰਭ ਹੋਈ ਸਿੰਘ ਸਭਾ ਲਹਿਰ ਦੀ ਇਕ ਧਿਰ ਖਾਲਸਾ ਰਾਜ ਦੀ ਤਾਂਘ ਨੂੰ ਪ੍ਰਗਟ ਕਰਦੀ ਰਹੀ ਪਰ ਸਿੰਘ ਸਭਾ ਲਹਿਰ ਦੀ ਦੂਜੀ ਭਾਰੂ ਧਿਰ ਬਸਤੀਵਾਦੀ ਰਾਜ ਨਾਲ ਸਮਝੌਤਾ ਕਰ ਕੇ ਇਸ ਤਾਂਘ ਨੂੰ ਤਿਲਾਂਜਲੀ ਦੇ ਗਈ। ਖਾਲਸਾ ਰਾਜ ਦੀ ਤਾਂਘ ਨੂੰ ਪ੍ਰਗਟ ਕਰਨ ਵਾਲੀ ਧਿਰ ਨੂੰ ਦੇਸ ਨਿਕਾਲੇ ਅਤੇ ਅੱਜ ਵਾਂਗ ਹੀ ਪੰਜਾਬੋਂ ਬਾਹਰ ਜੇਲ੍ਹਾਂ ਦੀਆਂ ਸਜਾਵਾਂ ਦਿੱਤੀਆਂ ਗਈਆਂ ਅਤੇ ਦੂਜੀ ਧਿਰ ਨੂੰ ਸਹੂਲਤਾਂ ਦੇ ਗੱਫੇ ਦਿੱਤੇ ਗਏ।

ਸਿੰਘ ਸਭਾ ਦੀ ਸਰਕਾਰੀ ਧਿਰ ਨੇ ਅੱਜ ਵਾਂਗ ਹੀ ਸਿੱਖ ਪੰਥ ਵਿਚਲੇ ਹਰੇਕ ਛੋਟੇ ਤੋਂ ਛੋਟੇ ਮਤਿਭੇਦ ਨੂੰ ਪੂਰਾ ਜੋਰ ਲਾ ਕੇ ਉਭਾਰਿਆ। ਇਸ ਦੀ ਸਭ ਤੋਂ ਉਘੜਵੀਂ ਮਿਸਾਲ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਮਾਲਾ ਦੀ ਹੈ। ਰਾਗਮਾਲਾ ਦੇ ਨਾਂ ਉਤੇ ਬਸਤੀਵਾਦੀ ਸਰਕਾਰ ਦਾ ਵਿਰੋਧ ਕਰ ਰਹੀ ਧਿਰ ਨੂੰ ਗਦਰੀ ਬਾਬਿਆਂ ਵਾਂਗ ਪੰਥ ਵਿਚੋਂ ਛੇਕਣ ਦਾ ਫਤਵਾ ਜਾਰੀ ਕਰ ਕੇ ਸਿੱਖਾਂ ਵਿਚੋਂ ਉਸ ਧਿਰ ਨੂੰ ਨਿਖੇੜਨ ਦੇ ਕੋਝੇ ਯਤਨ ਕੀਤੇ ਗਏ। ਇਸ ਧਿਰ ਨੇ ਇਕ ਨਖਿਧ ਕੰਮ ਇਹ ਕੀਤਾ ਕਿ ਸਿੱਖ ਪੰਥ ਦੇ ਐਨ ਮੁਢ ਵਿਚ ਹੀ ਬਾਦਸ਼ਾਹੀ ਦੀ ਹੋਂਦ ਤੋਂ ਇਨਕਾਰੀ ਹੋ ਕੇ ਪਾਤਸ਼ਾਹੀ ਲਈ ਲੜ ਮਰਨ ਅਤੇ ਸ਼ਹੀਦ ਹੋਣ ਵਾਲੇ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦੇ ਖਾਲਸਾਈ ਅਕਸ ਨੂੰ ਵਿਗਾੜਿਆ ਤੇ ਸਿੱਖ ਮਨਾਂ ਵਿਚ ਉਨ੍ਹਾਂ ਪ੍ਰਤੀ ਨਫਰਤ ਭਰੀ ਅਤੇ ਉਨ੍ਹਾਂ ਵਾਂਗ ਹੀ ਸਰਕਾਰੀ ਸਹੂਲਤਾਂ ਦੇ ਰੂਪ ਵਿਚ ਰੁਜੀਨੇ ਲੈਣ ਵਾਲੇ 'ਤਤ ਖਾਲਸਾ' ਨੂੰ ਸਿੱਖ ਪੰਥ ਦੇ ਅਸਲੀ ਵਾਰਿਸ ਵਜੋਂ ਸਥਾਪਤ ਕੀਤਾ।

ਸਭ ਤੋਂ ਪਹਿਲਾਂ ਭਾਈ ਠਾਕਰ ਸਿੰਘ ਗਿਆਨੀ ਨੇ ਬਾਕਾਇਦਾ ਲਿਖਤੀ ਰੂਪ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਕਿਰਦਾਰਕੁਸ਼ੀ ਦੀ ਮੁਹਿੰਮ ਆਰੰਭੀ। 'ਸਤਿਗੁਰੂ ਜੀ ਦੇ ਦਸ ਹੁਕਮ' ਦੇ ਰੂਪ ਵਿਚ ਇਹ ਪ੍ਰਚਾਰਿਆ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਜੀ ਨੂੰ ਆਦੇਸ਼ ਦਿੱਤੇ ਸਨ ਕਿ-

1. ਆਪ ਗੁਰੂ ਨਾ ਬਣੀ ਤੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ। 2. ਜਿਤਿੰਦ੍ਰੇ ਰਹਿਣਾ ਅਤੇ ਜਤ ਪੂਰਨ ਰੱਖਣਾ। 3. ਮੇਰੇ ਹਿਰਦੇ ਦੇ ਪ੍ਰੇਮ ਪਿਆਰੇ ਖਾਲਸਾ ਜੀ ਦੀ ਆਗਿਆ ਵਿਚ ਰਹਿਣਾ। 4. ਸਦਾ ਹੀ ਸਾਡੇ ਮਹਲ ਸੁੰਦਰੀ ਸਾਹਿਬ ਦੇਵਾਂ ਜੀ ਦੀ ਸੇਵਾ ਕਰਨੀ ਤੇ ਉਨ੍ਹਾਂ ਦੀ ਆਗਿਆ ਵਿਚ ਰਹਿਣਾ ਅਰਥਾਤ ਹੁਕਮ ਮੰਨਣਾ। 5. ਮੇਰੇ ਪਿਆਰੇ ਚਾਰੇ ਪੁੱਤਰ ਵਾਰਨ ਵਾਲੇ ਸਯਦ ਬੁੱਧੂ ਸ਼ਾਹ ਸਢੌਰੇ ਵਾਸੀ ਦਾ ਬਦਲਾ ਲੈਣਾ। 6. ਸਰਹੰਦ ਨੂੰ ਉਜਾੜ ਬਜੀਦ ਖਾਨ ਨੂੰ ਸੰਘਾਰ ਸਾਹਿਬਜਾਦਿਆਂ ਦੀ ਯਾਦਗਾਰ ਦਾ ਅਸਥਾਨ ਬਣਾ ਕੇ ਨਿਸ਼ਾਨ ਝੁਲਾਉਣਾ। 7. ਵਾਹਿਗੁਰੂ ਜੀ ਦੇ ਹਜ਼ੂਰ ਪੰਜ ਸਿੰਘ ਇਕਤ੍ਰ ਕਰ ਕੇ ਜੋ ਕਾਰਜ ਕਰਨਾ ਅਰਦਾਸਾ ਸੋਧ ਕੇ ਕਰਨਾ। 8. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਨਿਮਰਤਾ ਨਾਲ ਨਿਰਮਾਣ ਹੋ ਬੈਠਣਾ, ਗਦੀ ਆਸਣ ਲਗਾ ਕੇ ਨਹੀਂ ਬੈਠਣਾ। 9. ਸ੍ਰੀ ਦਰਬਾਰ ਅੰਮ੍ਰਿਤਸਰ ਜੀ ਦੇ ਦਰਸ਼ਨ ਅਸ਼ਨਾਨ ਕਰਨਾ ਤੇ ਗੁਰਦੁਆਰੇ ਦੀ ਸੇਵਾ ਕਰਨੀ, ਨਿਵਾਸ ਐਥੇ ਹੀ ਰਖਣਾ। 10. ਸ੍ਰੀ ਅਨੰਦਪੁਰ (ਕੇਸਗੜ੍ਹ ਸਾਹਿਬ) ਸਾਹਿਬ ਜੀ ਵਿਖੇ ਜਾਣਾ ਸਿੰਘਾਂ ਪਾਸੋਂ ਖੰਡੇ ਦਾ ਅੰਮ੍ਰਿਤ ਛਕ ਸਿੰਘ ਸਜ ਖਾਲਸੇ ਨਾਲ ਵਰਤਣ ਕਰਨਾ।

ਇਹ ਸਾਰੇ ਦੇ ਸਾਰੇ ਹੁਕਮ ਮਨ-ਕਲਪਿਤ ਤੇ ਸਿੱਖ ਸਿਧਾਂਤਾਂ ਦੇ ਉਲਟ ਹਨ ਤੇ ਕੋਈ ਵੀ ਇਤਿਹਾਸਕ ਹਵਾਲਾ ਇਨ੍ਹਾਂ ਦੀ ਪੁਸ਼ਟੀ ਨਹੀਂ ਕਰਦਾ। ਜਿਹੜੇ ਗੁਰੂ ਸਾਹਿਬ ਆਪ ਗ੍ਰਿਹਸਤੀ ਸਨ ਤੇ ਜਿਨ੍ਹਾਂ ਦਾ ਫੁਰਮਾਨ ਹੈ : ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਪੰਨਾ 522) ਉਹ ਭਲਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਜਿਤਿੰਦ੍ਰੇ ਰਹਿਣ ਲਈ ਕਿਉਂ ਕਹਿਣਗੇ? ਬਾਬਾ ਬੰਦਾ ਸਿੰਘ ਬਹਾਦਰ ਦੇ ਗੁਰੂ ਬਣਨ ਦੀ ਮਿਥ ਵੀ ਅੰਗਰੇਜ ਇਤਿਹਾਸਕਾਰਾਂ ਨੇ ਘੜੀ। ਇਹ ਬਾਦਸ਼ਾਹੀ ਨੂੰ ਨਕਾਰ ਕੇ ਪਾਤਸ਼ਾਹੀ ਲਈ ਜੂਝ ਕੇ ਸ਼ਹੀਦ ਹੋਣ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਦੀ ਕਿਰਦਾਰਕੁਸ਼ੀ ਕਰਨ ਲਈ ਘੜੀ ਗਈ, ਤਾਂ ਕਿ ਗੁਰੂ ਹੁਕਮ ਤੋਂ ਉਲਟ ਚਲ ਕੇ ਬਾਦਸ਼ਾਹੀ ਕੋਲੋਂ ਰੁਜੀਨੇ ਤੇ ਸਹੂਲਤਾਂ ਲੈਣ ਵਾਲੇ ਤਤ ਖਾਲਸਿਆਂ ਤੋਂ ਲੈ ਕੇ ਸਮਕਾਲੀ ਰਜਵਾੜਿਆਂ ਤੇ ਬਸਤੀਵਾਦੀ ਰਾਜ ਦੀ ਹੋਂਦ ਨੂੰ ਮਾਨਤਾ ਦੇ ਚੁੱਕੇ ਟੋਡੀ ਸਰਦਾਰ ਬਹਾਦਰਾਂ ਨੂੰ ਸਿੱਖ ਪੰਥ ਵਿਚ ਮਾਨਤਾ ਦਿਵਾਈ ਜਾ ਸਕੇ।

ਭਾਈ ਠਾਕਰ ਸਿੰਘ ਗਿਆਨੀ ਦੇ ਤਿੰਨੇ ਪੁੱਤਰ ਅੰਗਰੇਜ ਫੌਜ ਵਿਚ ਅਫਸਰ ਸਨ। ਭਾਈ ਠਾਕਰ ਸਿੰਘ ਗਿਆਨੀ ਕੋਲੋਂ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਨੇ ਅੰਮ੍ਰਿਤ ਛਕਿਆ। ਸੰਤ ਅਤਰ ਸਿੰਘ ਤੇ ਸੰਤ ਤੇਜਾ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਵਿਰੁੱਧ ਫੈਲਾਏ ਗਏ ਇਸ ਪ੍ਰਚਾਰ ਨੂੰ ਜਾਰੀ ਰੱਖਿਆ। ਸੰਤ ਤੇਜਾ ਸਿੰਘ ਵਲੋਂ ਸੰਤ ਅਤਰ ਸਿੰਘ ਦੀ ਲਿਖੀ ਗਈ ਜੀਵਨੀ ਵਿਚ ਬਾਬਾ ਜੀ ਬਾਰੇ ਇਹ ਸਾਰੇ ਦੋਸ਼ ਫਿਰ ਦੁਹਰਾਏ ਗਏ ਹਨ। ਸੰਤ ਅਤਰ ਸਿੰਘ ਕੋਲੋਂ ਮਾਸਟਰ ਤਾਰਾ ਸਿੰਘ ਨੇ ਅੰਮ੍ਰਿਤ ਛਕਿਆ।

ਹਾਲਾਂ ਕਿ ਸਿੱਖ ਧਰਮ ਵਿਚ ਮੀਰੀ ਤੇ ਪੀਰੀ ਦਾ ਅਟੁੱਟ ਰਿਸ਼ਤਾ ਹੈ ਪਰ ਸੰਤ ਅਤਰ ਸਿੰਘ ਦੀ ਤਰਜ ਉਤੇ ਬਿਲਕੁਲ ਅੱਜ ਵਾਂਗ ਨਿਰੋਲ ਧਰਮ ਪ੍ਰਚਾਰ ਦੇ ਨਾਂ ਉਤੇ ਧਰਮ ਨੂੰ ਰਾਜਨੀਤੀ ਨਾਲੋਂ ਤੋੜ ਕੇ ਪ੍ਰਚਾਰਨ ਵਾਲੇ ਸੰਤਾਂ ਨੂੰ ਅੰਗਰੇਜ ਸਰਕਾਰ ਨੇ ਸ਼ਹਿ ਅਤੇ ਆਸਰਾ ਦਿੱਤਾ। ਅੰਮ੍ਰਿਤ ਪ੍ਰਚਾਰ ਨੂੰ ਸਿੱਖ ਰਾਜਨੀਤੀ ਨਾਲੋਂ ਤੋੜ ਦਿੱਤਾ ਗਿਆ। ਗਰੀਬ ਮਜਲੂਮ ਦੀ ਰੱਖਿਆ ਤੇ ਜਰਵਾਣੇ ਦੀ ਭਖਿਆ ਦਾ ਗੁਰਮਤਿ ਅਸੂਲ ਮਹਿਜ ਖਿਆਲੀ ਪ੍ਰਚਾਰ ਦਾ ਅੰਗ ਬਣਾ ਦਿਤਾ ਗਿਆ। ਇਹੀ ਕਾਰਨ ਸੀ ਕਿ ਪੰਜਾਬ ਅੰਦਰ ਨਾਸਤਿਕ ਕਮਿਊਨਿਸਟਾਂ ਤੇ ਪਾਖੰਡੀ ਸਾਧਾਂ ਦੇ ਪੈਰ ਲੱਗੇ। ਜੇ ਸਿੱਖ ਲਹਿਰ ਨੇ ਆਪਣੀ ਨਿੱਤ ਦਿਨ ਦੀ ਕੀਤੀ ਜਾਂਦੀ ਅਰਦਾਸ ਮੁਤਾਬਕ ਬਿਨਾਂ ਕਿਸੇ ਜਾਤੀ ਭਿੰ-ਨਭੇਦ ਦੇ ਸਾਰੇ ਗਰੀਬ ਨਿਮਾਣੇ ਨਿਤਾਣੇ ਨਿਓਟੇ ਨਿਆਸਰੇ ਤੇ ਕਥਿਤ ਨੀਚ ਜਾਤਾਂ ਦੇ ਲੋਕਾਂ ਨੂੰ ਆਪਣੀ ਬੁੱਕਲ ਵਿਚ ਲੈਣ ਦਾ ਯਤਨ ਕੀਤਾ ਹੁੰਦਾ ਤਾਂ ਪੰਜਾਬ ਅੰਦਰ ਕਿਸੇ ਹੋਰ ਰਾਜਨੀਤਕ ਧਿਰ ਦੇ ਪੈਰ ਹੀ ਨਹੀਂ ਸਨ ਲੱਗਣੇ।

ਬੇਸ਼ੱਕ ਅੰਗਰੇਜ ਬਸਤੀਵਾਦੀਆਂ ਦੇ ਢਹੇ ਚੜ੍ਹੇ ਸੰਤਾਂ ਦੇ 'ਨਿਰੋਲ' ਧਰਮ ਪ੍ਰਚਾਰ ਨੇ ਸਿੱਖਾਂ ਨੂੰ ਅੰਗਰੇਜਾਂ ਤੇ ਕਾਂਗਰਸੀਆਂ ਦੀਆਂ ਰਾਜਨੀਤਕ ਚਾਲਾਂ ਨੂੰ ਸਮਝਣ ਤੋਂ ਊਣੇ ਕਰ ਦਿੱਤਾ। ਇਹੀ ਕਾਰਨ ਸੀ ਕਿ ਸਿੱਖ ਬੜੀ ਹੀ ਸੌਖ ਨਾਲ ਮਨੂਵਾਦੀ ਆਰੀਆ ਸਮਾਜੀਆਂ ਦਾ ਸਿਧਾਂਤਕ ਵਿਰੋਧ ਕਰਨ ਦੀ ਬਜਾਏ 'ਹਮ ਹਿੰਦੂ ਨਹੀਂ' ਦੀ ਫਿਰਕੂ ਰਾਜਨੀਤੀ ਦਾ ਸ਼ਿਕਾਰ ਹੋ ਗਏ। 'ਦੋਹਾਂ ਦੀ ਕਾਣ ਮੇਟੇ' ਦੇ ਗੁਰੂ ਆਦੇਸ਼ ਨੂੰ ਭੁੱਲ ਕੇ 'ਘਟ ਗਿਣਤੀ-ਬਹੁਗਿਣਤੀ' ਦੇ ਚੱਕਰ ਵਿਚ ਫਸ ਗਏ ਅਤੇ ਇੰਝ ਆਪਣੀ ਹੋਂਦ ਆਪ ਹੀ ਛੋਟੀ ਕਰ ਬੈਠੇ। ਸੰਤਾਂ ਨੇ ਅੱਜ ਵਾਂਗ ਲੱਖਾਂ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ ਪਰ ਰਾਜਸੀ ਸੂਝ ਤੋਂ ਵਿਹੂਣੇ ਲੋਕ ਜਦੋਂ ਲੋੜ ਪਈ ਤਾਂ ਸਿੱਖ ਰਾਜਨੀਤੀ ਤੋਂ ਕਿਨਾਰਾ ਕਰ ਗਏ ਤੇ ਬਾਦਲਕੇ ਵਰਗੇ ਠੱਗਾਂ ਦੇ ਢਹੇ ਚੜ੍ਹ ਗਏ। ਦਮਦਮੀ ਟਕਸਾਲ, ਨਾਨਕਸਰੀ, ਰਾੜ੍ਹੇ ਵਾਲੇ, ਪੇਹੋਵੇ ਵਾਲੇ ਤੇ ਅਨੇਕ ਅਜਿਹੇ ਹੋਰ ਸੰਤ ਜਾਣੇ ਜਾਂ ਅਣਜਾਣੇ ਵਿਚ ਸਿੱਖ ਵਿਰੋਧੀ ਰਾਜਨੀਤੀ ਦੇ ਹੱਕ ਵਿਚ ਭੁਗਤ ਗਏ।

ਸੰਤ ਨਿਸ਼ਚਲ ਸਿੰਘ ਯਮਨਾ ਨਗਰ ਵਾਲਿਆਂ ਨੇ ਇਕ ਬੜਾ ਦਿਲਚਸਪ ਇੰਕਸ਼ਾਫ ਕੀਤਾ ਹੈ। ਉਨ੍ਹਾਂ ਦੇ ਆਪਣੇ ਕਥਨ ਅਨੁਸਾਰ ਮੈਂ "ਸੰਤ ਫਤਹਿ ਸਿੰਘ ਕੋਲੋਂ ਪੁਛਿਆ ਕਿ ਤੁਸੀਂ ਤੇ ਮਾਸਟਰ ਤਾਰਾ ਸਿੰਘ ਪਹਿਲੇ ਇਕ ਸਾਓ ਤੇ ਤੁਸੀਂ ਮਾਸਟਰ ਜੀ ਕੋਲੋਂ ਪ੍ਰਚਾਰ ਸਿਖਿਆ। ਹੁਣ ਤੁਹਾਡਾ ਆਪਸ ਵਿਚ ਫਰਕ ਕਿਉਂ ਪੈ ਗਿਆ? ਕਹਿਣ ਲਗੇ ਕਿ ਫਰਕ ਇਹ ਪੈ ਗਿਆ ਕਿ ਉਹ ਨਾਮ ਵਾਲੇ ਪਾਸੇ ਨਹੀਂ ਜੁੜਦੇ ਸਨ। ਉਹ ਨਿਰੋਲ ਸੇਵਾ ਵਾਲੇ ਪਾਸੇ ਜੁੜਦੇ ਸਨ। ਉਹ ਆਪ ਨਹੀਂ ਖਾਂਦੇ ਸਨ ਉਨ੍ਹਾਂ ਦੇ ਸੇਵਾਦਾਰ ਜਿਹੜੇ ਸਨ ਉਹ ਲੁਟੇਰੇ ਸਨ।... ਪਹਿਲਾਂ ਪਹਿਲਾਂ ਸੰਤ ਫਤਹਿ ਸਿੰਘ ਜੀ ਸਿਆਸਤ ਵਿਚ ਨਹੀਂ ਪਏ। ਉਹ ਭਜਨ ਹੀ ਕਰਦੇ ਸਨ। ਜਿਸ ਵੇਲੇ ਮਾਸਟਰ ਜੀ ਦੀ ਸੰਗਤ ਹੋਈ ਤੇ ਫਿਰ ਉਹ ਉਸ ਪਾਸੇ ਚਲੇ ਗਏ।... ਸੰਤ ਫਤਹਿ ਸਿੰਘ ਹੋਰੀਂ ਕਹਿੰਦੇ ਸਨ ਕਿ ਪੰਜਾਬੀ ਸੂਬਾ ਹੋਵੇ ਪਰ ਨਾਲ ਬਾਣੀ ਦਾ ਪ੍ਰਚਾਰ ਵੀ ਹੋਵੇ। ਮਾਸਟਰ ਜੀ ਕਹਿੰਦੇ ਸਨ ਕਿ ਬਾਣੀ ਦਾ ਪ੍ਰਚਾਰ ਭਾਵੇਂ ਹੋਵੇ ਜਾਂ ਨਾ ਹੋਵੇ ਪਰ ਪੰਜਾਬੀ ਸੂਬਾ ਜਰੂਰ ਹੋਵੇ।.. ਮੈਂ ਮਾਸਟਰ ਜੀ ਨੂੰ ਪੁੱਛਿਆ ਕਿ ਤੁਸੀਂ ਭਜਨ ਪਾਠ ਕਿਹੜਾ ਸਵੇਰੇ ਉਠ ਕੇ ਕਰਦੇ ਹੋ। ਕਹਿਣ ਲਗੇ ਕਿ ਮੇਰਾ ਭਜਨ ਪਾਠ ਤਾਂ ਪੰਥ ਦੀ ਸੇਵਾ ਹੀ ਹੈ। ਔਰ ਮੈਂ ਚਾਹੁੰਦਾ ਹਾਂ ਕਿ ਮੇਰਾ ਟੁਕੜਾ ਟੁਕੜਾ ਹੋ ਜਾਵੇ ਮੈਂ ਪਿਛੇ ਨਾ ਹਟਾਂ।"

(ਪੰਜਾਬ ਦੇ ਸਮਕਾਲੀ ਇਤਿਹਾਸ ਦੇ ਮੌਖਿਕ ਸੋਮੇ, ਸਫਾ 467)

ਸਿੱਖ ਰਾਜਨੀਤੀ ਤੇ ਧਰਮ ਵਿਚਕਾਰ ਜਿਹੜੀ ਗੈਰਸਿਧਾਂਤਕ ਦੁਫੇੜ ਪਾਈ ਗਈ ਸੀ ਉਸ ਦੀ ਸਪਸ਼ਟ ਮਿਸਾਲ ਉਕਤ ਬਿਰਤਾਂਤ ਹੈ। ਹੁਣ ਹਰੇਕ ਰਾਜਸੀ ਬੰਦਾ ਜਾਣਦਾ ਹੈ ਕਿ ਸੰਤ ਫਤਹਿ ਸਿੰਘ ਨੂੰ ਬਾਕਾਇਦਾ ਗਿਣੀ ਮਿੱਥੀ ਚਾਲ ਅਧੀਨ ਪੰਜਾਬ ਦੀ ਰਾਜਨੀਤੀ ਵਿਚ ਲਿਆ ਕੇ ਵਾੜਿਆ ਗਿਆ ਤਾਂ ਕਿ ਮਾਸਟਰ ਤਾਰਾ ਸਿੰਘ ਨੂੰ ਸਿੱਖ ਰਾਜਨੀਤੀ ਵਿਚੋਂ ਖਦੇੜਿਆ ਜਾ ਸਕੇ। ਜਿਸ ਮਾਸਟਰ ਤਾਰਾ ਸਿੰਘ ਨੂੰ ਸਿੱਖ ਰਾਜਨੀਤੀ ਵਿਚੋਂ ਖਦੇੜਨ ਲਈ ਸਰਦਾਰ ਪਟੇਲ ਤੇ ਜਵਾਹਰ ਲਾਲ ਨਹਿਰੂ ਵਰਗੇ ਆਗੂ ਸੁਪਨੇ ਲੈਂਦੇ ਮਰ ਗਏ ਉਸ ਮਾਸਟਰ ਤਾਰਾ ਸਿੰਘ ਨੂੰ ਕੇਂਦਰ ਸਰਕਾਰ ਨੇ ਬਾਦਲਕਿਆਂ ਦੀ ਮਦਦ ਨਾਲ ਪੰਜਾਬ ਦੀ ਸਿੱਖ ਰਾਜਨੀਤੀ ਵਿਚੋਂ ਬੜੀ ਸੌਖ ਨਾਲ ਬਾਹਰ ਧੱਕ ਦਿੱਤਾ ਅਤੇ ਜਦੋਂ ਪੰਜਾਬੀ ਸੂਬੇ ਦੀ ਹਦਬੰਦੀ, ਚੰਡੀਗੜ੍ਹ ਤੇ ਭਾਖੜਾ ਡੈਮ ਦੀ ਮਾਲਕੀ ਵਰਗੇ ਅਹਿਮ ਮਸਲਿਆਂ ਦਾ ਫੈਸਲਾ ਹੋਣਾ ਸੀ, ਉਦੋਂ ਸੰਤ ਫਤਹਿ ਸਿੰਘ ਜੀ ਇੰਗਲੈਂਡ ਦੌਰੇ ਉਤੇ ਚਲੇ ਗਏ।

ਇਹ ਸਿਰਫ ਸੰਤ ਕਰਤਾਰ ਸਿੰਘ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਨ ਜਿਨ੍ਹਾਂ ਨੇ ਸਿੱਖ ਧਰਮ ਤੇ ਰਾਜਨੀਤੀ ਵਿਚਲੀ ਪਈ ਦੁਫੇੜ ਨੂੰ ਖਤਮ ਕਰਦਿਆਂ ਪੰਥਕ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ। ਸੰਤ ਕਰਤਾਰ ਸਿੰਘ ਦੀ ਸਰਗਰਮ ਹਮਾਇਤ ਬਿਨਾਂ ਸ਼੍ਰੋਮਣੀ ਅਕਾਲੀ ਦਲ ਦਾ ਐਮਰਜੈਂਸੀ ਵਿਰੁਧ ਲਾਇਆ ਮੋਰਚਾ ਕਦੇ ਵੀ ਸਫਲ ਨਹੀਂ ਸੀ ਹੋ ਸਕਦਾ ਤੇ ਅਨੰਦਪੁਰ ਮਤੇ ਦੀ ਪ੍ਰਾਪਤੀ ਲਈ ਲਾਇਆ ਮੋਰਚਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਮੂਲੀਅਤ ਬਿਨਾਂ ਇਸ ਸਿਖਰ ਉਤੇ ਨਹੀਂ ਸੀ ਪਹੁੰਚ ਸਕਦਾ।

ਸੰਤ ਭਿੰਡਰਾਂਵਾਲਿਆਂ ਦੀ ਸਭ ਤੋਂ ਵਡੀ ਸਿਧਾਂਤਕ ਦੇਣ ਅਨੰਦਪੁਰ ਦੇ ਮਤੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਦੀ ਠੇਰੀ ਉਤੇ ਕੀਤੇ ਗਏ 'ਰਾਜ ਕਰੇਗਾ ਖਾਲਸਾ' ਦੇ ਐਲਾਨ ਨਾਲ ਜੋੜਨਾ ਸੀ, "ਅਨੰਦਪੁਰ ਦਾ ਮਤਾ ਕੇਵਲ ਏਨਾ ਨਹੀਂ ਕਿ ਦੋ ਚਾਰ ਚੀਜ਼ਾਂ - ਪਾਣੀ ਮੰਗ ਲਿਆ, ਬਿਜਲੀ ਮੰਗ ਲਈ, ਕਣਕ ਦਾ ਭਾਅ ਵਧਾ ਲਿਆ, ਏਨਾ ਕੰਮ ਕੇਵਲ ਅਨੰਦਪੁਰ ਦੇ ਮਤੇ ਵਿਚ ਨਹੀਂ। ਅਨੰਦਪੁਰ ਦਾ ਮਤਾ, ਅਨੰਦਪੁਰ ਦੀ ਠੇਰੀ ਉਤੇ ਸਤਿਗੁਰੂ ਜੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਉਨ੍ਹਾਂ ਵਿਚਾਰਾਂ ਦੇ ਆਪਾਂ ਧਾਰਨੀ ਬਣਨਾ ਹੈ।" ਸੰਤਾਂ ਨੇ ਸਿੱਖੀ ਨੂੰ ਪੰਜਾਬ ਤੇ ਪੰਜਾਬੀਅਤ ਦੀ ਸਿਧਾਂਤਕ ਗੁਲਾਮੀ ਤੋਂ ਮੁਕਤ ਕਰਵਾਇਆ। ਸਿੱਖ ਸੁਰਤਿ ਨੂੰ ਅਨੰਦਪੁਰ ਦੇ ਮਤੇ ਤੋਂ ਅਗਾਂਹ ਟਪ ਕੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਅਨੰਦਪੁਰ ਦੀ ਠੇਰੀ ਉਤੇ ਕੀਤੇ ਗਏ ਬਚਨਾਂ ਨਾਲ ਜੋੜਿਆ। ਸਸ਼ਤ੍ਰਨ ਅਧੀਨ - 'ਗਰੀਬ ਕੀ ਰਖਿਆ! ਜਰਵਾਣੇ ਕੀ ਭਖਿਆ!' ਦੇ ਅਸੂਲ ਨੂੰ ਦ੍ਰਿੜ ਕਰਵਾਇਆ।

ਸਿੱਖ ਲਹਿਰ ਦੇ ਪ੍ਰਗਟ ਹੋਣ ਦਾ ਨਿਸ਼ਾਨਾ ਹੀ ਇਹ ਸੀ :

ਜਿਨ ਕੀ ਜਾਤ ਗੋਤ ਕੁਲ ਮਾਹੀ। ਸਰਦਾਰੀ ਨਾ ਭਈ ਕਦਾਹੀਂ।
ਤਿਨ ਹੀ ਕੋ ਸਰਦਾਰ ਬਣਾਊ। ਤਬਹੀ ਗੋਬਿੰਦ ਸਿੰਘ ਨਾਮ ਕਹਾਂਊ।

ਜੇ ਅੱਜ ਸਿੱਖ ਲਹਿਰ ਇਸ ਨਿਸ਼ਾਨੇ ਨੂੰ ਪ੍ਰਗਟ ਕਰਨ ਦੇ ਯੋਗ ਹੋ ਜਾਏ ਤਾਂ ਮੋਦੀ-ਸ਼ਾਹ ਤਾਂ ਕੀ ਦੁਨੀਆਂ ਦੀ ਕੋਈ ਵੀ ਤਾਕਤ ਉਨ੍ਹਾਂ ਨੂੰ ਦਬਾਅ ਨਹੀਂ ਸਕਦੀ। ਕਿਸਾਨ ਅੰਦੋਲਨ ਦੀ ਸਫਲਤਾ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ।

ਸਿੱਖ ਸਿਧਾਂਤ ਵਿਚ 'ਮਿਸ਼ਨਰੀ' ਸ਼ਬਦ ਦੀ ਕੋਈ ਤੁਕ ਨਹੀਂ। 'ਮਿਸ਼ਨਰੀ' ਸ਼ਬਦ ਇਸਾਈ ਧਰਮ ਦੇ ਪਾਦਰੀਆਂ ਦੀ ਨਕਲ ਹੈ। ਅਜਿਹੀ ਪ੍ਰੰਪਰਾ ਦਾ ਸਿੱਖ ਧਰਮ ਵਿਚ ਕੋਈ ਸਥਾਨ ਨਹੀਂ। ਬੁਧ ਧਰਮ ਦੀ ਸਭ ਤੋਂ ਕਮਜ਼ੋਰ ਕੜੀ 'ਭਿਖੂ' ਪ੍ਰੰਪਰਾ ਸੀ। ਬੁਧ ਧਰਮ ਦਾ ਪ੍ਰਚਾਰ ਕਰਨ ਵਾਲੇ ਭਿਖੂ ਆਮ ਸਮਾਜ ਤੋਂ ਬਾਹਰ ਬੈਠੇ ਕੁਝ ਤਿਆਗੀ ਲੋਕ ਸਨ। ਪਰ ਗ੍ਰਿਹਸਤ ਧਰਮ ਤੋਂ ਵਿਰਵੇ ਰਹਿਣ ਕਰਕੇ ਅਜਿਹੇ ਲੋਕਾਂ ਨੂੰ ਆਪਣੇ ਕੁਦਰਤੀ ਜਜਬਿਆਂ ਦਾ ਵੀ ਤਿਆਗ ਕਰਨਾ ਪੈਂਦਾ ਸੀ, ਜਿਹੜਾ ਕੁਝ ਕੁ ਸਮੇਂ ਲਈ ਤਾਂ ਸੰਭਵ ਸੀ ਪਰ ਤਾਉਮਰ ਅਸੰਭਵ ਸੀ। ਇਸੇ ਕਰ ਕੇ ਸਭ ਤੋਂ ਪਹਿਲਾਂ ਭਿਖੂ ਪ੍ਰੰਪਰਾ ਵਿਕਾਰਾਂ ਦਾ ਸ਼ਿਕਾਰ ਹੋਈ। ਜੋਗੀ ਸਿਧ ਤੇ ਨਾਥ ਬੁਧ ਮਤਿ ਦੀ ਇਸੇ ਪ੍ਰੰਪਰਾ ਦੀਆਂ ਸ਼ਾਖਾਵਾਂ ਸਨ, ਜਿਨ੍ਹਾਂ ਬਾਰੇ ਫੁਰਮਾਨ ਹੈ :

ਹੋਇ ਅਤੀਤੁ ਗ੍ਰਿਹਸਤ ਤਜਿ ਫਿਰਿ ਉਨਹੂ ਕੇ ਘਰਿ ਮੰਗਣਿ ਜਾਈ। (ਭਾਈ ਗੁਰਦਾਸ ਜੀ)

ਇਸੇ ਭਿਖੂ ਪ੍ਰੰਪਰਾ ਦੇ ਆਧਾਰ ਉਤੇ ਇਸਾਈ ਧਰਮ ਵਿਚ ਪਾਦਰੀਆਂ ਦੀ ਸੰਸਥਾ ਹੋਂਦ ਵਿਚ ਆਈ। ਅੱਜ ਪਾਦਰੀ ਪ੍ਰੰਪਰਾ ਉਤੇ ਬੱਚਿਆਂ ਦੇ ਕਾਮੁਕ ਸ਼ੋਸ਼ਣ ਦੇ ਦੋਸ਼ ਲਗ ਰਹੇ ਹਨ। ਗੁਰੂ ਸਾਹਿਬਾਨ ਨੇ ਗ੍ਰਿਹਸਤ ਧਰਮ ਉਤੇ ਜੋਰ ਦਿੱਤਾ ਹੈ।

ਇਸਾਈ ਧਰਮ ਦੀ ਤਰਜ ਉਤੇ ਸਿੱਖਾਂ ਵਿਚ ਬਣੀ ਮਿਸ਼ਨਰੀ ਪ੍ਰੰਪਰਾ ਸਿੱਖ ਧਰਮ ਦਾ ਨਿਖੇਧ ਹੈ। ਸਿੱਖ ਧਰਮ ਵਿਆਖਿਆ ਉਤੇ ਨਹੀਂ ਅਮਲ ਉਤੇ ਜੋਰ ਦੇਂਦਾ ਹੈ। ਇਸ ਪ੍ਰੰਪਰਾ ਨੇ ਸਿੱਖ ਧਰਮ ਦੀ ਇਕਹਿਰੀ ਵਿਆਖਿਆ ਕਰ ਕੇ ਸਾਰੀ ਸਿੱਖ ਲਹਿਰ ਰਾਜਸੀ ਪਹੁੰਚ ਤੋਂ ਦੂਰ ਧਕ ਦਿਤੀ। ਬਦਕਿਸਮਤੀ ਨਾਲ ਸਿੱਖ ਧਰਮ ਦੀ ਸਾਰੀ ਅਜੋਕੀ ਵਿਆਖਿਆ ਇਸੇ ਧਿਰ ਨੇ ਕੀਤੀ ਹੈ। ਇਹ ਵਿਆਖਿਆ ਸਿੱਖ ਰਾਜਸੀ ਹੋਂਦ ਤੋਂ ਉਕਾ ਹੀ ਇਨਕਾਰੀ ਹੈ। ਇਸੇ ਨਕਾਰੀ ਸੋਚ ਦਾ ਖਮਿਆਜ਼ਾ ਸਿੱਖਾਂ ਨੇ 1947 ਦੇ ਖੂਨੀ ਘੱਲੂਘਾਰੇ ਦੇ ਰੂਪ ਵਿਚ ਭੁਗਤਿਆ ਹੈ। ਸਿੱਖ ਧਰਮ ਵਿਚ ਛਾਈ ਅਜੋਕੀ ਪੁਜਾਰੀ ਪ੍ਰੰਪਰਾ ਇਨ੍ਹਾਂ ਮਿਸ਼ਨਰੀਆਂ ਨੇ ਪ੍ਰਚਾਰ ਨੂੰ ਧੰਦਾ ਬਣਾ ਕੇ ਆਪਣੇ ਅਮਲ ਰਾਹੀਂ ਪੱਕੀ ਕੀਤੀ ਹੈ। ਸਿੱਖ ਪੰਥ ਦੇ ਅੱਖਾਂ ਖੋਲ੍ਹਣ ਵਾਲੀ ਗੱਲ ਇਹ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਚੇਤ ਸਿੰਘ ਜੀ ਸਿੱਖ ਪੰਥ ਪ੍ਰਤੀ ਇਹ ਰੋਸ ਪ੍ਰਗਟ ਕਰ ਰਹੇ ਹਨ, ਕਿ "ਜਿਸ ਤਰ੍ਹਾਂ ਪਾਦਰੀ ਬੜੀ ਸ਼ਾਨ ਨਾਲ ਰਹਿੰਦੇ ਹਨ ਅਤੇ ਵਿਚਰਦੇ ਹਨ, ਉਹ ਗੱਲ ਸਾਡੇ ਵਿਚ ਨਹੀਂ।" (ਪੰਜਾਬ ਦੇ ਸਮਕਾਲੀ ਇਤਿਹਾਸ ਦੇ ਮੌਖਿਕ ਸੋਮੇ, ਸਫਾ 489)

ਸਾਰੇ ਸਿੱਖ ਸੰਘਰਸ਼ ਦੌਰਾਨ ਸ਼ਾਇਦ ਹੀ ਕੋਈ ਮਿਸ਼ਨਰੀ ਪ੍ਰਚਾਰਕ ਹੋਵੇ ਜਿਸ ਨੇ ਸਿੱਖਾਂ ਉਤੇ ਹੁੰਦੇ ਸਰਕਾਰੀ ਜਬਰ ਵਿਰੁੱਧ ਕਦੇ ਹਾਅ ਦਾ ਨਾਹਰਾ ਮਾਰਿਆ ਹੋਵੇ। ਇਹ ਗੱਲ ਐਂਵੇ ਨਹੀਂ ਵਾਪਰ ਗਈ ਕਿ ਇਕ ਪਾਸੇ ਭਾਈ ਅੰਮ੍ਰਿਤਪਾਲ ਸਿੰਘ ਵਰਗਿਆਂ ਨੂੰ ਬਿਨਾਂ ਕਿਸੇ ਦੋਸ਼ ਤੋਂ ਗੁਰੂ ਕਲਗੀਧਰ ਪਾਤਸ਼ਾਹ ਦੀ ਲਹਿਰ ਨੂੰ ਪ੍ਰਚੰਡ ਕਰਨ ਦੇ ਦੋਸ਼ ਵਿਚ ਡਿਬਰੂਗੜ੍ਹ ਭੇਜਿਆ ਗਿਆ ਹੈ ਅਤੇ ਦੂਜੇ ਪਾਸੇ 'ਧੂੰਦੇ' ਵਰਗਿਆਂ ਨੂੰ ਸਰਕਾਰੀ ਸੁਰੱਖਿਆ ਦਿੱਤੀ ਜਾ ਰਹੀ ਹੈ।

ਬੇਸ਼ਕ ਇਕ ਗੱਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਇਸ ਸਾਰੇ ਸਮੇਂ ਦੌਰਾਨ ਇਨ੍ਹਾਂ ਉਕਤ ਰੁਝਾਣਾਂ ਨਾਲੋਂ ਵਿਹਰ ਕੇ ਸਿੱਖ ਲਹਿਰ ਕਿਸੇ ਨਾ ਕਿਸੇ ਢੰਗ ਨਾਲ ਸੰਘਰਸ਼ਸ਼ੀਲ ਰਹੀ ਹੈ ਅਤੇ ਖਾਸ ਕਰ ਕੇ ਜੂਨ '84 ਤੋਂ ਬਾਅਦ ਆਪਣੇ ਪਿੰਡੇ ਉਤੇ ਹਰੇਕ ਕਿਸਮ ਦੇ ਸਰਕਾਰੀ ਜਬਰ ਨੂੰ ਝੱਲਦੀ ਹੋਈ ਅਜੋਕੀ ਦਸ਼ਾ ਵਿਚ ਪਹੁੰਚੀ ਹੈ।

---

## ਕੌਮ ਜਾਂ ਕੌਮਵਾਦ ਹੈ ਕੋਈ ਬਹੁਤ ਹੀ ਡੂੰਘਾ ਅਤੇ ਅਨੋਖਾ ਜਜ਼ਬਾ - ਕਰਮਜੀਤ ਸਿੰਘ

*(ਪਿਛਲੇ ਸਫੇ ਦਾ ਬਾਕੀ)*

ਨਿਸ਼ਾਨਿਆਂ ਦਾ ਹੈ। ਰਾਸ਼ਟਰਵਾਦ ਦੇ ਨਿਸ਼ਾਨੇ ਜੇ ਮਨੁੱਖਤਾਵਾਦੀ ਫਿਲਾਸਫੀ ਤੋਂ ਖਿੜਕ ਜਾਣ ਤਾਂ ਫਿਰ ਉਹ ਫਾਸ਼ੀਵਾਦ ਦਾ ਰੂਪ ਅਖਤਿਆਰ ਕਰ ਲੈਂਦੇ ਹਨ। ਭਾਰਤ ਦੇ ਜਿਸ ਸਿਆਸੀ ਦ੍ਰਿਸ਼ ਨੂੰ ਦੇਖ ਕੇ ਸਿੱਖ ਵਿਦਵਾਨ ਰਾਸ਼ਟਰਵਾਦ ਅਤੇ ਰਾਸ਼ਟਰੀ ਸਟੇਟ ਨੂੰ ਰੱਦ ਕਰ ਰਹੇ ਹਨ, ਉਹ ਗਲਤੀ ਰਾਸ਼ਟਰੀ ਸਟੇਟ ਦੀ ਨਹੀਂ ਹੈ ਬਲਕਿ ਇਕ ਬਹੁ-ਰਾਸ਼ਟਰੀ ਸਟੇਟ (ਨੈਸ਼ਨਲ ਸਟੇਟ) ਨੂੰ ਬੰਦੂਕ ਦੀ ਨੋਕ 'ਤੇ ਰਾਸ਼ਟਰੀ ਸਟੇਟ ਬਣਾਉਣ ਦੇ ਯਤਨਾਂ ਦੀ ਹੈ। ਭਾਰਤ ਇਕ ਰਾਸ਼ਟਰੀ ਸਟੇਟ ਨਹੀਂ ਹੈ ਬਲਕਿ ਬਹੁ-ਰਾਸ਼ਟਰੀ ਸਟੇਟ ਹੈ। ਭਾਰਤ ਦੇ ਹਾਕਮ 1947 ਤੋਂ ਹੀ ਇਸ ਬਹੁ-ਰਾਸ਼ਟਰੀ ਸਟੇਟ ਨੂੰ ਇਕ ਰਾਸ਼ਟਰੀ ਸਟੇਟ ਬਣਾਉਣ ਦੇ ਯਤਨ ਕਰ ਰਹੇ ਹਨ, ਕਿਉਂਕਿ ਉਹ ਭਾਰਤ ਦੇ ਕੁਦਰਤੀ ਸਿਆਸੀ ਵਹਾਅ ਦੇ ਖ਼ਿਲਾਫ਼ ਲੜ ਰਹੇ ਹਨ। ਇਸੇ ਲਈ ਉਹ ਹਰ ਕਿਸਮ ਦਾ ਘੋਰ ਤਸ਼ੱਦਦ, ਮਾਰਾਮਰਾਈ, ਕਤਲੇਆਮ ਅਤੇ ਜ਼ਲਾਲਤ ਘੱਟ ਗਿਣਤੀਆਂ ਦੇ ਪੱਲੇ ਪਾ ਰਹੇ ਹਨ। ਦੁਨੀਆ ਵਿਚ ਸਿਰਫ ਇਕੀ ਮੁਲਕ ਹੀ ਰਾਸ਼ਟਰੀ-ਸਟੇਟਾਂ ਹਨ ਜਿੱਥੇ ਇਕ ਹੀ ਕੌਮ ਵਸਦੀ ਹੈ ਅਤੇ ਹੋਰ ਕੋਈ ਵੀ ਘੱਟ ਗਿਣਤੀ ਭਾਈਚਾਰਾ, ਸਮੂਹ ਜਾਂ ਕੌਮ ਨਹੀਂ ਵੱਸਦੀ। ਅਸਲੀ ਰਾਸ਼ਟਰੀ-ਸਟੇਟਾਂ ਇਨ੍ਹਾਂ 21 ਮੁਲਕਾਂ ਨੂੰ ਹੀ ਆਖਿਆ ਜਾ ਸਕਦਾ ਹੈ। ਬਾਕੀ ਸਾਰੀ ਦੁਨੀਆ ਦੇ ਮੁਲਕ ਬਹੁ-ਰਾਸ਼ਟਰੀ ਅਰਥਾਤ ਨੈਸ਼ਨਲ ਸਟੇਟ ਹਨ। ਸਿੱਖ ਵਿਦਵਾਨਾਂ ਨੂੰ ਨੇਸ਼ਨ-ਸਟੇਟ ਅਤੇ ਨੈਸ਼ਨਲ-ਸਟੇਟ ਦੇ ਫਰਕ ਨੂੰ ਸਮਝਣਾ ਚਾਹੀਦਾ ਹੈ।'

ਪਿਛਲੇ ਕੁਝ ਵਰ੍ਹਿਆਂ ਤੋਂ ਭਾਰਤ ਦੀ ਬਹੁ ਗਿਣਤੀ ਨਾਲ ਸਬੰਧਤ ਵਿਦਵਾਨਾਂ ਨੇ ਹਿੰਦੂ ਰਾਸ਼ਟਰ ਦੇ ਸੰਕਲਪ ਅਤੇ ਇਸ ਸੰਕਲਪ ਦੀ ਵਿਆਖਿਆ ਅਤੇ ਹਮਾਇਤ ਵਿਚ ਥੱਬਿਆਂ ਦੇ ਥੱਬੇ ਲੇਖ ਲਿਖੇ ਹਨ ਅਤੇ ਲਗਾਤਾਰ ਲਿਖੇ ਜਾ ਰਹੇ ਹਨ। ਕਈ ਚੈਨਲ ਤਾਂ ਇਸ ਵਿਸ਼ੇ ਉੱਤੇ ਵੱਡੀਆਂ ਅਤੇ ਇਕ ਪਾਸੜ ਬਹਿਸਾਂ ਦੀ ਮੂਸਲਾਧਾਰ ਬਾਰਿਸ਼ ਕਰ ਰਹੇ ਹਨ। ਸੰਵਿਧਾਨ ਨੂੰ ਬਦਲਣ ਦੀਆਂ ਗੱਲਾਂ ਵੀ ਸਾਹਮਣੇ ਆ ਰਹੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਹਿੰਦੂ ਰਾਸ਼ਟਰ ਐਮਪਾਇਰ ਕਾਇਮ ਕਰਨ ਦੇ ਕਿਸੇ ਪੁਰਾਣੇ ਮਾਡਲ ਨੂੰ ਨਵੇਂ ਅੰਦਾਜ਼ ਵਿਚ ਪੇਸ਼ ਕਰਨ ਵੱਲ ਵਧ ਰਿਹਾ ਹੈ? ਕੀ ਇਕ ਬੋਲੀ ਅਤੇ ਇਕ ਸੱਭਿਆਚਾਰ ਨਾਲ ਸਾਰਿਆਂ ਨੂੰ ਨਰੜਿਆ ਜਾ ਰਿਹਾ ਹੈ? ਅਗਲੀ ਪੁਸਤਕ ਇਨ੍ਹਾਂ ਗੰਭੀਰ ਵਿਸ਼ਿਆਂ ਨੂੰ ਆਪਣੀ ਸੋਚ ਦਾ ਹਿੱਸਾ ਬਣਾਏਗੀ, ਇਸ ਦੀ ਲੇਖਕ ਤੋਂ ਉਮੀਦ ਕੀਤੀ ਜਾਂਦੀ ਹੈ।

ਪੁਸਤਕ ਵਿਚ ਕੁਝ ਵੱਡੀਆਂ ਕਮੀਆਂ ਵੀ ਦੇਖਣ ਵਿਚ ਆਈਆਂ ਹਨ। ਜਾਪਦਾ ਹੈ ਕਿ ਇਸ ਦੀ ਪਰੂਫ ਰੀਡਿੰਗ ਵੱਲ ਉਕਾ ਹੀ ਧਿਆਨ ਨਹੀਂ ਦਿੱਤਾ ਗਿਆ। ਪੁਸਤਕ ਦਾ ਵਿਸ਼ਾ ਕਿਉਂਕਿ ਬਹੁਤ ਹੀ ਗੰਭੀਰ ਕਿਸਮ ਦਾ ਹੈ ਅਤੇ ਵੈਸੇ ਵੀ ਪਹਿਲੀ ਵਾਰ ਇਸ ਵਿਸ਼ੇ ਉੱਤੇ ਪੰਜਾਬੀ ਵਿਚ ਗੰਭੀਰ ਵਿਚਾਰ ਸਾਡੇ ਸਾਹਮਣੇ ਲਿਆਂਦੇ ਗਏ ਹਨ, ਇਸ ਲਈ ਸੁਭਾਵਿਕ ਹੀ ਇਸ ਪੁਸਤਕ ਦਾ ਵਿਦਵਾਨਾਂ ਦੇ ਵਿਹੜੇ ਵਿਚ ਗੰਭੀਰ ਮੁਤਾਲਿਆ ਅਤੇ ਵਿਸ਼ਲੇਸ਼ਣ ਕੀਤਾ ਹੀ ਜਾਣਾ ਹੈ। ਕੁਝ ਸ਼ਬਦ ਇਸ ਤਰ੍ਹਾਂ ਹਨ ਅਤੇ ਠੀਕ ਬਰੈਕਟਾਂ ਵਿਚ ਦਿੱਤੇ ਗਏ ਹਨ; ਜਿਵੇਂ ਅੰਦਾਜਾ (ਅੰਦਾਜ਼ਾ) ਜਜਬਾ (ਜਜ਼ਬਾ) ਜਰੂਰੀ (ਜ਼ਰੂਰੀ) ਜਿਆਦਾ (ਜ਼ਿਆਦਾ) ਕਲਪਣਾ (ਕਲਪਨਾ) ਫੋਜੀ (ਫੌਜੀ) ਜਰਖੇਜ (ਜਰਖੇਜ਼) ਪੂੰਜੀਵਾਦ (ਪੂੰਜੀਵਾਦ) ਵਿਉਪਾਰਕ (ਵਪਾਰਕ) ਆਜਾਦ (ਆਜ਼ਾਦ) ਡੁੰਘੀ (ਡੂੰਘੀ) ਨੋਕਰਸ਼ਾਹੀ (ਨੌਕਰਸ਼ਾਹੀ) ਅਤੇ ਇਹੋ ਜਿਹੇ ਦਰਜਨਾਂ ਹੋਰ ਸ਼ਬਦ ਹਨ ਜਿਸ ਵਿਚ ਠੀਕ ਸ਼ਬਦ ਜੋੜ ਲਿਖਣ ਦੀ ਗੰਭੀਰਤਾ ਨੂੰ ਨਹੀਂ ਸਮਝਿਆ ਗਿਆ। ਕਿਤਾਬ ਦੇ ਅੰਤ 'ਤੇ ਵਿਸ਼ੇ ਦੇ ਨਿਚੋੜ ਨਾਲ ਸਬੰਧਤ ਇਕ ਕਾਂਡ ਜ਼ਰੂਰ ਚਾਹੀਦਾ ਸੀ। ਉਸ ਨਾਲ ਪਾਠਕਾਂ ਦੇ ਗਿਆਨ ਦੀ ਗੰਭੀਰ ਅਤੇ ਔਸਤ ਪਰਤ ਨੂੰ ਸਬੰਧਤ ਵਿਸ਼ੇ ਦੇ ਵੱਖ ਵੱਖ ਪਹਿਲੂਆਂ ਬਾਰੇ ਸੰਖੇਪ ਜਾਣਕਾਰੀ ਵੀ ਮਿਲਦੀ ਅਤੇ ਵਿਸ਼ੇ ਵਿਚ ਦਿਲਚਸਪੀ ਵੀ ਪੈਦਾ ਹੁੰਦੀ। ਜਸਵੀਰ ਸਿੰਘ ਵੱਲੋਂ ਇਸ ਮਹੱਤਵਪੂਰਨ ਵਿਸ਼ੇ ਉੱਤੇ ਕੀਤੇ ਗਏ ਪਲੇਠੇ ਯਤਨ ਦੀ ਹਰ ਪਾਸਿਓਂ ਪ੍ਰਸ਼ੰਸਾ ਅਤੇ ਸਵਾਗਤ ਕੀਤਾ ਜਾਣਾ ਚਾਹੀਦਾ ਹੈ।

# ਮਿੰਨੀ ਓਪੇਰਾ: ਯੋਰਪ ਤੋਂ ਫ਼ਲਸਤੀਨ ਤੱਕ: ਸਫ਼ਰ-ਏ-ਹਿਟਲਰ



**ਡਾ. ਸੁਖਪਾਲ ਸੰਘੇੜਾ ਉਰਫ ਪਰਖ਼ਾ**

## ਮਨੁੱਖ ਦਾ ਖੜ੍ਹਨਾ

(ਮੂਕ ਦ੍ਰਿਸ਼ 'ਗਾਜ਼ਾ' ਦੀ ਤਬਾਹੀ ਦਾ, ਇਜ਼ਰਾਈਲੀ ਬੰਬਾਰੀ ਕਾਰਨ, 7 ਅਕਤੂਬਰ 2023 ਦੀਆਂ ਘਟਨਾਵਾਂ ਤੋਂ ਬਾਅਦ!)

ਇੱਕ ਦਿਨ ਨਾ ਜ਼ਾਲਮ ਰਹੇਗਾ!
ਨਾ ਹੀ ਕੋਈ ਮਜ਼ਲੂਮ
ਰਹੇਗਾ!
ਕਿਹੜਾ ਕਿਸ ਸੰਗ
ਖੜ੍ਹਿਆ 'ਪਰਖਿਆ'
ਦਾ ਸਦਾ ਮਜ਼ਬੂਨ
ਰਹੇਗਾ।

ਜਿਹੜਾ ਜ਼ਾਲਮ
ਵਿਰੁੱਧ ਲੜਿਆ
ਜਾਂ ਮਜ਼ਲੂਮ ਸੰਗ ਖੜਿਆ,
ਇਤਿਹਾਸ-ਏ-ਮਾਨਵਤਾ ਵਿੱਚ
ਉਹਦਾ ਸਦਾ ਸਿਰ ਉੱਚਾ,

ਜਿਹੜਾ ਜ਼ਾਲਮ ਸੰਗ ਖੜ੍ਹਿਆ
ਜਾਂ ਚੁੱਪ ਰਿਹਾ ਕਰਿਆ,
ਉਹਦੀ ਮਾਨਵਤਾ ਨੂੰ ਲੱਗਿਆ 'ਪਰਖ਼ਿਆ'
ਸਦਾ ਇਹ ਊਣ ਰਹੇਗਾ।

---

## ਸੱਤ ਅਕਤੂਬਰ

(ਸਟੇਜ ਦ੍ਰਿਸ਼: 7 ਅਕਤੂਬਰ 2023 ਦੀਆ ਘਟਨਾਵਾਂ ਦੇ ਸੰਕੇਤ ਤੇ ਝਲਕਾਂ )

ਸੱਤ ਅਕਤੂਬਰ ਵੀਹ ਸੌ ਤੇਈ
ਗਿਆ ਸੀ ਹੋਅ,
ਜਦ ਰਾਜ-ਸੱਤਾ ਇਜ਼ਰਾਈਲ ਦੀ
ਗੂੜ੍ਹੀ ਨੀਂਦ ਰਹੀ ਸੀ ਸੌਂ,
ਇਜ਼ਰਾਈਲ ਦੇ ਉੱਤੇ ਹਮਲਾ
ਤਦ ਰਿਹਾ ਸੀ ਹੋ।

ਬਾਰਡਰੋਂ ਪਾਰ ਤੋਂ ਰਾਕਟ ਵਰਸਾਏ
ਬਾਰਡਰ ਪਾਰ ਕਰ ਖ਼ੁਦ ਵੀ ਆਏ,
ਫਲਸਤੀਨੀ ਜਥੇਬੰਦੀ 'ਹਮਾਸ' ਵਲੋਂ
ਇਜ਼ਰਾਈਲ ਦੇ ਕਾਫੀ ਅੰਦਰ
ਹਮਾਸੀ ਅਗਵਾਕਾਰਾਂ ਦੀ
ਟੋਲੀ ਉੱਥੇ ਭੌਂ ਰਹੀਂ ਸੀ।

ਇਸ ਹਵਾਈ-ਜ਼ਮੀਨੀ ਹਮਲੇ ਵਿੱਚ
ਕਰੀਬ 1200 ਇਜ਼ਰਾਈਲੀ ਮਾਰੇ ਗਏ
200 ਤੋਂ ਵੱਧ ਅਗਵਾ ਹੋਏ;
ਮੌਤ ਵਰਤਾ ਵਰਤਾ ਕੇ
ਦਹਿਸ਼ਤ ਫ਼ੈਲਾ ਕੇ
ਅਗਵਾ ਕੀਤਿਆਂ ਨੂੰ ਲੈ ਕੇ
ਅਗਵਾਕਾਰਾਂ ਦੀ ਟੋਲੀ ਅਲੋਪ ਹੋ ਰਹੀ ਸੀ,
ਜਿਹਦਾ ਕੰਮ ਸੀ ਇਸ ਭਾਣੇ ਨੂੰ ਵਰਤਣ ਤੋਂ ਰੋਕਣਾ
ਰਾਜ-ਸੱਤਾ ਇਜ਼ਰਾਈਲ ਦੀ ਸੌਂ ਰਹੀ ਸੀ।

ਸਿਪਾਹੀਆਂ ਤੋਂ ਸਿਪਾਹੀਆਂ ਤੱਕ ਦੀ
ਲੜਾਈ ਤਾਂ ਸਮਝ ਆਉਂਦੀ ਹੈ,
ਪਰ ਜਦੋਂ ਮੌਤ ਦੇ ਮੂੰਹ ਧੱਕਿਆਂ
ਤੇ ਅਗਵਾ ਕੀਤਿਆਂ ਵਿੱਚ
ਫ਼ੌਜੀਆਂ ਤੋਂ ਇਲਾਵਾ ਮਾਸੂਮ ਬੱਚਿਆਂ ਔਰਤਾਂ
ਤੇ ਬਜ਼ੁਰਗਾਂ ਦੀ ਗਿਣਤੀ ਵੀ ਥਿਆਉਂਦੀ ਹੈ,
ਤਾਂ ਇਹ ਦਹਿਸ਼ਤਗਰਦੀ ਸਿਰ ਘੁੰਮਾਉਂਦੀ ਹੈ,
ਇਹਦੀ ਨਿੰਦਿਆ ਜਿੰਨੀ ਵੀ ਕੀਤੀ ਜਾਏ ਥੋੜ੍ਹੀ ਹੈ,
ਪਰ ਘੁੰਮਦੇ ਸਿਰ ਨੂੰ, ਪਰ ਇੱਕ ਗੱਲ ਬਹੁੜੀ ਹੈ:

ਹਰ ਆਦਮੀ ਜੰਮਦਾ ਮਾਸੂਮ ਹੁੰਦਾ ਹੈ,
ਮਾਸੂਮੀਅਤ ਬਚਪਣ ਦਾ
'ਪਰਖਿਆ' ਕਾਨੂੰਨ ਹੁੰਦਾ ਹੈ।
ਇਹ ਦਹਿਸ਼ਤਗਰਦੀ, ਫਿਰ ਕਿੱਥੋਂ ਆਈ ਹੈ,
ਇਹ ਕਿੱਥੇ ਪਲਦੀ ਹੈ, ਕਿਸ ਮਾਂ ਦੀ ਜਾਈ ਹੈ?

---

## ਬਾਤ-ਏ-ਇਤਿਹਾਸ

ਨਹੀਂ ਜੰਮੀ ਸੱਤ ਅਕਤੂਬਰ ਨੇ
ਇਹ ਪੌਣੀ ਸਦੀ ਦੀ ਬਾਤ ਹੈ,
ਜੋ ਧਰਮ ਦੇ ਨਾਂ 'ਤੇ ਪਾਈ ਸੀ
ਇਹ ਲੁੱਟ-ਖਸੁੱਟ ਦੀ ਰਾਤ ਹੈ।

ਧਰਤੀ 'ਤੇ ਧਿਰਾਂ ਦੋ 'ਪਰਖ਼ਿਆ'
ਇੱਕ ਕਿਰਤੀ ਇੱਕ ਲੁਟੇਰਿਆਂ ਦੀ,
ਦੋਨਾਂ ਵਿੱਚ ਜੰਗ ਵਿੱਚੋਂ ਲੰਘਦਾ
ਮਨੁੱਖਤਾ ਦਾ ਇਤਿਹਾਸ ਹੈ।

ਕਿਸੀ ਬਹਾਨੇ, ਕੋਈ ਵੀ ਹੋ
ਜੋ ਢਾਹਵੇ ਜ਼ੁਲਮ ਮਸੂਮਾਂ 'ਤੇ,
ਉਹ ਕਿਸੇ ਸ਼ੈਤਾਨ ਦਾ ਹੈ ਜਾਇਆ
ਨਾ ਮਾਨਵਤਾ ਦੀ ਜਾਤ ਹੈ।

ਕਿਸ ਵੀ ਬਹਾਨੇ, ਕੋਈ ਵੀ ਹੋ
ਜੋ ਢਾਹਵੇ ਜ਼ੁਲਮ ਮਸੂਮਾਂ 'ਤੇ,
ਉਹ ਜ਼ਾਲਮ ਦਹਿਸ਼ਤਵਾਦੀ ਹੈ
ਉਹ ਜ਼ੁਲਮ ਦਹਿਸ਼ਤਵਾਦ ਹੈ।

~~~

## ਜੜ੍ਹ-ਏ-ਦਹਿਸ਼ਤਵਾਦ

ਜ਼ਾਲਮ ਹੱਥ ਹਥਿਆਰ ਹੈ ਹੁੰਦਾ,
ਮਾਸੂਮ ਦੀ ਖ਼ਾਲੀ ਬਾਂਹ ਹੁੰਦੀ ਹੈ,
ਗੋਲੀਆਂ ਸੰਗ ਰੋੜੇ ਟਕਰਾਉਂਦੇ
ਦਹਿਸ਼ਤ ਦਹਿਸ਼ਤ ਤਾਂ ਹੁੰਦੀ ਹੈ।

ਦਹਿਸ਼ਤਵਾਦੀ ਹੋ ਸਕਦਾ ਹੈ
ਬੰਦਾ ਦਹਿਸ਼ਤਵਾਦ ਨਹੀਂ ਹੁੰਦਾ,
ਮਨੁੱਖ ਦੇ ਹੱਥੋਂ ਲੁੱਟ ਮਨੁੱਖ ਦੀ
ਦਹਿਸ਼ਤਵਾਦ ਦੀ ਮਾਂ ਹੁੰਦੀ ਹੈ।

ਮਸਲੇ ਧਰਮ ਦੇ ਹੋਵਣ ਭਾਵੇਂ
ਹੋਵਣ ਉਹ ਸਰਹੱਦਾਂ ਦੇ,
ਇੱਕ ਧਿਰ 'ਪਰਖ਼ੇ' ਲੁੱਟ ਹੁੰਦੀ ਇੱਕ
ਲੋਟੂ ਦੀ ਪਰਛਾਂ ਹੁੰਦੀ ਹੈ।

---

## ਹਿਟਲਰ ਤੋਂ ਹਿਟਲਰ ਤੱਕ

ਦੂਜੇ ਸੰਸਾਰ ਯੁੱਧ ਤੋਂ
ਪਹਿਲਾਂ ਵੀ ਦੌਰਾਨ ਵੀ,
ਯੂਰਪ 'ਚ ਵਸਦੇ ਯਹੂਦੀਆਂ ਦਾ
ਖੋਹਿਆ ਜਾ ਰਿਹਾ ਸੀ
ਜ਼ਮੀਨ ਵੀ ਆਸਮਾਨ ਵੀ!
ਨਾਜ਼ੀਆਂ ਹੱਥੋਂ ਯਹੂਦੀਆਂ ਉੱਪਰ
ਹੋ ਰਿਹਾ ਅੱਤਿਆਚਾਰ ਸੀ,
ਸੱਚ ਹੈ ਯਹੂਦੀ ਉਸ ਵੇਲੇ
ਨਸਲਕੁਸ਼ੀ ਦਾ ਸ਼ਿਕਾਰ ਸੀ।
ਜਰਮਨੀ ਦਾ ਹਿਟਲਰ ਉਸ ਵੇਲੇ
ਨਾਜ਼ੀਆਂ ਦਾ ਸਰਦਾਰ ਸੀ,
ਜਰਮਨੀ ਦੇ ਅੰਦਰ ਤੇ
ਆਲੇ-ਦੁਆਲੇ ਬਾਹਰ ਵੀ,
ਉਹਦੀ ਮਚਾਈ ਹੋਈ 'ਪਰਖ਼ਿਆ'
ਦਹਿਸ਼ਤ ਹਾਹਾਕਾਰ ਸੀ।

ਮਾਡਰਨ ਸਮੇਂ ਯੁੱਗ ਵਿੱਚ
ਵਿਗਿਆਨ ਵਾਲੇ ਯੁੱਗ ਵਿੱਚ
ਵੀਹਵੀਂ ਸਦੀ ਦਾ ਅੱਧ ਸੀ,
ਦੂਸਰੇ ਸੰਸਾਰ ਯੁੱਧ 'ਚੋਂ
ਨਿਕਲਦੇ ਸਾਮਰਾਜਾਂ ਨੂੰ
ਪੈ ਗਿਆ ਜਿਵੇਂ ਯੱਭ ਸੀ।

ਇੰਗਲੈਂਡ ਦਾ ਸੂਰਜ ਚੜ੍ਹਿਆ
ਡੁੱਬਣੇ 'ਤੇ ਸੀ ਆ ਗਿਆ,
ਅਮਰੀਕਾ ਦਾ ਸੁੱਤਾ ਸੂਰਜ ਜੋ
ਚੜ੍ਹਨੇ ਲਈ ਖੰਭ ਫੈਲ੍ਹਾ ਰਿਹਾ।

ਕੁੱਝ ਧਰਮ ਪੋਥੀ ਦੀ ਕਹਿ ਉੱਤੇ
ਕੁੱਝ ਸਾਮਰਾਜਾਂ ਦੀ ਸ਼ਹਿ ਉੱਤੇ,
ਯੋਰਪੀਅਨ ਦੇਸ਼ਾਂ ਵਿੱਚ
ਉੱਜੜੇ ਹੋਏ ਕੁਝ ਯਹੂਦੀਆਂ ਨੇ
ਮੱਧ-ਪੂਰਬ ਵਿੱਚ ਵਸੇ ਹੋਏ
'ਫ਼ਲਸਤੀਨ' ਨੂੰ ਵਹੀਰਾਂ ਘੱਤ ਲਈਆਂ,
ਜ਼ੋਰੀਂ ਮੱਲ ਲਈਆਂ, ਮੁੱਲ ਘੱਟ ਲਈਆਂ
ਜਮੀਨਾਂ 'ਤੇ ਪੈਰ ਵਿਸਾਰ ਕੇ
ਸਾਮਰਾਜਾਂ ਸੰਗ ਵਿਚਾਰ ਕੇ,
ਅੰਤ ਨੂੰ ਹੌਲੀ ਹੌਲੀ
'ਫ਼ਲਸਤੀਨ' ਦੀ ਪੌਣੀ ਧਰਤ ਉੱਤੇ
'ਫ਼ਲਸਤੀਨ' ਨੂੰ ਢਾਹ ਲਿਆ
ਉਨ੍ਹਾਂ ਇਜ਼ਰਾਈਲ ਬਣਾ ਲਿਆ।

ਸ਼ੁਰੂ ਸ਼ੁਰੂ ਵਿੱਚ ਹੀ
ਪਿੰਡ ਪੰਜ ਸੌ ਤੀਹ ਤਬਾਹ ਕਰ ਕੇ
ਪੰਦਰਾਂ ਹਜ਼ਾਰ ਫ਼ਲਸਤੀਨੀ ਜ਼ਿਬਾਹ ਕਰ ਕੇ,
ਸਾਢੇ ਸੱਤ ਲੱਖ ਫ਼ਲਸਤੀਨੀਆਂ ਨੂੰ
ਉਨ੍ਹਾਂ ਦੇ ਘਰਾਂ ਤੋਂ ਉਜਾੜ ਕੇ,
ਇੰਝ ਨਸਲਕੁਸ਼ੀ ਤੇ ਉਜਾੜੇ ਸਮੱਸਿਆ
ਆਪਣੇ ਸਿਰੋਂ ਉਤਾਰ ਕੇ
ਫ਼ਲਸਤੀਨੀਆਂ ਸਿਰ ਚਾੜ੍ਹ ਕੇ,
ਫ਼ਲਸਤੀਨ' ਨੂੰ ਢਾਹ ਕੇ
ਉਨ੍ਹਾਂ ਇਜ਼ਰਾਈਲ ਵਸਾ ਲਿਆ,
ਤੇ ਇਹਦੇ ਰਾਜ-ਤਖ਼ਤ ਨੂੰ
ਫ਼ਲਸਤੀਨੀਆਂ ਵਾਸਤੇ
ਜ਼ੁਲਮਗੜ੍ਹ ਬਣਾ ਲਿਆ।

ਉਦੋਂ ਤੋਂ ਹੁਣ ਤੱਕ
ਪੌਣੀ ਸਦੀ ਤੋਂ ਵੱਧ
ਹਮਲਾਵਰ ਬਣ ਇਜ਼ਰਾਈਲ ਨੇ
ਫ਼ਲਸਤੀਨੀਆਂ ਸਿਰ ਜੰਗਾਂ ਥੋਪ ਕੇ
ਖ਼ੁਦ ਨੂੰ ਜ਼ਬਰੀ ਹੈ ਪਸਾਰਿਆ,
ਫ਼ਲਸਤੀਨੀਆਂ ਤਾਈਂ ਉਜਾੜ ਮਾਰ ਕੇ
'ਗਾਜ਼ਾ' ਪੱਟੀ ਤੇ 'ਵੈਸਟ ਬੈਂਕ' ਜਾ ਧੱਕ ਵਾੜਿਆ।
ਨਾਜ਼ੀਆਂ ਨੇ ਯਹੂਦੀਆਂ ਦੇ ਉੱਪਰ
ਜ਼ੁਲਮ ਜੋ ਵਰਸਾਇਆ ਸੀ,
ਉਹਦਾ ਬਦਲਾ ਇਜ਼ਰਾਈਲ ਨੇ
ਨਾਜ਼ੀਆਂ ਤੋਂ ਨਹੀਂ ਸਗੋਂ,
ਫ਼ਲਸਤੀਨੀਆਂ ਤੋਂ ਚੁਕਾਇਆ ਹੈ।
ਫ਼ਲਸਤੀਨੀਆਂ ਨੂੰ ਆਪਣੇ ਹੀ ਦੇਸ਼ ਵਿੱਚ
ਸ਼ਰਨਾਰਥੀ ਬਣਾਇਆ ਹੈ।
ਕੋਈ ਮਨੁੱਖੀ ਅਧਿਕਾਰ ਨਹੀਂ
ਆਜ਼ਾਦੀ ਵਿੱਚ ਕੋਈ ਸਾਹ ਨਹੀਂ,
ਰੋਜ਼ਨਾਮਚਾ ਜ਼ਿੰਦਗੀ 'ਚ
ਜ਼ਿੰਦਗੀ ਦਾ ਰਾਹ ਨਹੀਂ।

'ਗਾਜ਼ਾ' 'ਵੈਸਟ ਬੈਂਕ' ਵਿੱਚ
ਸੁੰਗੇੜ ਫ਼ਲਸਤੀਨ ਨੂੰ,
ਬੰਬ ਵਰਸਾ, ਰੱਖ ਬੰਦੂਕਾਂ ਦੀਆਂ ਨੋਕਾਂ 'ਤੇ
ਆਪਣੀਆਂ ਬਸਤੀਆਂ ਵਿਚ ਬਦਲਾਇਆ
ਜ਼ਬਰੀ ਗ਼ੁਲਾਮ ਜਿਹਾ ਬਣਾਇਆ
ਇਜ਼ਰਾਈਲ ਨੇ,
ਮਾਨਵਵਾਦ ਦੀ ਥਾਂ ਖ਼ੁਦ ਨੂੰ
ਉਲਟ-ਮਾਨਵਵਾਦ ਦੇ ਰਾਹ ਪਾਇਆ
ਇਜ਼ਰਾਈਲ ਨੇ।

ਇੰਝ ਅਜੀਬ ਵਿਰੋਧਾਭਾਸ ਦੇ ਸਰਾਪ ਵਜੋਂ
ਵਿਰਸੇ 'ਚੇ ਮਿਲਿਆ ਨਾਜ਼ੀਆਂ ਵਲੋਂ
ਜੋ ਇਜ਼ਰਾਈਲ ਨੂੰ
ਮਨੁੱਖਤਾ ਦੇ ਉਜਾੜੇ ਦਾ ਕੰਮ
ਬੇਰੋਕ ਜਾਰੀ ਰਿਹਾ ਹੈ,
ਸੁੰਘੜੇ ਹੋਏ ਫ਼ਲਸਤੀਨ ਵਿੱਚ ਵੀ
ਇਜ਼ਰਾਈਲ ਵਲੋਂ ਫ਼ਲਸਤੀਨੀਆਂ ਨੂੰ
ਜਬਰੀ ਉਨ੍ਹਾਂ ਘਰੋਂ ਉਜਾੜ ਕੇ
ਜਾਂ ਮੌਤ ਦੇ ਘਾਟ ਉਤਾਰ ਕੇ
'ਯਹੂਦੀ ਬਸਤੀਆਂ' ਵਸਾਉਣ ਦਾ ਕੰਮ
ਬੇਟੋਕ ਜਾਰੀ ਰਿਹਾ ਹੈ।

ਦਹਾਕੇ ਵੱਧ ਸਾਲਾਂ ਤੋਂ,
ਧਰਤੀ ਤੇ ਸਮੁੰਦਰ ਤੋਂ
'ਗਾਜ਼ਾ' ਨੂੰ ਆਉਂਦੇ ਜਾਂਦੇ ਸੱਭ ਰਾਹਾਂ ਨੂੰ
ਇਜ਼ਰਾਈਲ ਨੇ ਬੰਦ ਕਰਾ ਰੱਖਿਆ ਹੈ,
ਇੰਝ ਏਸ ਇਲਾਕੇ ਨੂੰ ਖੁੱਲ੍ਹਾ
ਮਨੁੱਖਤਾ ਦਾ ਕੈਦਖ਼ਾਨਾ ਬਣਾ ਰੱਖਿਆ ਹੈ।

ਫ਼ਲਸਤੀਨੀਆਂ ਨੂੰ ਨਿੱਤ-ਨੇਮ ਨਾਲ ਕਦਮ ਕਦਮ 'ਤੇ
ਬੇਇੱਜ਼ਤੀ ਭਰਿਆ ਦਮਨ ਹੰਢਾਉਣਾ ਪੈਂਦਾ ਰਿਹਾ ਹੈ,
'ਅਮਨ' ਹੋਵੇ ਜਾਂ ਜੰਗ, ਲਗੇ ਫ਼ੌਜੀ ਨਾਕਿਆਂ 'ਤੇ
ਜਾਮਾ ਤਲਾਸ਼ੀ ਵਿੱਚ ਪਾਣੀ ਪਾਣੀ ਹੋਣਾ ਪੈਂਦਾ ਰਿਹਾ ਹੈ।

ਸ਼ਾਇਦ ਇਜ਼ਰਾਈਲ ਨੇ
ਨਾਜ਼ੀਆਂ ਦੇ ਲਗਾਏ ਨਜ਼ਰਬੰਦੀ ਕੈਂਪਾਂ ਦੇ
ਇਤਿਹਾਸ ਤੋਂ ਹੀ ਸਿੱਖਿਆ ਹੈ,
ਕਿ ਫ਼ਲਸਤੀਨੀਆਂ ਨੂੰ ਫ਼ਲਸਤੀਨ ਵਿੱਚ ਹੀ
ਮਨੁੱਖੀ ਹੱਕਾਂ ਤੋਂ ਵਾਂਝੇ
ਕੈਦੀ ਬਣਾਈ ਰੱਖਿਆ ਹੈ।

ਸ਼ਰਮਨਾਕ ਮਿਸਾਲ ਵਿਰੋਧਾਭਾਸ ਦੀ
ਇੰਝ ਇਜ਼ਰਾਈਲ ਇਤਿਹਾਸ ਵਿੱਚ
ਫ਼ਲਸਤੀਨੀਆਂ ਲਈ ਜ਼ੁਲਮ ਦਾ
ਨਾਜ਼ੀਗੜ੍ਹ ਕਹਿਲਾਏਗਾ,
ਇਹ ਕੌੜਾ ਸੱਚ ਇਤਿਹਾਸ ਵਿੱਚ
ਹਿਟਲਰ ਤੇ ਨਾਜ਼ੀਆਂ ਦੀਆਂ ਸੀਟਾਂ
ਦੇ ਬਰੋਬਰ ਬੈਠ ਜਾਏਗਾ।

***(ਚੱਲਦਾ)***

## ਸੰਪਾਦਕ ਦੀ ਡਾਕ

**ਸੰਪਾਦਕ ਜੀ,**

ਮੇਰੀ ਲਿਖਤ 'ਮਰਦਾਨਾ ਜੀ ਕਹਿਤ ਰਹੇ' ਬਾਰੇ ਇੱਕ ਸੁਹਿਰਦ ਪਾਠਕ ਦਾ ਪ੍ਰਤੀਕਰਮ ਦੇਖਿਆ ਜਿਨ੍ਹਾਂ ਨੂੰ ਇਹ ਗੁਰੂ ਸਾਹਿਬ ਬਾਰੇ ਮਜ਼ਾਕ ਲੱਗਿਆ ਤੇ ਇਸ 'ਤੇ ਇਤਰਾਜ਼ ਕੀਤਾ। ਕਾਫੀ ਸਮਾਂ ਪਹਿਲਾਂ ਵੀ ਮੇਰੀ ਲਿਖਤ 'ਬਾਬੇ ਕੀਤਾ ਸਟਿੰਗ ਆਪਰੇਸ਼ਨ' ਬਾਰੇ ਵੀ ਕਿਸੇ ਦਾ ਇਤਰਾਜ਼ ਆਇਆ ਸੀ। ਪਹਿਲੀ ਗੱਲ ਤਾਂ ਇਹ ਹੈ ਕਿ ਮੇਰੇ ਸਮੇਤ ਕੋਈ ਵੀ ਸਿੱਖ, ਚਾਹੇ ਉਹ ਆਸਤਕ ਹੈ ਜਾਂ ਨਾਸਤਕ, ਗੁਰੂ ਸਾਹਿਬ ਦੀ ਪ੍ਰਤਿਭਾ 'ਤੇ ਕਿੰਤੂ-ਪ੍ਰੰਤੂ ਨਹੀਂ ਕਰ ਸਕਦਾ। ਬਲਕਿ ਨਾ ਕੇਵਲ ਸਿੱਖ ਦੁਨੀਆਂ ਦੀ ਕੁਲ ਲੋਕਾਈ ਗੁਰੂ ਸਾਹਿਬ ਦਾ ਸਤਿਕਾਰ ਕਰਦੀ ਹੈ। ਇਸ ਵਿਚ ਗੁਰੂ ਸਾਹਿਬ ਦੀ ਸ਼ਾਨ ਵਿਚ ਕੁਝ ਵੀ ਗਲਤ ਨਹੀਂ ਹੈ, ਕਿਉਂਕਿ ਮਰਦਾਨਾ ਤਾਂ ਆਪ ਬਾਰ ਬਾਰ ਕਹਿ ਰਿਹਾ ਹੈ ਕਿ ਗੁਰੂ ਜੀ ਆਪ ਸਭ ਜਾਣੀ-ਜਾਣ ਹੋ, ਪਰ ਗੁਰੂ ਜੀ ਉਸ ਦੇ ਮੂੰਹੋਂ ਸੁਣਨਾ ਚਾਹੁੰਦੇ ਹਨ। ਕਈ ਜਨਮ ਸਾਖੀਆਂ ਵਿਚ ਵੀ ਮਰਦਾਨੇ ਅਤੇ ਗੁਰੂ ਜੀ ਵਿਚਕਾਰ ਇਸ ਤਰ੍ਹਾਂ ਦਾ ਵਿਅੰਗ ਵਾਰਤਾਲਾਪ ਮਿਲਦਾ ਹੈ। ਮੈਂ ਆਪਣੇ ਬਾਰੇ ਕੁਝ ਨਹੀਂ ਕਹਿੰਦਾ ਪਰ ਵਿਦਵਾਨ ਸੱਜਣਾਂ-ਡਾ. ਸੁਖਦੇਵ ਸਿੰਘ ਝੰਡ, ਡਾ. ਸਾਧੂ ਸਿੰਘ, ਗੁਰਦੇਵ ਸਿੰਘ ਮਾਨ ਅਤੇ ਲੇਖਕ ਹਰਜੀਤ ਬੇਦੀ ਹੁਰਾਂ ਇਨ੍ਹਾਂ ਲਿਖਤਾਂ ਨੂੰ ਵਧੀਆ ਵਿਅੰਗ ਕਰਾਰ ਦਿੱਤਾ ਹੈ। ਸਿੱਖ ਧਰਮ ਅੱਜ ਕਿੰਨਾ ਕੁ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦਾ ਅਮਲ ਕਰ ਰਿਹਾ ਹੈ ਅਤੇ ਸਿੱਖ ਸੰਸਥਾਵਾਂ ਦੀ ਕਾਰਗੁਜ਼ਾਰੀ ਕਿੰਨੀ ਕੁ ਗੁਰੂ ਆਸ਼ਿਆਂ ਦੇ ਅਨੁਸਾਰ ਹੈ, ਜੱਗ ਜ਼ਾਹਰ ਹੈ। ਸਾਨੂੰ ਅੰਧ ਸ਼ਰਧਾ ਦਾ ਤਿਆਗ ਕਰਦੇ ਹੋਏ ਗੁਰੂ ਸਾਹਿਬ ਦੀ ਪੂਜਾ ਦੀ ਥਾਂ ਉਨ੍ਹਾਂ ਦੇ ਉਪਦੇਸ਼ਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਧੰਨਵਾਦ।

***-ਹਰਜੀਤ ਦਿਓਲ***

## ਯਾਦ ਰੱਖਣ ਯੋਗ ਗੱਲਾਂ



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

\* ਸਮੇਂ ਨਾਲ ਹਰ ਸ਼ੈਅ ਢਲ ਜਾਂਦੀ ਹੈ, ਸਿਰਫ ਇਨਸਾਨ ਦਾ ਵਿਹਾਰ ਅਤੇ ਪਿਆਰ ਕਦੇ ਬੁੱਢਾ ਨਹੀਂ ਹੁੰਦਾ।

\* ਕਿਸੇ ਵੀ ਨੇਕ ਰੂਹ ਨਾਲ ਪੰਗਾ ਨਾ ਲਵੋ ਨੁਕਸਾਨ ਹੋਵੇਗਾ ਜੇ ਤਾਂ ਉਹ ਰੂਹ ਜਿਸ ਨੂੰ ਤੁਸੀਂ ਗ਼ਲਤ ਬੋਲੇ ਹੋ ਉਸ ਨੇ ਤੁਹਾਨੂੰ ਜਵਾਬ ਦੇ ਦਿੱਤਾ ਤਾਂ ਵੀ ਬਚ ਸਕਦੇ ਹੋ ਪਰ ਜੇ ਉਹ ਚੁੱਪ ਕਰਕੇ ਗੁੱਸਾ ਪੀ ਗਿਆ ਤਾਂ ਬਹੁਤ ਬੁਰਾ ਹੋਵੇਗਾ।

\* ਅੱਜ-ਕੱਲ੍ਹ ਦਾ ਮਨੁੱਖ ਜ਼ੋਖਮ ਉਠਾ ਕੇ ਵੀ ਅੱਗੇ ਵਧਣ ਦੀ ਫਿਰਾਕ ਵਿਚ ਰਹਿੰਦਾ ਹੈ, ਪਹਿਲਾਂ ਜੋ ਹੈ ਉਸ ਵਿਚ ਹੀ ਸਬਰ ਕਰਦਾ ਸੀ ਸਲਾਹਕਾਰ ਵੀ ਉਹੋ ਜਿਹੇ ਹੁੰਦੇ ਸਨ ਉਹ ਛੱਡ ਯਾਰ ਜੇ ਤੇਰਾ ਦੁੱਧ ਵਿਕਦਾ ਹੈ ਤਾਂ ਦਹੀਂ ਜਮਾਉਣ ਦੀ ਕੀ ਲੋੜ ਹੈ ਖਾਣੀਆਂ ਤਾਂ ਦੋ ਰੋਟੀਆਂ ਹੀ ਹਨ।

\* ਅਕਸਰ ਦੁੱਧ ਫਟਣ 'ਤੇ ਉਹੀ ਘਬਰਾਉਂਦੇ ਹਨ ਜਿਨ੍ਹਾਂ ਨੂੰ ਪਨੀਰ ਬਣਾਉਣਾ ਨਹੀਂ ਆਉਂਦਾ।

\* ਵੈਸੇ ਤਾਂ ਜ਼ੁਲਮ ਕਿਸੇ 'ਤੇ ਵੀ ਨਾ ਕਰੋ ਪਰ ਉਸ ਉੱਤੇ ਭੁੱਲ ਕੇ ਵੀ ਨਾ ਕਰੋ ਜਿਸ ਉੱਤੇ ਜ਼ੁਲਮ ਹੋਣ ਉੱਪਰ ਪੁਕਾਰ ਕਰਨ ਵਾਸਤੇ ਸਿਰਫ ਪਰਮਾਤਮਾ ਹੀ ਹੋਵੇ।

\* ਕਿਸੇ ਨੇ ਸਵਾਲ ਕੀਤਾ ਅੱਜ-ਕੱਲ੍ਹ ਔਲਾਦ ਵਿਗੜੈਲ ਕਿਉਂ ਹੁੰਦੀ ਹੈ? ਜਵਾਬ ਸੀ ਔਰਤਾਂ ਆਪਣੀ ਔਲਾਦ ਨੂੰ ਸੁਧਾਰਨ ਦੀ ਥਾਂ ਸੱਸ ਦੀ ਔਲਾਦ ਨੂੰ ਸੁਧਾਰਨ 'ਚ ਲੱਗੀਆਂ ਰਹਿੰਦੀਆਂ ਹਨ।
~~~

# ਮੋਦੀ ਸਰਕਾਰ ਦੀਆਂ ਕੁਦਰਤ-ਦੋਖੀ ਨੀਤੀਆਂ ਦਾ ਨਤੀਜਾ ਹੈ - ਉੱਤਰਕਾਸ਼ੀ ਸੁਰੰਗ ਹਾਦਸਾ



ਗੁਰਪ੍ਰੀਤ ਚੋਗਾਵਾਂ
ਫੋਨ:+91-88476-32954

12 ਨਵੰਬਰ ਨੂੰ ਉੱਤਰਾਖੰਡ ਦੇ ਉੱਤਰਕਾਸ਼ੀ ਜ਼ਿਲ੍ਹੇ ਦੇ ਪਹਾੜੀ ਖੇਤਰ ਵਿਚ ਬਣ ਰਹੀ ਇਕ ਸੁਰੰਗ ਦੇ ਅਚਾਨਕ ਢਹਿ ਜਾਣ ਕਰਨ 41 ਮਜ਼ਦੂਰ ਮਲਬੇ ਵਿਚ ਫਸ ਗਏ। ਹਾਦਸੇ ਦੇ 17 ਦਿਨ ਬਾਅਦ, ਵਿਦੇਸ਼ੀ ਸੁਰੰਗ ਮਾਹਿਰਾਂ ਦੇ ਸਹਿਯੋਗ ਨਾਲ਼ ਮਜ਼ਦੂਰਾਂ ਨੂੰ ਉੱਥੋਂ ਕੱਢਿਆ ਗਿਆ। ਚੰਦ ਤੱਕ ਪਹੁੰਚਣ ਦੀਆਂ ਗੱਲਾਂ ਕਰਨ ਵਾਲ਼ੀ ਭਾਰਤ ਸਰਕਾਰ ਨੇ ਇਸ ਰਾਹਤ ਕਾਰਜ ਰਾਹੀਂ ਆਪਣੀ ਮਸ਼ਹੂਰੀ ਕਰਨ ਲਈ ਆਪਣਾ ਪੂਰਾ ਜ਼ੋਰ ਲਾਇਆ। ਸਰਕਾਰ ਪੱਖੀ ਮੀਡੀਆ ਦਿਨ ਰਾਤ ਮੋਦੀ ਸਰਕਾਰ ਦੇ ਮਜ਼ਦੂਰਾਂ ਪ੍ਰਤੀ ਝੂਠੇ ਫਿਕਰ ਨੂੰ ਵਧਾ-ਚੜ੍ਹਾ ਕੇ ਪ੍ਰਚਾਰਦਾ ਰਿਹਾ। ਇਸ ਸਾਰੇ ਮਾਮਲੇ ਵਿਚ ਜੋ ਅਸਲ ਸਵਾਲ ਪੁੱਛਣਾ ਬਣਦਾ ਹੈ ਉਹ ਇਹ ਹੈ ਕਿ ਇਸ ਪਹਾੜੀ ਖੇਤਰ ਵਿਚ ਮਜ਼ਦੂਰਾਂ, ਸਥਾਨਕ ਲੋਕਾਂ ਨੂੰ ਖਤਰੇ ਵਿਚ ਪਾ ਕੇ, ਇਸ ਸੁਰੰਗ ਦੀ ਉਸਾਰੀ ਵਰਗੇ ਕੁਦਰਤ ਤੇ ਮਨੁੱਖ ਵਿਰੋਧੀ ਪ੍ਰੋਜੈਕਟ ਨੂੰ ਮਨਜ਼ੂਰੀ ਹੀ ਕਿਉਂ ਮਿਲੀ ਅਤੇ ਕੀ ਇਸ ਸੜਕ ਦੀ ਸੱਚੀਓਂ ਕੋਈ ਲੋੜ ਸੀ? ਇਸ ਸੁਰੰਗ ਦਾ ਠੇਕਾ ਜਿਸ ਕੰਪਨੀ ਨੂੰ ਮਿਲਿਆ ਹੈ, ਉਸਦਾ ਰਿਕਾਰਡ ਅਜਿਹੇ ਮਾਮਲਿਆਂ ਵਿਚ ਪਹਿਲਾਂ ਹੀ ਬਹੁਤ ਖਰਾਬ ਹੈ। ਇਸ ਸੁਰੰਗ ਨੂੰ ਨਵਯੁਗ ਇੰਜੀਨੀਅਰਿੰਗ ਨਾਮਕ ਇਕ ਕੰਪਨੀ ਬਣਾ ਰਹੀ ਸੀ। 3 ਮਹੀਨੇ ਪਹਿਲਾਂ ਹੀ ਮਹਾਰਾਸ਼ਟਰ ਦੇ ਠਾਨੇ ਇਲਾਕੇ ਵਿਚ, ਮੁੰਬਈ-ਸਮਰੁਧੀ ਸੜਕ ਯੋਜਨਾ ਤਹਿਤ ਇਕ ਪੁਲ ਦੀ ਉਸਾਰੀ ਦੌਰਾਨ ਕਰੇਨ ਡਿੱਗਣ ਕਾਰਨ 20 ਮਜ਼ਦੂਰ ਮਾਰੇ ਗਏ ਸਨ। ਇਸ ਪ੍ਰੋਜੈਕਟ ਦਾ ਠੇਕਾ ਵੀ ਇਸੇ ਨਵਯੁਗ ਇੰਜੀਨੀਅਰਿੰਗ ਕੰਪਨੀ ਨੂੰ ਹੀ ਮਿਲ਼ਿਆ ਸੀ। ਇਸ ਹਾਦਸੇ ਤੋਂ ਬਾਅਦ ਵੀ ਕੰਪਨੀ ਕੋਲੋਂ ਅਗਲੇ ਪ੍ਰੋਜੈਕਟ ਦੇ ਠੇਕੇ ਵਾਪਸ ਨਹੀਂ ਲਏ ਗਏ ਅਤੇ ਸਿਰਫ ਛੋਟੇ-ਮੋਟੇ ਸਥਾਨਕ ਠੇਕੇਦਾਰਾਂ 'ਤੇ ਹੀ ਪਰਚੇ ਦਰਜ ਕੀਤੇ ਗਏ। ਇਹ ਸੁਰੰਗ ਸਿਲਕੀਰਾ-ਬਾਰਕੋਟ ਨੂੰ ਆਪਸ ਵਿਚ ਜੋੜਦੀ ਹੈ ਅਤੇ ਯੂਨੀਅਨ ਸਰਕਾਰ ਦੀ ਚਾਰਧਾਮ ਸੜਕ ਯੋਜਨਾ ਦਾ ਹਿੱਸਾ ਹੈ। ਭਾਰਤ ਸਰਕਾਰ ਇਸ ਯੋਜਨਾ ਤਹਿਤ ਉੱਤਰਾਖੰਡ ਵਿਚ ਸਥਿਤ ਚਾਰ ਤੀਰਥ ਅਸਥਾਨਾਂ ਨੂੰ ਸੜਕ ਜ਼ਰੀਏ ਜੋੜ ਕੇ ਸਿਆਸੀ ਲਾਹਾ ਲੈਣਾ ਚਾਹੁੰਦੀ ਹੈ। ਇਸ ਯੋਜਨਾ ਦੀ ਸ਼ੁਰੂਆਤ ਤੋਂ ਹੀ ਸਥਾਨਕ ਲੋਕ ਅਤੇ ਭੂ-ਵਿਗਿਆਨੀ ਇਸਦਾ ਵਿਰੋਧ ਕਰ ਰਹੇ ਸਨ, ਪਰ ਸਰਕਾਰ ਨੇ ਕਿਸੇ ਦੀ ਨਹੀਂ ਸੁਣੀ ਅਤੇ ਸੜਕ ਉਸਾਰੀ ਨੂੰ ਜਾਰੀ ਰੱਖਿਆ ਜਿਸਦਾ ਨਤੀਜਾ ਮਲਬੇ ਹੇਠਾਂ ਫਸੇ 41 ਮਜ਼ਦੂਰਾਂ ਨੂੰ ਭੁਗਤਣਾ ਪਿਆ।

ਇਸ ਚਾਰਧਾਮ ਸੜਕ ਪ੍ਰੋਜੈਕਟ ਦਾ ਨੀਂਹ ਪੱਥਰ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2016 ਵਿਚ ਰੱਖਿਆ ਸੀ ਅਤੇ ਹੁਣ ਇਸ ਸੜਕ ਦਾ 75% ਤੋਂ ਵੱਧ ਕੰਮ ਪੂਰਾ ਹੋ ਚੁੱਕਿਆ ਹੈ। ਸਰਕਾਰ ਦੀ ਯੋਜਨਾ ਉੱਤਰਾਖੰਡ ਦੇ ਨਾਜ਼ੁਕ ਪਹਾੜੀ ਖੇਤਰ ਵਿਚ 889 ਕਿਲੋਮੀਟਰ ਲੰਬੀ ਅਤੇ ਘੱਟੋ-ਘੱਟ 10 ਮੀਟਰ ਚੌੜੀ ਸੜਕ ਬਣਾਉਣ ਦੀ ਹੈ ਜੋ ਉੱਤਰਾਖੰਡ ਵਿਚ ਸਥਿਤ ਚਾਰ ਪ੍ਰਮੁੱਖ ਤੀਰਥ ਅਸਥਾਨਾਂ-ਬਦਰੀਨਾਥ, ਕੇਦਾਰਨਾਥ, ਯਮੁਨੋਤਰੀ ਅਤੇ ਗੰਗੋਤਰੀ ਨੂੰ ਆਪਸ ਵਿਚ ਜੋੜੇਗੀ। ਇਹਦੇ ਨਾਲ਼ ਹੀ ਇਹ ਸੜਕ ਚੀਨ ਨਾਲ਼ ਲੱਗਦੇ ਬਾਰਡਰ ਨੂੰ ਦੇਹਰਾਦੂਨ ਅਤੇ ਮੇਰਠ ਵਿਚ ਸਥਿਤ ਫੌਜੀ ਛਾਉਣੀਆਂ ਨਾਲ਼ ਵੀ ਜੋੜੇਗੀ। ਪਿਛਲੇ ਕਾਫੀ ਸਮੇਂ ਤੋਂ ਭਾਰਤ ਅਤੇ ਚੀਨ ਵਿਚਕਾਰ ਚੱਲ ਰਹੇ ਸਰਹੱਦੀ ਤਣਾਅ ਕਾਰਨ ਭਾਰਤ ਸਰਕਾਰ ਇਸ ਇਲਾਕੇ ਵਿਚ ਚੀਨ ਦੀਆਂ ਸਰਗਰਮੀਆਂ ਤੋਂ ਡਰੀ ਹੋਈ ਹੈ। ਇਹ ਸੜਕ ਹਰ ਮੌਸਮ ਵਿਚ ਖੁੱਲ੍ਹੀ ਰਹੇਗੀ ਜਿਸ ਨਾਲ਼ ਇਸ ਖੇਤਰ ਵਿਚ ਸੈਲਾਨੀ ਸਰਗਰਮੀਆਂ ਵਧਣਗੀਆਂ ਅਤੇ ਸਰਕਾਰ ਨੂੰ ਲਾਭ ਹੋਵੇਗਾ। ਉੱਤਰਾਖੰਡ ਸਰਕਾਰ 2014 ਤੋਂ ਹੀ ਉੱਤਰਾਖੰਡ ਨੂੰ 'ਦੇਵ-ਭੂਮੀ' ਵਜੋਂ ਪ੍ਰਚਾਰ ਕੇ, ਇੱਥੇ ਸੈਲਾਨੀ ਆਵਾਜਾਈ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਹਰ ਸਾਲ ਸੈਲਾਨੀ ਆਵਾਜਾਈ ਵਧਣ ਅਤੇ ਪਹਾੜੀ ਖੇਤਰ ਵਿਚ ਉਸਾਰੀ ਕਾਰਜਾਂ ਕਾਰਨ ਇਸ ਇਲਾਕੇ ਦੇ ਕੁਦਰਤੀ ਵਾਤਾਵਰਣ ਲਈ ਗੰਭੀਰ ਸੰਕਟ ਪੈਦਾ ਹੋ ਰਹੇ ਹਨ। 2018 ਤੋਂ ਹੀ ਵਾਤਾਵਰਣ ਨੂੰ ਬਚਾਉਣ ਲਈ ਕੰਮ ਕਰ ਰਹੇ ਭੂ-ਵਿਗਿਆਨੀ ਸਰਕਾਰ ਨੂੰ ਇਸ ਪ੍ਰੋਜੈਕਟ ਬਾਰੇ ਚੇਤਾਵਨੀ ਦੇ ਰਹੇ ਹਨ। ਪਹਾੜੀ ਖੇਤਰ ਵਿਚ ਰੁੱਖਾਂ ਦੀ ਕਟਾਈ, ਸੁਰੰਗਾਂ ਦੀ ਉਸਾਰੀ ਨਾਲ਼ ਇਹ ਪੂਰੇ ਹਿਮਾਲਾ ਖੇਤਰ ਦੇ ਨਾਜ਼ੁਕ ਵਾਤਾਵਰਣ ਲਈ ਗੰਭੀਰ ਖਤਰਾ ਪੈਦਾ ਕਰੇਗਾ। ਇਸ ਸਬੰਧੀ ਸਰਵਉੱਚ ਅਦਾਲਤ ਨੇ ਸਾਲ 2020 ਵਿਚ 18 ਮੈਂਬਰੀ ਜਾਂਚ ਕਮੇਟੀ ਬਣਾਈ ਸੀ ਜਿਸਦੇ ਮੈਂਬਰ ਜ਼ਿਆਦਾਤਰ ਸਰਕਾਰੀ ਅਫਸਰ ਸਨ ਅਤੇ ਇਸ ਕਮੇਟੀ ਵਿਚ ਵਿਗਿਆਨੀਆਂ ਅਤੇ ਸਥਾਨਕ ਲੋਕਾਂ ਦੀ ਗੱਲ ਨਹੀਂ ਸੁਣੀ ਗਈ। ਸਰਵਉੱਚ ਅਦਾਲਤ ਨੇ 2020 ਵਿਚ ਆਪਣੇ ਵੱਲੋਂ ਹੀ ਸੁਣਾਏ ਗਏ ਫੈਸਲੇ ਨੂੰ ਬਦਲਦੇ ਹੋਏ, ਸੜਕਾਂ ਨੂੰ ਚੌੜਾ ਕਰਨ ਦੀ ਹੱਦ 5.5 ਮੀਟਰ ਤੋਂ ਵਧਾ ਕੇ 10 ਮੀਟਰ ਤੱਕ ਕਰ ਦਿੱਤੀ। ਇਸ ਕਾਰਨ 24 ਮੀਟਰ ਤੱਕ ਪਹਾੜ ਨੂੰ ਕੱਟਣ ਦੀ ਲੋੜ ਪਵੇਗੀ ਜਿਸਦੇ ਕਾਰਣ ਇਹ ਇਲਾਕਾ ਹੋਰ ਵਧੇਰੇ ਅਸਥਿਰ ਹੋ ਜਾਵੇਗਾ। ਇਸ ਯੋਜਨਾ ਕਾਰਨ 900 ਹੈਕਟੇਅਰ ਜੰਗਲ ਵੱਢਿਆ ਜਾਵੇਗਾ। ਸਰਕਾਰ ਦੀਆਂ ਆਪਣੀਆਂ ਹਦਾਇਤਾਂ ਮੁਤਾਬਕ ਅਜਿਹੀ ਕਿਸੇ ਵੀ ਯੋਜਨਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਸਦੇ ਵਾਤਾਵਰਣ ਉੱਪਰ ਪੈਣ ਵਾਲ਼ੇ ਪ੍ਰਭਾਵਾਂ ਬਾਰੇ ਖੋਜ ਜ਼ਰੂਰ ਹੋਣੀ ਚਾਹੀਦੀ ਹੈ ਜੋ ਇਸ ਮਾਮਲੇ ਵਿਚ ਨਹੀਂ ਕੀਤੀ ਗਈ। ਭੂ-ਵਿਗਿਆਨੀਆਂ ਮੁਤਾਬਕ ਜੰਗਲ ਵੱਢੇ ਜਾਣ ਕਾਰਨ ਇਲਾਕੇ ਵਿਚ ਭੂ-ਖੋਰੀ ਦੀ ਸਮੱਸਿਆ ਵੀ ਪੈਦਾ ਹੋਵੇਗੀ। ਪਹਾੜਾਂ ਨੂੰ ਵਿਸਫੋਟ ਅਤੇ ਡਰਿਲ ਮਸ਼ੀਨਾਂ ਰਾਹੀਂ ਤੋੜਨ ਕਾਰਨ ਪੈਦਾ ਹੋਏ ਮਲਬੇ ਨੂੰ ਸੰਭਾਲ਼ਣ ਦਾ ਵੀ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਹੈ ਜਿਸ ਕਾਰਨ ਮੀਹਾਂ ਦੇ ਮੌਸਮ ਵਿਚ ਭੂ-ਖਿਸਕਣ ਨਾਲ਼ ਵੱਡੇ ਹਾਦਸੇ ਹੋ ਸਕਦੇ ਹਨ। ਇਨ੍ਹਾਂ ਸਭ ਚੇਤਾਵਨੀਆਂ ਦੇ ਬਾਵਜੂਦ ਵੀ ਉਸਾਰੀ ਦਾ ਕੰਮ ਜਾਰੀ ਰੱਖਿਆ ਗਿਆ। ਇਸ ਇਲਾਕੇ ਵਿਚ ਵਿਸਫੋਟਕ ਪਦਾਰਥ ਤੇ ਭਾਰੀ-ਭਰਕਮ ਡਰਿਲ ਮਸ਼ੀਨਾਂ ਨਾਲ਼ ਪੈਦਾ ਹੁੰਦੀ ਕੰਪਨ ਨੇ ਪਹਿਲਾਂ ਤੋਂ ਕਮਜ਼ੋਰ ਅਤੇ ਅਸਥਿਰ ਪਹਾੜ ਨੂੰ ਹੋਰ ਅਸਥਿਰ ਬਣਾ ਦਿੱਤਾ ਜਿਸ ਕਾਰਨ ਸੁਰੰਗ ਦੀ ਛੱਤ ਡਿੱਗ ਪਈ।



ਹੁਣ ਤੱਕ ਸਾਹਮਣੇ ਆਈਆਂ ਰਿਪੋਰਟਾਂ ਮੁਤਾਬਕ ਇਸ ਸੁਰੰਗ ਦੀ ਖੁਦਾਈ ਦੌਰਾਨ ਜ਼ਰੂਰੀ ਸੁਰੱਖਿਆ ਹਦਾਇਤਾਂ ਦਾ ਵੀ ਪਾਲਣ ਨਹੀਂ ਕੀਤਾ ਗਿਆ। ਕਿਸੇ ਵੀ 1.5 ਕਿਲੋਮੀਟਰ ਤੋਂ ਲੰਬੀ ਸੁਰੰਗ ਉਸਾਰੀ ਦੌਰਾਨ ਕਿਸੇ ਦੁਰਘਟਨਾ ਹੋਣ ਦੀ ਹਾਲਤ ਵਿਚ ਮਜ਼ਦੂਰਾਂ ਦੇ ਨਿਕਲ਼ਣ ਲਈ ਇਕ ਐਮਰਜੈਂਸੀ ਬਾਹਰ ਰਾਹ ਜ਼ਰੂਰ ਹੋਣਾ ਚਾਹੀਦਾ ਹੈ ਪਰ ਠੇਕਾ ਕੰਪਨੀ ਨੇ ਛੇਤੀ ਤੋਂ ਛੇਤੀ ਕੰਮ ਪੂਰਾ ਕਰਨ ਅਤੇ ਆਪਣੇ ਖਰਚੇ ਘਟਾਉਣ ਲਈ ਸੁਰੱਖਿਆ ਹਦਾਇਤਾਂ ਦਾ ਪਾਲਣ ਨਹੀਂ ਕੀਤਾ। ਇਸ ਤੋਂ ਬਿਨਾਂ ਇਹ ਸੁਰੰਗ ਜਿਸ ਪਹਾੜੀ ਵਿਚ ਖੋਦੀ ਗਈ ਹੈ ਉਹ ਬਹੁਤ ਹੀ ਕਮਜ਼ੋਰ ਸੀ ਅਤੇ ਭੂ-ਵਿਗਿਆਨੀਆਂ ਮੁਤਾਬਕ ਖੁਦਾਈ ਕਰਨ ਯੋਗ ਬਿਲਕੁਲ ਵੀ ਨਹੀਂ ਸੀ। ਮਜ਼ਦੂਰਾਂ ਲਈ ਜ਼ਰੂਰੀ ਸੁਰੱਖਿਆ ਸੰਦਾਂ ਦਾ ਵੀ ਕੋਈ ਖਾਸ ਪ੍ਰਬੰਧ ਨਹੀਂ ਸੀ। ਸਪੱਸ਼ਟ ਹੈ, ਕੰਪਨੀ ਨੇ ਆਪਣੇ ਮੁਨਾਫੇ ਵਧਾਉਣ ਲਈ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾਇਆ ਅਤੇ ਸਰਕਾਰ ਨੇ ਇਸ ਮਾਮਲੇ ਤੋਂ ਅੱਖਾਂ ਮੀਚ ਕੇ ਇਨ੍ਹਾਂ ਲੋਟੂਆਂ ਦਾ ਪੂਰਾ ਸਾਥ ਦਿੱਤਾ। ਇਸ ਹਾਦਸੇ ਲਈ ਪੂਰੀ ਤਰ੍ਹਾਂ ਨਾਲ਼ ਭਾਰਤ ਸਰਕਾਰ ਅਤੇ ਸੜਕ ਉਸਾਰੀ ਕਰ ਰਹੀ ਕੰਪਨੀ ਜ਼ਿੰਮੇਵਾਰ ਹੈ। ਸੁਰੰਗ ਬਣਾਉਣ ਅਤੇ ਇਸ ਹਾਦਸੇ ਲਈ ਜ਼ਿੰਮੇਵਾਰ ਕੰਪਨੀ ਉੱਪਰ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਪਹਾੜਾਂ ਵਿਚ, ਸੰਵੇਦਨਸ਼ੀਲ ਇਲਾਕਿਆਂ ਵਿਚ ਅਜਿਹੀਆਂ ਸੜਕਾਂ ਅਤੇ ਸੁਰੰਗਾਂ ਬਣਾਉਣ ਉੱਪਰ ਪੂਰਨ ਰੋਕ ਲਗਾਈ ਜਾਣੀ ਚਾਹੀਦੀ ਹੈ। ਇਹ ਹਾਦਸਾ ਸਰਮਾਏਦਾਰੀ ਢਾਂਚੇ ਦੇ ਕੁਦਰਤ ਅਤੇ ਮਜ਼ਦੂਰ ਵਿਰੋਧੀ ਖਾਸੇ ਨੂੰ ਨੰਗਾ ਕਰਦਾ ਹੈ। ਸਰਮਾਏਦਾਰੀ ਪ੍ਰਬੰਧ ਮਜ਼ਦੂਰ ਦੋਖੀ ਤਾਂ ਹੈ ਹੀ ਹੈ ਪਰ ਇਸਦੇ ਨਾਲ਼ ਹੀ ਇਹ ਕੁਦਰਤ ਨੂੰ ਵੀ ਮੁਨਾਫੇ ਦੀ ਹਵਸ ਵਿਚ ਤਬਾਹ ਕਰਨ ਤੋਂ ਪਿੱਛੇ ਨਹੀਂ ਹਟਦਾ। ਵਾਤਾਵਰਣ ਦੀ ਤਬਾਹੀ ਦੇ ਆਧਾਰ 'ਤੇ ਇਹ ਵਿਕਾਸ ਮਨੁੱਖਾਂ ਅਤੇ ਕੁਦਰਤ ਦੋਹਾਂ ਲਈ ਵੱਡਾ ਖਤਰਾ ਬਣ ਚੁੱਕਿਆ ਹੈ। ਇਨ੍ਹਾਂ ਤਬਾਹੀਆਂ ਤੋਂ ਮੁਕਤੀ ਦਾ ਇਕੋ-ਇਕ ਰਾਹ ਮਨੁੱਖੀ ਲੋੜਾਂ ਅਤੇ ਕੁਦਰਤ ਨੂੰ ਧਿਆਨ ਵਿਚ ਰੱਖ ਕੇ, ਇਕ ਕੇਂਦਰੀ ਯੋਜਨਾਬੱਧ ਢੰਗ ਨਾਲ਼ ਚੱਲਣ ਵਾਲ਼ਾ ਸਮਾਜਵਾਦੀ ਪ੍ਰਬੰਧ ਹੀ ਹੈ। ਸਮਾਜਵਾਦੀ ਪ੍ਰਬੰਧ ਵਿਚ ਹੀ ਮਨੁੱਖ ਅਤੇ ਕੁਦਰਤ ਦਾ ਸਿਹਤਮੰਦ ਰਿਸ਼ਤਾ ਕਾਇਮ ਹੋ ਸਕਦਾ ਹੈ।

# ਇਜ਼ਰਾਈਲ ਨਾਲ ਖੜ੍ਹੇ ਲੋਟੂ ਹਾਕਮ ਬਨਾਮ ਲੋਕਾਂ ਦੀ ਫਲਸਤੀਨੀ ਸੰਘਰਸ਼ ਨੂੰ ਮਿਸਾਲੀ ਹਮਾਇਤ



ਮਾਨਵ
ਫੋਨ:+91-98888-08188

24 ਨਵੰਬਰ ਨੂੰ ਇਜ਼ਰਾਈਲ ਅਤੇ ਹਮਾਸ ਦਰਮਿਆਨ ਵਕਤੀ ਜੰਗਬੰਦੀ ਦਾ ਸਮਝੌਤਾ ਹੋਇਆ ਜਿਸ ਤਹਿਤ ਦੋਹੇਂ ਧਿਰਾਂ ਨੇ ਬੰਧਕ ਬਣਾਏ ਕੈਦੀਆਂ ਵਿਚੋਂ ਕੁੱਝ ਨੂੰ ਰਿਹਾਅ ਕਰ ਦਿੱਤਾ। ਇਜ਼ਰਾਈਲ ਨੂੰ ਜੰਗਬੰਦੀ ਤੱਕ ਲੈ ਕੇ ਆਉਣਾ ਅਸਲ ਵਿਚ ਹਮਾਸ ਦੀ, ਫਲਸਤੀਨੀਆਂ ਦੀ, ਜਿੱਤ ਹੈ। ਹਮਾਸ ਦਾ ਵਜੂਦ ਖਤਮ ਕਰਨ ਦੇ ਐਲਾਨ ਕਰਨ ਵਾਲ਼ੀ ਇਜ਼ਰਾਇਲੀ ਫੌਜ ਨੂੰ ਕੁੱਝ ਹੀ ਹਫਤਿਆਂ ਵਿਚ ਵਕਤੀ ਜੰਗਬੰਦੀ ਲਈ ਕਿਉਂ ਰਾਜ਼ੀ ਹੋਣਾ ਪਿਆ, ਇਸ ਬਾਰੇ ਤਾਂ ਵੱਖਰੇ ਲੇਖ ਵਿਚ ਚਰਚਾ ਕੀਤੀ ਗਈ ਹੈ। ਐਥੇ ਅਸੀਂ ਇਸ ਦੀ ਚਰਚਾ ਕਰਾਂਗੇ ਕਿ ਕਿਵੇਂ ਇਜ਼ਰਾਇਲੀ ਹਕੂਮਤ ਦੇ ਜ਼ੁਲਮਾਂ ਦੀਆਂ ਭਿਆਨਕ ਖਬਰਾਂ ਆਉਣ ਦੇ ਬਾਵਜੂਦ ਵੀ ਅਨੇਕਾਂ ਲੋਟੂ ਹਕੂਮਤਾਂ ਇਜ਼ਰਾਈਲ ਦੇ ਨਾਲ਼ ਖੜ੍ਹੀਆਂ ਹਨ, ਕਿਵੇਂ ਦੁਨੀਆਂ ਭਰ ਵਿਚੋਂ ਉੱਠੀ ਫਲਸਤੀਨੀ ਲੋਕਾਂ ਲਈ ਹਮਾਇਤ ਨੇ ਵੱਖੋ-ਵੱਖ ਹਾਕਮਾਂ ਨੂੰ ਆਪਣੀਆਂ ਭੜਕਾਊ ਸੁਰਾਂ ਬਦਲਣ ਲਈ ਮਜਬੂਰ ਕਰ ਦਿੱਤਾ ਹੈ।

ਜੰਗਬੰਦੀ ਤੋਂ ਪਹਿਲਾਂ ਇਜ਼ਰਾਇਲੀ ਫੌਜ ਨੇ ਹਮਲੇ ਕਰ ਕੇ ਤਕਰੀਬਨ ਅੱਧੀ ਗਾਜ਼ਾ ਪੱਟੀ ਨੂੰ ਮਲਬੇ ਵਿਚ ਤਬਦੀਲ ਕਰ ਦਿੱਤਾ, 14000 ਤੋਂ ਵੱਧ ਬੇਕਸੂਰ ਫਲਸਤੀਨੀ ਨਾਗਰਿਕਾਂ ਦੇ ਕਤਲੇਆਮ ਨੂੰ ਅੰਜਾਮ ਦਿੱਤਾ, ਜਾਣਬੁੱਝ ਕੇ ਰਿਹਾਇਸ਼ੀ ਇਲਾਕਿਆਂ ਨੂੰ, ਹਸਪਤਾਲਾਂ ਤਕ ਨੂੰ ਨਿਸ਼ਾਨਾ ਬਣਾਇਆ ਗਿਆ; ਐਨਾ ਹੀ ਨਹੀਂ ਸਗੋਂ ਉੱਜੜ ਕੇ ਜਾ ਰਹੇ ਸ਼ਰਨਾਰਥੀਆਂ ਦਾ ਵੀ ਡਰੋਨਾਂ ਰਾਹੀਂ ਪਿੱਛਾ ਕਰ ਕੇ ਉਨ੍ਹਾਂ ਉੱਪਰ ਬੰਬਾਰੀ ਕੀਤੀ ਗਈ। ਪਰ ਇਸ ਸਭ ਦੇ ਬਾਵਜੂਦ, ਜੰਗਬੰਦੀ ਤੋਂ ਪਹਿਲਾਂ ਤਕ ਇਜ਼ਰਾਇਲੀ ਫੌਜਾਂ ਬੰਧਕ ਬਣਾਏ ਗਏ ਇਜ਼ਰਾਇਲੀ ਨਾਗਰਿਕਾਂ ਵਿਚੋਂ ਇਕ ਨੂੰ ਵੀ ਲੱਭ ਨਹੀਂ ਸਕੀਆਂ ਤੇ ਨਾ ਹੀ ਕਿਸੇ ਉੱਘੇ ਹਮਾਸ ਆਗੂ ਨੂੰ ਮਾਰ ਸਕੀਆਂ। ਜਦਕਿ ਨੇਤਨਯਾਹੂ ਨੇ 7 ਅਕਤੂਬਰ ਤੋਂ ਬਾਅਦ ਹਮਲੇ ਦੇ ਐਲਾਨ ਵੇਲੇ ਦਾਅਵਾ ਕੀਤਾ ਸੀ ਕਿ ਇਜ਼ਰਾਈਲ ਹਮਾਸ ਦਾ ਵਜੂਦ ਮਿਟਾ ਦੇਵੇਗਾ।

7 ਅਕਤੂਬਰ ਦੇ ਹਮਲੇ ਪਿੱਛੋਂ ਅਨੇਕਾਂ ਲੋਟੂ ਹਾਕਮਾਂ ਨੇ ਇਜ਼ਰਾਇਲੀ ਹਕੂਮਤ ਨਾਲ਼ ਖੜ੍ਹਨ ਦਾ ਐਲਾਨ ਕੀਤਾ। ਇਸ ਗੱਲ ਦੀ ਪ੍ਰਵਾਹ ਕੀਤੇ ਬਿਨਾਂ ਕਿ ਇਜ਼ਰਾਈਲ ਪਿਛਲੇ 75 ਸਾਲਾਂ ਤੋਂ ਫਲਸਤੀਨੀਆਂ ਉੱਤੇ ਕਿਸ ਕਦਰ ਜ਼ੁਲਮ ਢਾਹ ਰਿਹਾ ਹੈ, ਇਨ੍ਹਾਂ ਹਾਕਮਾਂ ਨੇ ਹਮਾਸ ਨੂੰ ਭੰਡਦਿਆਂ ਇਜ਼ਰਾਈਲ ਨੂੰ ਹਰ ਸੰਭਵ ਸਹਿਯੋਗ ਦਾ ਵਾਅਦਾ ਕੀਤਾ। ਸਭ ਤੋਂ ਪਹਿਲਾਂ ਅਮਰੀਕੀ ਸਦਰ ਜੋਅ ਬਾਈਡਨ ਨੇ ਐਲਾਨ ਕੀਤਾ ਕਿ ਅਮਰੀਕਾ ਯਕੀਨੀ ਬਣਾਵੇਗਾ ਕਿ ਇਜ਼ਰਾਈਲ ਕੋਲ਼ "ਹਰ ਉਹ ਸ਼ੈਅ ਹੋਵੇ ਜੋ ਉਸ ਨੂੰ ਆਪਣੇ ਨਾਗਰਿਕਾਂ ਦੀ ਰਾਖੀ ਲਈ ਲੋੜੀਂਦੀ ਹੈ।" ਇਸੇ ਤਰ੍ਹਾਂ ਕੈਨੇਡਾ ਤੇ ਯੂ.ਕੇ. ਦੇ ਪ੍ਰਧਾਨ ਮੰਤਰੀਆਂ ਨੇ ਸਵੈ-ਰੱਖਿਆ ਦਾ ਵਾਸਤਾ ਪਾ ਕੇ ਇਜ਼ਰਾਈਲ ਵੱਲੋਂ ਗਾਜ਼ਾ ਉੱਪਰ ਕੀਤੇ ਜਾਣ ਵਾਲ਼ੇ ਹਮਲੇ ਲਈ ਨੈਤਿਕ ਆਧਾਰ ਤਿਆਰ ਕੀਤਾ। ਯੂਰਪੀ ਯੂਨੀਅਨ ਨੇ ਵੀ ਹਮਾਸ ਦੀ ਨਿਖੇਧੀ ਕਰਦਿਆਂ ਇਜ਼ਰਾਈਲ ਨਾਲ਼ ਯੱਕਜਹਿਤੀ ਜਤਾਈ ਤੇ ਜਰਮਨੀ, ਫਰਾਂਸ ਤੇ ਇਟਲੀ ਨੇ ਵੀ ਤੱਦੀ ਨਾਲ਼ ਹਮਾਸ ਵਿਰੋਧੀ ਬਿਆਨ ਦਾਗੇ। ਭਾਰਤ ਦੀ ਗੱਲ ਕਰੀਏ ਤਾਂ 1947 ਤੋਂ ਬਾਅਦ ਤੋਂ ਹੀ ਭਾਰਤ ਦੇ ਹਾਕਮ ਫਲਸਤੀਨ ਨਾਲ਼ ਨੇੜਲੇ ਸਬੰਧ ਬਣਾ ਕੇ ਚਲਦੇ ਸਨ। 1992 ਵਿਚ ਭਾਵੇਂ ਭਾਰਤ ਨੇ ਇਜ਼ਰਾਈਲ ਨਾਲ਼ ਕੂਟਨੀਤਕ ਸਬੰਧ ਕਾਇਮ ਕਰ ਲਏ ਸਨ ਪਰ 2014 ਤੋਂ ਬਾਅਦ ਹੀ ਸੱਤਾ ਉੱਤੇ ਕਾਬਜ਼ ਮੋਦੀ ਹਕੂਮਤ ਨੇ ਇਜ਼ਰਾਈਲ ਨਾਲ਼ ਨੇੜਤਾ ਵਧਾਈ ਹੈ। ਭਾਰਤ ਦੇ ਇਜ਼ਰਾਈਲ ਨਾਲ਼ ਵਪਾਰਕ ਸਬੰਧ ਵੀ ਹਨ ਤੇ ਇਹ ਇਜ਼ਰਾਈਲ ਕੋਲ਼ੋਂ ਫੌਜੀ ਤੇ ਸੂਹੀਆ ਤੰਤਰ ਦੇ ਸਾਮਾਨ ਦਾ ਵੀ ਵੱਡਾ ਖਰੀਦਦਾਰ ਹੈ। ਇਸ ਤੋਂ ਬਿਨਾਂ ਇਹ ਇਜ਼ਰਾਈਲ ਨਾਲ਼ ਮਿਲ ਕੇ ਸਾਂਝੀਆਂ ਫੌਜੀ ਮਸ਼ਕਾਂ ਵੀ ਕਰਦਾ ਰਹਿੰਦਾ ਹੈ। ਇਸੇ ਨੇੜਤਾ ਨੂੰ ਪ੍ਰਗਟਾਉਂਦਾ ਬਿਆਨ ਮੋਦੀ ਨੇ 7 ਅਕਤੂਬਰ ਤੋਂ ਬਾਅਦ ਦਿੱਤਾ, "ਭਾਰਤ ਇਨ੍ਹਾਂ ਮੁਸ਼ਕਲ ਘੜੀਆਂ ਵਿਚ ਡਟ ਕੇ ਇਜ਼ਰਾਈਲ ਨਾਲ਼ ਖੜ੍ਹਾ ਹੈ।"

ਪਰ ਸੰਸਾਰ ਭਰ ਵਿਚ ਲੋਕਾਂ ਅੰਦਰ ਫਲਸਤੀਨ ਦੀ ਹਮਾਇਤ ਵਧਦੇ ਜਾਣ ਤੇ ਇਜ਼ਰਾਇਲੀ ਧਾੜਵੀਆਂ ਦੇ ਕੁਕਰਮਾਂ ਤੇ ਸਾਮਰਾਜੀਆਂ ਵੱਲੋਂ ਇਨ੍ਹਾਂ ਨੂੰ ਦਿੱਤੀ ਜਾ ਰਹੀ ਸਹਾਇਤਾ ਖ਼ਿਲਾਫ ਨਫ਼ਰਤ ਵਧਣ ਨੇ ਇਨ੍ਹਾਂ ਲੋਟੂ ਹਾਕਮਾਂ ਦੇ ਵੀ ਸੁਰ ਬਦਲ ਦਿੱਤੇ ਹਨ।

ਅਰਬ ਮੁਲਕਾਂ ਦੀ ਗੱਲ ਕਰੀਏ ਤਾਂ ਇਥੇ ਫਲਸਤੀਨ ਦੇ ਹੱਕ ਵਿਚ ਸਭ ਤੋਂ ਵੱਡੇ ਮੁਜ਼ਾਹਰੇ ਹੋਏ। ਕਈ ਅਰਬ ਸਰਕਾਰਾਂ ਜਿਹੜੀਆਂ ਅਬਰਾਹਮ ਸਮਝੌਤੇ ਤਹਿਤ ਇਜ਼ਰਾਈਲ ਨਾਲ਼ ਸਬੰਧ ਬਣਾ ਰਹੀਆਂ ਸਨ, ਹੁਣ ਉਨ੍ਹਾਂ ਨੂੰ ਵੀ ਇਸਦੀ ਜ਼ੋਰਦਾਰ ਨਿਖੇਧੀ ਕਰਨੀ ਪਈ ਹੈ। ਸੰਯੁਕਤ ਅਰਬ ਅਮੀਰਾਤ ਤੇ ਬਹਿਰੀਨ ਅਜਿਹੇ ਹੀ ਮੁਲਕ ਹਨ ਜਿਨ੍ਹਾਂ ਨੇ ਪਹਿਲਾਂ ਤਾਂ ਹਮਾਸ ਦੇ ਹਮਲੇ ਦੀ ਨਿਖੇਧੀ ਕੀਤੀ ਪਰ ਪੂਰੇ ਅਰਬ ਜਗਤ ਵਿਚ ਲੋਕਾਂ ਦਾ ਰੋਂਅ ਦੇਖ ਕੇ ਇਜ਼ਰਾਈਲ ਦਾ ਵਿਰੋਧ ਜਤਾਇਆ। ਜਾਰਡਨ ਨੇ ਵੀ ਵਿਰੋਧ ਵਿਚ ਇਜ਼ਰਾਈਲ ਵਿਚਲੇ ਆਪਣੇ ਰਾਜਦੂਤ ਨੂੰ ਵਾਪਸ ਬੁਲਾ ਲਿਆ ਹੈ; ਇਸੇ ਤਰ੍ਹਾਂ ਸਾਊਦੀ ਅਰਬ, ਓਮਾਨ, ਕਤਰ, ਕੁਵੈਤ, ਮਿਸਰ, ਮੋਰਾਕੋ ਨੇ ਗਾਜ਼ਾ ਵਿਚ ਕੌਮਾਂਤਰੀ ਕਾਨੂੰਨਾਂ ਦੀਆਂ ਉੱਡ ਰਹੀਆਂ ਧੱਜੀਆਂ ਤੇ ਨਾਗਰਿਕਾਂ ਦੇ ਕਤਲੇਆਮ ਉੱਤੇ ਇਜ਼ਰਾਈਲ ਨੂੰ ਭੰਡਿਆ। ਜਿੱਥੋਂ ਤੱਕ ਇਰਾਨ ਦੀ ਹਕੂਮਤ ਦਾ ਸਬੰਧ ਹੈ, ਇਹ ਤਾਂ ਪਹਿਲਾਂ ਤੋਂ ਹੀ ਆਪਣੇ ਪ੍ਰਭਾਵ ਲਈ ਹਮਾਸ ਤੇ ਹਿਜਬੁੱਲਾ ਜਥੇਬੰਦੀਆਂ ਦੀ ਮਦਦ ਕਰਦੀ ਰਹੀ ਹੈ। ਇਸੇ ਤਰ੍ਹਾਂ ਖਿੱਤੇ ਦੇ ਵੱਡੇ ਮੁਲਕ ਤੁਰਕੀ, ਜਿਸ ਨੇ ਪਹਿਲਾਂ ਤਾਂ ਇਜ਼ਰਾਈਲ ਤੇ ਹਮਾਸ ਦਰਮਿਆਨ ਵਿਚੋਲਾ ਬਣਨ ਦੀ ਕੋਸ਼ਿਸ਼ ਕੀਤੀ ਪਰ ਅਲ-ਅਹਿਲੀ ਹਸਪਤਾਲ ਉੱਪਰ ਇਜ਼ਰਾਇਲੀ ਹਮਲੇ ਤੋਂ ਵਧੇ ਲੋਕ ਰੋਹ ਕਾਰਨ ਇਸਤਾਨਬੁਲ ਵਿਚ ਲੋਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸਦਰ ਏਰਦੋਗਨ ਨੇ ਇਜ਼ਰਾਈਲ ਨੂੰ ਜੰਗੀ ਅਪਰਾਧੀ ਐਲਾਨਿਆ ਤੇ ਹਮਾਸ ਦੀ ਹਮਾਇਤ ਕੀਤੀ। ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਅਨੇਕਾਂ ਮੁਲਕਾਂ ਨੇ ਬਿਆਨਾਂ ਰਾਹੀਂ ਜਾਂ ਰਾਜਦੂਤਾਂ ਨੂੰ ਵਾਪਸ ਬੁਲਾ ਕੇ ਇਜ਼ਰਾਈਲ ਖ਼ਿਲਾਫ ਆਪਣਾ ਰੁਖ਼ ਸਪੱਸ਼ਟ ਕੀਤਾ ਹੈ। ਚੀਨ ਤੇ ਰੂਸ ਨੇ ਵੀ ਆਪਣੇ ਲਈ ਖਿੱਤੇ ਵਿਚ ਮੌਕੇ ਨੂੰ ਦੇਖਦਿਆਂ ਮੌਜੂਦਾ ਸੰਕਟ ਨੂੰ ਖਿੱਤੇ ਅੰਦਰ ਅਮਰੀਕੀ ਨੀਤੀਆਂ ਦੀ ਅਸਫਲਤਾ ਦੱਸਿਆ ਹੈ।

ਜਿੱਥੋਂ ਤੱਕ ਪੱਛਮੀ ਸਾਮਰਾਜੀ ਮੁਲਕਾਂ ਦੀ ਗੱਲ ਹੈ ਤਾਂ ਲੋਕਾਂ ਦੇ ਵਧਦੇ ਰੋਹ ਨੇ ਇਨ੍ਹਾਂ ਨੂੰ ਆਪਣੀਆਂ ਸ਼ੁਰੂਆਤੀ ਸੁਰਾਂ ਬਦਲਣ ਲਈ ਮਜਬੂਰ ਕਰ ਦਿੱਤਾ ਹੈ। ਮਿਸਾਲ ਦੇ ਤੌਰ ਉੱਤੇ ਫਰਾਂਸ ਦੇ ਸਦਰ ਮੈਕਰੌਨ ਨੇ ਆਪਣੀ ਪਹਿਲਾਂ ਵਾਲੀ ਭੜਕਾਊ ਸੁਰ ਬਦਲਦਿਆਂ ਗਾਜ਼ਾ ਵਿਚ ਹੋ ਰਹੀਆਂ ਨਾਗਰਿਕ ਮੌਤਾਂ ਉੱਤੇ ਚਿੰਤਾ ਜ਼ਾਹਰ ਕਰ ਦਿੱਤੀ। ਜ਼ਿਕਰਯੋਗ ਹੈ ਕਿ ਫਰਾਂਸ, ਅਰਬ ਜਗਤ ਤੋਂ ਬਾਹਰ, ਦੁਨੀਆਂ ਵਿਚ ਸਭ ਤੋਂ ਵੱਧ ਅਰਬ ਅਬਾਦੀ ਵਾਲ਼ੇ ਮੁਲਕਾਂ ਵਿਚ ਆਉਂਦਾ ਹੈ ਜਿੱਥੇ ਅੰਦਾਜ਼ਨ 50 ਲੱਖ ਦੇ ਕਰੀਬ ਅਰਬ ਮੂਲ ਦੇ ਲੋਕ ਰਹਿੰਦੇ ਹਨ। ਪਿਛਲੇ ਦਿਨਾਂ ਵਿਚ ਪੈਰਿਸ ਤੇ ਹੋਰਾਂ ਸ਼ਹਿਰਾਂ ਵਿਚ ਫਲਸਤੀਨ ਦੀ ਹਮਾਇਤ ਵਿਚ ਹੋਏ ਲੱਖਾਂ ਦੇ ਇਕੱਠਾਂ ਵਿਚ ਇਸ ਤਬਕੇ ਨੇ ਵੀ ਵੱਡੀ ਪੱਧਰ ਉੱਤੇ ਸ਼ਮੂਲੀਅਤ ਕੀਤੀ ਸੀ। ਇਹ ਅਸਲ ਵਿਚ ਲੋਕ ਦਬਾਅ ਹੀ ਹੈ ਜਿਸ ਕਰਕੇ 7 ਅਕਤੂਬਰ ਤੋਂ ਬਾਅਦ ਪੂਰੀ ਤਰ੍ਹਾਂ ਜਾਬਰ ਇਜ਼ਰਾਈਲ ਨਾਲ਼ ਖੜ੍ਹਨ ਦਾ ਐਲਾਨ ਕਰਨ ਵਾਲ਼ੇ ਪੱਛਮੀ ਸਾਮਰਾਜੀ ਮੁਲਕਾਂ ਨੂੰ ਹਫਤਿਆਂ ਵਿਚ ਹੀ ਗਾਜ਼ਾ ਅੰਦਰ ਹੋ ਰਹੇ ਨਾਗਰਿਕਾਂ ਦੇ ਕਤਲੇਆਮ ਦਿਖ ਪਏ ਤੇ "ਮਨੁੱਖਤਾਵਾਦੀ ਆਧਾਰ" ਉੱਤੇ ਜੰਗਬੰਦੀ ਦੀ ਗੱਲ ਕਰਨੀ ਪਈ। ਬਾਹਰ ਆਏ ਵੇਰਵਿਆਂ ਮੁਤਾਬਕ ਹਮਾਸ ਤੇ ਇਜ਼ਰਾਈਲ ਦਰਮਿਆਨ 24 ਨਵੰਬਰ ਤੋਂ ਹੋਈ ਜੰਗਬੰਦੀ ਲਈ ਅਮਰੀਕਾ ਵੱਲੋਂ ਖਾਸ ਦਬਾਅ ਬਣਾਇਆ ਗਿਆ ਸੀ ਕਿਉਂਕਿ ਜਿੱਥੇ ਅਮਰੀਕਾ ਇਕ ਪਾਸੇ ਇਜ਼ਰਾਈਲ ਨਾਲ਼ ਆਪਣੀ ਭਾਈਵਾਲੀ ਨਿਭਾ ਰਿਹਾ ਹੈ, ਦੂਜੇ ਪਾਸੇ ਉਸ ਦੀ ਇਹ ਚਿੰਤਾ ਵੀ ਵਧ ਰਹੀ ਹੈ ਕਿ ਅਰਬ ਮੁਲਕਾਂ ਦੇ ਵਿਰੋਧ ਵਿਚ ਆ ਜਾਣ ਨਾਲ਼ ਕਿਤੇ ਉਹ ਹੋਰ ਵਧੇਰੇ ਚੀਨੀ ਸਾਮਰਾਜੀ ਧੜੇ ਦੇ ਪਾਲੇ ਵਿਚ ਨਾ ਚਲੇ ਜਾਣ।


ਫਲਸਤੀਨ ਦੇ ਮਸਲੇ ਨੇ ਪੱਛਮੀ ਸਾਮਰਾਜੀ ਮੁਲਕਾਂ ਅੰਦਰ ਸਰਕਾਰ ਤੇ ਲੋਕਾਂ ਦਰਮਿਆਨ ਨਿਖੇੜੇ ਦੀਆਂ ਲੀਹਾਂ ਹੋਰ ਪੱਕੀਆਂ ਕਰ ਦਿੱਤੀਆਂ ਹਨ; ਜਿੱਥੇ ਇਕ ਪਾਸੇ ਇਥੋਂ ਦੀਆਂ ਸਰਕਾਰਾਂ ਇਜ਼ਰਾਈਲ ਨਾਲ਼ ਸਾਂਝ ਜਤਾ ਰਹੀਆਂ ਹਨ, ਓਥੇ ਹੀ ਲੋਕ ਲੱਖਾਂ ਦੀ ਗਿਣਤੀ ਵਿਚ ਫਲਸਤੀਨ ਨਾਲ਼ ਯੱਕਜਹਿਤੀ ਦਾ ਮੁਜ਼ਾਹਰਾ ਕਰ ਰਹੇ ਹਨ। ਅਸਲ ਵਿਚ ਇਨ੍ਹਾਂ ਪੱਛਮੀ ਮੁਲਕਾਂ ਵਿਚ ਸਰਕਾਰ ਤੇ ਲੋਕਾਂ ਦਰਮਿਆਨ ਇਹ ਨਿਖੇੜਾ ਅੱਜ ਦਾ ਨਹੀਂ ਸਗੋਂ ਜਬਰੀ ਮੜ੍ਹੀਆਂ ਕਰੋਨਾ ਬੰਦਸ਼ਾਂ ਤੋਂ ਹੀ ਵਧ ਰਿਹਾ ਹੈ, ਜਿਨ੍ਹਾਂ ਬੰਦਸ਼ਾਂ ਦਾ ਲੋਕਾਂ ਵੱਲੋਂ ਜ਼ਬਰਦਸਤ ਵਿਰੋਧ ਦੇਖਣ ਨੂੰ ਮਿਲ਼ਿਆ ਸੀ। ਉਸ ਤੋਂ ਬਾਅਦ ਯੂਕਰੇਨ ਜੰਗ ਵਿਚ ਸਾਮਰਾਜੀ ਅਮਰੀਕਾ ਤੇ ਨਾਟੋ ਦਾ ਸਾਥ ਦੇਣ ਖ਼ਿਲਾਫ ਯੂਰਪੀ ਮੁਲਕਾਂ ਅੰਦਰ ਲੋਕਾਂ ਨੇ ਵੱਡੀ ਪੱਧਰ ਉੱਤੇ ਆਪਣੀਆਂ ਸਰਕਾਰਾਂ ਖ਼ਿਲਾਫ ਵਿਰੋਧ ਜਤਾਇਆ। ਤੇ ਹੁਣ ਫਲਸਤੀਨ ਦੇ ਮਸਲੇ ਨੇ ਇਹ ਲੀਹਾਂ ਹੋਰ ਉਘਾੜ ਦਿੱਤੀਆਂ ਹਨ। ਦੂਜੇ ਪਾਸੇ ਅਰਬ ਜਗਤ ਵਿਚ ਵੀ ਲੋਕਾਂ ਦੇ ਏਕੇ ਨੇ ਇਥੋਂ ਦੀਆਂ ਮੌਕਾਪ੍ਰਸਤ ਹਾਕਮ ਸਰਕਾਰਾਂ ਨੂੰ ਇਜ਼ਰਾਈਲ ਖ਼ਿਲਾਫ ਸਪੱਸ਼ਟ ਸਟੈਂਡ ਲੈਣ ਲਈ ਮਜਬੂਰ ਕਰ ਦਿੱਤਾ ਹੈ। ਭਾਵੇਂ ਇਜ਼ਰਾਈਲ ਵੱਲੋਂ ਫਲਸਤੀਨ ਉੱਤੇ ਥੋਪੀ ਨਿਹੱਕੀ ਜੰਗ ਦੇ ਵਿਰੋਧ ਦੀ ਧਾਰ ਅਜੇ ਜੰਗਾਂ ਲਈ ਜ਼ਿੰਮੇਵਾਰ ਇਸ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਖ਼ਿਲਾਫ ਸੇਧਿਤ ਨਹੀਂ ਪਰ ਲੋਕਾਂ ਦੀ ਇਹ ਸ਼ਾਨਦਾਰ ਪਹਿਲਕਦਮੀ ਆਉਣ ਵਾਲ਼ੇ ਬਿਹਤਰ ਦਿਨਾਂ ਦੀ ਆਸ ਜਗਾਉਂਦੀ ਹੈ।

## ਕਵਿਤਾ ਤੂੰ ਆ...ਪਰ ਇਸ ਤਰ੍ਹਾਂ ਆ

# ਸੁਰਿੰਦਰ ਗੀਤ ਦੀ ਕਵਿਤਾ ਦਾ ਸਫ਼ਰ

ਸੁਰਿੰਦਰ ਗੀਤ ਤੇਈ ਸਾਲਾਂ ਦੀ ਸੀ ਜਦੋਂ ਉਹ ਪਰਦੇਸਣ ਹੋ ਗਈ। ਉਹਨੂੰ ਆਪਣੇ ਪਿੰਡ ਬੀੜ ਰਾਉਕੇ ਤੋਂ ਹਜ਼ਾਰਾਂ ਮੀਲ ਦੂਰ ਕੈਲਗਰੀ ਜਾਣਾ ਪਿਆ। ਕਹਿਣ ਨੂੰ ਤਾਂ ਉਸਦਾ ਸਹੁਰਾ ਪਿੰਡ ਘੱਲ ਕਲਾਂ ਸੀ, ਜੋ ਉਸਦੇ ਪੇਕਿਆਂ ਤੋਂ ਮਸੀਂ ਚਾਲੀ ਕਿਲੋਮੀਟਰ ਦੂਰ ਹੈ ਪਰ ਉਸਦਾ ਵਰ ਗੁਰਬਖਸ਼ ਸਿੰਘ ਆਪ ਪਰਦੇਸੀ ਸੀ। ਸੋ ਵਸਣ ਲਈ ਉਸਦਾ ਸਹੁਰਾ ਕੈਲਗਰੀ ਬਣਿਆ।

ਬਹੁਤ ਸਾਰੀਆਂ ਪੰਜਾਬਣ ਮੁਟਿਆਰਾਂ ਤਕਰੀਬਨ ਏਸੇ ਉਮਰ ਵਿਚ ਪਰਦੇਸਣਾਂ ਹੁੰਦੀਆਂ ਹਨ। ਇਹ ਦੂਹਰਾ ਪਰਦੇਸ ਹੁੰਦਾ ਹੈ। ਦੂਸਰੇ ਘਰ ਜਾਣਾ ਤੇ ਦੂਸਰੇ ਦੇਸ ਵੀ ਜਾਣਾ। ਧੀਆਂ ਤਾਂ ਦੇਸ ਰਹਿੰਦੀਆਂ ਹੋਈਆਂ ਵੀ ਪਰਦੇਸਣਾਂ ਅਖਵਾਉਂਦੀਆਂ ਹਨ। ਖੌਰੇ ਕਿੰਨਾ ਕੁ ਪੁਰਾਣਾ ਲੋਕ ਗੀਤ ਹੈ : ਧੀ ਕਿਉਂ ਦਿੱਤੀ ਦੂਰੇ...ਉਦੋਂ ਦਰਿਆਓਂ ਪਾਰ ਕੋਈ ਧੀ ਨਹੀਂ ਸੀ ਵਿਆਹੁੰਦਾ, ਹੁਣ ਸਮੁੰਦਰੋਂ ਪਾਰ ਇਕ



**ਸੁਰਜੀਤ ਪਾਤਰ**

ਮਿੱਟੀ ਵਿਚੋਂ ਖੋਗ ਕੇ ਬੂਟਾ ਦੂਜੀ ਮਿੱਟੀ ਵਿਚ ਲਾਉਣ ਵਾਲੀ ਗੱਲ ਹੁੰਦੀ ਹੈ। ਇਸ ਦੌਰਾਨ ਬੂਟੇ ਦੀਆਂ ਜੜ੍ਹਾਂ ਅਤੇ ਪੱਤਿਆਂ ਨਾਲ ਬਹੁਤ ਕੁਝ ਵਾਪਰਦਾ ਹੈ। ਫਿਰ ਬੂਟਿਆਂ ਦੀਆਂ ਕਿਸਮਾਂ ਵੀ ਹੁੰਦੀਆਂ ਹਨ।

ਸੁਰਿੰਦਰ ਦਾ ਵਜੂਦ ਬਹੁਤ ਸੰਵੇਦਨ ਵਾਲਾ ਬੂਟਾ ਹੈ, ਜੋ ਬਹੁਤ ਕੁਝ ਮਹਿਸੂਸ ਕਰਦਾ ਹੈ। ਇਸ ਦੌਰਾਨ ਉਸਨੇ ਆਪਣੇ ਜੀਵਨ ਸਾਥੀ ਗੁਰਬਖਸ਼ ਨੂੰ ਵੀ ਬਹੁਤ ਸੰਘਰਸ਼ ਕਰਦਿਆਂ ਦੇਖਿਆ, ਆਪ ਵੀ ਸੰਘਰਸ਼ ਕੀਤਾ। ਜੜ੍ਹਾਂ ਲੱਗੀਆਂ, ਫੁੱਲ ਫਲ ਲੱਗੇ, ਬੂਟੇ ਵਿਗਸੇ, ਬਾਗ ਬਗੀਚਾ ਖਿੜਿਆ। ਫਿਰ ਵੀ ਇਕ ਕਸਕ ਰਹਿ ਜਾਂਦੀ ਹੈ, ਜਿਹੜੀ ਹੁੰਦੀ ਤਾਂ ਸਾਰਿਆਂ ਧੀਆਂ-ਪੁੱਤਾਂ ਦੇ ਮਨਾਂ ਵਿਚ ਹੈ ਪਰ ਉਹਨੂੰ ਕਹਿਣ ਦੀ ਪ੍ਰਤਿਭਾ ਤੇ ਲਗਨ ਸਾਰਿਆਂ ਕੋਲ ਨਹੀਂ ਹੁੰਦੀ।

ਸੁਰਿੰਦਰ ਕੋਲ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਨ ਦੀ ਸੰਵੇਦਨਾ ਵੀ ਹੈ, ਸਪੱਸ਼ਟਤਾ ਨਾਲ ਸੋਚਣ ਦਾ ਸ਼ਊਰ ਵੀ ਤੇ ਬਿਆਨ ਕਰਨ ਦੀ ਭਾਸ਼ਾ ਅਤੇ ਕਲਾ ਸਮਰੱਥਾ ਵੀ। ਕਿਸੇ ਵੇਲੇ ਉਹ ਸਿਰਫ਼ ਅੱਥਰੂ ਕੇਰਦੀ ਹੁੰਦੀ ਸੀ, ਸ਼ੁਕਰ ਹੈ ਕਿ ਇਕ ਮੋੜ ਆਇਆ ਕਿ ਉਹ ਅੱਥਰੂਆਂ ਨੂੰ ਅੱਖਰਾਂ ਵਿਚ ਬਦਲਣ ਲੱਗੀ, ਇਸ ਨਾਲ ਉਸਦੀ ਸੋਚ ਅਤੇ ਸ਼ਖ਼ਸੀਅਤ ਵਿਚ ਨਿਖਾਰ ਆਇਆ ਤੇ ਉਹ ਸੁਰਿੰਦਰ ਗੀਤ ਬਣ ਗਈ।

ਉਸਨੇ ਕਵਿਤਾ ਸਿਰਜੀ ਤੇ ਨਾਲ ਨਾਲ ਉਸਦੀ ਕਵਿਤਾ ਨੇ ਉਸ ਨੂੰ ਸਿਰਜਿਆ।

ਕਵਿਤਾ ਕਵੀ ਲਈ ਪਨਾਹ ਵੀ ਹੁੰਦੀ ਹੈ, ਕਟਹਿਰਾ ਵੀ ਹੁੰਦੀ ਹੈ, ਦਰਗਾਹ ਵੀ ਹੁੰਦੀ ਹੈ। ਕਵਿਤਾ ਵਿਚ ਕਵੀ ਦੇ ਮਨ ਦੀਆਂ ਸਭ ਤੋਂ ਗਹਿਰੀਆਂ ਸੋਚਾਂ ਹੁੰਦੀਆਂ ਹਨ, ਦਿਲ ਦੇ ਸਭ ਤੋਂ ਗਹਿਰੇ ਅਹਿਸਾਸ ਹੁੰਦੇ ਹਨ। ਕਵੀ ਦੀ ਕਵਿਤਾ ਉਸਦੀ ਕਸ਼ੀਦ ਕੀਤੀ ਹੋਈ ਆਤਮ-ਕਥਾ ਵੀ ਹੁੰਦੀ ਹੈ ਤੇ ਉਸਦੇ ਸਮਿਆਂ ਦੀ ਧੜਕਣ ਵੀ।

ਸੁਰਿੰਦਰ ਦੀਆਂ ਨਜ਼ਮਾਂ, ਗੀਤਾਂ ਤੇ ਗ਼ਜ਼ਲਾਂ ਵਿਚ ਉਸਦੇ ਆਪਣੇ ਦੁਖ-ਸੁਖ ਵੀ ਸ਼ਾਮਲ ਹਨ ਤੇ ਦੇਸ਼ ਦੁਨੀਆ ਦਾ ਦਰਦ ਵੀ ਓਨੀ ਹੀ ਸ਼ਿੱਦਤ ਨਾਲ ਸ਼ਾਮਿਲ ਹੈ। ਇਸ ਦੇਸ਼ ਦੁਨੀਆ ਵਿਚ ਉਹ ਧਰਤੀ ਵੀ ਸ਼ਾਮਿਲ ਹੈ ਜਿਥੇ ਉਹ ਇਸ ਵੇਲੇ ਵਸਦੀ ਹੈ ਤੇ ਉਹ ਧਰਤੀ ਵੀ ਸ਼ਾਮਿਲ ਹੈ, ਜਿਸ 'ਤੇ ਉਸਨੇ ਜਨਮ ਲਿਆ, ਅੱਖਾਂ ਖੋਲ੍ਹੀਆਂ, ਸੁਰਤ ਸੰਭਾਲੀ, ਸਕੂਲ ਕਾਲਜ ਦੀ ਸਿੱਖਿਆ ਪ੍ਰਾਪਤ ਕੀਤੀ, ਸਹੇਲੀਆਂ ਨਾਲ ਹਾਸੇ ਹੰਝੂ ਸਾਂਝੇ ਕੀਤੇ। ਫ਼ਸਲਾਂ, ਲੋਕਾਂ, ਰੁੱਖਾਂ, ਬਿਰਖਾਂ ਦਰਮਿਆਨ ਉਹ ਲੰਮ-ਸਲੰਮੀ ਸੱਧਰਾਂ ਸੁਪਨਿਆਂ ਭਰੀ ਮੁਟਿਆਰ ਹੋਈ ਤੇ ਨਾਲ ਹੀ ਪਰਦੇਸਣ ਹੋ ਗਈ।

ਹੁਣ ਉਹ ਕਦੀ ਕੈਲਗਰੀ ਦੀ ਸ਼ਾਮ ਤੋਂ ਪਿੰਡ ਦੀ ਸਵੇਰ ਨੂੰ ਫ਼ੋਨ ਕਰ ਕੇ ਆਪਣੇ ਦਿਲ ਲਈ ਪਹੁ-ਫੁਟਾਲਾ ਮੰਗਦੀ ਹੈ। ਕਦੀ ਕੈਲਗਰੀ ਦੀ ਸਵੇਰ ਤੋਂ ਆਪਣੇ ਪਿੰਡ ਦੀ ਸ਼ਾਮ ਨੂੰ ਫ਼ੋਨ ਕਰ ਕੇ ਚੇਤਨਾ ਦਾ ਚਾਨਣ ਭੇਜਦੀ ਹੈ। ਇਕ ਕਵਿਤਾ ਵਿਚ ਸੁਰਿੰਦਰ ਲਿਖਦੀ ਹੈ:

ਹਰ ਰੋਜ਼ ਮੈਨੂੰ
ਝਾਕ ਰਹਿੰਦੀ ਹੈ
ਕਿ ਵਤਨ ਵੱਲੋਂ
ਕੋਈ ਅਜਿਹੀ ਖ਼ਬਰ ਆਵੇਗੀ
ਜਿਸ ਵਿਚੋਂ ਮੈਨੂੰ
ਸਰ੍ਹੋਂ ਦੇ ਫੁੱਲਾਂ ਦੀ ਮਹਿਕ ਆਵੇਗੀ...

ਪਰ ਅਜੇਹਾ
ਕਦੇ ਨਹੀਂ ਹੁੰਦਾ
ਕਿਉਂਕਿ
ਵਤਨੋਂ ਆਉਂਦੀਆਂ ਖ਼ਬਰਾਂ
ਵੱਢੀ-ਖੋਰੀ
ਭ੍ਰਿਸ਼ਟਾਚਾਰੀ
ਬੇਰੁਜ਼ਗਾਰੀ
ਤੇ ਫ਼ਿਰਕਾਪ੍ਰਸਤੀ ਦੀਆਂ ਕਹਾਣੀਆਂ
ਰਾਜਨੀਤਕਾਂ ਦੀਆਂ
ਕੀਤੀਆਂ ਮਨਮਾਨੀਆਂ
ਇਕ ਦੂਜੇ ਨੂੰ ਕੱਢੀਆਂ ਗਾਲ੍ਹਾਂ
ਗ਼ਰੀਬਾਂ ਦਾ ਲਹੂ
ਖਰੀਦਣ ਤੇ ਵੇਚਣ ਦੀਆਂ ਚਾਲਾਂ

ਇਸ ਸਭ ਕੁਝ ਦਰਮਿਆਨ ਸੁਰਿੰਦਰ ਆਪਣੀ ਕਵਿਤਾ ਲਈ ਬਹੁਤ ਗੌਰਵ-ਭਰਿਆ ਸਾਰਥਕ ਰੋਲ ਚੁਣਦੀ ਹੈ:

ਕਵਿਤਾ ਤੂੰ ਆ
ਪਰ ਇਸ ਤਰ੍ਹਾਂ ਆ
ਕਿ ਤੇਰੇ ਆਉਣ 'ਤੇ
ਠੰਢੇ ਚੁੱਲ੍ਹਿਆਂ 'ਚ ਅੱਗ
ਬਲ ਪਵੇ

ਭੁੱਖ ਦੀ ਅੱਗ ਨੂੰ
ਠੱਲ੍ਹ ਪਵੇ
ਫੁੱਟਪਾਥਾਂ 'ਤੇ ਸੁੱਤਿਆਂ ਨੂੰ
ਘਰ ਮਿਲ ਜਾਵੇ
ਚੋਂਦੀਆਂ ਝੁੱਗੀਆਂ 'ਤੇ
ਛੱਤ ਪਵੇ

ਨੰਗਿਆਂ ਨੂੰ
ਤਨ ਢੱਕਣ ਲਈ
ਕੱਪੜਾ ਮਿਲੇ
ਤੂੰ ਲੋਕ ਰਾਜ ਲਈ ਆਵਾਜ਼ ਬਣ ਕੇ ਆ
ਧਰਤੀ 'ਤੇ ਵਸਦੇ ਹਰ ਮਨੁੱਖ ਲਈ
ਮਨੁੱਖਾ ਜੂਨ ਬਣ ਕੇ ਆ

ਇਹ ਰੋਲ ਨਾ ਅਦਾ ਕਰ ਸਕਣ ਵਾਲੀ ਕਵਿਤਾ ਨੂੰ ਸੁਰਿੰਦਰ ਕਵਿਤਾ ਦਾ ਨਾਮ ਨਹੀਂ ਦੇਣਾ ਚਾਹੁੰਦੀ ਤੇ ਨਾ ਹੀ ਅਜਿਹੀ ਕਵਿਤਾ ਲਿਖਣ ਵਾਲੇ ਕਵੀ ਨੂੰ ਉਹ ਕਵੀ ਤਸਲੀਮ ਕਰਦੀ ਹੈ :

ਜੇ ਤੇਰੀ ਕਲਮ
ਸੱਤਾ ਦੇ ਤਖ਼ਤਾਂ 'ਤੇ ਬੈਠੇ ਲੋਕਾਂ ਦੇ
ਸੋਹਲੇ ਗਾਉਂਦੀ ਹੈ

ਹਰ ਬੇਇਨਸਾਫ਼ੀ, ਧੱਕੇਸ਼ਾਹੀ ਅਤੇ
ਲੁੱਟ ਖਸੁੱਟ ਨੂੰ ਨਜ਼ਰਅੰਦਾਜ਼ ਕਰ
ਸ਼ਾਹੀ ਫ਼ਰਮਾਨਾਂ ਅੱਗੇ ਸਿਰ ਝੁਕਾਉਂਦੀ ਹੈ
ਕਿਰਤੀ ਕਾਮਿਆਂ ਦੇ ਲਹੂ ਪਸੀਨੇ ਦੀ
ਲੁੱਟ ਹੁੰਦੀ ਦੇਖ
ਤੇਰੀ ਕਲਮ ਦੇ ਸੀਨੇ 'ਚ
ਰੋਹ ਨਹੀਂ ਜਾਗਦਾ
ਹਰ ਭੁੱਖਾ ਢਿੱਡ
ਤੈਨੂੰ ਆਪਣਾ ਢਿੱਡ ਨਹੀਂ ਜਾਪਦਾ
ਧਰਤੀ ਦੀ ਹਿੱਕ 'ਤੇ ਵਰ੍ਹਦਾ ਮੀਂਹ
ਤੇਰੀ ਕਲਮ ਦੀ ਰੂਹ ਨਹੀਂ ਸਾੜਦਾ...

ਤਾਂ ਮੁਆਫ਼ ਕਰੀਂ ਮਿੱਤਰਾ
ਤੂੰ ਕਵੀ ਨਹੀਂ
ਤੂੰ ਮੌਕਾਪ੍ਰਸਤ ਜਾਂ ਝੋਲੀ ਚੁੱਕ ਤਾਂ ਹੋ ਸਕਦਾ ਹੈਂ
ਪਰ ਕਵੀ ਨਹੀਂ।

ਇਕ ਰੋਸ਼ਨ ਜ਼ਮੀਰ ਤੇ ਸੁਚੇਤ ਸ਼ਾਇਰਾ ਹੋਣ ਦੇ ਨਾਤੇ ਸੁਰਿੰਦਰ ਇਹ ਵੀ ਜਾਣਦੀ ਹੈ ਕਿ ਇਨ੍ਹਾਂ ਚੁੱਲ੍ਹਿਆਂ ਦੀ ਅੱਗ ਕੌਣ ਚੁਰਾਉਂਦਾ ਹੈ। ਉਨ੍ਹਾਂ ਦੀ ਨਿਸ਼ਾਨਦੇਹੀ ਕਰਦਿਆਂ ਉਹ ਲਿਖਦੀ ਹੈ:

ਚਾਲਬਾਜ਼ ਰਾਜਨੀਤਕ
ਫ਼ਿਰਕਾਪ੍ਰਸਤੀ ਤੇ
ਭ੍ਰਿਸ਼ਟਾਚਾਰੀ ਦੇ
ਥਾ-ਥੱਈਏ ਦੀ ਥਾਪ 'ਤੇ
ਨੱਚਦਿਆਂ
ਬਣਾ ਰਹੇ ਹਨ
ਸਾਡੀ ਧਰਤੀ ਨੂੰ
ਇਕ ਜਿਉਂਦੀ ਲਾਸ਼

ਇਨ੍ਹਾਂ ਦੇ ਨਾਲ ਹੀ ਉਹ ਧਰਮ ਦੇ ਨਾਮ 'ਤੇ ਲੋਕਾਂ ਨੂੰ ਠੱਗਣ ਤੇ ਗੁੰਮਰਾਹ ਕਰਨ ਵਾਲੇ ਅਖੌਤੀ ਧਾਰਮਿਕ ਮੱਠਧਾਰੀਆਂ ਨੂੰ ਵੀ ਇਸ ਨਿਸ਼ਾਨਦੇਹੀ ਵਿਚ ਸ਼ਾਮਲ ਕਰਦੀ ਹੈ:

ਉਹ ਤਾਂ ਚਾਹੁੰਦੇ ਹਨ
ਅਸੀਂ ਧਰਮੀ ਬਣੀਏ



ਆਪਣੇ ਦਿਮਾਗ਼ ਗੁਰੂ-ਦਕਸ਼ਣਾ 'ਚ ਦੇ ਕੇ
ਬਣ ਜਾਈਏ ਅਜੇਹੀਆਂ ਸ਼ਰਧਾਲੂ ਭੇਡਾਂ
ਜਿਨ੍ਹਾਂ ਨੂੰ ਜਦੋਂ ਚਾਹੁਣ
ਮੁੰਨ ਸਕਣ
ਅਤੇ ਧਰਮ ਦੇ ਨਾਮ 'ਤੇ ਸਾਡੀਆਂ ਜੇਬਾਂ ਕਲੰਜ ਸਕਣ

ਉਹ ਤਾਂ ਚਾਹੁੰਦੇ ਨੇ
ਕਿ ਅਸੀਂ ਧਰਮੀ ਬਣੀਏ
ਤਾਂ ਜੋ
ਧਰਮ ਖ਼ਤਰੇ 'ਚ ਕਹਿ
ਧਰਮ ਬਚਾਓ
ਦਾ ਨਾਹਰਾ ਲਾ ਕੇ
ਸਾਡੇ ਹੱਥ ਤਲਵਾਰਾਂ ਫੜਾ ਕੇ
ਮਨੁੱਖਤਾ ਦਾ ਘਾਣ ਕਰਵਾ ਸਕਣ
ਬੇਗੁਨਾਹ ਲਹੂ 'ਚ
ਆਪਣੀ ਰਾਜਨੀਤੀ ਦੇ ਚੋਲੇ ਰੰਗ ਕੇ
ਸਾਡੀਆਂ ਨਿਪੁੰਸਕ ਸੋਚਾਂ 'ਤੇ
ਆਸਾਨੀ ਨਾਲ ਰਾਜ ਕਰ ਸਕਣ

ਨਜ਼ਮ ਦੇ ਅਖ਼ੀਰ ਵਿਚ ਸੱਚੇ ਧਰਮ ਦੇ ਅਰਥ ਸਮਝਾਉਂਦਿਆਂ ਸੁਰਿੰਦਰ ਲਿਖਦੀ ਹੈ ਕਿ ਅਸਲ ਵਿਚ ਅਖੌਤੀ ਧਰਮੀ ਚਾਹੁੰਦੇ ਹਨ ਕਿ ਅਸੀਂ ਅਸਲੀ ਧਰਮ ਨਾ ਜਾਣੀਏ, ਅਸੀਂ ਅਸਲੀ ਧਰਮ ਦੇ ਮਾਰਗ 'ਤੇ ਨਾ ਤੁਰੀਏ:

ਉਹ ਤਾਂ ਚਾਹੁੰਦੇ ਨੇ
ਕਿ ਅਸੀਂ ਧਰਮੀ ਬਣੀਏ
ਧਰਮ ਨਾ ਪੜ੍ਹੀਏ
ਹੋ ਸਕਦੈ
ਧਰਮ ਪੜ੍ਹ ਕੇ
ਆਪਣੇ ਦਿਮਾਗ਼
ਗੁਰੂ-ਦਕਸ਼ਣਾ ਵਿਚ ਦੇਣ ਦੀ ਬਜਾਏ
ਧਰਮ ਦੀ ਭੇਟ ਚੜ੍ਹਾ ਦੇਈਏ
ਤੇ ਉਨ੍ਹਾਂ ਨੂੰ ਤਖ਼ਤੋਂ ਲਾਹ
ਸੱਚ ਨੂੰ ਤਖ਼ਤ 'ਤੇ ਬੈਠਾ ਦੇਈਏ
ਸੱਚ ਜੋ ਅਸਲ ਧਰਮ ਹੈ।

ਮਾਨਵਤਾ ਦੇ ਵਿਕਾਸ ਵਿਚ ਨਾਂਹ-ਮੁਖੀ ਰੋਲ ਅਦਾ ਕਰਨ ਵਾਲੇ ਵਰਤਾਰਿਆਂ ਵਿਚ ਸੁਰਿੰਦਰ ਨੇ ਵਿਸ਼ਵੀਕਰਣ ਦੀ ਵਿਚਾਰਧਾਰਾ ਨੂੰ ਵੀ ਸ਼ਾਮਿਲ ਕੀਤਾ ਹੈ ਜੋ ਦਇਆ, ਸਾਂਝੀਵਾਲਤਾ, ਬਰਾਬਰੀ ਅਤੇ ਨਿਆਂ ਦੀ ਥਾਂ ਖੁੱਲ੍ਹੀ ਮੰਡੀ ਰਾਹੀਂ ਦੁਨੀਆ ਉੱਤੇ ਮਾਇਆ ਅਤੇ ਮਾਇਆਧਾਰੀਆਂ ਦਾ ਰਾਜ ਕਾਇਮ ਕਰਨਾ ਚਾਹੁੰਦੀ ਹੈ ਅਤੇ ਕਿਰਤੀਆਂ ਕਾਮਿਆਂ, ਕਿਸਾਨਾਂ ਅਤੇ ਆਮ ਲੋਕਾਂ ਨੂੰ ਬੇਕਿਰਕ ਪੂੰਜੀਵਾਦ ਦੇ ਰਹਿਮ 'ਤੇ ਛੱਡਣਾ ਚਾਹੁੰਦੀ ਹੈ ਜਿਸ ਮੁਤਾਬਕ ਸਰਕਾਰਾਂ ਦਾ ਰੋਲ ਸਿਰਫ਼ ਪੁਲਿਸ ਵਰਗਾ ਹੀ ਰਹਿ ਜਾਵੇਗਾ। ਉਸਦਾ ਆਪਣੇ ਲੋਕਾਂ ਦੀ ਸਿਹਤ ਅਤੇ ਸਿੱਖਿਆ ਨਾਲ ਕੋਈ ਲਾਗਾ ਦੇਗਾ ਨਹੀਂ ਹੋਵੇਗਾ:

ਇਕ ਦੈਂਤ
ਸਾਡੀ ਧਰਤੀ 'ਤੇ ਉੱਤਰਿਆ
ਸੋਨੇ ਦਾ ਚੋਗਾ ਲੈ ਕੇ
ਭੋਲੇ ਪੰਛੀ
ਚੋਗਾ ਚੁਗਦੇ ਗਏ
ਉਸਦੇ ਵਿਸ਼ਵੀਕਰਣ ਦੇ ਜਾਲ ਵਿਚ
ਫਸਦੇ ਗਏ।

ਸਮਾਜਕ, ਰਾਜਨੀਤਕ ਤੇ ਆਰਥਿਕ ਚੇਤਨਾ ਵਾਂਗ ਮਾਨਵੀ ਰਿਸ਼ਤਿਆਂ ਬਾਰੇ ਸੁਰਿੰਦਰ ਦੀ ਸੰਵੇਦਨਾ, ਸੂਝ ਅਤੇ ਵਿਸ਼ਲੇਸ਼ਣ ਵੀ ਬਹੁਤ ਗਹਿਰਾ ਹੈ, ਇਸ ਪ੍ਰਸੰਗ ਵਿਚ ਉਸਦੀ ਇਕ ਖ਼ੂਬਸੂਰਤ ਕਵਿਤਾ ਸਾਂਝੀ ਕਰਦਾ ਹਾਂ:

ਰਿਸ਼ਤੇਦਾਰ ਮਰ ਜਾਂਦਾ ਹੈ
ਪਰ ਰਿਸ਼ਤਾ ਜਿਉਂਦਾ ਰਹਿੰਦਾ ਹੈ
ਬੜਾ ਚੰਗਾ ਲੱਗਦਾ ਹੈ
ਅਜਿਹੇ ਰਿਸ਼ਤੇ ਨੂੰ
ਦਿਲ ਦੀ ਰਾਜਗੱਦੀ 'ਤੇ ਬਿਠਾਉਣਾ

ਤੇ ਅਕਸਰ ਅਜਿਹਾ ਹੁੰਦਾ ਹੈ
ਰਿਸ਼ਤੇਦਾਰ ਜਿਉਂਦਾ ਰਹਿੰਦਾ ਹੈ
ਪਰ ਰਿਸ਼ਤਾ ਮਰ ਜਾਂਦਾ ਹੈ

ਬੜਾ ਮੁਸ਼ਕਲ ਹੁੰਦਾ ਹੈ
ਅਜਿਹੇ ਰਿਸ਼ਤੇ ਨੂੰ
ਦਿਲ ਦੀ ਧਰਤੀ 'ਚ ਦਫ਼ਨਾਉਣਾ।

ਅਸਲ ਵਿਚ ਅਸੀਂ ਸਾਰੇ ਸੁਹਣੇ ਰਿਸ਼ਤਿਆਂ ਲਈ ਤਾਂਘਦੇ ਹਾਂ। ਸੁਹਣੇ ਰਿਸ਼ਤਿਆਂ ਵਾਲੇ ਸਮਾਜ ਲਈ ਤਾਂਘਦੇ ਹਾਂ। ਸੁਹਣਿਆਂ ਰਿਸ਼ਤਿਆਂ ਵਾਲੇ ਨਿਜ਼ਾਮ ਲਈ ਤਾਂਘਦੇ ਹਾਂ। ਕੋਈ ਵੀ ਉਚਾ-ਸੁੱਚਾ ਵਾਦ ਹੋਵੇ, ਧਰਮ ਹੋਵੇ, ਕ੍ਰਾਂਤੀ ਹੋਵੇ ਉਹਦਾ ਅਸਲੀ ਮੰਤਵ ਸਹੀ ਅਤੇ ਸੁਹਣੇ ਰਿਸ਼ਤਿਆਂ ਵਾਲਾ ਸਮਾਜ ਸਿਰਜਣਾ ਹੀ ਹੁੰਦਾ ਹੈ। ਜਿਸ ਸਮਾਜ ਵਿਚ ਬੰਦੇ ਦਾ ਆਪਣੇ ਆਪ ਨਾਲ ਰਿਸ਼ਤਾ, ਦੂਸਰਿਆਂ ਨਾਲ ਰਿਸ਼ਤਾ, ਕੁਦਰਤ ਨਾਲ ਰਿਸ਼ਤਾ ਸੁਹਣਾ, ਸੁਖਾਵਾਂ ਤੇ ਨਿਆਂਪੂਰਨ ਹੋਵੇ। ਸੱਚਾ ਸੁਹਿਰਦ ਸਾਹਿਤ ਵੀ ਇਹੋ ਜਿਹੇ ਸਮਾਜ ਦੀ ਕਾਮਨਾ ਕਰਦਾ ਹੈ।

ਨਾਬਰਾਬਰੀ ਤੇ ਕਾਣੀ ਵੰਡ ਵਾਲੇ ਸਮਾਜ ਵਿਚ ਅਮੀਰਾਂ ਦੇ ਲਾਲਚ ਅਤੇ ਗਰੀਬਾਂ ਦੀ ਆਰਥਿਕ ਅਸੁਰੱਖਿਆ ਕਾਰਨ ਆਪੋਧਾਪੀ ਮੱਚ ਜਾਂਦੀ ਹੈ। ਮਾਇਆ ਇਕ ਵੱਡੀ ਤੇ ਅੰਨ੍ਹੀ ਤਾਕਤ ਬਣ ਕੇ ਮਾਨਵੀ ਰਿਸ਼ਤਿਆਂ ਨੂੰ ਆਹਤ ਕਰ ਦਿੰਦੀ ਹੈ। ਮਾਨਵੀ ਰਿਸ਼ਤਿਆਂ ਨੂੰ ਸਹੀ ਅਰਥਾਂ ਵਿਚ ਮਾਨਵੀ ਰੱਖਣ ਲਈ ਜ਼ਰੂਰੀ ਹੈ ਕਿ ਸਾਡਾ ਨਿਜ਼ਾਮ ਬਰਾਬਰੀ ਅਤੇ ਇਨਸਾਫ਼ ਉੱਤੇ ਆਧਾਰਿਤ ਹੋਵੇ।

ਇਨ੍ਹਾਂ ਰਿਸ਼ਤਿਆਂ ਵਿਚ ਆਪਣੇ ਆਪ ਨਾਲ ਰਿਸ਼ਤਾ ਵੀ ਬਹੁਤ ਅਹਿਮ ਹੈ, ਸ਼ਾਇਦ ਸਭ ਤੋਂ ਅਹਿਮ। ਇਸ ਰਿਸ਼ਤੇ ਵਿਚ ਬੰਦਾ ਆਪਣੀਆਂ ਸੋਚਾਂ ਨੂੰ ਵੀ ਸੋਚਦਾ ਹੈ, ਆਪਣੀਆਂ ਖ਼ਾਹਿਸ਼ਾਂ, ਆਪਣੇ ਦੁੱਖਾਂ ਸੁੱਖਾਂ, ਸੁਪਨਿਆਂ ਦਾ ਮੁਲਾਂਕਣ ਕਰਦਾ ਹੈ। ਆਤਮ ਪੜਚੋਲ ਕਰਦਾ ਹੈ। ਆਪਣੇ ਆਪ ਨੂੰ ਪਰਖਣ ਵਾਲਾ ਬੰਦਾ ਹੀ ਸੱਚਾ ਪਾਰਖੂ ਅਖਵਾ ਸਕਦਾ ਹੈ। ਗੁਰੂ ਅੰਗਦ ਦੇਵ ਜੀ ਦਾ ਕਥਨ ਹੈ :

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥

ਹਰ ਸੁਹਿਰਦ ਕਵੀ ਦੀਆਂ ਕਵਿਤਾਵਾਂ ਵਿਚ ਅਜਿਹੀਆਂ ਕਵਿਤਾਵਾਂ ਮਿਲ ਜਾਂਦੀਆਂ ਹਨ, ਜਿਨ੍ਹਾਂ ਨੂੰ ਲਿਖਣ ਦੌਰਾਨ ਉਹ ਆਪਣੇ ਆਪ ਨੂੰ ਪਰਖਣ ਦੇ ਇਮਤਿਹਾਨ ਵਿਚੋਂ ਲੰਘਦਾ ਹੈ। ਸੁਰਿੰਦਰ ਦੀ ਕਵਿਤਾ ਵਿਚ ਵੀ ਇਹ ਤੜਪ ਦੇਖੀ ਜਾ ਸਕਦੀ ਹੈ:

ਮੈਨੂੰ ਮੇਰੀ ਯਾਦ ਆਈ ਹੈ
ਪਰ ਉਸ ਵੇਲੇ ਆਈ ਹੈ
ਜਦੋਂ ਮੇਰਾ ਆਪਾ ਮੇਰੇ ਕੋਲ ਨਹੀਂ
ਮੈਂ ਇਸ ਯਾਦ ਨੂੰ ਕੁਝ ਆਖਾਂ
ਤਾਂ ਕਿਵੇਂ ਆਖਾਂ

ਸ਼ਰਮ ਦੇ ਮਾਰੇ
ਮੇਰੇ ਮੂੰਹ ਵਿਚ ਬੋਲ ਨਹੀਂ
ਮੈਂ ਆਪਣੇ ਅੰਦਰ ਬਾਹਰ
ਝਾਤ ਮਾਰੀ ਹੈ
ਏਥੇ ਤਾਂ ਹੈ
ਸੰਘਣਾ ਹਨ੍ਹੇਰਾ
ਤੇ ਇਸ ਹਨ੍ਹੇਰੇ 'ਚ
ਬੜ੍ਹਕਾਂ ਮਾਰਦਾ
ਅਹੰਕਾਰ ਮੇਰਾ।

ਅਸਲ ਵਿਚ ਦੂਸਰਿਆਂ ਨੂੰ ਪਰਖਣ ਦਾ ਹੱਕ ਵੀ ਉਸ ਨੂੰ ਹੀ ਹੁੰਦਾ ਹੈ ਜੋ ਆਪਣੇ ਆਪ ਨੂੰ ਵੀ ਪਰਖਦਾ ਹੈ। ਇਸ ਤੋਂ ਬਿਨਾਂ ਕਵੀ ਕਰਮ ਅਧੂਰਾ ਰਹਿ ਜਾਂਦਾ ਹੈ।

ਸੁਰਿੰਦਰ ਦੀਆਂ ਕਵਿਤਾਵਾਂ ਵਿਚਲੀ ਅਹਿਸਾਸਾਂ, ਭਾਵਾਂ ਅਤੇ ਵਿਚਾਰਾਂ ਦੀ ਖ਼ੂਬਸੂਰਤੀ ਇਸ ਦੀ ਸ਼ਕਤੀ ਹੈ ਤੇ ਉਸ ਦੀਆਂ ਕਵਿਤਾਵਾਂ ਵਿਚਲਾ ਸਰੋਦੀਪਨ ਵੀ ਉਸਦੀ ਸ਼ਕਤੀ ਹੈ ਜਿਹੜੀ ਉਸਦੇ ਗੀਤਾਂ ਅਤੇ ਗ਼ਜ਼ਲਾਂ ਵਿਚ ਵਿਸ਼ੇਸ਼ ਤੌਰ 'ਤੇ ਨੁਮਾਇਆ ਹੁੰਦੀ ਹੈ। ਉਸ ਦੀਆਂ ਕਵਿਤਾਵਾਂ ਵਿਚ ਤਾਈ ਨਿਹਾਲੋ ਵਰਗੀਆਂ ਸੁਆਣੀਆਂ ਦੇ ਚਿਹਰਿਆਂ ਤੋਂ ਤੁਸੀਂ ਵਤਨ ਦਾ ਇਤਿਹਾਸ ਪੜ੍ਹ ਸਕਦੇ ਹੋ। ਥਾਂ ਪਰ ਥਾਂ ਤੁਹਾਨੂੰ ਉਸਦੀ ਸ਼ਾਇਰੀ ਸੋਚਣ ਮਹਿਸੂਸ ਕਰਨ ਤੇ ਮਨੁੱਖਤਾ ਦੇ ਸੰਘਰਸ਼ਾਂ ਵਿਚ ਹਿੱਸਾ ਪਾਉਣ ਲਈ ਪ੍ਰੇਰਦੀ ਹੈ।


ਸੁਰਿੰਦਰ ਨੇ ਕਵਿਤਾ ਵਿਚ ਬਹੁਤ ਲੰਮਾ ਸਫ਼ਰ ਤੈਅ ਕੀਤਾ ਹੈ। ਦੁਆ ਕਰਦਾ ਹਾਂ ਕਵਿਤਾ ਦੇ ਰਾਹਾਂ ਦੀ ਇਸ ਉਰਜਾਵਾਨ ਮੁਸਾਫ਼ਰ ਦਾ ਸਫ਼ਰ ਦੇਰ ਤੱਕ, ਦੂਰ ਤੱਕ ਜਾਰੀ ਰਹੇ, ਓਥੋਂ ਤੱਕ ਜਿਥੇ ਜ਼ਮੀਨ ਅਸਮਾਨ ਮਿਲਦੇ ਹਨ। ਸੁਰਿੰਦਰ ਲਈ ਇਹ ਦੁਆ ਉਸਦੀ ਹੀ ਇਕ ਖ਼ੂਬਸੂਰਤ ਕਵਿਤਾ ਵਿਚੋਂ ਨਿਕਲੀ ਹੈ, ਜਿਸ ਕਵਿਤਾ ਵਿਚ ਅਰਥ ਦੀਆਂ ਕਈ ਤਹਿਆਂ ਹਨ। ਇਹਦੀ ਇਕ ਤਹਿ ਮਾਨਵ ਦੀ ਆਦਿ ਜੁਗਾਦੀ ਜਗਿਆਸਾ ਹੈ ਗਿਆਨ ਦੀ, ਮਿਲਾਪ ਦੀ, ਅੱਗੇ ਤੋਂ ਅੱਗੇ ਤੁਰ ਕੇ ਦੇਖਣ ਦੀ ਤੇ ਇਸ ਸ੍ਰਿਸ਼ਟੀ ਦਾ ਆਦਿ ਜੁਗਾਦਿ ਜਾਨਣ ਦੀ :

ਮੈਂ
ਵਗਦੀ ਪੌਣ ਨੂੰ ਪੁੱਛਿਆ
ਤੂੰ ਤਾਂ ਅੜੀਏ
ਤੁਰੀ ਫਿਰਦੀ ਏਂ
ਏਧਰ ''ਧਰ
ਬਿਨਾਂ ਕਿਸੇ ਰੋਕ
ਬਿਨਾਂ ਕਿਸੇ ਟੋਕ
ਤੈਨੂੰ ਤਾਂ ਪਤਾ ਹੋਣਾ
ਧਰਤੀ ਤੇ ਆਕਾਸ਼
ਕਿੱਥੇ ਮਿਲਦੇ ਹਨ ?

ਪੌਣ ਨੇ ਹਉਕਾ ਲਿਆ
ਤੇ ਕਿਹਾ—
ਏਹੀ ਤਾਂ ਲੱਭਦੀ ਫਿਰਦੀ ਹਾਂ
ਯੁਗਾਂ ਯੁਗਾਂ ਤੋਂ।

# ਜਾਸਮੀਨ ਦੀ ਮਹਿਕ ਦਾ ਇਕ ਕਾਂਡ

***ਸੁਰਿੰਦਰ ਸੋਹਲ ਦੇ ਛਪ ਰਹੇ ਨਾਵਲ 'ਜਾਸਮੀਨ ਦੀ ਮਹਿਕ' ਦਾ ਪਹਿਲਾ ਕਾਂਡ 'ਪੰਜਾਬ ਟਾਈਮਜ਼' ਦੇ ਪਾਠਕਾਂ ਦੇ ਰੂ-ਬ-ਰੂ ਕਰਨ ਦੀ ਅਸੀ ਖ਼ੁਸ਼ੀ ਲੈ ਰਹੇ ਹਾਂ। ਇਸ ਨਾਵਲ ਬਾਰੇ ਕੈਨੇਡਾ ਵਸਦੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਉਂਕਾਰਪ੍ਰੀਤ ਦਾ ਕਥਨ ਹੈ- 'ਭਾਰਤੀ, ਅਰਬੀ ਅਤੇ ਯੂਰਪੀਅਨ ਮਿਥਿਹਾਸ 'ਚ ਜਾਸਮੀਨ ਦੇ ਫੁੱਲਾਂ ਦਾ ਸ਼ਵੇਤਾਂਬਰੀ ਦਰਜਾ ਹੈ। ਸ਼ੁੱਧ ਆਤਮਾ ਦਾ ਰੂਪ ਤੇ ਮਹਿਕ। ਸੁਰਿੰਦਰ ਸੋਹਲ ਦੇ ਇਸ ਨਾਵਲ ਦੇ ਵਰਕੇ ਵੀ ਹੂ-ਬ-ਹੂ ਜਾਸਮੀਨ ਦੀਆਂ ਪੱਤੀਆਂ ਹਨ ਜਿਨ੍ਹਾਂ 'ਤੇ 'ਜਾਸਮੀਨੀ-ਮਹਿਕ' ਦੀ ਲਿੱਪੀ 'ਚ ਸਿਰਜੀ ਕਥਾ ਹੈ। 'ਜਾਸਮੀਨ ਦੀ ਮਹਿਕ' ਦੀ ਇਸ ਕਥਾ ਦਾ ਆਧਾਰ ਭਾਵੇਂ ਕਿਸੇ ਇਕ ਚੱਕਰਵੰਤ ਗਿੱਲ ਦਾ ਆਤਮਿਕ ਬੇ-ਮੁੱਖ ਜੀਣ ਹੈ ਪਰ ਇਸ ਦੇ ਪਾਸਾਰ ਦੇ ਕਲ਼ਾਵੇ 'ਚ ਦੁਨੀਆ ਦਾ ਹਰ ਉਹ ਮਨੁੱਖ ਹੈ ਜਿਸ ਦੇ ਜੀਵਨ ਦਾ ਆਧਾਰ ਆਤਮਿਕ ਬੇ-ਮੁੱਖਤਾ ਹੋ ਚੁੱਕਾ ਹੈ। ਨਾਵਲ ਦੀ ਅਚੰਭਿਕ-ਰਹੱਸਮਈ ਕਥਾ ਦਾ ਕਮਾਲ ਇਹ ਹੈ ਕਿ ਚੱਕਰਵੰਤ ਗਿੱਲ ਦਾ ਜੀਵਨ ਜਿਉਂ-ਜਿਉਂ ਪਰਤ-ਦਰ-ਪਰਤ ਖੁੱਲ੍ਹਦਾ ਜਾਂਦਾ ਹੈ, ਤਿਉਂ-ਤਿਉਂ ਪਾਠਕ-ਮਨ ਵੀ ਆਪਣੀ ਆਤਮਾ ਦੇ ਰੂ-ਬ-ਰੂ 'ਅਲਫ਼-ਨੰਗਾ' ਹੁੰਦਾ ਜਾਂਦਾ ਹੈ। ਜਿਸ ਦੌਰ 'ਚ ਸਫਲ ਜੀਵਨ ਦਾ ਆਧਾਰ ਆਤਮਿਕ ਬੇ-ਮੁੱਖਤਾ ਬਣ ਚੁੱਕਾ ਹੋਵੇ, ਉਸ ਦੌਰ 'ਚ ਮਨੁੱਖ ਨੂੰ ਸ਼ੁੱਧ ਆਤਮਾ ਦੀ ਮਹਿਕ ਦੇ ਰੂ-ਬ-ਰੂ ਕਰਨਾ 'ਜਾਸਮੀਨ ਦੀ ਮਹਿਕ' ਵਰਗੇ ਸ਼ੁੱਧ ਕਲਾਤਮਿਕ ਸਾਹਿਤ ਦਾ ਹੀ ਗੌਰਵਮਈ ਹੌਸਲਾ ਤੇ ਹਾਸਿਲ ਹੁੰਦਾ ਹੈ।'***





## ਕਾਂਡ ਇਕ

ਅਲਫ਼ ਨੰਗਾ ਖੜ੍ਹਾ ਹਾਂ।

ਸਾਹਮਣੇ ਅਨੰਤ ਸਮੁੰਦਰ, ਵਿਸ਼ਾਲ ਟੈਲੀਵਿਜ਼ਨ ਦੀ ਬੇਕਿਨਾਰਾ ਸਕਰੀਨ ਵਾਂਗ ਨੀਲਾ-ਨੀਲਾ ਲਿਸ਼ਕ ਰਿਹਾ ਹੈ। ਧਰਤ-ਆਕਾਸ਼ ਨਾ਼ਲ ਇੱਕ-ਮਿੱਕ। ਪਿਛਾਂਹ ਨੂੰ ਉੱਲਰਿਆ ਹੋਇਆ। ਲਹਿਰਾਂ ਨੀਲੀਆਂ ਧਾਰੀਆਂ ਵਾਂਗ ਸ਼ੀਸ਼ੇ 'ਤੇ ਮੇ਼ਲ੍ਹ ਰਹੀਆਂ ਨੇ। ਕਦੇ-ਕਦੇ ਤੇਜ਼ ਹਵਾਵਾਂ ਆਸਮਾਨ ਜਿੱਡੀ ਸਕਰੀਨ 'ਤੇ ਲਹਿਰਾਂ ਦੇ ਅਣਗਿਣਤ ਨੀਲੇ ਰੱਸੇ ਵੱਟੀ ਜਾਂਦੀਆਂ ਨੇ। ਰੱਸੇ ਨੀਲੇ ਕਿਉਂ ਹਨ? ਨੀਲੇ ਰੱਸੇ ਕਿਉਂ ਮੇਰੀ ਆਤਮਾ ਨੂੜਨ ਲੱਗ ਪਏ ਨੇ?

ਦੂਰੋਂ ਉੱਠਿਆ ਛੱਲ ਦਾ ਵਿਰਾਟ ਥਾਨ, 'ਕੜੱਕ' ਕਰ ਕੇ ਸ਼ੀਸ਼ੇ ਦੀ ਸਕਰੀਨ ਤੋੜਦਾ, ਮੇਰੇ ਪੈਰਾਂ 'ਚ ਆ ਕੇ ਖੁੱਲ੍ਹ ਗਿਆ ਹੈ।



ਛੱਲਾਂ ਦਾ ਸ਼ੋਰ ਚੁਫੇਰੇ ਫੈਲ ਰਿਹਾ ਹੈ, ਜਿਵੇਂ ਸਮੁੰਦਰ ਮੇਰੇ ਨੰਗੇਜ 'ਤੇ ਹੱਸ ਰਿਹਾ ਹੈ। ਹੱਸਣ ਦਾ ਅੰਦਾਜ਼ ਬਦਲਦਾ ਹੈ। ਲੱਗਦਾ ਹੈ, ਡੇਲਾਈਲਾ ਹੱਸ ਰਹੀ ਹੈ, ''ਕਿਉਂ ਪ੍ਰੋਫ਼ੈਸਰ ਸਾਹਿਬ! ਪੁੱਛਦੇ ਸੀ ਨਾ, ਜਦੋਂ 'ਆਦਰਸ਼ਵਾਦੀ ਬੰਦਾ'

### ਸੁਰਿੰਦਰ ਸੋਹਲ

ਨੰਗਾ ਹੁੰਦੈ ਤਾਂ ਕਿਹੋ ਜਿਹਾ ਲੱਗਦੈ? ਦੇਖ ਲਵੋ ਹੁਣ।''

ਖੌਰੂ ਪਾਉਂਦੀ ਛੱਲ ਫਿਰ ਪੈਰਾਂ 'ਚ ਆ ਕੇ ਚਾਦਰ ਵਾਂਗ ਵਿਛ ਗਈ ਹੈ। ਖੱਬੀ ਬਾਂਹ ਕਮਜ਼ੋਰ ਹੈ। ਮੈਂ ਸੱਜੇ ਹੱਥ ਨਾ਼ਲ ਪਾਣੀ ਦੀ ਚਾਦਰ, ਕੰਨੀਓਂ ਫੜ ਕੇ, ਉਤਾਂਹ ਚੁੱਕ ਦਿੱਤੀ ਹੈ। ਥੱਲੇ ਰੇਤ ਦਿਸਣ ਲੱਗ ਪਈ ਹੈ। ਰੇਤ 'ਤੇ ਟੇਢਾ ਪਿਆ ਭੂਰਾ ਕੁੱਤਾ ਕਿੰਨੇ ਆਰਾਮ ਨਾ਼ਲ ਸੁੱਤਾ ਪਿਆ ਹੈ! ਉਸ ਦੇ ਪੈਰ ਨਹੀਂ, ਸਿੱਪੀਆਂ ਦੇ ਸਫ਼ੈਦ ਪਹੀਏ ਲੱਗੇ ਹੋਏ ਨੇ। ਕੰਨ ਦੀ ਥਾਂ ਚਾਬੀ। ਚਾਬੀ ਘੁਮਾਉਣ ਲਈ ਖੱਬਾ ਹੱਥ ਅਗਾਂਹ ਕਰਦਾ ਹਾਂ। ਪਾਣੀ ਦੀ ਚਾਦਰ ਹੱਥੋਂ ਨਿਕ਼ਲ ਗਈ ਹੈ। ਕੁੱਤਾ ਢਕਿਆ ਗਿਆ ਹੈ।

''ਚੋਰ... ਚੋਰ... ਚੋਰ,'' ਆਵਾਜ਼ ਬਿਲਕੁਲ ਨਿਰਵੈਰ ਦੀ ਹੈ, ''ਚੋਰ... ਕੁੱਤਾ ਚੋਰੀ ਕਰਨ ਲੱਗੈ। ਚਾਬੀ ਆ਼ਲਾ ਕੁੱਤਾ...।''

ਦੌੜਨ ਦੀ ਸੋਚਦਾ ਹਾਂ ਪਰ ਪੈਰ ਰੇਤਾ 'ਚ ਧਸੇ ਹੋਏ ਨੇ। ਵੱਡੀ ਸਾਰੀ ਛੱਲ ਮੇਰੇ ਵੱਲ ਇਉਂ ਆ ਰਹੀ ਹੈ, ਜਿਵੇਂ ਦਿਓ ਕੱਦ ਵ੍ਹੇਲ ਮੱਛੀ ਮੈਨੂੰ ਨਿਗ਼ਲਣ ਆ ਰਹੀ ਹੋਵੇ।

ਤ੍ਰਬਕ ਗਿਆ ਹਾਂ। ਮੰਜੇ 'ਤੇ ਪਿਆ ਕਿੰਨਾ ਚਿਰ ਸੁਫ਼ਨੇ 'ਚ ਦਿਸੀਆਂ ਚੀਜ਼ਾਂ ਬਾਰੇ ਸੋਚਦਾ ਰਹਿੰਦਾ ਹਾਂ। ਸੌਣ ਵੇ਼ਲੇ ਡਾਲੀ ਦੀ ਪੇਂਟਿੰਗ ਦਾ ਖ਼ਿਆਲ ਆ ਗਿਆ ਸੀ। ਸ਼ਾਇਦ ਓਸੇ ਦਾ ਪ੍ਰਭਾਵ ਹੈ ਇਹ ਸੁਫ਼ਨਾ ... ਪਰ ਨੀਲੀਆਂ ਤੂਫ਼ਾਨੀ ਛੱਲਾਂ ਤਾਂ ਮੇਰੇ ਮਨ 'ਚ ਦੱਬੀਆਂ ਅਤੀਤ ਦੀਆਂ ਕਿੰਨੀਆਂ ਹੀ ਯਾਦਾਂ ਦੇ ਘੋਗੇ-ਸਿੱਪੀਆਂ ਵਰਤਮਾਨ ਦੇ ਕਿਨਾਰੇ 'ਤੇ ਸੁੱਟ ਗਈਆਂ ਹਨ। ... ਤੇ ਟੈਲੀਵਿਜ਼ਨ ਦੀ ਸਕਰੀਨ...!

ਜ਼ੋਰ ਦੀ ਸਿਰ ਝਟਕਦਾ ਹਾਂ। ਜਿਵੇਂ ਚੇਤਿਆਂ ਦੀਆਂ ਤ਼ਲੀਆਂ 'ਚ ਖੁੱਭੇ ਸਕਰੀਨ ਦੇ ਟੁਕੜੇ ਕੱਢ ਦੇਣਾ ਚਾਹੁੰਦਾ ਹਾਂ... ਪਰ ਇਹ ਕਿਉਂ ਨਹੀਂ ਨਿਕ਼ਲਦੇ? ਕਿਉਂ ਹੋਰ ਡੂੰਘੇ ਧੱਸ ਹੋਈ ਜਾਂਦੇ ਨੇ?

''ਓ ਰੱਬਾ!'' ਮੂੰਹੋਂ ਨਿਕ਼ਲ ਗਿਆ ਹੈ। ਹੈਰਾਨ ਹੋਇਆ ਹਾਂ। ਇਹ ਸ਼ਬਦ ਮੇਰੀ ਜੀਭ 'ਚੋਂ ਕਿਵੇਂ ਫੁੱਟ ਪਏ ਨੇ! ਜਿਵੇਂ ਪੈਗ਼ੰਬਰ ਨੇ ਅੱਡੀ ਮਾਰ ਕੇ ਮਾਰੂਥਲ 'ਚੋਂ ਮਿੱਠੇ ਪਾਣੀ ਦਾ ਚਸ਼ਮਾ ਫੁਟਾਅ ਦਿੱਤਾ ਹੋਵੇ।

ਧੁੱਪ ਚੜ੍ਹ ਪਈ ਹੈ। ਵਾਕਰ ਫੜ ਕੇ ਬਾਥਰੂਮ ਗਿਆ ਹਾਂ। ਤਾਜ਼ਾ ਹੋ ਕੇ ਰਸੋਈ 'ਚ ਆ ਕੇ ਕੌਫ਼ੀ ਬਣਾਈ ਹੈ। ਲਿਵਿੰਗ-ਰੂਮ 'ਚ ਕੌਫ਼ੀ ਦਾ ਕੱਪ ਮੇਜ਼ 'ਤੇ ਟਿਕਾਇਆ ਹੈ। ਸ਼ੀਸ਼ੇ ਦੀ ਕੰਧ ਥਾਣੀਂ ਬਾਹਰ ਨਿਗਾਹ ਸੁੱਟੀ ਹੈ ਤਾਂ ਦੂਰੋਂ ਸਮੁੰਦਰ ਹੱਸ ਰਿਹਾ ਜਾਪਿਆ ਹੈ। ਜਿਵੇਂ ਮੇਰੀ ਹਾਲਤ 'ਤੇ ਹੱਸ ਰਿਹਾ ਹੈ। ਵੱਡੀ ਕੁਰਸੀ 'ਤੇ ਬੈਠ ਕੇ ਬਾਹਰ ਦੇਖਣ ਲੱਗ ਪਿਆ ਤੇ ਪਤਾ ਨਹੀਂ ਕਿੰਨਾ ਚਿਰ ਦੇਖਦਾ ਰਿਹਾ ਹਾਂ!

ਵਾਕਰ ਚੁੱਕਣ-ਰੱਖਣ ਨਾ਼ਲ ਚੁੱਪ ਦੇ ਜਿਸਮ 'ਤੇ ਜੋ 'ਟੱਕ-ਟੱਕ' ਦੇ ਨਿੱਕੇ-ਨਿੱਕੇ ਦਾਗ਼ ਪਏ ਸਨ, ਸੰਨਾਟੇ ਦੀ ਕੂਚੀ ਨੇ ਕਦੋਂ ਦੇ ਹੀ ਮਿਟਾਅ ਦਿੱਤੇ ਨੇ। ਸੰਘਣੀ ਖ਼ਾਮੋਸ਼ੀ ਲਿਵਿੰਗ-ਰੂਮ 'ਚ ਤਾਰੀ ਹੈ। ਬੁੱਢੇ ਮੇਪ਼ਲ ਹੇਠ ਬੈਠੇ ਪਰਿੰਦੇ ਮਸਤ ਹਨ। ਇਕ ਰੁੱਖ ਓਹਲੇ ਬਿੱਲੀ ਸ਼ਹਿ ਲਾ ਕੇ ਬੈਠੀ ਹੈ। ਰੋਜ਼ ਆਪਣਾ ਸ਼ਿਕਾਰ ਕਰ ਜਾਂਦੀ ਹੈ। ਪੰਛੀ ਵੀ ਕਿੰਨੇ ਅਣਭੋ਼ਲ ਹੁੰਦੇ ਨੇ! ਮੈਨੂੰ ਆਪਣਾ-ਆਪਾ ਵੀ ਕਿਸੇ ਪੰਛੀ ਵਰਗਾ ਹੀ ਲੱਗਿਆ ਹੈ। ਮੈਂ ਤਾਂ ਅਣਭੋ਼ਲ ਨਹੀਂ ਸਾਂ ਪਰ ਪਤਾ ਹੀ ਨਹੀਂ ਲੱਗਾ, ਸਵੈ-ਮੰਥਨ ਦੀ ਬਿੱਲੀ ਨੇ ਮੈਨੂੰ ਕਦੋਂ ਆਣ ਦਬੋਚਿਆ ਹੈ!

ਸ਼ੀਸ਼ੇ ਦੀ ਕੰਧ ਥਾਣੀਂ ਸੱਜੇ ਬੰਨੇ ਜਾਸਮੀਨ ਦਾ ਬੂਟਾ ਪੂਰੇ ਦਾ ਪੂਰਾ ਦਿਸਦਾ ਹੈ, ਭਰ ਜੁਆਨ ਮੁਟਿਆਰ ਵਾਂਗ। ਜਾਸਮੀਨ ਵੀ ਤਾਂ ਏਨੀ ਹੀ ਜੁਆਨ ਸੀ। ਭਰਪੂਰ। ਦਿਲਕਸ਼। ਸੁਣੱਖੀ।

ਕੌਫ਼ੀ ਦਾ ਘੁੱਟ ਭਰਨ ਦਾ ਖ਼ਿਆਲ ਆਇਆ ਹੈ। ਝੱਟ ਕੱਪ ਚੁੱਕਦਾ ਹਾਂ। ਕੌਫ਼ੀ ਦੀ ਗਰਮਾਹਟ ਮਰ ਗਈ ਹੈ। ਜਿਵੇਂ ਮੈਂ ਕੌਫ਼ੀ 'ਚ ਵਟ ਗਿਆ ਹਾਂ। ਠੰਢਾ-ਸੀਤ।

ਘੁਟਨ ਮਹਿਸੂਸ ਹੋ ਰਹੀ ਹੈ।

ਬਾਹਰ ਜੰਗ਼ਲੀ ਰੁੱਖ ਝੂਮ ਰਹੇ ਨੇ।

ਲਿਵਿੰਗ-ਰੂਮ ਦੀ, ਜੰਗ਼ਲ ਵੱਲ ਖੁੱਲ੍ਹਦੀ, ਦੱਖਣੀ ਬਾਰੀ ਖੋਲ੍ਹਦਾ ਹਾਂ। ਤਾਜ਼ਾ ਹਵਾ ਦੇ ਬੁੱਲੇ ਨਾ਼ਲ ਪੰਛੀਆਂ ਦੇ ਬੋਲਾਂ ਦੀ 'ਸਿੰਫ਼ਨੀ' ਅੰਦਰ ਡੁੱਲ੍ਹ ਗਈ ਹੈ। ਸੰਨਾਟਾ ਰਾਗ-ਮਈ ਹੋ ਗਿਆ ਹੈ। ਚੁੱਪ ਤਿੜਕ ਗਈ ਹੈ। ਡੂੰਘਾ ਸਾਹ ਭਰਿਆ ਹੈ ਤਾਂ ਹਵਾ 'ਚ ਰਚੀ ਜਾਸਮੀਨ ਦੀ ਮਹਿਕ ਨੇ ਮੇਰਾ ਦਿਲ ਕ਼ਲਾਵੇ 'ਚ ਲੈ ਲਿਆ ਹੈ। ਮੈਂ ਫੇਰ ਜਾਸਮੀਨ ਦੇ ਬੂਟੇ ਵੱਲ ਦੇਖਦਾ ਹਾਂ। ਬੂਟਾ ਹੈ ਕਿ ਜਾਸਮੀਨ ਖ਼ੁਦ ਖੜ੍ਹੀ ਹੈ, ਹੱਥਾਂ 'ਚ ਚਿੱਟੇ ਫੁੱਲਾਂ ਦਾ ਗੁਲਦਸਤਾ ਫੜੀ!

ਮਾਈਕ੍ਰੋਵੇਵ 'ਚ ਦੁਬਾਰਾ ਗਰਮ ਕੀਤੀ ਕੌਫ਼ੀ ਪੀ ਕੇ ਜਾਨ ਪੈ ਗਈ ਹੈ।

ਫ਼ਰੰਟ-ਯਾਰਡ 'ਚ ਕਾਰ ਆਣ ਰੁਕੀ ਹੈ। ਟਿਕ-ਟਿਕੀ ਲਾ ਕੇ ਲਗਾਤਾਰ ਦੇਖੀ ਜਾ ਰਿਹਾ ਹਾਂ। ਕਬੂਤਰੀ ਵਰਗੀ ਨਰਸ ਨਿਕ਼ਲੀ ਹੈ। ਹੱਥ 'ਚ ਬੈਗ। ਉਸ ਦੇ ਡੋਰ-ਬੈੱਲ ਵਜਾਉਣ ਤੋਂ ਪਹਿਲਾਂ ਹੀ ਤਿਪੈਰੀ ਖੂੰਡੀ ਦਾ ਸਹਾਰਾ ਲੈ ਕੇ, ਬੂਹਾ ਖੋਲ੍ਹ ਕੇ, ਖਲੋਅ ਗਿਆ ਹਾਂ।

''ਵਾਓ! ਸੋ ਸਵੀਟ,'' ਨਰਸ ਦੇ ਦੰਦ ਕਲੀਆਂ ਵਾਂਗ ਚਮਕੇ ਹਨ। ਗੱਲ੍ਹਾਂ ਦੀ ਗੁਲਾਬੀ ਭਾਅ ਹੋਰ ਗੂੜ੍ਹੀ ਹੋ ਗਈ ਹੈ, ''ਹਾਓ ਡੂ ਯੂ ਫ਼ੀਲ?'' ਫਿਰ ਖੂੰਡੀ ਵੱਲ ਇਸ਼ਾਰਾ ਕਰ ਕੇ ਪੁੱਛਦੀ ਹੈ, ''ਵਾਓ! ਨੋ ਮੋਰ ਵਾਕਰ?''

''ਸਿਰਫ਼ ਉੱਠਣ ਵੇ਼ਲੇ ਈ ਏ੍ਹਦੀ ਲੋੜ ਪੈਂਦੀ ਐ। ਫਿਰ ਸਰੀਰ ਗਰਮ ਹੋ ਜਾਂਦੈ। ਖੂੰਡੀ ਨਾ਼ਲ ਹੀ ਕੰਮ ਰਿੜ੍ਹ ਪੈਂਦੈ,'' ਮੈਂ ਹੱਸਣ ਦੀ ਕੋਸ਼ਿਸ਼ ਕਰਦਾ ਹਾਂ, ''ਕੌਫ਼ੀ ਅਰ ਜੂਸ?''

''ਨੋ ਥੈਂਕਸ,'' ਉਹ ਬੈਗ ਖੋਲ੍ਹ ਕੇ ਸਾਮਾਨ ਮੇਜ਼ 'ਤੇ ਟਿਕਾਉਣ ਲੱਗੀ ਹੈ।

ਅੱਖ ਦੇ ਫੋਰ 'ਚ ਸੀਨ ਬਦਲ ਗਿਆ ਹੈ...।

ਉਹ ਮੇਜ਼ ਤੋਂ ਚੁੱਕ-ਚੁੱਕ ਸਾਮਾਨ ਬੈਗ 'ਚ ਪਾ ਰਹੀ ਹੈ, ''ਪਰਫ਼ੈਕਟ। ਸਾਰਾ ਕੁਝ ਸਹੀ ਹੈ। ਜੋ-ਜੋ ਦਵਾਈਆਂ ਖਾਂਦੇ ਓ ਖਾਂਦੇ ਰਹਿਣਾ। ਹਲਕੀ-ਹਲਕੀ ਕਸਰਤ ਨਾ ਛੱਡਣਾ।''

''ਨੀਂਦ ਘੱਟ ਆਉਂਦੀ ਐ,'' ਮੈਂ ਦੱਸ ਰਿਹਾ ਹਾਂ।

''ਬੁਢਾਪੇ ਕਰਕੇ,'' ਨਰਸ ਹੱਸਦੀ ਹੈ, ''ਘਬਰਾਉਣ ਦੀ ਲੋੜ ਨਹੀਂ।''

''ਅਤੀਤ ਤੇ ਵਰਤਮਾਨ ਰ਼ਲ-ਗੱਡ ਹੋਣ ਲੱਗੇ ਨੇ। ਪਤਾ ਈ ਨਹੀਂ ਲੱਗਦਾ ਕਦੋਂ ਵਰਤਮਾਨ 'ਚ ਆ ਜਾਂਦਾ ਹਾਂ, ਕਦੋਂ ਅਤੀਤ 'ਚ ਚਲਾ ਜਾਂਦਾ ਹਾਂ। ਮੇਰੇ ਲਈ ਤਾਂ ਜਿਵੇਂ ਸਮੇਂ ਦਾ ਸਿਧਾਂਤ ਈ ਬਦਲ ਗਿਐ,'' ਮੈਂ ਚਾਹੁੰਦਾ ਹਾਂ ਉਹ ਕੁਝ ਦੇਰ ਰੁਕ ਜਾਵੇ। ਇਕਲਾਪੇ ਦਾ ਭਾਰ ਝੱਲ ਨਹੀਂ ਹੋ ਰਿਹਾ।

''ਬੁਢਾਪੇ ਕਰਕੇ,'' ਨਰਸ ਨੇ ਬੈਗ ਚੁੱਕਿਆ ਹੈ।

''ਬੁਢਾਪਾ ਚੀਜ਼ ਹੀ ਐਸੀ ਹੈ ਪ੍ਰੋਫ਼ੈਸਰ ਸਾਹਿਬ,'' ਵਿਵੇਕ ਕਿੱਥੋਂ ਆਣ ਹਾਜ਼ਰ ਹੋਇਆ ਹੈ, ''ਮੌਲਾਨਾ ਰੂਮੀ ਨੇ ਮਸਨਵੀ 'ਚ ਜ਼ਿਕਰ ਕੀਤੈ, ਅਖੇ: ਬੁੱਢਾ ਬੰਦਾ ਹਕੀਮ ਕੋ਼ਲ ਜਾ ਕੇ ਕਹਿੰਦਾ_ ਹਕੀਮ ਸਾਹਿਬ, ਨੀਂਦ ਨਈਂ ਆਉਂਦੀ। ਹਕੀਮ ਨੇ ਕਿਹਾ_ਬੁਢਾਪੇ ਕਰਕੇ। ਬੰਦਾ ਫੇਰ ਬੋਲਿਆ-ਹਕੀਮ ਸਾਹਿਬ ਭੁੱਖ ਨਈਂ ਲੱਗਦੀ। ਹਕੀਮ ਦਾ ਓਹੀ ਜਵਾਬ-ਬੁਢਾਪੇ ਕਰਕੇ। _ਹਕੀਮ ਸਾਹਿਬ ਸਰੀਰ ਦੁਖਦਾ ਰਹਿੰਦਾ। _ਬੁਢਾਪੇ ਕਰਕੇ। _ਹਕੀਮ ਸਾਹਿਬ ਖਿਝ ਬਹੁਤ ਆਉਂਦੀ ਐ। _ਬੁਢਾਪੇ ਕਰਕੇ। ਬੁੱਢੇ ਨੇ ਹਕੀਮ ਦੇ ਥੱਪੜ ਕੱਢ ਮਾਰਿਆ। ਹਕੀਮ ਬੋਲਿਆ_ ਜਨਾਬ ਤੁਹਾਡੀ ਇਸ ਹਰਕਤ ਦਾ ਮੈਂ ਕੋਈ ਬੁਰਾ ਨਹੀਂ ਮਨਾਇਆ ਕਿਉਂਕਿ ਏ੍ਹਦੀ ਵਜ੍ਹਾ ਵੀ ਬੁਢਾਪਾ ਈ ਐ।''

''ਨਹੀਂ...!'' ਮੈਂ ਚੀਕ ਹੀ ਪਿਆ ਹਾਂ, ''ਇਹ ਬੁਢਾਪੇ ਕਰਕੇ ਨਹੀਂ, ਏਦ੍ਹੀ ਵਜ੍ਹਾ ਕੁਝ ਹੋਰ ਐ...।''

''ਆਰ ਯੂ ਓ. ਕੇ.?'' ਨਰਸ ਡੈਂਬਰੀ ਹੋਈ ਮੇਰੇ ਵੱਲ ਦੇਖ ਕੇ ਬੋਲੀ ਹੈ, ''ਤੁਹਾਨੂੰ ਕੀ ਹੋ ਗਿਆ ਹੈ ਇਕਦਮ।''

ਮੈਂ ਵੀ ਘਬਰਾਅ ਕੇ ਬੂਹੇ ਵੱਲ ਦੇਖਦਾ ਹਾਂ। ਬੂਹਾ ਬੰਦ ਹੈ। ਵਿਵੇਕ ਕਿਹੜੇ ਬੂਹੇ ਅੰਦਰ ਆਣ ਵੜਿਆ ਹੈ!

''ਦਿਲ 'ਚ ਵੜਨ ਦੇ ਸੌ ਬੂਹੇ ਹੁੰਦੇ ਨੇ ਪ੍ਰੋਫ਼ੈਸਰ ਸਾਹਿਬ। ਇਹ ਵੱਖਰੀ ਗੱਲ ਐ ਕਿ ਤੁਹਾਨੂੰ ਉਹ ਦਿਖਾਈ ਨਹੀਂ ਦਿੰਦੇ,'' ਆਤਮ ਬੋਲਿਆ ਹੈ ਕਿ ਬਾਹਰੋਂ ਕਿਸੇ ਪੰਛੀ ਦੀ ਆਵਾਜ਼ ਆਈ ਹੈ!

''ਆਈ'ਮ ਓ. ਕੇ.,'' ਮੈਂ ਆਪਣੇ ਆਪ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਹਾਂ।

ਨਰਸ ਬੂਹੇ ਕੋ਼ਲ ਪਹੁੰਚ ਗਈ ਹੈ।

ਮੈਂ ਇਸ਼ਾਰਾ ਕਰ ਕੇ ਉਸ ਨੂੰ ਵਾਪਸ ਬੁਲਾਇਆ ਹੈ, ''ਰਸੋਈ 'ਚ ਦਾਣਿਆਂ ਦੇ ਲਿਫ਼ਾਫ਼ੇ ਪਏ ਐ। ਇਕ ਲਿਫ਼ਾਫ਼ਾ, ਪੰਛੀਆਂ ਕੋ਼ਲ ਪਏ ਭਾਂਡੇ ਵਿਚ, ਖੋਲ੍ਹ ਕੇ ਉਲੱਦ ਦੇਣਾ! ਪਲੀਜ਼!''

''ਬਹੁਤ ਨੇਕ ਦਿਲ ਓ ਤੁਸੀਂ,'' ਨਰਸ ਦੀ ਗੱਲ ਸੁਣ ਕੇ ਮੈਨੂੰ ਖ਼ੁਸ਼ ਹੋਣਾ ਚਾਹੀਦਾ ਹੈ ਪਰ ਮੇਰੀ ਨਿਗਾਹ ਤਾਂ ਝੁਕ ਗਈ ਹੈ। 'ਗਿਰੀਬਾਨ' 'ਚ ਜਾ ਡਿੱਗੀ ਹੈ ਮੇਰੀ ਨਿਗਾਹ। 'ਆਪਣੜੇ ਗਿਰੀਬਾਨ' 'ਚ ਝਾਕਣਾ ਕਈ ਵਾਰ ਕਿੰਨਾ ਨਮੋਸ਼ੀ ਭਰਿਆ ਹੁੰਦੈ!

ਨਰਸ ਦਾਣਿਆਂ ਦਾ ਲਿਫ਼ਾਫ਼ਾ ਲੈ ਕੇ ਚਲੀ ਗਈ ਹੈ।

ਨਿਗਾਹ 'ਗਿਰੀਬਾਨ' 'ਚੋਂ ਕੱਢਣ ਲਈ ਮੈਂ ਅੱਖਾਂ ਬੰਦ ਕਰ ਲਈਆਂ ਹਨ। ਮਨ ਦੀ ਦੂਰਬੀਨ ਥਾਣੀਂ ਕੋਈ ਦ੍ਰਿਸ਼ ਦੇਖਣ ਦੀ ਕੋਸ਼ਿਸ਼ ਕਰਦਾ ਹਾਂ।

ਕਾਰ 'ਚ ਬੈਠਣ ਤੋਂ ਪਹਿਲਾਂ ਨਰਸ ਨੇ ਸ਼ੀਸ਼ੇ ਦੀ ਕੰਧ ਵੱਲ ਦੇਖ ਕੇ ਮੈਨੂੰ 'ਬਾਏ' ਕਰਨ ਲਈ ਹੱਥ ਚੁੱਕਿਆ ਹੋਵੇਗਾ ਪਰ ਮੇਰਾ ਦਿਲ ਅੱਖਾਂ ਖੋਲ੍ਹਣ ਨੂੰ ਨਹੀਂ ਕਰ ਰਿਹਾ।

ਅਚਾਨਕ...!

ਕੋਈ ਮੇਰੇ ਅੰਦਰੋਂ ਕੁਰਲਾਇਆ ਹੈ। ਨਹੀਂ! ਇਹ ਤਾਂ ਬਾਹਰ ਪੰਛੀਆਂ ਨੇ ਚੀਕ-ਚਿਹਾੜਾ ਪਾਇਆ ਹੈ। ਝੱਟ ਅੱਖਾਂ ਖੁੱਲ੍ਹ ਗਈਆਂ ਹਨ। ਬਿੱਲੀ ਕਬੂਤਰ ਦਬੋਚੀ ਜੰਗ਼ਲ ਵੱਲ ਜਾ ਰਹੀ ਹੈ। ਮੈਂ ਕੰਬ ਗਿਆ ਹਾਂ; ਜਿਵੇਂ ਗਿਲਾਨੀ ਦੀ ਬਿੱਲੀ ਨੇ ਮੈਨੂੰ ਹੀ ਮਰੋੜ ਸੁੱਟਿਆ ਹੈ। **(ਚੱਲਦਾ)**

## ਕਵਿਤਾ
## ਸੂਬੇ ਦੀ ਕਚਹਿਰੀ

***

ਸੂਬੇ ਦੀ ਕਚਹਿਰੀ ਅੱਜ ਲੱਗਾ ਹੋਇਆ ਮੇਲਾ ਏ।
ਬੇਈਮਾਨ ਕਾਜ਼ੀ ਨਾਲ ਸੁੱਚਾ ਨੰਦ ਚੇਲਾ ਏ।
ਸੋਚਦੇ ਨੇ ਬੱਚਿਆਂ ਨੂੰ ਅੱਜ ਤਾਂ ਝੁਕਾਵਾਂਗੇ,
ਆਉਂਦਿਆਂ ਹੀ ਛੋਟੀ ਜਿਹੀ ਬਾਰੀ 'ਚੋਂ ਲੰਘਾਵਾਂਗੇ।

ਲੰਘਦਿਆਂ ਟੁੱਟ ਜਾਣਾ ਸਾਰਾ ਹੀ ਗਰੂਰ ਆ।
ਅੱਜ ਉਨ੍ਹਾਂ ਈਨ ਸਾਡੀ ਮੰਨਣੀ ਜ਼ਰੂਰ ਆ।
ਉਤੋਂ ਉਤੋਂ ਖੁਸ਼ ਹੋ ਕੇ ਗੱਲਾਂ ਕਰੀ ਜਾਂਦੇ ਨੇ,
ਵਿਚੋਂ ਵਿਚੀਂ ਮਨਾਂ ਵਿਚ ਸਾਰੇ ਡਰੀ ਜਾਂਦੇ ਨੇ।

ਦੂਜੇ ਪਾਸੇ ਪੋਤਿਆਂ ਨੂੰ ਦਾਦੀ ਹੈ ਸਜਾ ਰਹੀ,
ਸਿੱਖੀ ਵਾਲਾ ਪਾਠ ਅੱਜ ਘੋਟ ਕੇ ਪਿਲਾ ਰਹੀ।
'ਦਾਦਾ ਜੀ ਨੇ ਜਾ ਕੇ ਸੀਸ ਦਿੱਲੀ ਕਟਵਾਇਆ ਏ,
ਪੜ੍ਹਦਾਦੇ ਬੂਟਾ ਇਹ ਸ਼ਹਾਦਤਾਂ ਦਾ ਲਾਇਆ ਏ।

ਵੱਡਿਆਂ ਦੀ ਪੱਗ ਤਾਈਂ ਦਾਗ਼ ਤੁਸੀਂ ਲਾਉਣਾ ਨਹੀਂ,
ਪਾਪੀਆਂ ਦੇ ਅੱਗੇ ਕਦੇ ਸੀਸ ਨੂੰ ਝੁਕਾਉਣਾ ਨਹੀਂ!'
ਬਾਰੀ ਵੇਖ-ਵੱਡਾ ਸਮਝਾਏ ਛੋਟੇ ਵੀਰ ਨੂੰ,
'ਜੁੱਤੀ ਹੈ ਵਿਖਾਉਣੀ ਸਰਹੰਦ ਦੇ ਵਜ਼ੀਰ ਨੂੰ!'

ਝੁਕੇ ਨਹੀਂ, ਪਹਿਲਾਂ ਸੱਜਾ ਪੈਰ ਅੱਗੇ ਕੱਢਿਆ,
ਦੁਸ਼ਟਾਂ ਦੀ ਚਾਲ ਵਾਲਾ ਫਸਤਾ ਹੀ ਵੱਢਿਆ।
'ਬੋਲੇ ਸੋ ਨਿਹਾਲ' ਦੇ ਜੈਕਾਰੇ ਨਾਲ ਛੱਡ ਦਿੱਤੇ,
ਪਾਪੀਆਂ ਦੇ ਦਿਲਾਂ ਵਾਲੇ ਵਹਿਮ ਸਾਰੇ ਕੱਢ ਦਿੱਤੇ।

ਕਾਜ਼ੀ ਤੇ ਨਵਾਬ ਤਾਂ ਹੈਰਾਨ ਹੋਈ ਜਾਂਦੇ ਆ,
ਮੁੜ ਮੁੜ ਬੱਚਿਆਂ ਨੂੰ ਫੇਰ ਸਮਝਾਂਦੇ ਆ।
ਸੁੱਚੇ ਨੰਦ ਆਖਿਆ- 'ਸਲਾਮ ਕਰੋ ਸੂਬੇ ਨੂੰ'
ਦੇਣਾ ਅੰਜਾਮ ਚਾਹੇ ਆਪਣੇ ਮਨਸੂਬੇ ਨੂੰ।

'ਕਰਤੇ ਪੁਰਖ ਅੱਗੇ ਸੀਸ ਨਿਵਾਇਆ ਏ,
ਜ਼ਾਲਿਮਾਂ ਦੇ ਅੱਗੇ ਇਹਨੂੰ ਕਦੇ ਨਾ ਝੁਕਾਇਆ ਏ!'
ਸੂਝ ਬੂਝ ਤੱਕ ਕੇ, ਵਜ਼ੀਦਾ ਹੋਇਆ ਦੰਗ ਏ,
'ਡਰ ਖੌਫ਼ ਮੰਨਦੇ ਨਾ, ਮੌਤ ਤੋਂ ਨਿਸ਼ੰਗ ਇਹ।

ਹਾਰ ਹੰਭ, ਬੱਚਿਆਂ ਤੇ ਪਿਆਰ ਜਤਲਾਇਆ ਏ,
ਦੌਲਤਾਂ ਤੇ ਸ਼ੋਹਰਤਾਂ ਦਾ ਚੋਗਾ ਫਿਰ ਪਾਇਆ ਏ।
ਨਵੇਂ ਨਵੇਂ ਜਾ਼ਲ ਕਈ ਲਾਲਾਂ ਲਈ ਵਿਛਾਉਣਗੇ,
ਗੁਜਰੀ ਦੇ ਲਾਲ ਭਲਾ ਲਾਲਚਾਂ 'ਚ ਆਉਣਗੇ?

'ਨਾਗ ਦੇ ਨੇ ਬੱਚੇ, ਭਰੇ ਹੋਏ ਨੇ ਹੰਕਾਰ ਦੇ,
ਤਾਹੀਉਂ ਹਰ ਗੱਲ 'ਚ ਫੁੰਕਾਰੇ ਇਹੋ ਮਾਰਦੇ!'
ਪੁੱਛੋ ਭਲਾ- 'ਛੱਡ ਦੇਈਏ, ਕਰੋ ਕੀ ਕਰਾਓਗੇ?
ਫੇਰ ਤੁਸੀਂ ਹੁਣ ਕਿਹੜੇ ਬਾਪ ਕੋਲ ਜਾਓਗੇ?'

'ਬਾਪ ਤਾਂ ਤੁਹਾਡਾ ਗਿਆ ਜੰਗ ਵਿਚ ਮਾਰਿਆ,
ਵੱਡੇ ਸਾਮਰਾਜ ਤਾਈਂ, ਉਹਨੇ ਸੀ ਵੰਗਾਰਿਆ!'
ਬੱਚਿਆਂ ਜਵਾਬ ਦਿੱਤਾ- 'ਜੰਗਲਾਂ 'ਚ ਜਾਵਾਂਗੇ,
ਸਿੰਘਾਂ ਨੂੰ ਇਕੱਠੇ ਕਰ ਜ਼ੁਲਮ ਮਿਟਾਵਾਂਗੇ!'

ਸੁੱਚਾ ਨੰਦ ਮੁੜ ਭੜਕਾਇਆ ਹੈ ਨਵਾਬ ਨੂੰ,
'ਸੁਣ ਲਓ ਜੀ!' ਉਸ ਨੇ ਸੁਣਾਇਆ ਹੈ ਨਵਾਬ ਨੂੰ।
ਨਵਾਬ ਕਿਹਾ- 'ਕਾਜ਼ੀ ਸਾਹਿਬ ਆਪ ਹੀ ਬਤਾਈਏ!
ਸ਼ਰ੍ਹਾ ਅਨੁਸਾਰ ਸਜ਼ਾ ਕੌਣ ਸੀ ਸੁਨਾਈਏ?

ਬੱਚਿਆਂ ਦੀ ਸਜ਼ਾ ਦਾ ਕਨੂੰਨ ਨਾ ਥਿਆਇਆ ਏ,
ਕਾਜ਼ੀ ਸਿਰ ਨਾਂਹ ਵਿਚ ਆਪਣਾ ਹਿਲਾਇਆ ਏ।
ਮਾਲੇਰਕੋਟਲਾ ਨਵਾਬ ਨੂੰ ਬੁਲਾਇਆ ਏ,
ਬਦਲਾ ਭਰਾ ਦਾ ਲੈਣ ਲਈ ਉਕਸਾਇਆ ਏ।

'ਹਾਅ ਦਾ ਨਾਅਰਾ' ਮਾਰ ਕੇ ਨਵਾਬ ਏਦਾਂ ਬੋਲਿਆ-
'ਇਨ੍ਹਾਂ ਮਾਸੂਮਾਂ ਕਿਹੜਾ ਖੂਨ ਕੋਈ ਡੋਲ੍ਹਿਆ?'
'ਬਦਲਾ ਪਿਤਾ ਦਾ ਬੱਚਿਆਂ ਤੋਂ ਨਹੀਉਂ ਲਈਦਾ,
ਜ਼ਿੰਦਗੀ 'ਚ ਆਪਣੇ ਅਸੂਲਾਂ ਉਤੇ ਰਹੀਦਾ!'

ਤੀਜੇ ਦਿਨ, ਕਾਜ਼ੀ ਉਨ੍ਹਾਂ ਦੁਸ਼ਟਾਂ ਦਾ ਹੋ ਗਿਆ,
ਸੱਚ ਕੋਲੋਂ ਮੂੰਹ ਮੋੜ, ਝੂਠ ਨਾਲ ਖਲੋ ਗਿਆ।
ਚੱਲਿਆ ਨਾ ਜ਼ੋਰ ਜਦ ਕੋਈ ਭਰਮਾਉਣ ਦਾ,
ਫਤਵਾ ਸੁਣਾ ਦਿੱਤਾ, ਨੀਹਾਂ 'ਚ ਚਿਣਾਉਣ ਦਾ!

ਬਾਲ ਨੇ ਮਾਸੂਮ ਭਾਵੇਂ, ਜਿੰਦਾਂ ਅਨਮੋਲ ਨੇ,
ਨੀਹਾਂ ਵਿਚ ਖੜੇ ਪਰ, ਬੜੇ ਹੀ ਅਡੋਲ ਨੇ।
'ਮੰਨ ਲਓ ਈਨ' ਵਾਰ ਵਾਰ ਕਿਹਾ ਬਾਲਾਂ ਨੂੰ,
ਕੰਬ ਗਏ ਜਲਾਦ, ਤੱਕ ਚਿਹਰੇ ਦੇ ਜਲਾਲਾਂ ਨੂੰ।

ਵੱਡਾ ਸਾਕਾ ਕਰ ਦਿਖਲਾਇਆ ਉਨ੍ਹਾਂ ਜੱਗ ਨੂੰ,
ਲੱਗਣ ਨਾ ਦਿੱਤਾ ਦਾਗ਼ ਦਾਦੇ ਵਾਲੀ ਪੱਗ ਨੂੰ।
ਅੱਜ ਵੀ ਸਰਹੰਦ ਵਿਚੋਂ ਲਾਲ ਪਏ ਨੇ ਬੋਲਦੇ,
ਸਿੱਖੀ ਵਾਲੀ ਸਿੱਖਿਆ ਨੂੰ ਸਾਡੇ ਵਿੱਚੋਂ ਟੋਲ੍ਹਦੇ।

'ਦੀਸ਼' ਦੀ ਕਲਮ ਅਜੇ ਬਹੁਤ ਹੀ ਨਿਆਣੀ ਏ।
ਸਿੱਖ ਇਤਿਹਾਸ ਦੀ ਤਾਂ ਅਜਬ ਕਹਾਣੀ ਏ।

***-ਗੁਰਦੀਸ਼ ਕੌਰ ਗਰੇਵਾਲ, ਕੈਲਗਰੀ***
***ਫੋਨ: +1 403 404 1450***

# ਵਿਆਹਾਂ ਦੇ ਫ਼ਜ਼ੂਲ ਖਰਚੇ

***ਨਵੀਂ ਛਪੀ ਪੁਸਤਕ 'ਪੰਜਾਬੀਆਂ ਦੇ ਅਥਾਹ ਤੇ ਫ਼ਜ਼ੂਲ ਖਰਚੇ' ਵਿਚ 24 ਲੇਖਕਾਂ ਦੇ ਖੋਜਮਈ ਲੇਖ ਹਨ ਜਿਨ੍ਹਾਂ ਨੂੰ 'ਕਾਫ਼ਲਾ: ਜੀਵੇ ਪੰਜਾਬ' ਦੇ ਗੁਰਪ੍ਰੀਤ ਸਿੰਘ ਤੂਰ ਆਈ ਪੀ ਐੱਸ ਤੇ ਡਾ. ਬਲਵੰਤ ਸਿੰਘ ਸੰਧੂ ਨੇ ਸੰਪਾਦਤ ਕੀਤਾ ਹੈ। 200 ਪੰਨਿਆਂ ਦੀ ਇਹ ਪੁਸਤਕ ਪੀਪਲਜ਼ ਫੌਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤੀ ਹੈ। ਪੁਸਤਕ ਹਾਸਲ ਕਰਨ ਲਈ ਫੋਨ 98729-89313, 98158-00405, 98886-58185 'ਤੇ ਸੰਪਰਕ ਕੀਤਾ ਜਾ ਸਕਦੈ। ਇਸ ਪੁਸਤਕ ਵਿਚ ਛਪਿਆ ਪ੍ਰਿੰ. ਸਰਵਣ ਸਿੰਘ ਦਾ ਲੇਖ ਪੰਜਾਬ ਟਾਈਮਜ਼ ਦੇ ਪਾਠਕਾਂ ਦੇ ਰੂ-ਬ-ਰੂ ਹੈ।***

ਮੈਂ ਸਵਾ ਰੁਪਏ 'ਚ ਹੁੰਦੇ ਸਾਦੇ ਵਿਆਹਾਂ ਤੋਂ ਲੈ ਕੇ ਲੱਖਾਂ ਕਰੋੜਾਂ ਦੇ ਮਹਿੰਗੇ ਵਿਆਹ ਹੁੰਦੇ ਵੇਖੇ ਹਨ। ਇਹ ਵੀ ਵੇਖਿਆ ਕਿ ਮਹਿੰਗੇ ਵਿਆਹਾਂ ਨਾਲੋਂ ਸਵਾ ਰੁਪਏ ਵਾਲੇ ਵਿਆਹ ਵਧੇਰੇ ਸਫਲ ਰਹੇ। ਸਾਦੇ ਵਿਆਹਾਂ ਦੇ ਤੋੜ ਵਿਛੋੜੇ ਨਾਮਾਤਰ ਹੋਏ ਜਦਕਿ ਵੱਡੇ ਅਡੰਬਰਾਂ ਵਾਲੇ ਮਹਿੰਗੇ ਵਿਆਹ ਦਿਨਾਂ 'ਚ ਟੁੱਟਦੇ ਵੇਖੇ। ਕੁਝ ਵਿਆਹਾਂ ਦੀਆਂ ਤਾਂ ਅਜਿਹੀਆਂ ਖ਼ਬਰਾਂ ਵੀ ਮਿਲੀਆਂ ਕਿ ਵਿਆਹ ਦੀ 'ਬੰਪਰ' ਪਾਰਟੀ ਪਿੱਛੋਂ ਹਨੀਮੂਨ ਮਨਾਉਣ ਗਿਆ ਜੋੜਾ ਕਿਸੇ ਗੱਲੋਂ ਖਹਿਬੜ ਪਿਆ ਤੇ ਅੱਡੋ-ਅੱਡ ਹੋ ਕੇ ਮੁੜਿਆ। ਉਤੋਂ ਲੋਹੜਾ ਇਹ ਕਿ ਮਹਿੰਗੇ ਵਿਦੇਸ਼ੀ ਰਿਜ਼ੌਰਟ 'ਚ ਰਾਤ ਬਿਤਾਉਂਦਿਆਂ ਹਨੀਮੂਨੀ ਜੋੜੇ ਨੇ ਹੋਰ ਵਿਆਹ ਕਰਾਉਣ ਤੋਂ ਤੌਬਾ ਕਰ ਲਈ ਤੇ ਉਨ੍ਹਾਂ ਦੇ ਮਾਪੇ ਸਾਰੀ ਉਮਰ ਵਿਆਹ ਦਾ ਕਰਜ਼ਾ ਲਾਹੁੰਦੇ ਖਪਦੇ ਰਹੇ। ਸੋਚੋ ਅਜਿਹੇ ਵਿਆਹ ਬਿਨਾਂ ਕੀ ਥੁੜਿਆ ਸੀ?



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**
principalsarwansingh@gmail.com

ਸੁਆਲ ਪੈਦਾ ਹੁੰਦੈ, ਅੱਡੀਆਂ ਚੁੱਕ ਕੇ ਫਾਹਾ ਲੈਣ ਵਾਲਿਆਂ ਨੂੰ ਅਕਲ ਕਦੋਂ ਆਊ?

ਅਕਲ ਉਨ੍ਹਾਂ ਨੂੰ ਉਦੋਂ ਆਊ ਜਦੋਂ ਆਪਾਂ ਸਾਰੇ ਅਜਿਹੇ ਵਿਆਹ ਕਰਨ ਵਾਲਿਆਂ ਦਾ ਬਾਈਕਾਟ ਕਰੀਏ ਤਾਂ ਕਿ ਕਿਸੇ ਹੋਰ ਦਾ ਜੇਰਾ ਈ ਨਾ ਪਵੇ ਪਈ ਵਿਆਹ ਦਾ ਐਡਾ ਅਡੰਬਰ ਰਚਾ ਸਕੇ। ਵਿਆਹ ਵਰਗੀ ਸਮਾਜਕ ਜ਼ਿੰਮੇਵਾਰੀ ਵਾਲੀ ਪਵਿੱਤਰ ਰਸਮ 'ਤੇ ਲੱਖਾਂ ਕਰੋੜਾਂ ਫੂਕਣ ਵਾਲੇ ਪਰਿਵਾਰ ਸਮਾਜਕ/ਧਾਰਮਕ ਮਰਿਯਾਦਾ ਨੂੰ ਪਲੀਤ ਕਰਨ ਦੇ ਦੋਸ਼ੀ ਮੰਨੇ ਜਾਣ ਤੇ ਉਨ੍ਹਾਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣ। ਸਰਕਾਰਾਂ ਕਾਨੂੰਨ ਬਣਾਉਣ ਕਿ ਮਾਪੇ ਮਿਥੀ ਹੱਦ ਤੋਂ ਵੱਧ ਖਰਚੇ ਨਹੀਂ ਕਰ ਸਕਦੇ ਅਤੇ ਮੈਰਿਜ ਪੈਲਸਾਂ ਵਾਲੇ ਉਸ ਤੋਂ ਵੱਧ ਵਸੂਲ ਨਹੀਂ ਸਕਦੇ। ਅਜਿਹਾ ਕਾਨੂੰਨ ਅਮਲ ਵਿਚ ਲਿਆਉਣ ਲਈ ਪਿੰਡਾਂ ਤੋਂ ਰਾਜਧਾਨੀਆਂ ਤਕ ਲੋਕਾਂ ਦਾ ਭਾਰੀ ਦਬਾਅ ਜ਼ਰੂਰੀ ਹੈ ਤਾਂ ਕਿ ਸਰਕਾਰਾਂ ਨੂੰ ਕਾਨੂੰਨ ਸਖ਼ਤੀ ਨਾਲ ਲਾਗੂ ਕਰਨਾ ਪਵੇ।

ਜਿਹੜੇ ਕਹਿੰਦੇ ਹਨ ਕਿ ਭਾਰਤੀ ਪੰਜਾਬ ਵਿਚ ਅਜਿਹਾ ਹੋ ਨਹੀਂ ਸਕਦਾ, ਉਹ ਪਾਕਿਸਤਾਨੀ ਪੰਜਾਬ ਵਿਚ ਹੋਇਆ ਵੇਖ ਲੈਣ। ਪਾਕਿਸਤਾਨ ਦੀ ਪੰਜਾਬ ਸਰਕਾਰ ਨੇ 20 ਅਪ੍ਰੈਲ 2016 ਨੂੰ 'ਪੰਜਾਬ ਮੈਰਿਜ ਫੰਕਸ਼ਨਜ਼ ਐਕਟ 2016' ਅਸੈਂਬਲੀ ਵਿਚ ਪਾਸ ਕੀਤਾ ਸੀ ਜੋ ਉਦੋਂ ਤੋਂ ਅਮਲੀ ਤੌਰ 'ਤੇ ਲਾਗੂ ਹੈ। ਐਕਟ ਅਨੁਸਾਰ ਕਾਨੂੰਨ ਕੁਲ ਪੰਜਾਬ ਲਈ ਹੈ। ਵਿਆਹਾਂ ਦੀਆਂ ਸਾਰੀਆਂ ਰਸਮਾਂ ਸਮੇਂ ਖਾਣੇ ਦੀ ਇਕ ਡਿਸ਼ ਹੀ ਪਰੋਸੀ ਜਾਵੇਗੀ ਜਿਸ ਵਿਚ ਚੌਲ, ਰੋਟੀ, ਨਾਨ, ਇਕੋ ਸਾਲਣ, ਸਲਾਦ, ਇਕ ਸਵੀਟ, ਚਾਹ ਤੇ ਕੋਲਡ ਡ੍ਰਿੰਕ ਹੋਵੇਗੀ। ਕੋਈ ਮਹਿਮਾਨ ਆਪਣੇ ਤੌਰ 'ਤੇ ਕੁਝ ਖੁਆ ਪਿਆ ਨਹੀਂ ਸਕੇਗਾ। ਆਤਸ਼ਬਾਜ਼ੀ, ਪਟਾਕੇ, ਹਥਿਆਰਾਂ ਦੇ ਫਾਇਰ ਆਦਿ ਕਰਨ ਦੀ ਪੂਰਨ ਮਨਾਹੀ ਹੋਵੇਗੀ। ਘਰ ਤੋਂ ਬਾਹਰ ਗਲ਼ੀ 'ਚ ਕੋਈ ਸਜਾਵਟ ਬਗੈਰਾ ਨਹੀਂ ਕਰ ਸਕੇਗਾ ਤੇ ਦਾਜ ਬਗੈਰਾ ਨਹੀਂ ਵਿਖਾਏਗਾ। ਮਹਿਮਾਨਾਂ ਦੀ ਗਿਣਤੀ ਸੀਮਤ ਹੋਵੇਗੀ। ਵਿਆਹ ਦੇ ਰੌਲੇ-ਰੱਪੇ ਨਾਲ ਕੋਈ ਕਿਸੇ ਨੂੰ ਪਰੇਸ਼ਾਨ ਨਹੀਂ ਕਰੇਗਾ। ਕਿਸੇ ਵੀ ਵਿਆਹ ਦੀ ਪਾਰਟੀ ਰਾਤ 10 ਵਜੇ ਤੋਂ ਪਹਿਲਾਂ ਸਮਾਪਤ ਕਰਨੀ ਹੋਵੇਗੀ। ਉਲੰਘਣਾ ਦੀ ਸੂਰਤ ਵਿਚ ਇਕ ਮਹੀਨੇ ਤਕ ਦੀ ਕੈਦ ਤੇ ਪੰਜਾਹ ਹਜ਼ਾਰ ਤੋਂ 20 ਲੱਖ ਰੁਪਏ ਤਕ ਦਾ ਜੁਰਮਾਨਾ ਹੋਵੇਗਾ।

(ਨੋਟ: ਇਸ ਐਕਟ ਦਾ ਪੂਰਾ ਵੇਰਵਾ ਤਿੰਨ ਪੰਨਿਆਂ 'ਤੇ ਪ੍ਰਕਾਸ਼ਤ ਹੈ ਜੋ ਇੰਟਰਨੈੱਟ ਤੋਂ ਪੜ੍ਹਿਆ ਜਾ ਸਕਦਾ ਹੈ।) ਭਾਰਤ ਦੀ ਪੰਜਾਬ ਸਰਕਾਰ ਲਈ ਇਹ ਚੈਲੰਜ ਹੈ ਕਿ ਉਹ ਵੀ ਅਜਿਹਾ ਕਾਨੂੰਨ ਬਣਾਵੇ ਤੇ ਸਖ਼ਤੀ ਨਾਲ ਲਾਗੂ ਕਰੇ।


ਕਿਸੇ ਦੇ ਧੀ-ਪੁੱਤ ਦਾ ਵਿਆਹ ਪਰਿਵਾਰਕ ਖ਼ੁਸ਼ੀ ਮਨਾਉਣ ਦਾ ਸੁਭਾਗਾ ਮੌਕਾ ਹੁੰਦੈ। ਸਕੇ ਸੰਬੰਧੀਆਂ ਦਾ ਮੇਲ-ਜੋਲ ਹੁੰਦੈ। ਬੱਚੇ ਦੀ ਲੋਹੜੀ ਮਨਾਉਣ ਪਿੱਛੋਂ ਵੱਡੀ ਖ਼ੁਸ਼ੀ ਵਿਆਹ ਦੇ ਰੂਪ ਵਿਚ ਆਉਂਦੀ ਹੈ। ਪਰ ਬਹੁਤ ਸਾਰੇ ਲੋਕ ਵਿਆਹ ਦੀ ਖ਼ੁਸ਼ੀ ਮਨਾਉਣ ਦੇ ਨਾਂ 'ਤੇ ਵੇਖ ਵਿਖਾਵੇ ਵਿਚ ਹੀ ਏਨਾ ਉਜਾੜਾ ਕਰ ਬਹਿੰਦੇ ਨੇ ਕਿ ਸਾਰੀ ਉਮਰ ਤਾਬ ਨਹੀਂ ਆਉਂਦੇ। ਉਹ ਖ਼ੁਸ਼ੀ ਮਨਾਉਣ ਦੇ ਨਾਂ 'ਤੇ ਦੋਹਾਂ ਪਰਿਵਾਰਾਂ ਦੀਆਂ ਖ਼ੁਸ਼ੀਆਂ ਦਾ ਘਾਣ ਕਰ ਦਿੰਦੇ ਨੇ। ਪੰਜਾਬ ਦੇ ਲੋਕ ਜੀਵਨ ਦਾ ਸੱਚ ਤਾਂ ਇਹੋ ਹੈ ਕਿ ਸਾਡੇ ਲੋਕ ਰੋਟੀ, ਕਪੜਾ, ਮਕਾਨ ਦੀਆਂ ਬੁਨਿਆਦੀ ਲੋੜਾਂ ਕਾਰਨ ਓਨੇ ਤੰਗ ਨਹੀਂ ਜਿੰਨੇ ਬੇਲੋੜੇ ਵਿਖਾਵੇ ਕਾਰਨ ਤੰਗ ਹਨ। ਬਹੁਤੇ ਪਰਿਵਾਰ ਫੋਕੀਆਂ ਟੌਅਰਾਂ ਨੇ ਪੱਟੇ ਹਨ। ਜਿਹੜੇ ਪਰਿਵਾਰ ਫ਼ਜ਼ੂਲ ਦੇ ਖਰਚਿਆਂ ਤੋਂ ਬਚੇ ਹਨ, ਉਹ ਸੋਹਣਾ ਜੀਵਨ ਬਿਤਾ ਰਹੇ ਹਨ।

ਬੰਦੇ ਦੀਆਂ ਜੀਵਨ ਲੋੜਾਂ ਐਨੀਆਂ ਨਹੀਂ ਜਿੰਨੀਆਂ ਉਸ ਨੇ ਵਧਾ ਰੱਖੀਆਂ ਹਨ। ਉਹ ਕੁਦਰਤ ਦੇ ਨਹੀਂ, ਆਪਣੇ ਹੀ ਸਹੇੜੇ ਵਖ਼ਤ ਨੂੰ ਫਸਿਆ ਹੋਇਆ ਹੈ ਤੇ ਉਹਦੀ ਹਾਲਤ ਆਪੇ ਫਾਥੜੀਏ ਤੈਨੂੰ ਕੌਣ ਛੁਡਾਏ ਵਾਲੀ ਹੈ। ਉਹ ਫੁਕਰੀਆਂ ਫੜ੍ਹਾਂ ਮਾਰਨ ਦੇ ਫੁਕਰੇ ਮੁਕਾਬਲੇ ਵਿਚ ਪੈ ਕੇ ਆਪਣੇ ਆਪ ਨੂੰ ਕੰਗਾਲ ਤੇ ਹੀਣਾ ਸਮਝਣ ਲੱਗ ਪਿਆ ਹੈ। ਬਹੁਤੇ ਬੰਦਿਆਂ ਨੇ ਆਪਣੀ ਹਾਲਤ ਉਸ ਮਿਰਾਸਣ ਵਰਗੀ ਬਣਾ ਰੱਖੀ ਹੈ ਜਿਸ ਨੇ ਸੋਨੇ ਦੀ ਛਾਪ ਵਿਖਾਉਣ ਲਈ ਆਪਣੇ ਘਰ ਨੂੰ ਅੱਗ ਲਾ ਲਈ ਸੀ। ਉਸ ਨੂੰ ਕਿਸੇ 'ਵੱਡੇ ਘਰ' ਦੇ ਵਿਆਹ 'ਚੋਂ ਸੋਨੇ ਦੀ ਛਾਪ ਮਿਲ ਗਈ ਸੀ। ਛਾਪ ਉਂਗਲ 'ਚ ਪਾ ਕੇ ਉਹ ਬੀਹੀਆਂ ਵਿਹੜਿਆਂ ਵਿਚ ਗੇੜੇ ਦਿੰਦੀ ਰਹੀ। ਪਰ ਨਾ ਕਿਸੇ ਨੇ ਉਹਦੀ ਛਾਪ ਵੇਖੀ ਨਾ ਸਲਾਹੀ। ਉਹ ਬੜੀ ਪਰੇਸ਼ਾਨ ਹੋਈ ਕਿ ਸੋਨੇ ਦੀ ਲਿਸ਼ਲਿਸ਼ ਕਰਦੀ ਛਾਪ ਵੀ ਲੋਕਾਂ ਨੂੰ ਨਹੀਂ ਸੀ ਦਿਸ ਰਹੀ! ਅੱਕ ਕੇ ਉਸ ਨੇ ਆਪਣੇ ਘਰ ਨੂੰ ਆਪ ਹੀ ਅੱਗ ਲਾ ਲਈ ਤੇ ਰੌਲ਼ੀ ਪਾਉਣ ਲੱਗੀ: ਮੇਰਾ ਘਰ ਸੜ ਗਿਆ ਜੇ, ਲੋਕੋ ਅੱਗ ਬੁਝਾਓ! ਲੋਕ ਅੱਗ ਬੁਝਾਉਣ ਲਈ ਪਾਣੀ ਦੀਆਂ ਬਾਲਟੀਆਂ ਚੁੱਕੀ ਦੌੜੇ ਆਏ। ਉਹ ਛਾਪ ਵਾਲੀ ਉਂਗਲ ਉਠਾ ਕੇ ਇਸ਼ਾਰੇ ਕਰੇ, ਐਧਰ ਵੀ ਭਾਂਬੜ ਨਿਕਲਣ ਡਹੇ ਨੇ, ਉਹ ਵੀ ਬੁਝਾਓ। ਅੱਗ ਬੁਝਾਉਣ ਵਾਲਿਆਂ ਦਾ ਧਿਆਨ ਫਿਰ ਵੀ ਛਾਪ ਵੱਲ ਨਾ ਗਿਆ। ਅੱਗ ਬੁਝਾ ਕੇ ਜਦੋਂ ਉਹ ਵਾਪਸ ਜਾਣ ਲੱਗੇ ਤਾਂ ਮਿਰਾਸਣ ਨੇ ਆਖ਼ਰੀ ਹੰਭਲਾ ਮਾਰਦਿਆਂ ਛਾਪ ਵਾਲੀ ਉਂਗਲ ਉਠਾ ਕੇ ਕਿਹਾ, "ਐਥੋਂ ਲੱਗੀ ਸੀ ਅੱਗ!"

ਲੋਕਾਂ ਨੇ ਛਾਪ ਫੇਰ ਵੀ ਨਾ ਵੇਖੀ। ਘਰ ਨੂੰ ਲੱਗੇ ਭਾਂਬੜ ਤਾਂ ਬੁਝ ਗਏ ਪਰ ਮਿਰਾਸਣ ਦਾ ਟੌਅਰ ਵਿਖਾਉਣ ਦਾ ਭਾਂਬੜ ਬੁਝ ਨਾ ਸਕਿਆ। ਉਸ ਨੇ ਘਰ ਫੂਕ ਲਿਆ, ਲੋਕਾਂ ਦਾ ਤਮਾਸ਼ਾ ਬਣੀ ਤੇ ਘਰ ਦੇ ਲੇਫ ਤਲਾਈਆਂ ਦੀ ਥਾਂ ਸੁਆਹ 'ਚ ਸੁੱਤੀ। ਫੋਕੀਆਂ ਟੌਅਰਾਂ ਤੇ ਵਾਧੂ ਵੇਖ ਵਿਖਾਵਾ ਕਰਨ ਵਾਲਿਆਂ ਦਾ ਹਾਲ ਇੰਜ ਹੀ ਹੁੰਦੈ। ਦੇਸ਼ ਵਿਚ ਵੀ ਤੇ ਵਿਦੇਸ਼ਾਂ ਵਿਚ ਵੀ ਸਾਡੇ ਬਹੁਤ ਸਾਰੇ ਲੋਕਾਂ ਦਾ ਹਾਲ ਉਸ ਮਿਰਾਸਣ ਵਰਗਾ ਵੇਖੀਦੈ। ਇਕ ਦੂਜੇ ਦੀ ਰੀਸੋ ਰੀਸੀ ਉਹ ਔਖੇ ਤੋਂ ਹੋਰ ਔਖੇ ਹੋਈ ਜਾਂਦੇ ਨੇ।

ਜੇ ਕੋਈ ਕਹੇ ਕਿ ਅਜਿਹਾ ਪੰਜਾਬ ਵਿਚ ਹੀ ਹੁੰਦੈ, ਵਿਦੇਸ਼ਾਂ ਵਿਚ ਵਸੇ ਪੰਜਾਬੀਆਂ 'ਚ ਨਹੀਂ ਹੁੰਦਾ ਤਾਂ ਉਸ ਨੂੰ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ। ਵਿਦੇਸ਼ਾਂ 'ਚ ਵੀ ਵਿਆਹਾਂ ਦੀਆਂ ਵਧਦੀਆਂ ਰੀਸਾਂ ਘੜੀਸਾਂ ਨੇ ਬੜਾ ਝਮੇਲਾ ਪਾਇਆ ਹੋਇਐ। ਭੇਤੀ ਜਾਣਦੇ ਹਨ ਕਿ ਬਹੁਤੇ ਬੰਦੇ ਏਧਰੋਂ ਓਧਰੋਂ ਪੈਸੇ ਫੜ-ਫੜਾ ਕੇ, ਝੁੱਗਾ ਚੌੜ ਕਰਾ ਕੇ ਹੀ ਪਰਦੇਸ ਪੁੱਜਦੇ ਹਨ। ਉਨ੍ਹਾਂ ਨੇ ਅੱਗੇ ਪਿੱਛੇ ਦੀਆਂ ਬਥੇਰੀਆਂ ਖੁੱਡਾਂ ਮੁੰਦਣੀਆਂ ਹੁੰਦੀਆਂ ਹਨ। ਨੀਂਦਾਂ ਟਾਲ ਕੇ ਓਵਰਟਾਈਮ ਲਾਉਂਦੇ ਹਨ। ਕਈ ਦੂਹਰੀਆਂ ਸ਼ਿਫਟਾਂ 'ਚ ਕਸੇ ਰਹਿੰਦੇ ਹਨ। ਕਿਸੇ ਦੀ ਸ਼ਿਫਟ ਦਿਨ ਦੀ ਹੁੰਦੀ ਹੈ, ਕਿਸੇ ਦੀ ਰਾਤ ਦੀ। ਨਿਆਣੇ 'ਬੇਬੀ ਸਿੱਟਰਾਂ' 'ਚ ਪਲ਼ਦੇ ਤੇ ਰੁਲ਼ਦੇ ਹਨ। ਕਈ ਆਪਣੇ ਨਿਆਣਿਆਂ ਦਾ ਮੂੰਹ ਵੀ ਚੰਗੀ ਤਰ੍ਹਾਂ ਨਹੀਂ ਵੇਖ ਸਕਦੇ। ਉਹ ਕਦੇ ਆਪਣੇ ਬੱਚਿਆਂ ਦੇ ਹੱਥਾਂ 'ਤੇ ਘੋਲ ਕੰਡੇ ਕਰਦੇ ਨਹੀਂ ਵੇਖੇ।

ਇਹ ਕਿਧਰਲੀ ਸ਼ਾਨ ਹੋਈ ਕਿ ਜਿਨ੍ਹਾਂ ਬੱਚਿਆਂ ਨੂੰ ਵੇਲੇ ਸਿਰ ਦੁੱਧ ਵੀ ਨਹੀਂ ਚੁੰਘਾਅ ਹੁੰਦਾ ਤੇ ਮੂੰਹ-ਮੱਥਾ ਵੀ ਨੀ ਚੁੰਮ ਹੁੰਦਾ, ਉਨ੍ਹਾਂ ਦੇ ਜਨਮ ਦਿਨਾਂ ਦੀਆਂ ਪਾਰਟੀਆਂ ਉਤੇ ਬੈਂਕਟ ਹਾਲ ਬੁੱਕ ਕਰਾਏ ਜਾਣ। ਫ਼ਜ਼ੂਲ ਖਰਚਾ ਕੀਤਾ ਜਾਵੇ ਤੇ ਹੱਡ ਭੰਨਵੀਂ ਕਮਾਈ ਫੋਕੀ ਟੌਅਰ ਵਿਖਾਉਣ 'ਚ ਰੋੜ੍ਹ ਦਿੱਤੀ ਜਾਵੇ? ਥੋੜ੍ਹ-ਚਿਰੀ ਬੱਲੇ-ਬੱਲੇ ਲਈ ਅਨੇਕਾਂ ਸੁਖ-ਸਹੂਲਤਾਂ ਵਾਰ ਦਿੱਤੀਆਂ ਜਾਣ? ਵਿਆਹਾਂ ਦੀਆਂ ਪ੍ਰੀ-ਮੈਰਿਜ ਵੀਡੀਓਜ਼, ਅਤਿ ਮਹਿੰਗੀ ਫੋਟੋਗਰਾਫੀ, ਵਿਸ਼ਾਲ ਮੈਰਿਜ ਪੈਲੇਸ ਤੇ ਉਨ੍ਹਾਂ ਦੀ ਸਜਾਵਟ, ਅਸ਼ਲੀਲ ਡੀ ਜੇ, ਨਚਾਰਾਂ ਵਰਗੇ ਗਾਇਕ, ਦਰਜਨਾਂ ਪਕਵਾਨ, ਇੰਪੋਰਟਿਡ ਵ੍ਹਿਸਕੀਆਂ, ਮਹਿੰਗੇ ਸੂਟਾਂ, ਲਹਿੰਗੇ ਤੇ ਅਚਕਨਾਂ, ਹੀਰਿਆਂ ਦੇ ਹਾਰ, ਭਾਰੇ ਗਹਿਣਿਆਂ ਤੇ ਬਹੁਤੇ ਖਾਣਿਆਂ ਪੀਣਿਆਂ ਨਾਲ ਵਿਆਹਾਂ ਨੂੰ ਕੋਈ ਖੰਭ ਨਹੀਂ ਲੱਗ ਜਾਂਦੇ। ਨਾ ਮਹਿੰਗੀਆਂ ਕਾਰਾਂ ਨਾਲ ਕੋਈ ਵੱਡਾ ਬਣਦੈ ਤੇ ਨਾ ਮਹਿੰਗੀਆਂ ਸਕਾਚਾਂ ਵਧੇਰੇ ਚਿਰ ਚੜ੍ਹਦੀਆਂ। ਕੀਮਤੀ ਤੋਹਫ਼ਿਆਂ ਨਾਲ ਕੋਈ ਸੱਚੀ ਮੁੱਚੀਂ ਖ਼ੁਸ਼ਹਾਲ ਨਹੀਂ ਹੋ ਜਾਂਦਾ। ਮੂੰਹ 'ਤੇ ਸਲਾਹੁਣ ਵਾਲੇ ਪਿੱਠ ਪਿੱਛੇ ਨਿੰਦਦੇ ਵੀ ਵੇਖੀਦੇ ਹਨ। 'ਦੇਸੀ ਬਾਂਦਰੀ ਵਲੈਤੀ ਚੀਕਾਂ ਮਾਰੇ' ਵਰਗੇ ਗੀਤ ਐਵੇਂ ਨਹੀਂ ਜੁੜੇ।




ਸਾਡੇ ਵੇਲ਼ੇ ਜਿੰਨੇ ਪੈਸੇ ਪੂਰੇ ਵਿਆਹ 'ਤੇ ਲੱਗਦੇ ਸਨ, ਓਨੇ ਪੈਸਿਆਂ ਨਾਲ ਤਾਂ ਹੁਣ ਲਾੜੀ ਦਾ 'ਬਿਊਟੀ ਪਾਰਲਰ' ਵੀ ਨਹੀਂ ਹੁੰਦਾ! ਕੋਈ ਪੁੱਛੇ, ਜੀਹਦੇ ਕੋਲ ਬਿਊਟੀ ਹੈ ਉਹਨੂੰ ਪਾਰਲਰ ਦੀ ਕੀ ਲੋੜ? ਵਾਧੂ ਦੇ ਪੰਗੇ ਫੋਟੋਗਰਾਫੀ ਤੇ ਵੀਡੀਓਜ਼ ਵਾਲਿਆਂ ਦੀਆਂ ਟੀਮਾਂ ਸਹੇੜ ਕੇ ਲਏ ਹੁੰਦੇ ਨੇ। ਉਹਨਾਂ ਦੀ ਗਿਣਤੀ ਹੀ ਨਾਨਕੇ ਮੇਲ ਤੋਂ ਵੱਧ ਹੁੰਦੀ ਐ ਜਿਹੜੀ ਕੋਈ ਵੀ ਰਸਮ ਵੇਲੇ ਸਿਰ ਸਿਰੇ ਨਹੀਂ ਚੜ੍ਹਨ ਦਿੰਦੀ। ਉਹ ਅੜਿੱਕੇ ਡਾਹੁੰਦੇ ਅਨੰਦ ਕਾਰਜ ਦੀ ਮਰਿਆਦਾ ਵੀ ਭੰਗ ਕਰਨ ਤਕ ਚਲੇ ਜਾਂਦੇ ਹਨ। ਹੋਰ ਤਾਂ ਹੋਰ, ਫੋਟੋਗਰਾਫੀ, ਐਲਬਮਾਂ ਤੇ ਵੀਡੀਓਜ਼ ਦੇ ਬਿੱਲ ਹੀ ਲੱਖਾਂ ਦੇ ਆਉਣ ਲੱਗ ਪਏ ਹਨ। ਸ਼ੁਕਰ ਹੈ ਅਸੀਂ ਫੋਟੋਗਰਾਫੀ ਤੋਂ ਬਿਨਾਂ ਹੀ ਵਿਆਹ ਕਰਾ ਲਿਆ ਸੀ। ਸਾਨੂੰ ਤਾਂ ਕਦੇ ਹੇਰਵਾ ਨਹੀਂ ਹੋਇਆ ਕਿ ਸਾਡੇ ਪਾਸ ਵਿਆਹ ਦੀ ਇਕ ਵੀ ਫੋਟੋ ਨਹੀਂ! ਜਦੋਂ ਆਪ ਹੈਗੇ ਆਂ, ਕੀ ਕਰਨੇ ਸਨ ਫੋਟੋ?

ਇਹ ਅਸਲੀਅਤ ਹੈ ਕਿ ਪਰਵਾਸੀਆਂ ਸਿਰ ਥੋੜ੍ਹਾ ਬਹੁਤਾ ਕਰਜ਼ਾ ਜ਼ਰੂਰ ਹੁੰਦਾ ਹੈ। ਵਿਦੇਸ਼ੋਂ ਭਾਵੇਂ ਉਹ ਕਰਜ਼ਾ ਚੁੱਕ ਕੇ ਦੇਸ਼ ਪਹੁੰਚਣ ਪਰ ਵਿਖਾਵਾ ਇੰਜ ਕਰਦੇ ਨੇ ਜਿਵੇਂ ਬੜੇ ਵੱਡੇ ਸਟੋਰਾਂ ਦੇ ਮਾਲਕ ਹੋਣ। ਮਹੀਨੇ ਖੰਡ ਦੇ ਤੋਰੇ ਫੇਰੇ ਤੇ ਵੇਖ ਵਿਖਾਵੇ ਪਿਛੋਂ ਅੱਵਲ ਤਾਂ ਕਿਸੇ ਦਾ ਘਰ ਉਜਾੜ ਕੇ ਮੁੜਦੇ ਹਨ, ਨਹੀਂ ਫਿਰ ਆਪਣਾ ਤਾਂ ਉਜੜਿਆ ਮਿਲਦਾ ਹੀ ਹੈ। ਚੌਕੀਦਾਰਾ ਕਰਨ ਵਾਲੇ ਵੀ ਵਿਖਾਵਾ ਅਜਿਹਾ ਕਰਦੇ ਹਨ ਜਿਵੇਂ ਕੰਪਨੀਆਂ ਦੇ ਮੈਨੇਜਰ ਜਾਂ ਡਾਇਰੈਕਟਰ ਲੱਗੇ ਹੋਣ। ਖੇਤਿਆਂ 'ਚ ਦਿਹਾੜੀਆਂ ਕਰਨ ਵਾਲੇ ਵੀ ਕਹਿਣਗੇ ਅਸੀਂ ਤਾਂ ਜੀ ਓਥੇ ਫਲ ਫਰੂਟਾਂ 'ਚ ਈ ਰਹਿੰਨੇ ਆਂ!

ਬਹੁਤਿਆਂ ਘਰਾਂ ਦੀਆਂ ਪਹਿਲੀਆਂ ਕਿਸ਼ਤਾਂ ਲੱਥੀਆਂ ਨਹੀਂ ਹੁੰਦੀਆਂ ਪਰ ਉਹ ਪਹਿਲਾਂ ਨਾਲੋਂ ਵੀ ਵੱਡਾ ਘਰ ਖਰੀਦਣ ਦਾ ਬਿਆਨਾ ਭਰ ਦਿੰਦੇ ਹਨ। ਫਰਨੀਚਰ 'ਤੇ ਹੋਰ ਸਾਜ ਬਾਜ ਏਨਾ ਖਰੀਦ ਲੈਂਦੇ ਹਨ ਕਿ ਘਰ ਸਾਮਾਨ ਨਾਲ ਭਰ ਜਾਂਦੈ ਤੇ ਘਰ ਦੇ ਜੀਅ ਬਾਹਰ ਨਿਕਲ ਜਾਂਦੇ ਨੇ! ਸਾਡੇ ਵੇਲੇ ਦੋ-ਚਾਰ ਜੋੜੇ ਜਾਮਿਆਂ ਨਾਲ ਸਰ ਜਾਂਦਾ ਸੀ। ਹੁਣ ਦਸ ਵੀਹ ਸੂਟਾਂ ਨਾਲ ਵੀ ਨਹੀਂ ਸਰਦਾ। ਖ਼ਾਸ ਕਰਕੇ ਤ੍ਰੀਮਤਾਂ ਦਾ। ਦਸ-ਵੀਹ ਸੂਟ ਤਾਂ ਕਹਿੰਦੀਆਂ ਹਨ ਕਿ ਜਣੀ-ਖਣੀ ਕੋਲ ਹਨ। ਉਨ੍ਹਾਂ ਲਈ ਤੀਹ ਵੀ ਥੋੜ੍ਹੇ ਹਨ ਤੇ ਚਾਲੀ ਵੀ। ਕਈਆਂ ਨੂੰ ਭਾਵੇਂ ਥਾਨਾਂ 'ਚ ਦੱਬ ਦਿਓ ਫਿਰ ਵੀ ਪੁੱਛਣਗੀਆਂ, ਹੋਰ ਥਾਨ ਹੈਗੇ ਕਿ ਮੁੱਕਗੇ?

ਮਹਿੰਗੇ ਕੱਪੜੇ ਪਹਿਨ ਕੇ ਕੋਈ ਸੋਹਣਾ ਨਹੀਂ ਬਣ ਜਾਂਦਾ ਹੁੰਦਾ। ਸੁਹੱਪਣ ਤਾਂ ਸਡੌਲ ਜੁੱਸਿਆਂ 'ਤੇ ਹੀ ਲਿਸ਼ਕਦਾ ਹੈ ਜਿਨ੍ਹਾਂ ਦੇ ਸਾਦੇ ਲਿਬਾਸ ਵੀ ਕਿਸੇ ਨੂੰ ਪੁੰਨਿਆਂ ਦਾ ਚੰਨ ਬਣਾ ਦਿੰਦੇ ਹਨ। ਲੋੜ ਤੋਂ ਵੱਧ ਕੱਪੜਿਆਂ, ਗਹਿਣਿਆਂ, ਬਰਤਨਾਂ, ਖਾਣਿਆਂ, ਸਜ ਧਜ ਦੇ ਸਾਮਾਨ, ਫਰਨੀਚਰ, ਵਹੀਕਲ ਤੇ ਵੱਡੇ ਘਰਾਂ ਦਾ ਉਨਾ ਸੁਖ ਨਹੀਂ ਮਿਲਦਾ ਜਿੰਨਾ ਉਨ੍ਹਾਂ ਦੀ ਸਾਂਭ ਸੰਭਾਲ ਦਾ ਕਸ਼ਟ ਸਹਿਣਾ ਪੈਂਦਾ ਹੈ। ਇਹ ਜੋ ਜਨਮ-ਦਿਨਾਂ ਤੇ ਵਿਆਹ ਦਿਨਾਂ ਦੀਆਂ ਵਰ੍ਹੇਗੰਢਾਂ, ਘਰ ਪ੍ਰਵੇਸ਼, ਬੱਚਿਆਂ ਦੀ ਵਾਰ ਵਾਰ ਦੀ ਗਰੈਜੂਏਸ਼ਨ ਤੇ ਵਿਆਹਾਂ ਮੰਗਣਿਆਂ ਦੀਆਂ ਦੂਹਰੀਆਂ ਚੌਹਰੀਆਂ ਪਾਰਟੀਆਂ ਕਰਨ ਦੀ ਰੀਤ ਹਰੇਕ ਵੀਕਐਂਡ ਦੀ ਚੱਲ ਪਈ ਹੈ ਜੇ ਰੋਕੀ ਨਾ ਗਈ ਤਾਂ ਸਭਨਾਂ ਦੇ ਹੱਥੀਂ ਠੂਠੇ ਫੜਾਏਗੀ।

ਫੋਕੀ ਭੱਲ ਬਣਾਉਣ ਖ਼ਾਤਰ ਵਿਦੇਸ਼ਾਂ 'ਚ ਰਿਸ਼ਤੇ ਕਰਨੇ, ਵਧ ਚੜ੍ਹ ਕੇ ਦਾਜ ਦੇਣਾ, ਸ਼ਰਾਬਾਂ ਦੇ ਸਦਾ ਵਰਤ ਲਾਉਣੇ, ਪਿਸਤੌਲ ਲੱਕ ਨਾਲ ਲਟਕਾਈ ਤੇ ਬੰਦੂਕਾਂ ਮੋਢੇ ਪਾਈ ਫਿਰਨਾ, ਹੱਥੀਂ ਕੰਮ ਕਰਨਾ ਛੱਡ ਕੇ ਨੌਕਰ ਚਾਕਰ ਰੱਖਣੇ, ਪੈਰੀਂ ਤੁਰਨ ਨੂੰ ਮਿਹਣਾ ਮੰਨਣਾ, ਚੰਗੀਆਂ ਭਲੀਆਂ ਬੱਸਾਂ ਹੋਣ ਦੇ ਬਾਵਜੂਦ ਟੈਕਸੀਆਂ ਕਿਰਾਏ 'ਤੇ ਕਰਨੀਆਂ ਤੇ ਬਰਾਂਡਡ ਵਸਤਾਂ ਦਾ ਵਿਖਾਵਾ ਕਰਨਾ ਕਿਸੇ ਨੂੰ ਸੱਚੀ-ਮੁਚੀਂ 'ਵੱਡਾ ਬੰਦਾ' ਬਣਾਉਣ ਵਾਲੇ ਕਰਮ ਨਹੀਂ। ਦਸ ਦਸ ਤੋਲੇ ਦੇ ਕੜੇ ਪਾਈ ਫਿਰਨੇ ਕਿਸੇ ਨੂੰ ਦਾਨਾ ਬੀਨਾ ਨਹੀਂ ਬਣਾਉਂਦੇ। ਰੀਸ ਕਰਨੀ ਹੈ ਤਾਂ ਸਾਦ ਮੁਰਾਦੇ ਤੇ ਹੋਰਨਾਂ ਦਾ ਭਲਾ ਕਰਨ ਵਾਲੇ ਇਨਸਾਨਾਂ ਦੀ ਕਰੋ।

ਪੰਜਾਬ ਦੇ ਤੇਰਾਂ ਹਜ਼ਾਰ ਪਿੰਡਾਂ 'ਚ ਪੱਚੀ ਹਜ਼ਾਰ ਤੋਂ ਵੱਧ ਗੁਰਦਵਾਰੇ ਹਨ ਜਿਨ੍ਹਾਂ 'ਤੇ ਸੰਗਤਾਂ ਦੇ ਕਰੋੜਾਂ ਅਰਬਾਂ ਰੁਪਏ ਲੱਗੇ ਹਨ। ਇਨ੍ਹਾਂ ਆਲੀਸ਼ਾਨ ਇਮਾਰਤਾਂ ਦੀ ਪੂਰੀ ਸਦਵਰਤੋਂ ਨਹੀਂ ਹੋ ਰਹੀ। ਇਨ੍ਹਾਂ 'ਚ ਪਿੰਡ ਦੀਆਂ ਧੀਆਂ ਧਿਆਣੀਆਂ ਦੇ ਵਿਆਹ ਤੇ ਸੁਰਗਵਾਸ ਹੋਇਆਂ ਦੇ ਸ਼ਰਧਾਂਜਲੀ ਸਮਾਗਮ ਸਾਦਗੀ ਨਾਲ ਕੀਤੇ ਜਾ ਸਕਦੇ ਹਨ। ਧਾਰਮਿਕ ਜ਼ਾਬਤੇ 'ਚ ਰਹਿ ਕੇ ਸਾਹਿਤਕ, ਸਭਿਆਚਾਰਕ, ਅਕਾਦਮਿਕ ਤੇ ਸਮਾਜ ਸੁਧਾਰਕ ਸੰਗਤੀ 'ਕੱਠ ਕੀਤੇ ਜਾ ਸਕਦੇ ਹਨ। ਲਾਇਬ੍ਰੇਰੀਆਂ ਤੇ ਡਿਸਪੈਂਸਰੀਆਂ ਦਾ ਪ੍ਰਬੰਧ ਕੀਤਾ ਜਾ ਸਕਦੈ। ਖੇਤੀਬਾੜੀ ਤੇ ਸਿਹਤ ਸੰਭਾਲ ਦੇ ਗੁਰ ਦੱਸੇ ਜਾ ਸਕਦੇ ਹਨ।

ਹੈਰਾਨੀ ਹੈ ਕਿ ਪਿੰਡਾਂ ਦੇ ਕਿਰਤੀ ਪਰਿਵਾਰ ਵੀ ਆਪਣੇ ਧੀਆਂ ਪੁੱਤਾਂ ਦੇ ਵਿਆਹ ਸ਼ਹਿਰੀ ਮੈਰਿਜ ਪੈਲਸਾਂ ਵਿਚ ਕਰਨ ਲੱਗੇ ਹਨ! ਪਰਦੇਸਾਂ 'ਚ ਤਾਂ ਭਲਾ ਲੋੜ ਸੀ, ਪੰਜਾਬ ਦੇ ਸ਼ਹਿਰਾਂ ਦੀ ਵੀ ਸਮਝ ਆਉਂਦੀ ਹੈ ਪਰ ਪਿੰਡਾਂ ਵਾਲੇ ਕਾਹਦੇ ਲਈ ਝੁੱਗੇ ਚੌੜ ਕਰਾਈ ਜਾਂਦੇ ਹਨ? ਪੇਂਡੂਆਂ ਕੋਲ ਆਪਣੇ ਗੁਰੂ ਘਰ, ਧਰਮਸ਼ਾਲਾ, ਪੰਚਾਇਤ ਘਰ ਤੇ ਖੁੱਲ੍ਹੇ ਵਿਹੜੇ ਹਨ। ਆਪਣਾ ਭਾਈਚਾਰਾ ਹੈ ਜਿਨ੍ਹਾਂ ਦੇ ਖੁੱਲ੍ਹੇ ਘਰ-ਬਾਰ ਹਨ। ਉਹ ਕਿਤੇ ਵੀ ਚਾਨਣੀ ਲਾ ਕੇ ਵਿਆਹ ਸਮਾਗਮ ਕਰ ਸਕਦੇ ਹਨ। ਪੇਂਡੂਆਂ ਦਾ ਮੈਰਿਜ ਪੈਲਸਾਂ 'ਚ ਜਾ ਕੇ ਵਿਆਹ ਕਰਨਾ ਇੰਜ ਹੈ ਜਿਵੇਂ ਉਨ੍ਹਾਂ ਦਾ ਸਾਰਾ ਸ਼ਰੀਕਾ ਕਬੀਲਾ ਕਚਹਿਰੀ ਤਰੀਕ ਭੁਗਤਣ ਚੱਲਿਆ ਹੋਵੇ। ਮੈਰਿਜ ਪੈਲਸਾਂ ਵਿਚ ਕਈਆਂ ਨੂੰ ਸਹੀ ਢੰਗ ਨਾਲ ਖਾਣਾ-ਪੀਣਾ ਵੀ ਨਹੀਂ ਆਉਂਦਾ ਹੁੰਦਾ। ਇਕੋ ਜਣਾ ਕਈ ਪਲੇਟਾਂ ਲਬੇੜ ਧਰਦੈ। ਸਿੱਧ ਪੱਧਰੇ ਬੰਦੇ ਪੱਬਾਂ ਭਾਰ ਬੈਠੇ ਵੇਖੀਦੇ ਨੇ ਜਿਵੇਂ ਸ਼ੱਕ 'ਚ ਫੜੇ ਹੋਣ! ਵਿਆਹ ਵਾਲਿਆਂ ਦਾ ਕੂੰਡਾ ਤਾਂ ਹੁੰਦਾ ਹੀ ਹੈ ਮੇਲੀ ਗੇਲੀ ਵੀ ਡੀ ਜੇ ਦੇ ਰੌਲੇ-ਰੱਪੇ 'ਚ ਕੰਨ ਬੋਲੇ ਕਰਾਉਂਦੇ ਹਜ਼ਾਰ ਦੋ ਹਜ਼ਾਰ ਦੀ ਲੁਪਰੀ ਲੁਆ ਬਹਿੰਦੇ ਨੇ। ਮੁੜਦਿਆਂ ਇਉਂ ਲੱਗਦੇ ਨੇ ਜਿਵੇਂ ਸਚਮੁੱਚ ਹੀ ਤਰੀਕ ਭੁਗਤ ਕੇ ਆਏ ਹੋਣ!

ਹੁਣ ਅਮਰੀਕਾ ਕੈਨੇਡਾ ਦੇ ਪੰਜਾਬੀ ਪਰਿਵਾਰਾਂ 'ਚ ਮੈਕਸੀਕੋ ਜਾ ਕੇ ਵਿਆਹ ਕਰਾਉਣ ਦਾ ਨਵਾਂ ਤੋਰਾ ਤੁਰ ਪਿਐ। ਕਾਰਨ ਦੱਸਿਆ ਜਾ ਰਿਹੈ ਕਿ ਪੰਜਾਬੀਆਂ ਦੀ ਵਸੋਂ ਵਾਲੇ ਸ਼ਹਿਰਾਂ ਵਿਚ ਵਿਆਹ ਕਰੀਏ ਤਾਂ ਪੇਂਡੂਆਂ ਤੇ ਦੋਸਤਾਂ-ਮਿੱਤਰਾਂ ਦਾ 'ਕੱਠ ਬਹੁਤਾ ਹੋ ਜਾਂਦੈ ਜੋ ਬੱਚੇ ਪਸੰਦ ਨਹੀਂ ਕਰਦੇ। ਸ਼ੁਰੂ 'ਚ ਗਰੇਟਰ ਵੈਨਕੂਵਰ ਦੇ ਪੰਜਾਬੀ ਮੁੰਡੇ ਕੁੜੀਆਂ ਦੇ ਵਿਆਹ ਮੈਕਸੀਕੋ ਦੇ ਦੱਖਣ ਪੂਰਬੀ ਇਲਾਕੇ ਵਿਚ ਕੈਨ-ਕੁਨ ਦੇ ਰਿਜ਼ੌਰਟ 'ਚ ਹੋਣ ਲੱਗੇ ਸਨ। ਵੈਨਕੂਵਰ ਤੋਂ ਕੈਨ-ਕੁਨ ਹਵਾਈ ਅੱਡੇ ਦੀ ਛੇ ਘੰਟਿਆਂ ਦੀ ਉਡਾਣ ਸੀ। ਅੱਜ ਕੱਲ੍ਹ ਮੈਕਸੀਕੋ ਦੇ ਲੌਸਕੈਂ ਬੋਜ਼ ਰਿਜ਼ੌਰਟ 'ਚ ਵਿਆਹ ਹੋਣ ਲੱਗੇ ਹਨ ਜਿਥੇ ਪੁੱਜਣ 'ਚ ਸਾਢੇ ਚਾਰ ਘੰਟੇ ਲੱਗਦੇ ਹਨ। ਅਨੰਦ ਕਾਰਜ ਲਈ ਵੈਨਕੂਵਰਤੋਂ ਹੀ ਗ੍ਰੰਥੀ ਤੇ ਕੀਰਤਨੀਏ ਸਿੰਘ ਲਿਜਾਏ ਜਾਂਦੇ ਹਨ।

ਅਜਿਹੇ ਵਿਆਹਾਂ 'ਚ ਸ਼ਾਮਲ ਹੋਣ ਲਈ ਹਾਲੇ ਸੌ ਦੋ ਸੌ ਮਹਿਮਾਨ ਹਵਾਈ ਜਹਾਜ਼ ਚੜ੍ਹਨ ਲੱਗੇ ਹਨ ਜਿਨ੍ਹਾਂ ਦਾ ਆਪੋ ਆਪਣਾ ਨਿੱਜੀ ਖਰਚਾ ਚਾਰ-ਪੰਜ ਹਜ਼ਾਰ ਡਾਲਰ ਦੇ ਆਸ-ਪਾਸ ਹੋਣ ਲੱਗਾ ਹੈ। ਵਿਆਹ ਚਾਰ-ਪੰਜ ਦਿਨ ਚਲਦਾ ਹੈ। ਰਿਜ਼ੌਰਟ ਦੇ ਆਮ ਕਮਰੇ ਦਾ ਕਿਰਾਇਆ 800 ਤੇ ਖ਼ਾਸ ਦਾ 2500 ਡਾਲਰ ਪ੍ਰਤੀ ਦਿਨ ਹੁੰਦਾ ਹੈ। ਇੰਜ ਵਿਆਹੇਤਾ ਜੋੜੇ ਦੇ ਘਰ ਵਾਲਿਆਂ ਦਾ ਤਾਂ ਝੁੱਗਾ ਚੌੜ ਹੋਣਾ ਹੀ ਹੁੰਦਾ ਚੋਪੜੇ ਮਹਿਮਾਨ ਵੀ ਜਾਂਦੇ ਹਨ। ਜਦੋਂ ਕਦੇ ਉਨ੍ਹਾਂ ਰਿਜ਼ੌਰਟਾਂ 'ਚ ਵੀ ਪੰਜਾਬੀਆਂ ਦੇ ਦਾਰੂ ਪੀਣਿਆਂ ਦਾ ਭੜਥੂ ਪੈਣ ਲੱਗਾ ਤਾਂ ਅੰਦਾਜ਼ਾ ਲਾ ਲਓ ਕੀ ਭਾਅ ਪਵੇਗਾ? ਫਿਰ ਉਹ ਕਿੱਥੇ ਜਾਣਗੇ? ਵਿਆਹ ਸ਼ਾਦੀਆਂ ਦੇ ਦਿਨੋ ਦਿਨ ਵੱਧ ਰਹੇ ਫ਼ਜ਼ੂਲ ਖਰਚਿਆਂ ਦਾ ਹੱਲ ਸਮਾਜਕ, ਧਾਰਮਕ, ਬੁੱਧੀਜੀਵੀ ਤੇ ਰਾਜਨੀਤਕ ਨੇਤਾਵਾਂ ਨੂੰ ਰਲ-ਮਿਲ ਕੇ ਕਰਨਾ ਚਾਹੀਦੈ ਜਿਵੇਂ ਪਾਕਿਸਤਾਨ ਵਿਚ ਪੱਛਮੀ ਪੰਜਾਬ ਦੀ ਸਰਕਾਰ ਨੇ 'ਗੈਸਟ ਕੰਟਰੋਲ ਆਰਡਰ' ਨਾਲ ਕੀਤਾ ਹੈ। ਉਹਦੀ ਉਲੰਘਣਾ ਕਰਨ ਵਾਲਿਆਂ ਨੂੰ ਇਕ ਮਹੀਨੇ ਤਕ ਦੀ ਕੈਦ ਤੇ ਪੰਜਾਹ ਹਜ਼ਾਰ ਤੋਂ ਵੀਹ ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

ਏਧਰ ਗੁਰਾਂ ਦੇ ਨਾਂ 'ਤੇ ਜੀਣ ਵਾਲਾ ਸਾਡਾ ਪੰਜਾਬ ਹੈ ਜਿਥੇ ਇਕ ਵਿਆਹ ਸਮਾਗਮ ਵਿਚ ਦਸ ਹਜ਼ਾਰ ਮਹਿਮਾਨਾਂ ਦਾ 'ਕੱਠ ਵੇਖਿਆ ਗਿਆ। ਬਹਿਰਿਆਂ ਤੇ ਵਿਸ਼ੇਸ਼ ਅਧਿਕਾਰੀਆਂ ਦੇ ਹਥਿਆਰਬੰਦ ਅੰਗਰੱਖਿਅਕਾਂ ਦੀਆਂ ਫੌਜਾਂ ਵੱਖਰੀਆਂ। ਉਥੇ 300 ਤੋਂ 350 ਵੰਨਗੀਆਂ ਦਾ ਖਾਣਾ-ਪੀਣਾ ਪਰੋਸਿਆ ਗਿਆ ਜਿਸ ਵਿਚੋਂ ਤੀਜਾ ਚੌਥਾ ਹਿੱਸਾ ਜੂਠ ਬਣ ਕੇ ਬਰਬਾਦ ਹੋਇਆ। ਹੈ ਕੋਈ ਸਜ਼ਾ ਐਡੇ ਵੱਡੇ ਸਮਾਜਿਕ ਤੇ ਆਰਥਿਕ ਅਪਰਾਧ ਦੀ? ਕਿਸੇ ਸਰਕਾਰ, ਰਾਜਨੀਤਕ ਪਾਰਟੀ, ਧਾਰਮਿਕ ਕਮੇਟੀ, ਸਮਾਜਿਕ ਸੰਸਥਾ ਜਾਂ ਕਿਸੇ ਕਿਸਾਨ-ਮਜ਼ਦੂਰ ਸਭਾ ਨੇ ਕੋਈ ਯਤਨ ਕੀਤਾ ਹੈ ਕਿ ਲਹਿੰਦੇ ਪੰਜਾਬ ਦੇ 'ਗੈਸਟ ਕੰਟਰੋਲ ਆਰਡਰ' ਦੀ ਹੀ ਰੀਸ ਕਰ ਲਵੇ। ਆਹ ਰਿਪੋਰਟ ਵੀ ਪੜ੍ਹਲਵੋ:

ਪੱਛਮੀ ਦੇਸ਼ਾਂ ਵਿਚ ਸ਼ੁਰੂ ਹੋਇਆ ਪ੍ਰੀ-ਵੈਡਿੰਗ ਫੋਟੋਸ਼ੂਟ ਦਾ ਰਿਵਾਜ ਐੱਨ.ਆਰ. ਆਈਜ਼ ਦੀ ਬਦੌਲਤ ਪੰਜਾਬ ਵਿਚ ਵੀ ਛਾ ਗਿਆ ਹੈ। ਵਿਆਹ ਤੋਂ ਪਹਿਲਾਂ ਲੜਕਾ-ਲੜਕੀ ਸੈਰ ਸਪਾਟੇ ਵਾਲੀਆਂ ਦੁਰਾਡੀਆਂ ਥਾਵਾਂ ਤੇ ਬੀਚਾਂ 'ਤੇ ਜਾ ਕੇ ਫਿਲਮੀ ਸਿਤਾਰਿਆਂ ਦੀ ਤਰ੍ਹਾਂ ਅਰਧ ਨਗਨ ਫੋਟੋਆਂ ਖਿਚਵਾਉਂਦੇ ਵੀਡੀਓਜ਼ ਬਣਵਾਉਂਦੇ ਹਨ। ਫਿਰ ਉਹ ਵੀਡੀਓਜ਼ ਵਿਆਹ ਵਿਚ ਆਏ ਮੇਲ ਮੂਹਰੇ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ। ਉਨ੍ਹਾਂ 'ਚ ਕਈ ਵਾਰ ਅਜਿਹੇ ਦ੍ਰਿਸ਼ ਸਾਹਮਣੇ ਆਉਂਦੇ ਹਨ ਜੋ ਮਾਪਿਆਂ ਤੇ ਰਿਸ਼ਤੇਦਾਰਾਂ ਨੂੰ ਸ਼ਰਮਸ਼ਾਰ ਕਰਨ ਵਾਲੇ ਹੁੰਦੇ ਹਨ। ਉਤੋਂ ਲੋਹੜਾ ਇਹ ਕਿ ਮੈਰਿਜ ਹਾਲ ਵਿਚ ਵੱਡੀ ਸਕਰੀਨ ਲਾ ਕੇ ਇਹ ਲੁੱਚਪੁਣਾ ਹਰ ਐਰੇ ਗੈਰੇ ਨੂੰ ਵਿਖਾਇਆ ਜਾਂਦਾ ਹੈ ਤੇ ਇਸ ਦੀਆਂ ਤਸਵੀਰਾਂ ਨਿਸ਼ਾਨੀ ਵਜੋਂ ਮਹਿਮਾਨਾਂ ਨੂੰ ਭੇਟ ਕੀਤੀਆਂ ਜਾਂਦੀਆਂ ਹਨ। ਹੈ ਕਿਸੇ ਨੂੰ ਸੰਗਸ਼ਰਮ? ਮੈਰਿਜ ਹਾਲਾਂ ਵਿਚ ਰੱਜ ਕੇ ਸ਼ਰਾਬਾਂ ਪੀਣ, ਮੀਟ ਮੱਛੀ ਤੇ ਹੋਰ ਖਾਣ ਪੀਣ ਦੀਆਂ ਵਸਤਾਂ ਦੀ ਖਾਣ ਪੀਣ ਨਾਲੋਂ ਵਧੇਰੇ ਜੂਠ ਛੱਡਣ, ਨੱਚਣ ਦੇ ਬਹਾਨੇ ਨੱਚਣ ਵਾਲੀਆਂ ਨੂੰ ਘੜੀਸੀ ਫਿਰਨ, ਗਾਉਣ ਵਾਲਿਆਂ 'ਤੇ ਗੋਲੀਆਂ ਚਲਾਉਣ, ਕਿਸੇ ਕੁੜੀ ਕੱਤਰੀ ਦੀ ਬਾਂਹ ਫੜ ਕੇ ਨੱਚਣ ਬਦਲੇ ਆਪਸ ਵਿਚ ਭਿੜਨ, ਖ਼ੂਨ ਵਹਾਉਣ ਤੇ ਦੁਸ਼ਮਣੀਆਂ ਪਾਉਣ ਵਾਲੇ ਵਿਆਹਾਂ ਬਿਨਾਂ ਕੀ ਥੁੜ੍ਹਿਆ ਪਿਐ? ਕਦੋਂ ਅਕਲ ਆਊ ਸਾਨੂੰ 'ਮਾਣਮੱਤੇ' ਪੰਜਾਬੀਆਂ ਨੂੰ?

ਇਕ ਰਿਪੋਰਟ ਅਨੁਸਾਰ ਲੁਧਿਆਣੇ ਦੇ ਆਲੇ-ਦੁਆਲੇ 125 ਮੈਰਿਜ ਪੈਲਿਸ ਹਨ। ਪੰਜਾਬ 'ਚ ਮੈਰਿਜ ਪੈਲਸਾਂ ਦੀ ਕੁਲ ਗਿਣਤੀ 4500 ਹੈ। ਉਨ੍ਹਾਂ ਨੇ ਹਜ਼ਾਰਾਂ ਏਕੜ ਸਨਅਤੀ ਤੇ ਖੇਤੀਬਾੜੀ ਵਾਲੀ ਉਪਜਾਊ ਜ਼ਮੀਨ ਅਣਉਪਜਾਊ ਕਾਰਜਾਂ ਲਈ ਦੱਬ ਰੱਖੀ ਹੈ। ਡੇਰਿਆਂ ਨੇ ਵੀ ਹਜ਼ਾਰਾਂ ਏਕੜ ਜ਼ਮੀਨ ਮੱਲੀ ਹੋਈ ਹੈ। ਲੋਟੂ ਸਿਆਸਤਦਾਨਾਂ, ਭ੍ਰਿਸ਼ਟ ਅਫਸਰਾਂ ਅਤੇ ਮਾਫੀਆ ਗਰੁੱਪਾਂ ਦੇ ਨਾਜਾਇਜ਼ ਕਬਜ਼ੇ ਵਾਲੀਆਂ ਜ਼ਮੀਨਾਂ ਦਾ ਵੀ ਕੋਈ ਲੇਖਾ ਨਹੀਂ। ਜਿਸ ਰੰਗਲੇ ਪੰਜਾਬ ਦਾ ਇਹ ਹਾਲ ਹੈ ਉਸ ਪੰਜਾਬ ਦੀਆਂ ਅਗਲੀਆਂ ਪੀੜ੍ਹੀਆਂ ਰਹਿਣਗੀਆਂ ਕਿੱਥੇ ਤੇ ਜਾਣਗੀਆਂ ਕਿੱਥੇ?

ਕਹਾਣੀ

# ਰਤਨਾ ਨੰਬਰਦਾਰ

ਸੰਨੀ ਧਾਲੀਵਾਲ
ਫੋਨ: 1-204-979-6757



ਰਤਨਾ ਆਪਣੇ ਪਿੰਡ ਨੂੰ ਬਹੁਤ ਪਿਆਰ ਕਰਦਾ ਹੈ। ਇਹ ਸੁਭਾਵਿਕ ਹੀ ਹੈ ਕਿ ਹਰ ਵਿਅਕਤੀ ਆਪਣੇ ਪਿੰਡ ਅਤੇ ਪਿੰਡ ਦੀ ਮਿੱਟੀ ਨੂੰ ਪਿਆਰ ਕਰਦਾ। ਉਹਦੀਆਂ ਯਾਦਾਂ ਹੀ ਉਸ ਮਿੱਟੀ ਦੇ ਮੇਕਅਪ ਨੇ ਸ਼ਿੰਗਾਰੀਆਂ ਹੁੰਦੀਆਂ।

ਆਪਣੇ ਪਿੰਡੋਂ ਅੱਠ ਜਮਾਤਾਂ ਪਾਸ ਕਰ ਕੇ ਉਹ ਪਿੰਡ ਪੱਤੋ ਦੇ ਹਾਇਰ ਸੈਕੰਡਰੀ ਸਕੂਲ ਵਿਚ ਜਾ ਦਾਖਲ ਹੋਇਆ। ਕਈ ਵਾਰੀ ਨਾਲ ਪੜ੍ਹਦੇ ਮੁੰਡੇ ਜਾਣ ਕੇ ਉਹਦੇ ਪਿੰਡ ਦਾ ਨਾਮ ਪੁੱਛਦੇ। ਜਦੋਂ ਉਹ ਆਪਣੇ ਪਿੰਡ ਦਾ ਨਾਮ "ਖੌਟੇ" ਦੱਸਦਾ ਤਾਂ ਉਹ ਉਸ ਨੂੰ ਖੋਟਾ ਸਿੱਕਾ ਕਹਿ ਕਿ ਛੇੜਦੇ। ਰਤਨੇ ਨੂੰ ਇਸ ਗੱਲ ਦਾ ਬਹੁਤ ਗ਼ੁੱਸਾ ਆਉਂਦਾ। ਦੋ ਤਿੰਨਾਂ ਨਾਲ ਤਾਂ ਚੰਗੀਆਂ ਝੜਪਾਂ ਵੀ ਹੋਈਆਂ। ਦੇਖਣ ਨੂੰ ਰਤਨਾ ਬਹੁਤ ਸੋਹਣਾ, ਸੁਨੱਖਾ ਅਤੇ ਗੋਰੇ ਰੰਗ ਦਾ ਸੀ।

ਹਰ ਰੋਜ਼ ਦੇ ਸੂਰਜ ਚੜ੍ਹਨ ਨਾਲ, ਵਿਟਾਮਿਨ ਡੀ ਮਿਲਣ ਨਾਲ ਉਸਦਾ ਸਰੀਰ ਭਰਨ ਲੱਗਿਆ। ਕੱਦ ਵੀ ਕੱਦੂ ਦੀ ਵੇਲ ਵਾਂਗ ਉਤਾਂਹ ਨੂੰ ਛਾਲ਼ਾਂ ਮਾਰਨ ਲੱਗਿਆ। ਪੱਗ ਬੰਨ੍ਹਣ ਦਾ ਸਟਾਈਲ ਵੀ ਦਿਨੋ-ਦਿਨ ਨਿੱਖਰਦਾ ਜਾਂਦਾ। ਸਰੀਰ ਇਸ ਤਰ੍ਹਾਂ ਜਿਸ ਤਰ੍ਹਾਂ ਦਾਦਕਿਆਂ, ਨਾਨਕਿਆਂ ਨੇ ਵਿਹਲੇ ਬੈਠ ਕੇ ਬਣਾਇਆ ਹੋਵੇ।

ਸਕੂਲ ਦੀ ਵਾਲੀਬਾਲ ਟੀਮ ਵਿਚ ਵੀ ਵਧੀਆ ਖੇਡਦਾ। ਜਦੋਂ ਕਿਤੇ ਸਕੂਲ ਦੀ ਟੀਮ ਨੇ ਹਾਰ ਜਾਣਾ ਤਾਂ, ਕਈ ਵਿਦਿਆਰਥੀਆਂ ਨੇ ਜਾਣ ਬੁੱਝ ਕੇ, ਉਸਨੂੰ ਗ਼ੁੱਸਾ ਚੜ੍ਹਾਉਣ ਲਈ ਕਹਿਣਾ, ਖੋਟੇ ਸਿੱਕੇ ਵੀ ਕਦੀ ਚੱਲੇ ਆ। ਉਸ ਨੂੰ ਗ਼ੁੱਸਾ ਆਉਂਦਾ, ਪਰ ਰਤਨਾ ਇਹ ਗ਼ੁੱਸਾ ਅਗਲੀ ਗੇਮ ਵਿਚ ਵਿਰੋਧੀ ਟੀਮ 'ਤੇ ਕੱਢਦਾ।

ਇਕੱਲਾ ਇਕੱਲਾ ਬੱਚਾ ਹੋਣ ਕਰਕੇ, ਘਰ ਵਿਚ ਖਾਣ ਪੀਣ ਬਹੁਤ ਹੀ ਖੁੱਲ੍ਹਾ ਡੁੱਲਾ ਸੀ। ਘਰ ਦੀ ਖੁਰਾਕ ਉਸ ਨੂੰ ਸਟੀਰਾਈਡ ਦੀ ਤਰ੍ਹਾਂ ਲੱਗ ਰਹੀ ਸੀ। ਸਕੂਲ ਵਿਚ ਬਹੁਤ ਪਾਪੂਲਰ ਸੀ ਅਤੇ ਸਾਰੇ ਸਕੂਲ ਵਿਚ ਉਸਦੀ ਚੰਗੀ ਜਾਣ ਪਹਿਚਾਣ ਸੀ। ਅਧਿਆਪਕ ਵੀ ਉਸ ਨੂੰ ਕਾਫ਼ੀ ਪਿਆਰ ਕਰਦੇ। ਗੋਤ ਤਾਂ ਭਾਵੇਂ ਉਸਦਾ 'ਬਰਾੜ' ਸੀ, ਪਰ ਉਹਦੇ ਬਾਪੂ ਦਾ ਪਿੰਡ ਦਾ ਨੰਬਰਦਾਰ ਹੋਣ ਕਰਕੇ, ਸਕੂਲ ਵਿਚ ਸਾਰੇ ਉਸਨੂੰ 'ਰਤਨਾ ਨੰਬਰਦਾਰ' ਦੇ ਨਾਂ ਨਾਲ ਹੀ ਬੁਲਾਉਂਦੇ ।

ਨੰਬਰਦਾਰੀ ਵੀ ਨਾਂ ਦੀ ਹੀ ਸੀ। ਪਹਿਲਾ ਤਾਂ ਘਰ ਚੰਗਾ ਸੀ, ਕੰਮ ਕਾਜ ਵੀ ਵਧੀਆ ਚੱਲਦਾ ਸੀ, ਪਰ ਪਿੰਡ ਦੀ ਖਹਿਬੜ ਬਾਜ਼ੀ ਵਿਚ, ਵੋਟਾਂ ਵੇਲੇ ਉਸਦੇ ਬਾਪੂ ਤੋਂ ਕਤਲ ਹੋ ਗਿਆ ਸੀ। ਜਦੋਂ ਜੱਟ ਤੋਂ ਕਤਲ ਹੋ ਜੇ ਤਾਂ ਜ਼ਮੀਨ ਵੀ ਚੀਕਾਂ ਮਾਰ ਮਾਰ ਕੇ ਵਿਧਵਾ ਔਰਤ ਵਰਗੀ ਹੋ ਜਾਂਦੀ ਹੈ। ਉਨ੍ਹਾਂ ਦੇ ਪੰਜ ਛੇ ਕਿੱਲੇ ਤਾਂ ਇਸੇ ਕਤਲ ਨੇ ਡਕਾਰ ਲਏ। ਬਾਕੀ ਜੇ ਬੰਦਾ ਕਚਹਿਰੀ ਨੂੰ ਆਪਣੀ ਮਸੂਕ ਬਣਾ ਲਵੇ ਤਾਂ ਫੇਰ ਖੇਤੀਬਾੜੀ ਵੀ ਬਿਮਾਰ ਜੀ ਰਹਿਣ ਲੱਗ ਜਾਂਦੀ ਹੈ। ਬਾਪੂ ਜੇਲ੍ਹ ਜਾਣ ਤੋਂ ਤਾਂ ਬਚ ਗਿਆ, ਪਰ ਘਰ ਦੀ ਹਮੇਸ਼ਾ ਲਈ ਨੀਂਵੀ ਪੁਆ ਗਿਆ।

ਰਤਨੇ ਦੀ ਬੇਬੇ ਆਪਣੇ ਘਰ ਵਾਲੇ ਨੂੰ ਬੜਾ ਸਮਝਾਉਂਦੀ ਕਿ ਤੇਰਾ ਇਕੱਲਾ ਇਕੱਲਾ ਮੁੰਡਾ, ਕੋਈ ਨੁਕਸਾਨ ਹੋ ਜਾਊਗਾ। ਰਤਨੇ ਦਾ ਬਾਪੂ, ਦਿਲ ਦਾ ਤਾਂ ਚੰਗਾ ਸੀ ਪਰ ਕਿਸੇ ਦੀ ਓਏ ਨੂੰ ਨਹੀਂ ਸੀ ਸਹਾਰਦਾ। ਗ਼ੁੱਸਾ ਕਈ ਵਾਰੀ ਬਾਹਰ ਉਛ਼ਲ ਕੇ ਡਿੱਗ ਪੈਂਦਾ। ਰਤਨੇ ਦੀ ਮਾਂ ਹੀ ਘਰ ਨੂੰ ਬੰਨ੍ਹ ਕੇ ਤੋਰਦੀ।

ਰਤਨੇ ਦੇ ਬਾਪੂ ਦੀ ਆਪਣੇ ਸਹੁਰੇ ਪਰਿਵਾਰ ਨਾਲ ਘੱਟ ਹੀ ਬਣਦੀ ਸੀ; ਕਿਉਂਕਿ ਉਹਦਾ ਸਾਲਾ, ਕਿਰਤੀ ਕਿਸਾਨ ਯੂਨੀਅਨ ਦਾ ਸਰਗਰਮ ਮੈਂਬਰ ਸੀ ਅਤੇ ਰਤਨੇ ਦਾ ਬਾਪੂ ਜ਼ਿਆਦਾ ਕਾਂਗਰਸ ਪਾਰਟੀ ਵੱਲ ਝੁਕਾ ਰੱਖਦਾ ਸੀ। ਇਸੇ ਕਰਕੇ ਰਤਨਾ ਵੀ ਆਪਣੇ ਨਾਨਕੇ ਪਿੰਡ 'ਭਦੌੜ' ਬਹੁਤ ਘੱਟ ਹੀ ਗਿਆ ਸੀ। ਪਰ ਜਦੋਂ ਰਤਨਾ ਆਪਣੇ ਸਕੂਲ ਵੱਲੋਂ ਭਦੌੜ ਖੇਡਣ ਗਿਆ ਸੀ, ਅਤੇ ਰਤਨੇ ਨੇ ਵਾਲੀਆਂ ਮਾਰ ਮਾਰ ਕੇ ਭਦੌੜ ਦੀ ਟੀਮ ਦੀਆਂ ਚੀਕਾਂ ਪੁਵਾ ਦਿੱਤੀਆਂ, ਤਾਂ ਉਸਦੇ ਮਾਮੇ ਨੇ ਖੁਸ਼ ਹੋ ਕੇ ਬਦੋ ਬਦੀ ਰਤਨੇ ਦੀ ਜੇਬ ਵਿਚ ਹਜ਼ਾਰ ਰੁਪਿਆ ਪਾ ਦਿੱਤਾ ਸੀ। ਜਦੋਂ ਰਤਨੇ ਨੇ ਘਰੇ ਆ ਕੇ ਆਪਣੀ ਬੇਬੇ ਨੂੰ ਦੱਸਿਆ ਤਾਂ, ਉਹਨੇ ਚੁੰਨੀ ਨਾਲ ਆਪਣੇ ਹੰਝੂ ਪੂੰਝਦੀ ਨੇ, ਰਤਨੇ ਨੂੰ ਕਿਹਾ ਕਿ ਤੂੰ ਇਨ੍ਹਾਂ ਪੈਸਿਆਂ ਦੇ ਕੱਪੜੇ ਬਣਵਾ ਲਈਂ। ਨਹੀਂ ਬੇਬੇ! ਇਹ ਮਾਮੇ ਦਾ ਪਿਆਰ ਹੈ, ਮੈਂ ਇਸ ਨੂੰ ਸਾਂਭ ਕੇ ਰੱਖਾਂਗਾ। ਇਸ ਨੋਟ ਵਿਚ ਬੜਾ ਕੁੱਝ ਲੁਕਿਆ ਹੋਇਆ ਹੈ।

ਰਤਨੇ ਦੀ ਇੱਕੋ ਇੱਕ ਭੂਆ 'ਰਾਜੇਆਣੇ' ਪਿੰਡ ਵਿਆਹੀ ਵੀ ਹੈ। ਪਰ ਭੂਆ ਦੇ ਪਰਿਵਾਰ ਨਾਲ ਉਨ੍ਹਾਂ ਦਾ ਚੰਗਾ ਆਉਣ-ਜਾਣ ਹੈ। ਰਤਨੇ ਦੀ ਭੂਆ ਜੇ.ਬੀ.ਟੀ. ਟੀਚਰ ਅਤੇ ਫੁੱਫੜ ਓਵਰਸੀਅਰ ਲੱਗੇ ਹੋਏ ਆ। ਭੂਆ ਦਾ ਪਰਿਵਾਰ ਲੁਧਿਆਣੇ ਸੈਟਲ ਹੋ ਗਿਆ ਸੀ। ਭੂਆ ਦੀ ਇੱਕੋ ਇੱਕ ਬੇਟੀ, 'ਸੁਮੀਤ' ਜਿਹੜੀ ਰਤਨੇ ਤੋਂ ਤਿੰਨ ਕੁ ਸਾਲ ਛੋਟੀ ਹੈ। ਲਾਲਿਆਂ ਦੀਆਂ ਫ਼ੈਕਟਰੀਆਂ ਦੇ ਕੁਨੈਕਸ਼ਨਾਂ ਦੇ ਲੈਣ ਦੇਣ ਕਰਕੇ, ਫੁੱਫੜ ਦੀ ਗੋਗੜ ਨੂੰ ਕੰਟਰੋਲ ਕਰਨਾ ਦਿਨੋ ਦਿਨ ਔਖਾ ਹੁੰਦਾ ਜਾਂਦਾ ਸੀ। ਪਰ ਖੱਬੇ ਸੱਜੇ ਦੀ ਕਮਾਈ ਨਾਲ ਕੋਠੀ ਬਹੁਤ ਵਧੀਆ ਛੱਤ ਲਈ ਸੀ।

ਸਕੂਲ ਦੇ ਅਧਿਆਪਕ ਤਾਂ ਰਤਨੇ ਨੂੰ ਪਿਆਰ ਕਰਦੇ ਹੀ ਸੀ, ਪਰ ਪ੍ਰਿੰਸੀਪਲ ਵੀ ਬਹੁਤ ਪਿਆਰ ਕਰਦਾ। ਪ੍ਰਿੰਸੀਪਲ ਨੇ ਰਤਨੇ ਦਾ ਵਜ਼ੀਫ਼ਾ ਵੀ ਲਾ ਦਿੱਤਾ ਸੀ। ਪ੍ਰਿੰਸੀਪਲ ਨੂੰ ਆਪਣਾ ਮਤਲਬ ਵੀ ਸੀ ਇਸ ਵਿਚ। ਜਦੋਂ ਦਾ ਉਹ 'ਪੱਤੋ' ਪ੍ਰਿੰਸੀਪਲ ਲੱਗਿਆ ਸੀ, ਉਸ ਵਕਤ ਤੋਂ ਉਨ੍ਹਾਂ ਦੀ ਵਾਲੀਬਾਲ ਦੀ ਟੀਮ, ਫ਼ਾਈਨਲ ਦੇ ਫ਼ਸਵੇਂ ਮੈਚ ਵਿਚ ਹਰ ਸਾਲ 'ਹਿੰਮਤਪੁਰੇ' ਦੀ ਟੀਮ ਤੋਂ ਹਾਰ ਜਾਂਦੀ ਸੀ। ਪ੍ਰਿੰਸੀਪਲ ਚਾਹੁੰਦਾ ਸੀ ਕਿ ਰਿਟਾਇਰ ਹੋਣ ਤੋਂ ਪਹਿਲਾ ਇੱਕ ਵਾਰ ਹੈੱਡਮਾਸਟਰ 'ਹੀਰੇ ਹਿੰਮਤਪੁਰੀਏ' ਦੀ ਟੀਮ ਦੀਆਂ ਗੋਡੀਆਂ ਜ਼ਰੂਰ ਲਵਾਵੇ। ਉਸਨੂੰ ਪਤਾ ਸੀ ਕਿ, ਰਤਨਾ ਹੀ ਇਸ ਜਿੱਤ ਦਾ ਹਾਰ ਉਸਦੇ ਗਲ ਵਿਚ ਪੁਆ ਸਕਦਾ। ਪਰ ਰਤਨੇ ਨੇ ਪੂਰੀ ਮਿਹਨਤ ਦੇ ਨਾਲ ਬਹੁਤ ਹੀ ਫ਼ਸਵੇਂ ਫ਼ਾਈਨਲ ਮੈਚ ਵਿਚ, ਐਤਕੀਂ ਹਿੰਮਤਪੁਰੇ ਦੀ ਟੀਮ ਦੀਆਂ ਗੋਡਣੀਆਂ ਲਵਾ ਹੀ ਦਿੱਤੀਆਂ। ਛੀਲਡ ਜਿੱਤ ਕੇ ਪ੍ਰਿੰਸੀਪਲ ਦੇ ਦਫ਼ਤਰ ਦੀ ਬਹਿਜਾ ਬਹਿਜਾ ਕਰਾ ਦਿੱਤੀ। ਪ੍ਰਿੰਸੀਪਲ ਨੇ ਵੀ ਖੁਸ਼ੀ ਵਿਚ ਸਾਰੇ ਸਕੂਲ ਨੂੰ ਛੁੱਟੀ ਕਰ ਦਿੱਤੀ ਸੀ। ਰਤਨੇ ਦੀ ਇਕੱਲੇ ਸਕੂਲ ਵਿਚ ਹੀ ਨਹੀਂ ਸਾਰੇ ਇਲਾਕੇ ਵਿਚ ਬੱਲੇ ਬੱਲੇ ਹੁੰਦੀ ਸੀ। ਪੀ ਟੀ ਮਾਸਟਰ ਤਾਂ ਰਤਨੇ ਨੂੰ ਚੁੱਕ ਚੁੱਕ ਕੇ ਭੰਗੜਾ ਪਾਉਂਦਾ। ਪੀ ਟੀ ਮਾਸਟਰ ਵੀ ਉਸਨੂੰ ਬਹੁਤ ਪਿਆਰ ਕਰਦਾ। ਜਦੋਂ ਵੀ ਕੋਈ ਰਤਨੇ ਨੇ ਸਲਾਹ ਲੈਣੀ ਹੁੰਦੀ ਤਾਂ, ਉਹ ਵੀ ਪੀ ਟੀ ਮਾਸਟਰ ਕੋਲ ਹੀ ਜਾਂਦਾ।

ਕਤਲ ਦਾ ਕੇਸ ਤਾਂ, ਘਰ ਦੇ ਵਿਹੜੇ ਵਿਚ ਖੂਹ ਪੁੱਟ ਦੇਂਦਾ, ਇਸ ਤਰ੍ਹਾਂ ਰਤਨੇ ਦੇ ਘਰ ਵੀ ਕਤਲ ਤੋਂ ਬਾਅਦ ਡੂੰਘਾ ਖੂਹ ਪੁੱਟਿਆ ਗਿਆ।

ਖੂਹ ਦੇ ਵਿਚ ਪੈਸੇ ਜਿੰਨੇ ਮਰਜ਼ੀ ਸੁੱਟੀ ਜਾਵੋ, ਪਰ ਖੂਹ ਭੁੱਖੇ ਦਾ ਭੁੱਖਾ ਹੀ ਰਹਿੰਦਾ। ਕਤਲ ਦਾ ਕੇਸ ਸੁਣ ਕੇ ਤਾਂ, ਬਾਣੀਏ ਦੇ ਵਿਆਜ ਦੀ ਦਰ ਵੀ ਉਤਾਂਹ ਨੂੰ ਛਾਲ਼ਾਂ ਮਾਰਨ ਲੱਗ ਜਾਂਦੀ ਹੈ। ਰਤਨੇ ਦਾ ਪਿਓ ਆਖ਼ਰ ਕਈ ਸਾਲਾਂ ਬਾਅਦ ਜੱਜਾਂ, ਵਕੀਲਾਂ ਅਤੇ ਪੁਲਸੀਆਂ ਦੇ ਮੂੰਹ ਭਰ ਭਰ ਕੇ ਛੁੱਟ ਤਾਂ ਗਿਆ, ਪਰ ਨੰਬਰਦਾਰੀ ਨੂੰ ਭੁੱਖੀ ਭਾਣੀ ਅਤੇ ਲੰਗੜੀ ਜੀ ਕਰ ਗਿਆ। ਜਿਵੇਂ ਇਹ ਸਦੀਆਂ ਤੋਂ ਬੀਮਾਰ ਤੁਰੀ ਆਉਂਦੀ ਹੋਵੇ। ਇਸ ਸਾਰੇ ਕੁੱਝ ਨੇ ਉਸਦੇ ਬਾਪੂ 'ਤੇ ਇੰਨਾ ਅਸਰ ਪਾਇਆ ਕਿ ਥੋੜ੍ਹੇ ਸਾਲਾਂ ਵਿਚ ਹੀ ਹਾਰਟ ਅਟੈਕ ਨਾਲ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

ਹੁਣ ਸਿਰਫ਼ ਘਰ ਵਿਚ, ਰਤਨਾ ਅਤੇ ਉਸ ਦੀ ਮਾਂ ਹੀ ਰਹਿ ਗਏ ਸੀ। ਇੱਕ ਸਾਲ ਮੋਗੇ ਕਾਲਜ ਵਿਚ ਲਾਇਆ। ਸਾਰੀ ਦਿਹਾੜੀ ਬੱਸਾਂ ਵਿਚ ਵਿਚ ਲੰਘ ਜਾਂਦੀ। ਮਾਂ ਬੀਮਾਰ ਹੋਣ ਨਾਲ ਵੀ ਮਹੀਨਾ ਖ਼ਰਾਬ ਹੋ ਗਿਆ। ਫੇਲ੍ਹ ਹੋ ਗਿਆ। ਹੁਣ ਉਹ ਘਰ ਹੀ ਰਹਿੰਦਾ ਸੀ। ਭਵਿੱਖ ਧੁੰਦਲਾ ਜਿਹਾ ਲੱਗਦਾ ਸੀ। ਮਾਂ ਵਿਚਾਰੀ ਹੌਸਲਾ ਦਿੰਦੀ, ਪਰ ਕੀ ਕਰ ਸਕਦੀ ਸੀ। ਖੇਤੀ ਤਾਂ ਮਾਮਲੇ 'ਤੇ ਚੱਲਦੀ ਸੀ। ਆਪ ਤਾਂ ਬੱਸ ਕੰਧਾਂ ਵਿਚ ਵੱਜਣ ਯੋਗਰਾ ਹੀ ਸੀ, ਜਾਂ ਫਿਰ ਫ਼ੋਨ 'ਤੇ ਇੱਧਰ ਉੱਧਰ ਦੀਆਂ ਮਾਰ ਛੱਡਦਾ। ਜਾਂ ਪਿੰਡ ਦੇ ਮੁੰਡਿਆਂ ਨਾਲ ਵਾਲੀਬਾਲ ਖੇਡ ਲਿਆ।

ਕਾਫ਼ੀ ਦੁਖੀ ਜਾਂ ਤੇ ਗੁਆਚਾ ਜਾ ਰਹਿਣ ਲੱਗਿਆ। ਲੁਧਿਆਣੇ ਵਾਲੀ ਭੂਆ ਦੀ ਕੁੜੀ ਸੁਮੀਤ ਨਾਲ ਥੋੜੀ ਬਹੁਤ ਗੱਲ-ਬਾਤ ਚੱਲਦੀ ਰਹਿੰਦੀ। ਉਹ ਕੌਨਵੈਂਟ ਸਕੂਲ ਵਿਚ ਪੜ੍ਹਦੀ ਹੋਣ ਕਰਕੇ, ਕੁੜੀ ਹੋਣ ਕਰਕੇ, ਸ਼ਹਿਰ ਵਿਚ ਰਹਿੰਦੀ ਹੋਣ ਕਰਕੇ, ਗੱਲ-ਬਾਤ ਬਹੁਤੀ ਲੰਮੀ ਚੌੜੀ ਨਾ ਹੁੰਦੀ। ਜੇ ਰਤਨਾ ਲੁਧਿਆਣੇ ਵੀ ਜਾਂਦਾ ਤਾਂ ਇੱਕ ਰਾਤ ਤੋਂ ਬਾਅਦ ਵਾਪਸ ਆ ਜਾਂਦਾ। ਬਹੁਤੀਆਂ ਜ਼ਮੀਨਾਂ ਵਾਲੇ ਯਾਰ ਦੋਸਤ ਕਨੇਡਾ, ਅਮਰੀਕਾ ਦੇ ਕਮਰਕੱਸੇ ਕੱਸ ਰਹੇ ਸਨ। ਉਨ੍ਹਾਂ ਨੂੰ ਰਿਸ਼ਤੇ ਕਰਨ ਵਾਲੇ ਇਸ ਤਰ੍ਹਾਂ ਫ਼ਿਰਦੇ ਜਿਵੇਂ ਨਲ਼ਕੇ ਦੇ ਦੁਆਲੇ ਭਰਿੰਡ ਫ਼ਿਰਦੇ ਹੁੰਦੇ ਆ।

ਇੱਕ ਦਿਨ 'ਤਖ਼ਤੂਪੁਰੇ' ਮਾਘੀ ਦੇ ਮੇਲੇ 'ਤੇ ਰਤਨੇ ਦਾ ਪੀ ਟੀ ਮਾਸਟਰ ਮਿਲ ਗਿਆ। ਮੇਲੇ ਤੋਂ ਬਾਅਦ ਉਹ ਰਤਨੇ ਨੂੰ ਆਪਣੇ ਘਰ 'ਧੂੜਕੋਟ' ਲੈ ਗਿਆ। ਉੱਥੇ ਰਤਨੇ ਨੂੰ ਸਮਝਾਇਆ ਕਿ ਉਹ ਪ੍ਰਾਈਵੇਟ ਬੀ ਏ ਸ਼ੁਰੂ ਕਰ ਦੇਵੇ। ਬਥੇਰੇ ਦਰਵਾਜ਼ੇ ਖੁੱਲ੍ਹ ਜਾਣਗੇ। ਕਮ ਸੇ ਕਮ ਪੁਲੀਸ ਦੀ ਨੌਕਰੀ ਤਾਂ ਮਿਲ ਹੀ ਜਾਊ। ਤੇਰੀ ਪ੍ਰਸਨੈਲਟੀ ਬੜੀ ਵਧੀਆ, ਤਕੜਾ ਖਿਡਾਰੀ ਆ, ਉੱਚਾ ਲੰਮਾ, ਫਿਜ਼ੀਕਲ ਟੈਸਟ ਪਾਸ ਕਰਨਾ ਤੇਰੇ ਖੱਬੇ ਹੱਥ ਦੀ ਮਾਰ ਆ।

ਗੱਲ ਰਤਨੇ ਦੇ ਪੱਲੇ ਪੈ ਗਈ। ਪ੍ਰਾਈਵੇਟ ਬੀ ਏ ਸ਼ੁਰੂ ਕਰ ਦਿੱਤੀ। ਤਿੰਨਾਂ ਸਾਲਾਂ ਵਿਚ ਬੀ ਏ ਕਰ ਗਿਆ। ਮਾਂ ਨੂੰ ਫ਼ਿਕਰ ਸੀ ਕਿ ਉਹ ਵਿਆਹ ਕਰਵਾ ਲਵੇ। ਰਤਨੇ ਦੇ ਦੋਸਤਾਂ ਦੇ ਵੀ ਵਿਆਹ ਹੋ ਰਹੇ ਸੀ। ਰਤਨਾ ਵਿਆਹਾਂ 'ਤੇ ਜਾਂਦਾ, ਨੱਚਦਾ, ਟੱਪਦਾ, ਭੰਗੜਾ ਪਾਉਂਦਾ, ਪਰ ਅੰਦਰੋਂ ਥੋੜਾ ਦੁਖੀ ਹੋ ਜਾਂਦਾ।

ਰਤਨੇ ਨੇ ਸੋਚ ਰੱਖਿਆ ਸੀ ਕਿ ਬਗੈਰ ਕਿਸੇ ਪਾਸੇ ਲੱਗਣ ਤੋਂ ਪਹਿਲਾਂ ਵਿਆਹ ਨਹੀਂ ਕਰਾਉਣਾ।

ਇੱਕ ਦਿਨ ਉਹਦੇ 'ਖਾਈ' ਪਿੰਡ ਵਾਲੇ ਦੋਸਤ 'ਜ਼ੈਲੇ' ਦਾ ਫ਼ੋਨ ਆਇਆ ਕਿ ਉਨ੍ਹਾਂ ਦੀ ਰਿਸ਼ਤੇਦਾਰ ਕੁੜੀ ਕਨੇਡਾ ਤੋਂ ਵਿਆਹ ਕਰਾਉਣ ਲਈ ਆ ਰਹੀ ਹੈ। ਰਤਨੇ ਨੂੰ ਕਿਹਾ ਕਿ ਆਉਂਦੇ ਐਤਵਾਰ, ਦੋ ਵਜੇ ਆ ਜਾਵੀਂ, ਦੇਖਣ ਦਖੌਣ ਦਾ ਕੰਮ ਵੀ ਮੇਰੇ ਘਰੇ ਹੀ ਕਰ ਲਵਾਂਗੇ। ਰਤਨਾ ਵੀ ਵਧੀਆ ਤਿਆਰ ਹੋ ਚਲੇ ਗਿਆ। ਕੁੜੀ ਨੂੰ ਤਾਂ ਰਤਨਾ ਪਸੰਦ ਆਉਣਾ ਹੀ ਸੀ। ਕੁੜੀ ਨੇ ਚੱਕੀ ਹਰੀ ਝੰਡੀ ਤੇ ਹਿਲਾ ਦਿੱਤੀ। ਪਰ ਕੁੜੀ ਦੇ ਪਿਉ ਨੇ ਦੋ ਚੀਜ਼ਾਂ ਦੇਖੀਆਂ, ਜ਼ਮੀਨ ਅਤੇ ਪੜ੍ਹਾਈ। ਕੁੜੀ ਦੇ ਪਿਉ ਨੇ ਕੁੜੀ ਨੂੰ ਕਿਹਾ, ਇਕੱਲਾ ਸੋਹਣਾ ਮੁੰਡਾ ਦੇਖ ਕੇ ਕੀ ਕਰੇਂਗੀ। ਸਾਰੀ ਉਮਰ ਇਨ੍ਹਾਂ ਮਾਂ-ਪੁੱਤ ਦੀਆਂ ਰੋਟੀਆਂ ਪਕਾਉਂਦੀ ਬੁੱਢੀ ਹੋ ਜਾਵੇਂਗੀ। ਜਦੋਂ ਤੈਨੂੰ ਚੰਗੇ ਪੜ੍ਹੇ-ਲਿਖੇ, ਵੱਡੇ ਘਰਾਂ ਦੇ ਰਿਸ਼ਤੇ ਆਉਂਦੇ ਆ, ਫ਼ਿਰ ਤੂੰ ਇਸ ਤੋਂ ਕੀ ਕਰਾਉਣਾ। ਨਾਲ਼ੇ ਸੁਣ, ਬਹੁਤੇ ਸੋਹਣੇ ਮੁੰਡੇ ਕਨੇਡਾ ਜਾ ਕੇ ਬਿਗਾਨੀਆਂ ਖ਼ੁਰਲੀਆਂ ਵਿਚ ਮੂੰਹ ਮਾਰਨ ਲੱਗ ਜਾਂਦੇ ਆ। ਤੇਰੀ 'ਨੰਗਲ' ਪਿੰਡ ਵਾਲੀ ਸਹੇਲੀ ਨਾਲ ਵੀ ਇਸ ਤਰ੍ਹਾਂ ਹੀ ਹੋਇਆ। ਨਾ ਛੱਡਣ ਜੋਗਰੀ ਨਾ ਰੱਖਣ ਜੋਗਰੀ। ਸੋ ਰਤਨੇ ਦੀ ਗੱਲ ਨਾ ਬਣੀ। ਜ਼ੈਲੇ ਨੇ ਕਾਫ਼ੀ ਕੋਸ਼ਿਸ਼ ਕੀਤੀ, ਪਰ ਗੱਲ ਬਣੀ ਨਾ।

ਰਤਨਾ ਕਾਫ਼ੀ ਉਦਾਸ ਰਹਿਣ ਲੱਗਿਆ। ਅਚਾਨਕ ਇੱਕ ਦਿਨ, ਭੂਆ, ਫੁੱਫੜ ਅਤੇ ਸੁਮੀਤ 'ਰਣਸੀਂਹ' ਪਿੰਡ ਤੋਂ ਵਿਆਹ ਦੇਖਣ ਤੋਂ ਬਾਅਦ ਇਨ੍ਹਾਂ ਦੇ ਘਰ ਆਏ। ਰਾਜੇ ਨੇ ਪੁੱਛਿਆ, ਸੁਮੀਤ ਇਹ ਵਿਆਹ ਕਿਨ੍ਹਾਂ ਦੇ ਘਰੇ ਸੀ। ਤੂੰ ਪਤਾ ਨਹੀਂ ਜਾਣਦਾ ਹੈਂ ਕਿ ਨਹੀਂ, ਡਾ. ਅਮਰ ਸਿੰਘ ਧਾਲੀਵਾਲ ਦੇ ਪੋਤੇ ਦਾ ਸੀ। ਲੈ, ਉਨ੍ਹਾਂ ਦੇ ਪਰਿਵਾਰ ਨੂੰ ਕੌਣ ਨਹੀਂ ਜਾਣਦਾ। ਸੁਮੀਤ ਨੇ ਦੱਸਿਆ ਕਿ ਉਹ IELTS ਦੀ ਤਿਆਰੀ ਕਰ ਰਹੀ ਹੈ ਅਤੇ ਕਨੇਡਾ ਜਾਵੇਗੀ। ਉਸਨੇ ਰਤਨੇ ਨੂੰ ਵੀ ਟੈਸਟ ਲਿਖਣ ਲਈ ਕਿਹਾ। ਉਸਨੇ ਕਿਹਾ ਕਿ ਮੈਂ ਤੇਰੀ ਪੂਰੀ ਮਦਦ ਕਰ ਦੇਵਾਂਗੀ। ਰਤਨੇ ਨੇ ਵੀ ਮਨ ਬਣਾ ਲਿਆ ਕਿ, ਕਨੇਡਾ ਜ਼ਰੂਰ ਜਾਣਾ। ਰਤਨੇ ਦੇ ਵੀ ਮਨ ਵਿਚ ਆ ਗਿਆ ਕਿ 'ਗਿੱਲਾ' ਨੇ ਰਿਸ਼ਤੇ ਦੀ ਨਾਂਹ ਕੀਤੀ ਹੈ। ਇਨ੍ਹਾਂ ਨੂੰ ਵੀ ਕਨੇਡਾ ਪਹੁੰਚ ਕੇ ਦਿਖਾਉਣਾ। ਇਨ੍ਹਾਂ ਨੂੰ ਵੀ ਜੇ ਗਿੱਲੇ ਕਰ ਕੇ ਸੁੱਕਣੇ ਨਾ ਪਾਇਆ ਤਾਂ ਸਾਨੂੰ ਵੀ ਨੰਬਰਦਾਰ ਕਿਸ ਕਹਿਣਾ। ਲੁਧਿਆਣੇ ਜਾ ਕੇ ਤਿਆਰੀ ਸ਼ੁਰੂ ਕਰ ਦਿੱਤੀ ਅਤੇ ਸੁਮੀਤ ਨੇ ਬਹੁਤ ਮਦਦ ਕੀਤੀ। ਭੂਆ, ਫੁੱਫੜ ਨੇ ਵੀ ਬਹੁਤ ਮਦਦ ਕੀਤੀ ਕਿ ਚੱਲ ਦੋਵੇਂ ਭੈਣ ਭਰਾ ਦਾ ਕੰਮ ਬਣ ਜਾਵੇਗਾ, ਤਾਂ ਬਹੁਤ ਚੰਗਾ ਹੋਵੇਗਾ ਅਤੇ ਬੇਗਾਨੇ ਦੇਸ਼ ਇਕੱਠੇ ਰਹਿ ਲੈਣਗੇ। ਇੱਕ ਦੂਸਰੇ ਦਾ ਆਸਰਾ ਹੋ ਜਾਊਗਾ। ਦੋਨਾਂ ਦੇ ਟੈਸਟ ਪਾਸ ਹੋ ਗਏ, ਪਰ ਸੁਮੀਤ ਦਾ ਸਕੋਰ ਕਾਫ਼ੀ ਜ਼ਿਆਦਾ ਸੀ। ਰਤਨ ਨੂੰ ਵਾਅਨ (Vaughn) ਸ਼ਹਿਰ ਦੇ ਕਾਲਜ ਵਿਚ ਦਾਖਲਾ ਮਿਲ ਗਿਆ ਅਤੇ ਸੁਮੀਤ ਨੂੰ ਵਾਟਰਲੂਅ ਯੂਨੀਵਰਸਿਟੀ ਵਿਚ ਦਾਖਲਾ ਮਿਲ ਗਿਆ। ਇੱਕ ਦੂਜੇ ਤੋਂ ਕਾਫ਼ੀ ਦੂਰ ਹੋਣ ਕਰਕੇ ਇਕੱਠੇ ਨਾ ਰਹਿ ਸਕੇ।

ਰਤਨ ਨੇ ਆਪਣੀ ਪੱਗ ਲਾਹ ਕੇ ਅਟੈਚੀ ਵਿਚ ਰੱਖ ਲਈ ਅਤੇ ਵਾਲ ਕਟਾ ਲਏ। ਗੋਰੀ ਕਹਿੰਦੀ, ਵਾਓ, ਜੂਅਰ ਹੇਅਰ ਆਰ ਵੈਰੀ ਲੋਂਗ ਅਤੇ ਸੋਫਟ। ਵੱਟ ਵੂੱਢ ਯੂ ਡੂ ਵਿੱਧ ਦੀਜ਼। ਨਾਥਿੰਗ! ਮੇ ਆਈ ਹੈਵ ਇੱਟ! ਸ਼ੋਅਰ !

ਕੁਝ ਮੋਗੇ ਦੇ ਇਲਾਕੇ ਦੇ ਮੁੰਡਿਆਂ ਨਾਲ ਬੇਸਮੈਂਟ ਕਿਰਾਏ 'ਤੇ ਲੈ ਕੇ ਰਹਿਣ ਲੱਗਿਆ। ਰਤਨਾ ਨੰਬਰਦਾਰ 'ਨਾਮ' ਵੀ ਉਹਦੇ ਨਾਲ ਹੀ IELTS ਦਾ ਟੈਸਟ ਪਾਸ ਕਰ ਕੇ ਕਿਸੇ ਨਾ ਕਿਸੇ ਤਰੀਕੇ, ਸੋਸ਼ਲ ਮੀਡੀਏ ਰਾਹੀਂ ਕਨੇਡੇ ਪਹੁੰਚ ਗਿਆ। ਪਰ ਹੌਲੀ ਹੌਲੀ, ਰਤਨੇ ਨੰਬਰਦਾਰ ਤੋਂ ਇਕੱਲਾ 'ਨੰਬਰਦਾਰ' ਹੀ ਰਹਿ ਗਿਆ। ਹਰ ਕੋਈ ਉਸਨੂੰ 'ਨੰਬਰਦਾਰ' ਹੀ ਕਹਿ ਕਿ ਬੁਲਾਉਂਦਾ।

ਕਾਲਜ ਸ਼ੁਰੂ ਕਰਨ ਦੇ ਨਾਲ ਹੀ ਰਤਨੇ ਨੇ ਇੱਕ ਇਟੈਲੀਅਨ ਰੈਸਟੋਰੈਂਟ ਵਿਚ ਕੰਮ ਲੱਭ ਲਿਆ। ਜਦੋਂ ਉਹਨੇ ਆਪਣੇ ਦੋਸਤਾਂ ਨੂੰ ਦੱਸਿਆ ਕਿ ਯਾਰਾਂ ਨੂੰ ਤਾਂ ਇਟੈਲੀਅਨ ਰੈਸਟੋਰੈਂਟ ਵਿਚ ਕੰਮ ਮਿਲ ਗਿਆ ਹੈ। ਸਾਰੇ ਹੀ ਕਹਿਣ ਲੱਗੇ, ਸਾਲਿਆ! ਇਟੈਲੀਅਨ ਰੈਸਟੋਰੈਂਟ ਵਿਚ ਕੰਮ ਤਾਂ ਤੈਨੂੰ ਮਿਲਣਾ ਹੀ ਸੀ, ਤੂੰ ਤਾਂ ਲੱਗਦਾ ਹੀ ਪੱਕਾ ਇਟੈਲੀਅਨ ਹੈ। ਇਹਦੇ ਵਿਚ ਕੋਈ ਸ਼ੱਕ ਨਹੀਂ ਸੀ ਕਿ, ਜਾਣ ਪਛਾਣ ਵਾਲਿਆਂ ਤੋਂ ਬਿਨਾਂ ਸਾਰੇ ਉਸਨੂੰ ਇਟੈਲੀਅਨ ਹੀ ਸਮਝਦੇ।

ਇਟੈਲੀਅਨ ਰੈਸਟੋਰੈਂਟ ਦੇ ਮਾਲਕ ਦੀ ਕੁੜੀ, 'ਨਟਾਲੀਆ', ਯੂਨੀਵਰਸਿਟੀ ਵਿਚ ਪੜ੍ਹਨ ਦੇ ਨਾਲ ਨਾਲ ਆਪਣੇ ਰੈਸਟੋਰੈਂਟ ਵਿਚ ਵੀ ਕੰਮ ਕਰਦੀ ਸੀ। ਉਹ ਹੀ ਹਰ ਇੱਕ ਨਵੇਂ ਕਾਮੇ ਨੂੰ ਸਿਖਲਾਈ ਵੀ ਦੇਂਦੀ ਸੀ। ਰਤਨੇ ਨੂੰ ਵੀ ਉਸਨੇ ਹੀ ਟ੍ਰੇਨਿੰਗ ਦਿੱਤੀ। ਪਰ ਟ੍ਰੇਨਿੰਗ ਦੌਰਾਨ ਉਹਨੇ ਰਤਨੇ ਨੂੰ ਕਈ ਵਾਰੀ ਕਿਹਾ ਕਿ, ਪਲੀਜ਼ ਲੁਕ ਇੰਟੂ ਮਾਈ ਆਈਜ਼। ਰਤਨੇ ਨੇ ਦਿਲ ਵਿਚ ਸੋਚਿਆ, ਸਾਲਾ ਇੱਥੇ ਪੁੱਠਾ ਹੀ ਕੰਮ ਹੈ। ਪੰਜਾਬ ਵਿਚ ਕੁੜੀ ਕਹਿੰਦੀ, ਮੇਰੇ ਵੱਲ ਬਿਟਰ ਬਿਟਰ ਕੀ ਝਾਕਦਾ, ਇਹ ਕਹਿੰਦੀ ਮੇਰੀਆਂ ਅੱਖਾਂ ਵਿਚ ਅੱਖਾਂ ਪਾ।

ਇਕੱਠੇ ਕੰਮ ਕਰਦਿਆਂ, ਪਹਿਲਾਂ ਪਹਿਲਾਂ ਦਿਲਾਂ ਦੀਆਂ ਖਿੜਕੀਆਂ ਖੁੱਲ੍ਹਣ ਲੱਗੀਆਂ, ਫਿਰ ਤਾਂ ਬੱਸ ਦਰਵਾਜ਼ੇ ਹੀ ਖੁੱਲ੍ਹਣ ਲੱਗ ਪਏ। ਫਰੀਕੁਐਂਸੀਆਂ ਮੈਚ ਹੋਣ ਲੱਗੀਆਂ। ਗੱਲ ਵਧਦੀ ਵਧਦੀ ਕੱਚੀ ਲੱਸੀ ਵਾਂਗ ਵਧਦੀ ਗਈ।

ਰਤਨੇ ਦਾ ਦਿਲ ਵੀ ਵਾਲੀਬਾਲ ਵਾਂਗ ਟਪੂਸੀਆਂ ਮਾਰਨ ਲੱਗ ਪਿਆ। ਵਾਲੀਬਾਲ ਵਾਂਗ ਉਨ੍ਹਾਂ ਦੋਨਾਂ ਦੇ ਦਿਲ ਇੱਕ ਦੂਜੇ ਦੀ ਸਾਈਡ 'ਤੇ ਆਉਣ ਜਾਣ ਲੱਗੇ। ਹੁਣ ਰਤਨੇ ਦਾ ਦਿਲ, ਨਟਾਲੀਆਂ ਦੇ ਵਾਲੀਬਾਲ ਨੈੱਟ ਵਿਚ ਪੂਰੀ ਤਰ੍ਹਾਂ ਫ਼ਸ ਚੁੱਕਿਆ ਸੀ। ਕਦੀ ਕਦੀ ਰਤਨਾ ਉਸਦੇ ਆਪਾਰਮੈਂਟ ਵਿਚ ਜਾਂਦਾ ਅਤੇ ਦੇਖਦਾ ਕਿ ਕਿਸ ਤਰ੍ਹਾਂ ਮਸ਼ੀਨ ਦੀ ਤਰ੍ਹਾਂ ਕੰਮ ਕਰਦੀ ਹੈ ਅਤੇ ਆਪਣੇ ਅਪਾਰਟਮੈਂਟ ਨੂੰ ਬੜੇ ਸਲੀਕੇ ਦੇ ਨਾਲ ਸਾਫ਼ ਸੁਥਰਾ ਰੱਖਦੀ ਹੈ। ਨਟਾਲੀਆਂ, ਰਤਨੇ ਨੂੰ ਹਰ ਤਰ੍ਹਾਂ ਦਾ ਖਾਣਾ ਵਗੈਰਾ ਬਣਾਉਣਾ ਸਿਖਾਉਂਦੀ।

ਰਤਨੇ ਨੂੰ ਲੱਗਾ ਕਿ ਉਸਨੇ ਕਨੇਡਾ ਆਉਣ ਦਾ ਫੈਸਲਾ ਲੈ ਕੇ ਬਹੁਤ ਵਧੀਆ ਕੀਤਾ। ਰਤਨੇ ਦਾ ਵਿਸ਼ਵਾਸ ਵਧਦਾ ਗਿਆ। ਰਤਨੇ ਨੂੰ ਨਟਾਲੀਆ ਵੀ 'ਪੰਜਾਬਣ ਸਾਹਿਬਾਂ' ਵਰਗੀ ਲੱਗਦੀ, ਪਰ ਉਸਨੂੰ ਪੱਕਾ ਯਕੀਨ ਸੀ ਕਿ ਉਹ ਉਸਨੂੰ ਆਪਣੇ ਭਰਾ ਤੋਂ ਮਰਵਾਵੇਗੀ ਨਹੀਂ, ਕਿਉਂ ਕਿ ਨਟਾਲੀਆ ਦਾ ਇੱਕੋ ਇੱਕੋ ਭਰਾ ਸੀ ਜੋ ਸਕੂਲ ਵਿਚ ਪੜ੍ਹਦਾ ਸੀ, ਉਹ ਵੀ ਰਤਨੇ ਨੂੰ ਬਹੁਤ ਲਾਈਕ ਕਰਦਾ ਸੀ।

ਇੱਕ ਦਿਨ ਸੁਮੀਤ, ਰਤਨੇ ਨੂੰ ਮਿਲਣ ਵਾਅਨ ਆਈ। ਉਸ ਨੂੰ ਵੀ ਨਟਾਲੀਆਂ ਬਹੁਤ ਪਸੰਦ ਕਰਦੀ ਸੀ। ਨਟਾਲੀਆ ਵੀ ਪੰਜਾਬੀ ਸੂਟ ਪਾਉਣ ਲਈ ਸੁਮੀਤ ਤੋਂ ਮੰਗ ਲੈਂਦੀ ਸੀ। ਸੁਮੀਤ ਨੇ ਰਤਨੇ ਨੂੰ ਦੱਸਿਆ ਕਿ ਬਹੁਤ ਵੱਡੀ ਸਮੱਸਿਆ ਖੜ੍ਹੀ ਹੋ ਗਈ ਹੈ। ਉਸਨੇ ਰਤਨੇ ਨੂੰ ਦੱਸਿਆ ਕਿ ਉਸਦੇ ਮੰਮ ਡੈਡ ਨੇ ਸੁਮੀਤ ਨੂੰ ਆਪਣੇ ਬੁਆਏ ਫ੍ਰੈਂਡ 'ਰਕੇਸ਼' ਨਾਲ ਵਿਆਹ ਕਰਵਾਉਣ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਨੇ ਤਾਂ ਸੁਪਰਵੀਜ਼ੇ 'ਤੇ ਆਪਣਾ ਕੈਨੇਡਾ ਆਉਣ ਦਾ ਪ੍ਰੋਗਰਾਮ ਵੀ ਰੱਦ ਕਰ ਦਿੱਤਾ ਹੈ। ਉਹ ਤਾਂ ਪੰਜਾਬ ਵਿਚ ਮੇਰੇ ਲਈ ਮੁੰਡਾ ਲੱਭੀ ਬੈਠੇ ਆ। ਮੇਰੀ ਰਾਏ ਤੋਂ ਬਿਨਾ ਹੀ ਪੱਕ ਠੱਕ ਕਰੀ ਬੈਠੇ ਆ। ਤੋਤੇ ਵਾਂਗ ਇੱਕੋ ਹੀ ਰੱਟ ਲਾਈ ਵੀ ਆ ਕਿ, ਇਕੱਲਾ ਇਕੱਲਾ ਮੁੰਡਾ ਤੇ ਅਮੀਰ ਬਹੁਤ ਹੈ। ਉਨ੍ਹਾਂ ਨੇ ਤਾਂ ਕੱਲ, ਇਹ ਕਹਿ ਕਿ, ਕਹਾਣੀ ਹੀ ਖ਼ਤਮ ਕਰ ਦਿੱਤੀ, ਕਿ ਜੇ ਮੈਂ ਹਿੰਦੂਆਂ ਦੇ ਮੁੰਡੇ ਨਾਲ ਵਿਆਹ ਕਰਾਇਆ ਤਾਂ, ਤੂੰ ਸਾਡੇ ਲਈ ਮਰ ਗਈ ਅਤੇ ਅਸੀਂ ਤੇਰੇ ਲਈ। ਡੈਡੀ ਤਾਂ ਕਹਿੰਦੇ, ਜੇ ਤੂੰ ਜੱਟ ਦੀ ਮੁੱਛ ਬਾਣੀਏ ਕੋਲ਼ੋਂ ਕਟਵਾ ਦਿੱਤੀ, ਤਾਂ ਕਦੀ ਪੰਜਾਬ ਵਿਚ ਪੈਰ ਨਹੀਂ ਪਾ ਸਕਦੀ। ਪਰ ਵੀਰੇ, ਮੈਂ ਰਕੇਸ਼ ਤੋਂ ਬਿਨਾਂ ਨਹੀਂ ਰਹਿ ਸਕਦੀ। ਤੈਨੂੰ ਤਾਂ ਪਤਾ ਉਹ ਕਿੰਨਾ ਚੰਗਾ ਮੁੰਡਾ ਹੈ। ਉਸ ਵਿਚਾਰੇ ਨੂੰ ਤਾਂ ਹਿੰਦੂ, ਸਿੱਖ, ਜੱਟ, ਖੱਤਰੀਆਂ ਬਾਰੇ ਕੁਝ ਵੀ ਪਤਾ ਨਹੀਂ। ਕਨੇਡਾ ਦਾ ਜੰਮਿਆ ਪਲਿਆ, ਛੋਟਾ ਹੁੰਦਾ ਸਿਰਫ਼ ਇੱਕ ਵਾਰੀ ਇੰਡੀਆ ਗਿਆ। ਉਸ ਦੇ ਵਿਚ ਕੋਈ ਐਬ ਨਹੀਂ। ਘਰ ਦੇ ਸਾਰੇ ਕੰਮ ਕਾਜ ਨੂੰ ਤੇਜ਼, ਪੜ੍ਹਨ ਨੂੰ ਪੂਰਾ ਹੁਸ਼ਿਆਰ, ਜੋ ਦਿਖਦਾ ਬੱਸ ਉਹੀ ਹੈ। ਮੈਂ ਉਸ ਨੂੰ ਧੋਖਾ ਨਹੀਂ ਦੇ ਸਕਦੀ। ਮੰਮ ਡੈਡ ਨੇ ਬੱਸ ਇੱਕੋ ਹੀ ਰੱਟ ਲਾਈ ਹੋਈ ਆ, ਬੱਸ ਤੈਨੂੰ ਫੁੱਟੀ ਕੌਡੀ ਨਹੀਂ ਦੇਣੀ। ਕਹਿੰਦੇ ਅਸੀਂ ਤੇਰੇ ਲਈ ਜਾਇਦਾਦ ਇਕੱਠੀ ਕਰਦੇ ਮਰਗੇ। ਤੂੰ ਸਾਡੀ ਨੱਕ ਵਢਾਉਣ ਨੂੰ ਉਤਾਵਲੀ ਹੋਈ ਫਿਰਦੀ ਹੈਂ। ਮੈਂ ਉਨ੍ਹਾਂ ਦੀ ਪ੍ਰੋਪਰਟੀ ਤੋਂ ਕੀ ਲੈਣਾ। ਸੁਮੀਤ ਦੇ ਹੰਝੂ ਤਿੱਪ ਤਿੱਪ ਕਰ ਕੇ ਡਿੱਗਦੇ ਰਹੇ। ਵੀਰੇ ਤੂੰ ਹੀ ਦੱਸ, ਮੈਂ ਕੀ ਕਰਾਂ! ਮੈਨੂੰ ਤਾਂ ਕੋਈ ਸਮਝ ਨਹੀਂ ਆਉਂਦੀ। ਪਰ ਰਕੇਸ਼ ਨੂੰ ਮੈਂ ਧੋਖਾ ਨਹੀਂ ਦੇ ਸਕਦੀ। ਮੈਂ ਤਾਂ ਸੋਚ ਲਿਆ, ਦੇਖੀ ਜਾਊ, ਵੈਸੇ ਕੱਲ ਕਿਸ ਦੇਖਿਆ।

ਰਤਨਾ ਸੋਚੀਂ ਪੈ ਗਿਆ। ਮੈਂ ਤਾਂ ਕੁੱਝ ਨਹੀਂ ਕਹਿ ਸਕਦਾ। ਪਰ ਹਾਂ, ਇੰਨਾ ਜ਼ਰੂਰ ਆ ਕਿ ਭੂਆ ਫੁੱਫੜ ਦੇ ਫੈਸਲੇ ਕਰਕੇ ਮੇਰੇ ਤੇਰੇ ਰਿਸ਼ਤੇ 'ਤੇ ਕੋਈ ਫ਼ਰਕ ਨਹੀਂ ਪੈਣ ਲੱਗਿਆ। ਮੈਨੂੰ ਤਾਂ ਆਪ ਰਕੇਸ਼ ਬਹੁਤ ਹੀ ਸਾਊ, ਭੋਲ਼ਾ ਅਤੇ ਸਮਝਦਾਰ ਲੱਗਦਾ। ਬਾਕੀ ਤੁਹਾਡੀ ਦੋਨਾਂ ਦੀ ਫਰੀਕੁਐਂਸੀ ਵੀ ਮਿਲਦੀ ਹੈ। ਬਾਕੀ ਫੈਸਲਾ ਤਾਂ ਤੇਰਾ ਹੀ ਹੈ। ਵੀਰੇ, ਤੇਰਾ ਨਟਾਲੀਆ ਬਾਰੇ ਕੀ ਵਿਚਾਰ ਆ, ਜੇ ਮਾਮੀ ਜੀ ਨੇ ਇਸ ਤਰ੍ਹਾਂ ਦਾ ਫੈਸਲਾ ਸੁਣਾਤਾ, ਤਾਂ, ਫੇਰ, ਤੂੰ ਕੀ ਕਰੇਂਗਾ। ਅਜੇ ਤਾਂ ਇੰਨਾ ਹੀ ਪਤਾ, ਵਈ, ਮੇਰੀ ਤਾਂ ਲਾਟਰੀ ਨਿੱਕਲੀ ਆ।

ਰਤਨੇ ਦੇ ਦੋਸਤ ਦਾ ਪਿੰਡੋਂ ਫ਼ੋਨ ਆ ਗਿਆ ਕਿ ਤੇਰੀ ਬੇਬੇ ਕਾਫ਼ੀ ਢਿੱਲੀ ਆ। ਤੂੰ ਜਲਦੀ ਆ ਜਾ। ਜਦੋਂ ਨਟਾਲੀਆ ਨਾਲ ਗੱਲ ਕੀਤੀ ਤਾਂ ਉਸ ਨੇ ਵੀ ਨਾਲ ਜਾਣ ਦਾ ਫੈਸਲਾ ਸੁਣਾ ਦਿੱਤਾ। ਰਤਨੇ ਨੇ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਨਟਾਲੀਆ ਨੇ ਵੀ ਪੱਥਰ 'ਤੇ ਲਕੀਰ ਖਿੱਚ ਤੀ, ਆਈ ਐਮ ਕਮਿੰਗ ਵਿੱਧ ਯੂ।

ਰਤਨੇ ਨੂੰ ਪੰਜਾਬ ਜਾ ਕੇ ਪਤਾ ਚੱਲਿਆ ਕਿ ਬੇਬੇ ਨੂੰ ਤਾਂ ਕੈਂਸਰ ਹੈ। ਬਹੁਤੀ ਦੇਰ ਨਾਲ ਪਤਾ ਚੱਲਿਆ, ਡਾਕਟਰ ਨੇ ਕਿਹਾ, ਬਹੁਤਾ ਟਾਈਮ ਨੀਂ ਕੱਢਦੀ।

ਰਤਨੇ ਦੀ ਬੇਬੇ ਨੇ ਪੁੱਛਿਆ, ਕਿ ਰਤਨੇ ਇਹ ਕੁੜੀ ਕੌਣ ਹੈ? ਬੇਬੇ ਇਨ੍ਹਾਂ ਦੇ ਰੈਸਟੋਰੈਂਟ ਵਿਚ ਮੈਂ ਕੰਮ ਕਰਦਾ। ਇਹ ਪੰਜਾਬ ਫਿਰਨ ਤੁਰਨ ਆਈ ਹੈ। ਰਤਨੇ ਦੀ ਬੇਬੇ ਨੂੰ ਸਮਝ ਲੱਗ ਗਈ ਸੀ। ਉਸਨੇ ਵੀ ਉਨ੍ਹਾਂ ਨੂੰ ਇੱਕ ਦਿਨ ਇੱਕ ਦੂਜੇ ਦੇ ਮੂੰਹ ਵਿਚ ਬੁਰਕੀਆਂ ਪਾਉਂਦੇ ਦੇਖ ਲਿਆ ਸੀ।

ਨਟਾਲੀਆ ਨੂੰ ਪੰਜਾਬੀ ਦੇ ਥੋੜ੍ਹੇ ਜਿਹੇ ਹੀ ਸ਼ਬਦਾਂ ਬਾਰੇ ਪਤਾ ਸੀ। ਰਤਨੇ ਦੀ ਬੇਬੇ ਨੂੰ ਨਟਾਲੀਆ ਦੀ ਭਾਵੇਂ ਕੋਈ ਸਮਝ ਨਹੀਂ ਲੱਗਦੀ ਸੀ, ਸਭ ਕੁਝ ਇਸ਼ਾਰਿਆਂ ਨਾਲ ਹੀ ਚੱਲਦਾ ਸੀ ਜਾਂ ਫਿਰ ਰਤਨਾ ਮਦਦ ਕਰਦਾ। ਪਰ ਨਟਾਲੀਆ ਰਤਨੇ ਦੀ ਮਾਂ ਨੂੰ ਬਹੁਤ ਹੀ ਚੰਗੀ ਲੱਗਣ ਲੱਗ ਪਈ। ਉਹ ਉਸ ਵਿਚ ਆਪਣੀ ਜਵਾਨੀ ਦੇ ਦਿਨ ਦੇਖਦੀ। ਨਟਾਲੀਆ ਦੀ ਸਮਾਈਲ ਤਾਂ ਰਤਨੇ ਦੀ ਬੇਬੇ ਦਾ ਦਿਲ ਹੀ ਚੀਰ ਜਾਂਦੀ। ਜਦੋਂ ਨਟਾਲੀਆ ਪੰਜਾਬੀ ਸੂਟ ਪਾਉਂਦੀ ਤਾਂ ਰਤਨੇ ਦੀ ਬੇਬੇ ਦਾ ਦਿਲ ਗਦ-ਗਦ ਕਰ ਉੱਠਦਾ, ਉਹਦੀ ਦਰਦ ਭਾਫ਼ ਬਣ ਕੇ ਉੱਡ ਜਾਂਦੀ। ਉਸਨੂੰ ਉਹ ਚਿੱਟੀ ਚਿੱਟੀ ਕਪਾਹ ਵਰਗੀ ਲੱਗਦੀ।

ਰਤਨੇ ਦੀ ਮਾਂ ਨੇ ਵੀ ਆਪਣੇ ਮਨ ਵਿਚ ਫੈਸਲਾ ਕਰ ਲਿਆ ਕਿ, ਜੇ ਰਤਨੇ ਨੇ ਇਹਦੇ ਨਾਲ ਵਿਆਹ ਕਰਾਉਣਾ ਤਾਂ ਕਰਾ ਲਵੇ। ਮੈਂ ਵੀ ਤਾਂ ਸਾਰੀ ਉਮਰ ਨਰਕ ਹੀ ਭੋਗਿਆ। ਜੇ ਇਹ ਦੋਵੇਂ ਖੁਸ਼ ਨੇ ਤਾਂ ਠੀਕ ਹੈ। ਨਾਲ਼ੇ ਮੈਂ ਤਾਂ ਹੁਣ ਥੋੜ੍ਹੇ ਦਿਨਾਂ ਦੀ ਪ੍ਰਾਹੁਣੀ ਆ।

ਰਤਨੇ ਨੂੰ ਕੋਈ ਸਮਝ ਨਹੀਂ ਸੀ ਆਉਂਦੀ ਕਿ ਇਨ੍ਹਾਂ ਹਲਾਤਾਂ ਵਿਚ ਬੇਬੇ ਨਾਲ ਨਟਾਲੀਆ ਬਾਰੇ ਗੱਲ-ਬਾਤ ਕਰੇ ਕਿ ਨਾ। ਪਰ ਇੱਕ ਦਿਨ ਰਤਨੇ ਦੀ ਬੇਬੇ ਨੇ ਆਪ ਹੀ ਪੁੱਛ ਕੇ, ਰਤਨੇ ਦੀ ਇਹ ਮੁਸੀਬਤ ਵੀ ਦੂਰ ਕਰ ਦਿੱਤੀ।

ਰਤਨੇ ਦੀ ਬੇਬੇ ਨੇ ਰਤਨੇ ਨੂੰ ਪੁੱਛਿਆ!

ਪੁੱਤ ਤੂੰ ਨਤਲੀਆਂ ਨਾਲ ਵਿਆਹ ਕਰਾਉਣਾ?

ਬੇਬੇ 'ਨਤਲੀਆਂ' ਨਹੀਂ 'ਨਟਾਲੀਆ',। ਜੈਅ ਵੱਡੇ ਦਾ ਅਜੇ ਮੂੰਹ 'ਤੇ ਹੀ ਨਹੀਂ ਚੜ੍ਹਦਾ। ਤੂੰ ਮੈਨੂੰ ਕਾਗਤ 'ਤੇ ਲਿਖਦੇ। ਚੱਲ ਦੱਸ, ਤੂੰ ਇਹਦੇ ਨਾਲ ਵਿਆਹ ਕਰਾਉਣਾ? ਬੇਬੇ ਜੇ ਤੂੰ ਨਹੀਂ ਚਾਹੁੰਦੀ ਤਾਂ ਕੋਈ ਨਾ। ਨਹੀਂ ਨਹੀਂ, ਪੁੱਤ, ਮੈਨੂੰ ਤਾਂ ਇਹ ਬਹੁਤ ਹੀ ਚੰਗੀ ਲੱਗਦੀ ਆ। ਮੇਰੀ ਤਾਂ ਵਾਹਿਗੁਰੂ ਨੇ ਸੁਣ ਲਈ। ਮੈਂ ਤਾਂ ਚਾਹੁੰਦੀ ਹਾਂ ਤੇਰਾ ਘਰ ਵੱਸੇ, ਤੁਸੀਂ ਦੋਵੇਂ ਖੁਸ਼ੀ ਖੁਸ਼ੀ ਰਹੋ। ਪਰ ਇੱਕ ਗੱਲ ਆ! ਆਪਣੇ ਬਾਪੂ ਵਾਲੀ ਨਾ ਕਰੀਂ, ਗਾਲ ਤੋਂ ਬਿਨਾਂ ਕਦੀ ਬੋਲਣਾ ਈ ਨਹੀਂ। ਬਾਹਰ ਵੀ ਨੰਬਰਦਾਰੀ ਅਤੇ ਘਰੇ ਵੀ ਨੰਬਰਦਾਰੀ। ਮੇਰੀ ਤਾਂ ਸਾਰੀ ਜ਼ਿੰਦਗੀ ਨਰਕ ਵਿਚ ਹੀ ਨਿਕਲ ਗਈ। ਪਿਆਰ ਨਾਲ ਰਹੋ, ਤਰੱਕੀਆਂ ਮਾਣੋ। ਮੈਂ ਤਾਂ ਕਹਿਨੀ ਆਂ ਪਾਠ ਕਰਾ ਕੇ ਆਨੰਦ ਲੈ ਹੀ ਲਓ। ਮੇਰਾ ਕੀ ਭਰੋਸਾ, ਅੱਜ ਹੈਗੀ ਆ, ਕੱਲ ਨਾ ਹੋਵਾਂ। ਜਾਣ ਤੋਂ ਪਹਿਲਾਂ ਆਪਣੇ ਪੁੱਤ ਨੂੰ ਵਿਆਹ ਕੇ ਪਾਣੀ ਤਾਂ ਵਾਰ ਲਵਾਂ। ਰਤਨਾ ਬਿੱਟਰ ਬਿੱਟਰ ਦੇਖਣ ਲੱਗਿਆ। ਉੱਠ ਕੇ ਆਪਣੀ ਬੇਬੇ ਨੂੰ ਜੱਫ਼ੀ ਪਾਈ ਅਤੇ ਸੋਚਣ ਲੱਗਿਆ, ਬੇਬੇ! ਭੂਆ ਅਤੇ ਫੁੱਫੜ ਤੋਂ ਕਿੰਨੀ ਜ਼ਿਆਦਾ ਪੜ੍ਹੀ ਲਿਖੀ ਹੈ।

# ਪਹਾੜਾਂ ਵਿਚ ਅੰਨ੍ਹੇ ਵਿਕਾਸ ਪ੍ਰੋਜੈਕਟ ਅਤੇ ਵਾਤਾਵਰਨ

ਉਤਰਕਾਸ਼ੀ ਵਿਚ ਬਚਾਓ ਅਪਰੇਸ਼ਨ ਸਫ਼ਲਤਾਪੂਰਬਕ ਖਤਮ ਹੋ ਗਿਆ ਹੈ। ਸੁਰੰਗ ਦਾ ਇਕ ਹਿੱਸਾ ਢਹਿ ਜਾਣ ਨਾਲ ਇਸ ਅੰਦਰ ਫਸੇ ਸਾਰੇ ਮਜ਼ਦੂਰਾਂ ਨੂੰ ਭਾਰਤੀ ਅਤੇ ਵਿਦੇਸ਼ੀ ਮਾਹਿਰਾਂ ਨੇ ਸਹੀ ਸਲਾਮਤ ਬਾਹਰ ਕੱਢ ਲਿਆ ਹੈ। ਹਿਮਾਲਿਆਈ ਖਿੱਤੇ ਅੰਦਰ ਵਿਕਾਸ ਦੇ ਕਿਸੇ ਪ੍ਰੋਜੈਕਟ ਨਾਲ ਵਾਪਰਿਆ ਇਹ ਕੋਈ ਪਹਿਲਾ ਹਾਦਸਾ ਨਹੀਂ ਹੈ। ਸਿਲਕਿਆਰਾ ਸੁਰੰਗ ਹਾਦਸੇ ਨਾਲ ਇਸ ਸੰਵੇਦਨਸ਼ੀਲ ਖੇਤਰ ਅੰਦਰ ਚੱਲ ਰਹੇ ਵੱਡੇ ਪ੍ਰੋਜੈਕਟਾਂ ਅਤੇ ਨਾਲ ਹੀ ਅਜਿਹੇ ਪ੍ਰੋਜੈਕਟਾਂ ਦੌਰਾਨ ਹੁੰਦੇ ਹਾਦਸਿਆਂ ਅਪਰੇਸ਼ਨਾਂ ਦੀ ਸੁਰੱਖਿਆ

ਦਿਨੇਸ਼ ਸੀ. ਸ਼ਰਮਾ

ਦੀ ਤਿਆਰੀ ਨੂੰ ਲੈ ਕੇ ਸਵਾਲ ਖੜ੍ਹੇ ਹੋ ਗਏ ਹਨ।

ਇਹ ਸੁਰੰਗ ਉਸ ਚਾਰ ਧਾਮ ਪ੍ਰੋਜੈਕਟ ਦੀ ਕੜੀ ਹੈ ਜਿਸ ਤਹਿਤ ਬਦਰੀਨਾਥ ਅਤੇ ਕੇਦਾਰਨਾਥ ਜਿਹੇ ਅਹਿਮ ਧਾਰਮਿਕ ਸਥਾਨਾਂ ਨੂੰ ਆਪੋ ਵਿਚ ਜੋੜਨ ਲਈ ਹਰ ਮੌਸਮ ਵਿਚ ਖੁੱਲ੍ਹੇ ਰਹਿਣ ਵਾਲੇ ਚਾਰ ਲੇਨ ਰਾਜਮਾਰਗਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਵਾਤਾਵਰਨ ਲਈ ਕੰਮ ਕਰਦੇ ਗਰੁੱਪਾਂ ਵਲੋਂ ਇਸ ਪ੍ਰੋਜੈਕਟ ਦੀ ਆਲੋਚਨਾ ਕੀਤੀ ਜਾਂਦੀ ਰਹੀ ਹੈ ਅਤੇ ਇਸ ਦੇ ਖਿਲਾਫ਼ ਸੁਪਰੀਮ ਕੋਰਟ ਵਿਚ ਕਈ ਜਨ ਹਿਤ ਪਟੀਸ਼ਨਾਂ ਦਾਇਰ ਹੋ ਚੁੱਕੀਆਂ ਹਨ। ਕਈ ਸਰਕਾਰੀ ਕਮੇਟੀਆਂ ਇਸ ਪ੍ਰੋਜੈਕਟ ਦੇ ਵੱਖ ਵੱਖ ਪਹਿਲੂਆਂ ਦੀ ਘੋਖ ਕਰਨ ਤੋਂ ਬਾਅਦ ਹਰੀ ਝੰਡੀ ਦਿਖਾ ਚੁੱਕੀਆਂ ਹਨ ਪਰ ਸੁਰੰਗ ਦੇ ਨਿਰਮਾਣ ਦੌਰਾਨ ਵਾਪਰੇ ਹਾਦਸੇ ਨਾਲ ਪੁਰਾਣੇ ਸਾਰੇ ਸ਼ੰਕੇ ਅਤੇ ਤੌਖਲੇ ਇਕ ਵਾਰ ਫਿਰ ਉਭਰ ਕੇ ਸਾਹਮਣੇ ਆ ਗਏ ਹਨ।

ਅਜਿਹਾ ਨਜ਼ਰ ਪੈਂਦਾ ਹੈ ਕਿ ਸੁਰੰਗਸਾਜ਼ੀ ਜੰਗਲਾਂ ਦੀ ਕਟਾਈ ਅਤੇ ਵਾਤਾਵਰਨ ਦੇ ਨੁਕਸਾਨ ਤੋਂ ਬਚਾਓ ਦਾ ਚੰਗਾ ਬਦਲ ਹੈ ਪਰ ਸੁਰੰਗ ਦਾ ਆਕਾਰ ਬਹੁਤ ਅਹਿਮੀਅਤ ਰੱਖਦਾ ਹੈ। ਕੀ ਪਹਾੜੀਆਂ ਲੰਮੀਆਂ ਸੁਰੰਗਾਂ ਕਾਰਨ ਹੋਣ ਵਾਲੇ ਨੁਕਸਾਨ ਨੂੰ ਝੱਲ ਸਕਦੀਆਂ ਹਨ। ਸੰਭਵ ਹੈ ਕਿ ਪ੍ਰੋਜੈਕਟ ਨਾਲ ਜੁੜੀਆਂ ਟੀਮਾਂ ਨੂੰ ਛੋਟੀਆਂ ਸੁਰੰਗਾਂ ਬਣਾਉਣ ਬਾਰੇ ਸੋਚਣਾ ਪੈ ਸਕਦਾ ਹੈ। ਰਾਜਮਾਰਗ ਹੋਣ ਜਾਂ ਫਿਰ ਪਣ ਬਿਜਲੀ ਪ੍ਰੋਜੈਕਟ ਵੱਡੇ ਢਾਂਚਿਆਂ ਦਾ ਨਿਰਮਾਣ ਕਰਨ ਤੋਂ ਪਹਿਲਾਂ ਸੁਰੰਗਾਂ ਦੇ ਵਾਤਾਵਰਨ ਉਪਰ ਪੈਣ ਵਾਲੇ ਅਸਰਾਂ ਬਾਰੇ ਨਿੱਠ ਕੇ ਅਧਿਐਨ ਕਰਨ ਦੀ ਲੋੜ ਹੈ। ਗ਼ਲਤ ਢੰਗ ਨਾਲ ਸੁਰੰਗਾਂ ਦੇ ਨਿਰਮਾਣ ਦਾ ਜ਼ਮੀਨ ਸਤਹਿ ਹੇਠਲੇ ਜਲ ਸਰੋਤਾਂ ਉਪਰ ਮਾੜਾ ਅਸਰ ਪੈਂਦਾ ਹੈ ਅਤੇ ਇਸ ਨਾਲ ਢਿੱਗਾਂ ਖਿਸਕਣ ਦੀ ਸਮੱਸਿਆ ਪੈਦਾ ਹੁੰਦੀ ਹੈ। ਸੁਰੰਗਾਂ ਕੱਢਣ ਲਈ ਧਮਾਕਾਖੇਜ਼ ਸਮੱਗਰੀ ਦੇ ਇਸਤੇਮਾਲ ਵੀ ਵਾਤਾਵਰਨ ਲਈ ਨੁਕਸਾਨਦਾਇਕ ਹੁੰਦਾ ਹੈ। ਇਸ ਤੋਂ ਇਲਾਵਾ ਹਾਦਸਿਆਂ ਨਾਲ ਨਜਿੱਠਣ ਅਤੇ ਨਿਰਮਾਣ ਕੰਪਨੀਆਂ ਵਲੋਂ ਚੁੱਕੇ ਜਾਂਦੇ ਸੁਰੱਖਿਆ ਕਦਮਾਂ ਨਾਲ ਜੁੜੇ ਸਵਾਲ ਦਾ ਵੀ ਜਵਾਬ ਨਹੀਂ ਮਿਲਦਾ। ਇਕ ਪੂਰੀ ਸੂਰੀ ਜਾਂਚ ਕਰਵਾਉਣ ਤੋਂ ਹੀ ਪਤਾ ਲੱਗ ਸਕੇਗਾ ਕਿ ਕੀ ਸਿਲਕਿਆਰਾ ਪ੍ਰੋਜੈਕਟ ਨਾਲ ਜੁੜੀਆਂ ਕੰਪਨੀਆਂ ਅਤੇ ਸਰਕਾਰੀ ਏਜੰਸੀਆਂ ਦੇ ਕਾਰ ਵਿਹਾਰ 'ਚ ਕਿਸੇ ਤਰ੍ਹਾਂ ਦੀ ਕੋਈ ਉਕਾਈ ਹੋਈ ਸੀ।



ਪਹਾੜੀ ਖੇਤਰਾਂ ਵਿਚ ਵੱਡੇ ਪਣ ਬਿਜਲੀ ਪ੍ਰੋਜੈਕਟਾਂ, ਰਾਜਮਾਰਗਾਂ ਅਤੇ ਸੈਰ-ਸਪਾਟੇ ਨਾਲ ਜੁੜੇ ਸਹਾਇਕ ਢਾਂਚੇ ਦੇ ਵਿਕਾਸ ਨਾਲ ਜੁੜੇ ਮੁੱਦੇ ਉਪਰ ਲਗਭਗ ਦੋ ਦਹਾਕਿਆਂ ਤੋਂ ਸੋਚ ਵਿਚਾਰ ਹੋ ਰਹੀ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਵਾਤਾਵਰਨ ਦੀ ਰਾਖੀ ਲਈ ਸਰਗਰਮ ਗਰੁਪਾਂ ਵਲੋਂ ਕੀਤੇ ਅੰਦੋਲਨ ਤੋਂ ਬਾਅਦ ਕੁਝ ਵੱਡੇ ਪ੍ਰੋਜੈਕਟਾਂ ਨੂੰ ਠੱਪ ਕਰ ਦਿੱਤਾ ਗਿਆ ਸੀ ਪਰ ਪਿਛਲੇ ਇਕ ਦਹਾਕੇ ਦੌਰਾਨ ਸੁਰੱਖਿਆ ਨੇਮਾਂ ਅਤੇ ਵਾਤਾਵਰਨ ਦੇ ਸਾਰੇ ਸਰੋਕਾਰਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਪਹਾੜੀ ਖੇਤਰਾਂ ਵਿਚ ਨਿਰਮਾਣ ਸਰਗਰਮੀ ਮੁੜ ਜ਼ੋਰ ਫੜ ਗਈ ਹੈ। ਵਾਤਾਵਰਨਕ ਅਸਰ ਦੇ ਲਾਜ਼ਮੀ ਨਿਰੀਖਣ ਸਮੇਤ ਵੱਖ ਵੱਖ ਕਾਨੂੰਨਾਂ ਅਤੇ ਨੇਮਾਂ ਨੂੰ ਜਾਂ ਤਾਂ ਪੇਤਲਾ ਕਰ ਦਿੱਤਾ ਗਿਆ ਜਾਂ ਫਿਰ ਸਬੰਧਿਤ ਸਰਕਾਰਾਂ ਅਤੇ ਏਜੰਸੀਆਂ ਵਲੋਂ ਇਨ੍ਹਾਂ ਦਾ ਉੱਕਾ ਹੀ ਪਾਲਣ ਨਹੀਂ ਕੀਤਾ ਜਾਂਦਾ।

ਇਸ ਦੌਰਾਨ ਜਲਵਾਯੂ ਤਬਦੀਲੀ ਕਰ ਕੇ ਵਾਤਾਵਰਨ ਵਿਚ ਹੋ ਰਹੀ ਟੁੱਟ-ਭੱਜ ਬਹੁਤ ਜ਼ਿਆਦਾ ਵਧ ਗਈ ਹੈ ਜਿਸ ਕਰ ਕੇ ਮੀਂਹ ਤੇ ਸੋਕੇ ਜਿਹੀਆਂ ਹੱਦ ਦਰਜੇ ਦੀਆਂ ਘਟਨਾਵਾਂ ਅਤੇ ਇਨ੍ਹਾਂ ਨਾਲ ਜੁੜੀਆਂ ਆਫ਼ਤਾਂ ਆਮ ਹੋ ਰਹੀਆਂ ਹਨ। ਇਸ ਤੋਂ ਇਲਾਵਾ ਇਕ ਹੋਰ ਮੁੱਦਾ ਜਿਸ ਨੂੰ ਪੂਰੀ ਤਰ੍ਹਾਂ ਮੁਖ਼ਾਤਬ ਹੋਣ ਦੀ ਲੋੜ ਹੈ, ਉਹ ਹੈ ਪਹਾੜਾਂ ਵਿਚਲੇ ਵਿਕਾਸ ਦੇ ਪ੍ਰੋਜੈਕਟਾਂ ਲਈ ਸੁਰੱਖਿਆ ਅਤੇ ਆਫ਼ਤ ਨਾਲ ਸਿੱਝਣ ਦੀ ਤਿਆਰੀ। ਸੁਰੰਗ ਹਾਦਸਿਆਂ ਦੇ ਕਾਰਨਾਂ ਵੱਲ ਧਿਆਨ ਦੇਣ ਅਤੇ ਨਿਰਮਾਣ ਥਾਵਾਂ 'ਤੇ ਸੁਰੱਖਿਆ ਯਕੀਨੀ ਬਣਾਉਣਾ ਬਹੁਤ ਅਹਿਮ ਕੰਮ ਹੁੰਦਾ ਹੈ। ਬੀਤੇ ਸਮਿਆਂ ਵਿਚ ਉਤਰਾਖੰਡ ਵਿਚ ਵਾਪਰੀਆਂ ਘਟਨਾਵਾਂ ਅਤੇ ਹਾਲ ਹੀ ਵਿਚ ਸਿੱਕਿਮ ਵਿਚ ਗਲੇਸ਼ੀਅਰ ਝੀਲ ਫਟਣ ਕਾਰਨ ਆਏ ਹੜ੍ਹ (ਗਲੋਫ) ਤੋਂ ਇਹ ਗੱਲ ਸਾਫ਼ ਜ਼ਾਹਿਰ ਹੁੰਦੀ ਹੈ। ਆਮ ਤੌਰ 'ਤੇ ਤਕਨੀਕੀ ਮਿਆਰਾਂ ਵਿਚ ਘਾਟ ਅਤੇ ਇਸ ਦੇ ਨਾਲ ਹੀ ਬੱਦਲ ਫਟਣ, ਢਿੱਗਾਂ ਖਿਸਕਣ ਜਿਹੀਆਂ ਕੁਦਰਤੀ ਆਫ਼ਤਾਂ ਕਰ ਕੇ ਹਾਦਸੇ ਵਾਪਰਦੇ ਹਨ। ਸਾਰੇ ਪੱਧਰਾਂ 'ਤੇ ਸਿਖਲਾਈ ਅਤੇ ਸੁਰੱਖਿਆ ਪ੍ਰਬੰਧਾਂ ਵੱਲ ਢੁਕਵਾਂ ਧਿਆਨ ਦੇਣਾ ਪਵੇਗਾ।

ਲੋੜ ਹੈ ਕਿ ਯੋਜਨਾਬੰਦੀ ਦੇ ਪੜਾਅ 'ਤੇ ਹੀ ਬਹੁਤ ਸਾਰੇ ਤਕਨੀਕੀ ਅਤੇ ਵਿਗਿਆਨਕ ਮੁੱਦਿਆਂ ਦਾ ਅਧਿਐਨ ਕਰ ਕੇ ਉਨ੍ਹਾਂ ਨੂੰ ਮੁਖ਼ਾਤਬ ਹੋਇਆ ਜਾਵੇ। ਸਿਲਕਿਆਰਾ ਬਾਰਕੋਟ ਸੁਰੰਗ ਲਈ ਯੋਜਨਾਬੰਦੀ ਅਤੇ ਕਨਸਲਟੈਂਸੀ ਸੇਵਾਵਾਂ ਦੇਣ ਵਾਲੇ ਯੂਰੋਪ ਦੇ ਬਰਨਾਰਡ ਗਰੁਪ ਨੇ ਕਿਹਾ ਸੀ- "ਟੈਂਡਰ ਦੇ ਦਸਤਾਵੇਜ਼ਾਂ ਵਿਚ ਭੂਗੋਲਕ ਸਥਿਤੀਆਂ ਬਾਰੇ ਜੋ ਪੇਸ਼ੀਨਗੋਈ ਕੀਤੀ ਗਈ ਸੀ, ਸੁਰੰਗ ਦੇ ਸੰਚਾਲਨ ਆਰੰਭਤਾ ਤੋਂ ਹੀ ਕਿਤੇ ਵੱਧ ਚੁਣੌਤੀਪੂਰਨ ਸਾਬਿਤ ਹੋ ਰਹੀਆਂ ਹਨ ਜਿਸ ਤੋਂ ਇਨ੍ਹਾਂ ਸਿੱਟਿਆਂ ਦੀ ਪ੍ਰੋੜਤਾ ਹੁੰਦੀ ਹੈ ਕਿ ਖੁਦਾਈ ਦਾ ਪੜਾਅ ਸ਼ੁਰੂ ਕਰਨ ਤੋਂ ਪਹਿਲਾਂ ਹੋਰ ਜ਼ਿਆਦਾ ਪੁਣ-ਛਾਣ ਦੇ ਉਪਰਾਲੇ ਕਰਨ ਦੀ ਲੋੜ ਹੈ।" ਇਸ ਤੋਂ ਸਾਫ਼ ਪਤਾ ਚਲਦਾ ਹੈ ਕਿ ਅਜਿਹੇ ਪ੍ਰੋਜੈਕਟਾਂ ਦੀ ਪ੍ਰਵਾਨਗੀ ਤੋਂ ਪਹਿਲਾਂ ਵਿਆਪਕ ਭੂਗੋਲਕ ਅਧਿਐਨ ਕਰਾਉਣ ਦੀ ਲੋੜ ਹੁੰਦੀ ਹੈ।

ਜੇ ਨਿਰਮਾਣ ਏਜੰਸੀਆਂ ਵਲੋਂ ਸੁਰੱਖਿਆ ਸਬੰਧਾਂ ਨੇਮਾਂ ਜਿਵੇਂ ਬਚਾਓ ਸੁਰੰਗ ਦੀ ਵਿਵਸਥਾ ਆਦਿ ਦਾ ਖਿਆਲ ਰੱਖਿਆ ਹੁੰਦਾ ਤਾਂ ਸੁਰੰਗ ਵਿਚ ਫਸੇ ਮਜ਼ਦੂਰਾਂ ਨੂੰ ਕਾਫ਼ੀ ਸਮਾਂ ਪਹਿਲਾਂ ਹੀ ਸਹੀ ਸਲਾਮਤ ਬਾਹਰ ਕੱਢਿਆ ਜਾ ਸਕਦਾ ਸੀ। ਹੁਣ ਜਦੋਂ ਇਹੋ ਜਿਹਾ ਹਾਦਸਾ ਵਾਪਰ ਚੁੱਕਿਆ ਹੈ ਤਾਂ ਤੇਜ਼ੀ ਨਾਲ ਬਚਾਓ ਕਾਰਜ ਕਰਨ ਦਾ ਸੁਚੱਜਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ, ਖ਼ਾਸ ਕਰ ਉਦੋਂ ਜਦੋਂ ਉਤਰਾਖੰਡ ਨੂੰ ਹਾਲੀਆ ਸਾਲਾਂ ਦੌਰਾਨ ਬਹੁਤ ਸਾਰੀਆਂ ਆਫ਼ਤਾਂ ਦਾ ਸਾਹਮਣਾ ਕਰਨਾ ਪਿਆ ਹੈ। ਸਾਰੀਆਂ ਸਬੰਧਿਤ ਏਜੰਸੀਆਂ ਨੂੰ ਇਸ ਕਿਸਮ ਦੀਆਂ ਸਥਿਤੀਆਂ ਨਾਲ ਨਜਿੱਠਣ ਲਈ ਆਪੋ-ਆਪਣੇ ਤਜਰਬੇ ਅਤੇ ਗਿਆਨ ਇਕ ਦੂਜੇ ਨਾਲ ਸਾਂਝੇ ਕਰਨੇ ਚਾਹੀਦੇ ਹਨ।

ਸਿਲਕਿਆਰਾ ਸੁਰੰਗ ਹਾਦਸੇ ਨੂੰ ਇਕਹਿਰੀ ਘਟਨਾ ਸਮਝ ਕੇ ਹਿਮਾਲਿਆ ਵਿਚ ਆਪਣੇ ਕੰਮ ਕਾਰ ਪਹਿਲਾਂ ਵਾਂਗ ਚਲਦੇ ਰੱਖਣਾ ਗ਼ਲਤ ਹੋਵੇਗਾ। ਹਿਮਾਲਿਆਈ ਚੌਗਿਰਦੇ ਨੂੰ ਨੁਕਸਾਨ ਤੋਂ ਬਚਾਉਣ ਲਈ ਇਹ ਇਕ ਹੋਰ ਪੁਕਾਰ ਹੈ। ਸਾਨੂੰ ਖੇਤਰ ਵਿਚ ਅਖੌਤੀ ਵਿਕਾਸ ਪ੍ਰੋਜੈਕਟਾਂ ਬਾਬਤ ਅਸੁਖਾਵੇਂ ਸਵਾਲ ਪੁੱਛਣ ਦੀ ਲੋੜ ਹੈ। 900 ਕਿਲੋਮੀਟਰ ਲੰਮੇ ਐਕਸਪ੍ਰੈੱਸ ਰਾਜਮਾਰਗ, ਖੇਤਰ ਵਿਚਲੇ ਰੇਲਵੇ ਪ੍ਰੋਜੈਕਟਾਂ (ਜਿਨ੍ਹਾਂ ਲਈ ਘੱਟੋ-ਘੱਟ ਦਰਜਨ ਭਰ ਸੁਰੰਗਾਂ ਦੇ ਨਿਰਮਾਣ ਦੀ ਲੋੜ ਹੈ), ਸੈਰ ਸਪਾਟੇ ਨੂੰ ਬੇਤਹਾਸ਼ਾ ਹੱਲਾਸ਼ੇਰੀ (ਜਿਨ੍ਹਾਂ ਦਾ ਭਾਰ ਪਹਾੜੀਆਂ ਝੱਲਣ ਦੇ ਸਮੱਰਥ ਨਹੀਂ ਹਨ), ਵੱਡੇ ਵੱਡੇ ਪਣ ਬਿਜਲੀ ਪ੍ਰੋਜੈਕਟਾਂ ਆਦਿ ਸਭਨਾਂ ਉਪਰ ਮੁੜ ਵਿਚਾਰ ਕਰਨ ਦੀ ਲੋੜ ਹੈ। ਇਸ ਦਾ ਹਰਗਿਜ਼ ਇਹ ਮਤਲਬ ਨਹੀਂ ਹੈ ਕਿ ਪਹਾੜੀ ਖੇਤਰਾਂ ਦੇ ਲੋਕਾਂ ਨੂੰ ਬਿਜਲੀ, ਰੁਜ਼ਗਾਰ ਜਾਂ ਸ਼ਹਿਰੀ ਖੇਤਰਾਂ ਵਿਚ ਉਪਲਬਧ ਹੋਰ ਸਹੂਲਤਾਂ ਤੋਂ ਵਾਂਝੇ ਰਹਿਣਾ ਪਵੇਗਾ। ਸਵਾਲ ਸਿਰਫ਼ ਇੰਨਾ ਹੈ ਕਿ ਵਾਤਾਵਰਨ ਨੂੰ ਨੁਕਸਾਨ ਪਹੁੰਚਾਏ ਬਗ਼ੈਰ ਅਤੇ ਜਲਵਾਯੂ ਤਬਦੀਲੀ ਵਲੋਂ ਦਰਪੇਸ਼ ਚੁਣੌਤੀ ਨਾਲ ਸਿੱਝਦੇ ਹੋਏ ਇਹ ਸਭ ਕੁਝ ਅਸੀਂ ਕਿਵੇਂ ਹਾਸਲ ਕਰ ਸਕਦੇ ਹਾਂ। ਸਿਲਕਿਆਰਾ ਕਾਂਡ ਜਿਹੇ ਹਾਦਸਿਆਂ ਪ੍ਰਤੀ ਟੁੱਟਵੀਂ ਪਹੁੰਚ ਸਾਨੂੰ ਕਿਤੇ ਨਹੀਂ ਲਿਜਾਵੇਗੀ।

# ਨਸ਼ਾਮੁਕਤੀ ਲਈ ਸਵੱਲਾ ਰਾਹ

ਪੰਜਾਬ ਵਿਚ ਨਸ਼ਾਮੁਕਤ ਸਮਾਜ ਸਿਰਜਣ ਦਾ ਜਿੰਨਾ 'ਰਾਮ ਰੌਲਾ' ਪੈ ਰਿਹਾ ਹੈ, ਓਨੇ ਇਸ ਦੇ ਸਾਰਥਕ ਨਤੀਜੇ ਸਾਹਮਣੇ ਨਹੀਂ ਆ ਰਹੇ। ਇੱਕ ਪਾਸੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿਚ ਜੀਭ 'ਤੇ ਰੱਖਣ ਵਾਲੀ ਗੋਲੀ (ਬੁਪਰੀਨੌਰਫਿਨ, ਮਿਥਾਡੋਨ ਤੇ ਆਡੋਨਿਕ) ਲੈਣ ਲਈ ਨਸ਼ੇੜੀਆਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਹਨ ਅਤੇ ਬਹੁਤ ਸਾਰੇ ਨਸ਼ੇੜੀ ਦਾਖ਼ਲ ਕਰ ਕੇ ਉਨ੍ਹਾਂ ਨੂੰ ਇਹ ਗੋਲੀਆਂ ਮੁਫ਼ਤ ਵੰਡੀਆਂ ਜਾਂਦੀਆਂ ਹਨ; ਦੂਜੇ ਪਾਸੇ 'ਹੋਮ

ਮੋਹਨ ਸ਼ਰਮਾ
ਫੋਨ: +91-94171-48866

ਸਰਵਿਸ' ਦੇਣ ਵਾਲੇ ਪ੍ਰਾਈਵੇਟ ਸੈਂਟਰ ਆਪਣੇ ਲੱਠਮਾਰ ਭੇਜ ਕੇ ਉਨ੍ਹਾਂ ਨੂੰ ਧੱਕੇ ਨਾਲ ਗੱਡੀ ਵਿਚ ਸੁੱਟ ਲਿਆਉਂਦੇ ਹਨ ਅਤੇ ਉਨ੍ਹਾਂ ਦੀ 'ਭੁਗਤ ਸੰਵਾਰਨ ਦੀ ਸੇਵਾ' ਉਹ ਲੱਠ ਮਾਰ ਰਾਹ ਵਿਚ ਹੀ ਸ਼ੁਰੂ ਕਰ ਦਿੰਦੇ ਹਨ। ਪੰਜ-ਛੇ ਮਹੀਨੇ ਉਹ ਅਜਿਹੇ ਤਸੀਹਾ ਕੇਂਦਰ ਵਿਚ ਰਹਿ ਕੇ ਨਰਕ ਭਰਿਆ ਜੀਵਨ ਬਤੀਤ ਕਰਦੇ ਹਨ। ਮਾਪੇ ਹਰ ਮਹੀਨੇ ਮੋਟੀ ਰਕਮ ਅਜਿਹੇ ਨਸ਼ਾ ਛੁਡਾਊ ਕੇਂਦਰ ਦੇ ਮਾਲਕ ਕੋਲ ਜਮ੍ਹਾ ਕਰਵਾਉਂਦੇ ਹਨ।

ਜਦੋਂ ਮਾਪੇ ਆਪਣੇ ਨਸ਼ੇੜੀ ਪੁੱਤ ਨੂੰ ਮਿਲਣ ਲਈ ਕਹਿੰਦੇ ਹਨ ਤਾਂ ਉਨ੍ਹਾਂ ਨੂੰ ਸੀ.ਸੀ.ਟੀ.ਵੀ. ਕੈਮਰੇ ਵਿਚ ਮੁੰਡੇ ਦੀ ਫੋਟੋ ਦਿਖਾਉਂਦਿਆਂ 'ਰਿਕਵਰੀ ਜ਼ੋਨ 'ਚ ਐ' ਕਹਿ ਕੇ ਮਿਲਾਉਣ ਤੋਂ ਪਾਸਾ ਵੱਟ ਲਿਆ ਜਾਂਦਾ ਹੈ। ਅਜਿਹੇ ਨਸ਼ਾ ਛੁਡਾਊ ਕੇਂਦਰਾਂ ਵਿਚ ਤਸੀਹੇ ਝੱਲਦਿਆਂ ਨੌਜਵਾਨ ਮਾਪਿਆਂ ਪ੍ਰਤੀ ਵਿਦਰੋਹੀ ਸੁਰ ਧਾਰਨ ਕਰ ਲੈਂਦਾ ਹੈ। ਅਜਿਹੇ ਸੈਂਟਰ ਵਿਚੋਂ ਕਈ ਮਹੀਨੇ ਲਗਾਉਣ ਤੋਂ ਬਾਅਦ ਕੁੱਟ ਦਾ ਭੰਨਿਆ ਨੌਜਵਾਨ ਘਰ ਆ ਕੇ ਬਾਗੀ ਸੁਰ ਵਿਚ ਮਾਪਿਆਂ ਨੂੰ ਕਹਿੰਦਾ ਹੈ, "ਲਾ ਲਓ ਜਿੰਨਾ ਜ਼ੋਰ ਲਾਉਣੈ, ਮੈਂ ਨਹੀਂ ਛੱਡਦਾ ਨਸ਼ਾ" ਤੇ ਫਿਰ ਉਹ ਪਹਿਲੇ ਲੱਛਣਾਂ 'ਤੇ ਆ ਜਾਂਦਾ ਹੈ। ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿਚ ਜੋ ਜੀਭ 'ਤੇ ਰੱਖਣ ਵਾਲੀ ਗੋਲੀ ਦਿੱਤੀ ਜਾਂਦੀ ਹੈ, ਉਸ ਵਿਚ ਮੌਰਫਿਨ ਦਾ ਸਾਲਟ ਹੋਣ ਕਾਰਨ ਨਸ਼ੇੜੀ ਉਸ ਗੋਲੀ ਦਾ ਪੱਕੇ ਤੌਰ 'ਤੇ ਮੁਰੀਦ ਬਣ ਜਾਂਦਾ ਹੈ ਅਤੇ ਫਿਰ ਇਸ ਗੋਲੀ ਤੋਂ ਖਹਿੜਾ ਛੁਡਵਾਉਣ ਲਈ ਦਰ ਦਰ ਧੱਕੇ ਖਾਂਦਾ ਹੈ। ਉਂਝ ਜ਼ਿਆਦਾ ਸਮਾਂ ਇਹ ਗੋਲੀ ਖਾਣ ਨਾਲ ਸਰੀਰ 'ਤੇ ਕਈ ਹੋਰ ਮਾਰੂ ਅਸਰ ਵੀ ਪੈਂਦੇ ਹਨ। ਇੰਝ ਨਸ਼ਾਮੁਕਤ ਪੰਜਾਬ 'ਕਾਗਜ਼ਾਂ' ਵਿਚ ਪ੍ਰਗਤੀ 'ਤੇ ਹੈ ਪਰ ਅਮਲੀ ਤੌਰ 'ਤੇ ਨਸ਼ਿਆਂ ਦੀ ਓਵਰਡੋਜ਼ ਨਾਲ ਕਿਤੇ ਝਾੜੀਆਂ ਵਿਚ, ਕਿਤੇ ਕਿਸੇ ਖੋਲੇ ਵਿਚ ਤੇ ਕਿਤੇ ਬਾਥਰੂਮ ਵਿਚ ਡਿੱਗੇ ਨੌਜਵਾਨ ਮਿਲਦੇ ਹਨ।

ਇੱਕ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਅੰਦਾਜ਼ਨ 18 ਸਾਲ ਸੈਂਟਰ ਵਿਚ ਸੇਵਾ ਨਿਭਾਉਂਦਿਆਂ ਸੰਗਰੂਰ ਜ਼ਿਲ੍ਹੇ ਦੇ ਨਾਲ ਨਾਲ ਪੰਜਾਬ ਦੇ ਬਾਕੀ ਜ਼ਿਲ੍ਹਿਆਂ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਤੋਂ ਇਲਾਜ ਲਈ ਆਏ ਨਸ਼ੇੜੀ ਮਰੀਜ਼ਾਂ ਨਾਲ ਵਾਹ ਪਿਆ ਹੈ। ਇਸ ਆਧਾਰ 'ਤੇ ਹੀ ਲਿਖ ਰਿਹਾ ਹਾਂ ਕਿ ਨਸ਼ਾ ਛੁਡਾਊ ਕੇਂਦਰ ਚਲਾਉਣ ਲਈ ਪ੍ਰਤੀਬੱਧਤਾ ਅਤੇ ਲੋਕ-ਹਿੱਤ ਦੀ ਭਾਵਨਾ ਨਾਲ ਲਬਰੇਜ਼ ਸਟਾਫ ਅਤੇ ਮੁਖੀ ਦਾ ਹੋਣਾ ਜ਼ਰੂਰੀ ਹੈ। ਦਵਾਈਆਂ, ਮਹਿੰਗੇ ਟੈਸਟ ਅਤੇ ਭਾਰੀ ਫੀਸਾਂ ਦੀ ਅਦਾਇਗੀ ਕਰਨੀ ਉਨ੍ਹਾਂ ਮਾਪਿਆਂ ਵਾਸਤੇ ਬਹੁਤ ਹੀ ਮੁਸ਼ਕਿਲ ਹੈ ਜਿਨ੍ਹਾਂ ਦੀ ਆਰਥਿਕ ਹਾਲਤ ਪਹਿਲਾਂ ਹੀ ਕੱਖੋਂ ਹੌਲੀ ਅਤੇ ਪਾਣੀਓਂ ਪਤਲੀ ਹੈ। ਇਸ ਪੱਖ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ।

ਦੂਜਾ ਅਹਿਮ ਪਹਿਲੂ ਨਸ਼ੇੜੀ ਮਰੀਜ਼ ਦੀ ਦ੍ਰਿੜ ਇੱਛਾ ਸ਼ਕਤੀ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਇਸ ਪੱਖ ਤੋਂ ਨਸ਼ਾ ਛੁਡਾਊ ਕੇਂਦਰ ਵਿਚ ਪੀੜਤ ਨਸ਼ੇੜੀਆਂ ਨੂੰ ਧਰਮ, ਸਾਹਿਤ, ਕਿਰਤ ਅਤੇ ਖੇਡਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਇਸ ਸਬੰਧੀ ਉਨ੍ਹਾਂ ਦੇ ਧਰਮ ਅਨੁਸਾਰ ਪਾਠ ਅਤੇ ਧਾਰਮਿਕ ਸਿੱਖਿਆ, ਉਸਾਰੂ ਸਾਹਿਤ, ਨਸ਼ਾ ਛੁਡਾਊ ਕੇਂਦਰ ਵਿਚ ਹੀ ਬਾਗਬਾਨੀ ਅਤੇ ਬੂਟਿਆਂ ਦੀ ਸੰਭਾਲ, ਸਾਫ ਸਫਾਈ, ਕਿਸੇ ਲਾਹੇਵੰਦ ਕਿੱਤੇ ਦੀ ਟਰੇਨਿੰਗ ਅਤੇ ਖੇਡਾਂ ਲਈ ਯੋਗ ਪ੍ਰਬੰਧ ਕਰਨਾ ਅਤਿਅੰਤ ਜ਼ਰੂਰੀ ਹੈ। ਇੰਝ ਕਰਦਿਆਂ ਵਿਹਲ ਤੋਂ ਛੁਟਕਾਰਾ ਪਾ ਕੇ ਇਹ ਸੋਚ ਵੀ ਉਨ੍ਹਾਂ ਦੇ ਅੰਗ ਸੰਗ ਰਹੇਗੀ:

ਬੰਦਾ ਕੰਮ ਕਰਦਾ ਲੋਹਾ।
ਬਹਿ ਗਿਆ ਤਾਂ ਗੋਹਾ।

ਨਸ਼ਾਮੁਕਤ ਹੋ ਰਹੇ ਮਰੀਜ਼ਾਂ ਅੰਦਰ ਚੰਗਾ ਪਤੀ, ਚੰਗਾ ਪੁੱਤ, ਚੰਗਾ ਬਾਪ ਅਤੇ ਚੰਗਾ ਨਾਗਰਿਕ ਬਣਨ ਦੀ ਪ੍ਰੇਰਨਾ ਤਦ ਹੀ ਦਿੱਤੀ ਜਾ ਸਕੇਗੀ, ਜੇਕਰ ਇਲਾਜ ਕਰਨ ਵਾਲੇ ਰਹਿਨੁਮਾ ਆਪ ਉਨ੍ਹਾਂ ਲਈ ਰੋਲ ਮਾਡਲ ਦਾ ਫਰਜ਼ ਨਿਭਾਉਣਗੇ। ਸੰਸਥਾ ਦੇ ਮੁਖੀ ਦੀ ਇਸ ਸਮੇਂ ਰੋਲ ਮਾਡਲ ਵਾਲੀ ਭੂਮਿਕਾ ਬਹੁਤ ਹੀ ਅਹਿਮੀਅਤ ਰੱਖਦੀ ਹੈ।

ਇਸ ਗੱਲ ਦਾ ਖਾਸ ਧਿਆਨ ਦਿੱਤਾ ਜਾਵੇ ਕਿ ਉਹ ਜ਼ਿੰਦਗੀ ਦੇ ਖਲਨਾਇਕ ਨਹੀਂ, ਪੀੜਤ ਹਨ। ਪੀੜਤ ਸ਼ਖ਼ਸ ਲਈ ਪਿਆਰ, ਹਮਦਰਦੀ, ਸੁਚੱਜਾ ਵਰਤਾਉ ਅਤੇ ਸਹੀ ਦੇਖ-ਭਾਲ ਅਤਿਅੰਤ ਜ਼ਰੂਰੀ ਹੈ। ਇਹ ਸਭ ਕੁਝ ਉਨ੍ਹਾਂ ਨੂੰ ਨਸ਼ਾਮੁਕਤ ਕਰਨ ਵਿਚ ਸਹਾਈ ਹੋਵੇਗਾ। ਕਈ ਵਾਰ ਨਸ਼ੇੜੀ ਮਰੀਜ਼ ਨੂੰ ਬਾਹਰਲੇ ਮਾਹੌਲ ਜਾਂ ਪਰਿਵਾਰਕ ਮਾਹੌਲ ਵਿਚੋਂ ਹੀ ਅਜਿਹੀ ਮਾਨਸਿਕ ਸੱਟ ਵੱਜਦੀ ਹੈ ਕਿ ਉਹ ਆਪ ਹੀ ਨਸ਼ਾਮੁਕਤ ਹੋਣ ਲਈ ਦ੍ਰਿੜ ਸੰਕਲਪ ਕਰ ਲੈਂਦਾ ਹੈ। ਅਜਿਹੇ ਸ਼ਖ਼ਸ ਦਾ ਰਹਿਨੁਮਾ ਬਣ ਕੇ ਉਸ ਨੂੰ ਆਸਾਨੀ ਨਾਲ ਨਸ਼ਾਮੁਕਤ ਕੀਤਾ ਜਾ ਸਕਦਾ ਹੈ। 70 ਕੁ ਵਰ੍ਹਿਆਂ ਦਾ ਬਜ਼ੁਰਗ ਨਸ਼ਾ ਛੱਡਣ ਲਈ ਸੈਂਟਰ ਵਿਚ ਦਾਖ਼ਲ ਹੋ ਗਿਆ। ਦਾਖ਼ਲ ਕਰਵਾਉਣ ਲਈ ਉਸ ਦਾ ਨੌਜਵਾਨ ਇਕਲੌਤਾ ਪੁੱਤਰ ਨਾਲ ਆਇਆ ਸੀ। ਬਜ਼ੁਰਗ ਦੀ ਰਜ਼ਾਮੰਦੀ ਉਪਰੰਤ ਉਸ ਨੂੰ ਦਾਖ਼ਲ ਕਰ ਲਿਆ ਗਿਆ। ਦਾਖ਼ਲ ਕਰਨ ਵੇਲੇ ਇਹ ਖਿਆਲ ਜ਼ਰੂਰ ਆਇਆ ਕਿ ਇਸ ਬਜ਼ੁਰਗ ਨੇ ਆਪਣੀ ਉਮਰ ਦਾ ਵੱਡਾ ਹਿੱਸਾ ਨਸ਼ਿਆਂ ਦੇ ਲੇਖੇ ਲਾ ਦਿੱਤਾ, ਹੁਣ ਇਸ ਉਮਰ ਵਿਚ ਨਸ਼ਾ ਛੱਡਣ ਦਾ ਇਰਾਦਾ ਉਸ ਨੇ ਕਿਉਂ ਕੀਤਾ? ਦੋ ਤਿੰਨ ਦਿਨ ਬਾਅਦ ਜਦੋਂ ਸ਼ਾਮ ਨੂੰ ਨਸ਼ੇੜੀ ਮਰੀਜ਼ਾਂ ਨੂੰ ਯੋਗ, ਮੈਡੀਟੇਸ਼ਨ ਅਤੇ ਕੌਂਸਲਿੰਗ ਲਈ ਉਨ੍ਹਾਂ ਦੇ ਵਾਰਡ ਵਿਚ ਗਿਆ ਤਾਂ ਯੋਗ ਕਿਰਿਆਵਾਂ ਕਰਵਾਉਣ ਤੋਂ ਬਾਅਦ ਮੈਂ ਬੜੀ ਅਪਣੱਤ ਨਾਲ ਬਜ਼ੁਰਗ ਦਾ ਹੱਥ ਫੜਦਿਆਂ ਕਿਹਾ, "ਪ੍ਰੀਤਮ ਸਿਆਂ, ਤੁਹਾਨੂੰ ਇਸ ਉਮਰ ਵਿਚ ਨਸ਼ਾ ਛੱਡਣ ਦਾ ਖਿਆਲ ਕਿਵੇਂ ਆਇਆ?" ਮੇਰੇ ਸਵਾਲ 'ਤੇ ਬਜ਼ੁਰਗ ਗੰਭੀਰ ਹੋ ਗਿਆ। ਉਸ ਨੇ ਗੱਚ ਭਰ ਕੇ ਕਿਹਾ, "ਥੋਡੇ ਕੋਲੋਂ ਕਾਹਦਾ ਲੁਕੋਅ ਐ ਜੀ। ਇਸ ਉਮਰ ਵਿਚ ਮੈਂ ਆਟੇ ਵਾਲੀ ਮਸ਼ੀਨ 'ਤੇ ਰਾਤ ਦੀ ਚੌਕੀਦਾਰੀ ਕਰਦਾ ਸੀ। ਜਿਹੜੇ ਪੈਸੇ ਉਥੋਂ ਮਿਲਦੇ, ਉਨ੍ਹਾਂ ਦਾ ਨਸ਼ਾ ਡੱਫ ਲੈਂਦਾ। ਮੁੰਡਾ ਵਿਆਹਿਆ ਵਰ੍ਹਿਆ ਹੈ। ਉਹ ਕਬੀਲਦਾਰੀ ਦਾ ਖ਼ਰਚ ਤੋਰੀ ਜਾਂਦਾ ਸੀ। ਹੁਣ ਇੱਕ ਤਾਂ ਨਸ਼ੇ ਮਹਿੰਗੇ ਹੋ ਗਏ ਅਤੇ ਦੂਜਾ ਮਿਲਾਵਟ ਵੀ ਹੋਣ ਲੱਗ ਗਈ। ਇਸੇ ਕਰ ਕੇ ਮੇਰੀ ਚੌਕੀਦਾਰ ਵਾਲੀ ਤਨਖ਼ਾਹ ਨਾਲ ਨਸ਼ੇ ਦਾ ਘਰ ਪੂਰਾ ਨਹੀਂ ਸੀ ਹੁੰਦਾ। ਇੱਕ ਦਿਨ ਜਦੋਂ ਮੈਂ ਨਸ਼ੇ ਵਾਸਤੇ ਆਪਣੇ ਪੁੱਤ ਮੂਹਰੇ ਹੱਥ ਟੱਡੇ ਤਾਂ ਪੁੱਤ ਨੇ ਤਾਂ ਕੁਝ ਨਹੀਂ ਕਿਹਾ ਪਰ ਮੇਰੀ ਨੂੰਹ ਸੂਈ ਕੁੱਤੀ ਵਾਂਗ ਮੇਰੇ ਗਲ ਪੈ ਗਈ, ਉਸ ਨੇ ਗਰਜ ਕੇ ਕਿਹਾ, "ਬਾਪੂ, ਅਸੀਂ ਆਪਣਾ ਘਰ ਵੀ ਤੋਰਨੈ। ਥੋਡੇ ਨਸ਼ਾ ਡੱਫਣ ਵਾਸਤੇ ਕਿੱਥੋਂ ਲਿਆਈਏ ਰੋਕੜੀ? ਆਪ ਤੁਸੀਂ ਕਦੇ ਵੀਹ ਰੁਪਏ ਦੀ ਸਬਜ਼ੀ ਵੀ ਘਰ ਨਹੀਂ ਲਿਆਏ। ਥੋੜ੍ਹੀ ਮੋਟੀ ਸ਼ਰਮ ਕਰੋ।" ਉਦੋਂ ਮੈਨੂੰ ਬਹੁਤ ਨਮੋਸ਼ੀ ਹੋਈ। ਫਿਰ ਉਸ ਨੇ ਡਾਢੀ ਹੀ ਮਿੰਨਤ ਨਾਲ ਕਿਹਾ, "ਹੁਣ ਥੋਡੀ ਸ਼ਰਨ ਆਇਆਂ। ਮੈਨੂੰ ਕੱਢੋ ਇਸ ਦਲਦਲ ਵਿਚੋਂ।"

ਉਸ ਬਜ਼ੁਰਗ ਦੇ ਚਿਹਰੇ 'ਤੇ ਨਸ਼ਾਮੁਕਤ ਹੋਣ ਦਾ ਦ੍ਰਿੜ ਸੰਕਲਪ ਪ੍ਰਤੱਖ ਦਿਖਾਈ ਦੇ ਰਿਹਾ ਸੀ। ਉਹ ਬਜ਼ੁਰਗ ਹੋਰ ਦਾਖ਼ਲ ਮਰੀਜ਼ਾਂ ਲਈ ਵੀ ਪ੍ਰੇਰਨਾ ਸਰੋਤ ਬਣਿਆ। ਆਸ਼ਾਵਾਦੀ ਮਾਹੌਲ ਸਿਰਜਣ ਵਿਚ ਵੀ ਉਸ ਨੇ ਅਹਿਮ ਭੂਮਿਕਾ ਨਿਭਾਈ। ਡੇਢ ਕੁ ਮਹੀਨੇ ਵਿਚ ਪੂਰੀ ਤਰ੍ਹਾਂ ਨਸ਼ਾਮੁਕਤ ਹੋਣ ਮਗਰੋਂ ਉਸ ਨੂੰ ਵਿਦਾ ਕਰਨ ਵੇਲੇ ਸੰਖੇਪ ਪਰ ਭਾਵਪੂਰਨ ਸਮਾਗਮ ਕੀਤਾ ਗਿਆ। ਉਸ ਨੂੰ ਘਰ ਲਿਜਾਣ ਲਈ ਉਸ ਦਾ ਪੁੱਤ ਅਤੇ ਨੂੰਹ ਵੀ ਆਏ। ਨਸ਼ਾਮੁਕਤ ਹੋਏ ਪ੍ਰੀਤਮ ਸਿੰਘ ਨੂੰ ਜਦੋਂ ਆਪਣੇ ਅਨੁਭਵ ਦੱਸਣ ਲਈ ਕਿਹਾ ਗਿਆ ਤਾਂ ਉਹ ਪੂਰੇ ਵਿਸ਼ਵਾਸ ਨਾਲ ਉੱਠਿਆ, ਚਿਹਰੇ 'ਤੇ ਜੇਤੂ ਮੁਸਕਰਾਹਟ ਲਿਆਉਂਦਿਆਂ ਉਸ ਨੇ ਕਿਹਾ, "ਸੱਚਮੁੱਚ ਨਸ਼ਿਆਂ ਦੇ ਜੰਜਾਲ ਵਿਚੋਂ ਨਿਕਲ ਕੇ ਮੇਰਾ ਨਵਾਂ ਜਨਮ ਹੋਇਆ। ਸੱਚ ਮੰਨਿਓ, ਹੁਣ ਤੱਕ ਮੈਂ ਨ੍ਹੇਰਾ ਹੀ ਢੋਂਦਾ ਰਿਹਾ ਹਾਂ। ਨਸ਼ਿਆਂ ਕਰ ਕੇ ਆਪਣੀ ਦੇਹ ਵੀ ਗਾਲ ਲਈ ਸੀ। ਘਰ ਦੇ ਸੁੱਖ ਨੂੰ ਵੀ ਤਹਿਸ-ਨਹਿਸ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਰਿਸ਼ਤੇਦਾਰਾਂ ਅਤੇ ਲੋਕਾਂ ਤੋਂ ਜਿਹੜੀ ਤੋਏ ਤੋਏ ਕਰਵਾਈ, ਉਹ ਵੱਖਰੀ। ਇਥੋਂ ਦੇ ਸਟਾਫ ਅਤੇ ਵੱਡੇ 'ਸਰ' ਦਾ ਮੈਂ ਦੇਣਾ ਨਹੀਂ ਦੇ ਸਕਦਾ। ਨਸ਼ਾ ਛੱਡਣ ਦੀ ਕੋਈ ਉਮਰ ਨਹੀਂ ਹੁੰਦੀ। ਬੱਸ, ਜਦੋਂ ਜਾਗੋ, ਓਦੋਂ ਹੀ ਸਵੇਰਾ।"

ਉਸ ਵੇਲੇ ਮਾਹੌਲ ਬਹੁਤ ਹੀ ਭਾਵੁਕ ਹੋ ਗਿਆ, ਜਦੋਂ ਇੱਕ ਪਤਵੰਤੇ ਸੱਜਣ ਨੇ ਪੰਜ ਪੰਜ ਸੌ ਦੇ ਦੋ ਨੋਟ ਉਹਦੀ ਤਲੀ 'ਤੇ ਰੱਖਦਿਆਂ ਕਿਹਾ, "ਜ਼ਿੰਦਗੀ ਜ਼ਿੰਦਾਬਾਦ। ਇਹ ਮੇਰੇ ਵੱਲੋਂ ਇਨਾਮ ਹੈ ਤੈਨੂੰ।" ਪ੍ਰੀਤਮ ਸਿੰਘ ਨੇ ਉਹ ਨੋਟ ਧੰਨਵਾਦੀ ਸ਼ਬਦਾਂ ਨਾਲ ਫੜ ਕੇ ਆਪਣੀ ਨੂੰਹ ਨੂੰ ਦਿੰਦਿਆਂ ਕਿਹਾ, "ਲੈ ਧੀਏ, ਮੇਰੇ ਵੱਲੋਂ ਸ਼ਗਨ।" ਨੂੰਹ ਨੇ ਉਹ ਨੋਟ ਫੜ ਕੇ ਪਹਿਲਾਂ ਆਪਣੇ ਮੱਥੇ ਨਾਲ ਲਾਏ, ਫਿਰ ਪ੍ਰੀਤਮ ਸਿੰਘ ਦੇ ਪੈਰੀਂ ਹੱਥ ਲਾਉਂਦਿਆਂ ਕਿਹਾ, "ਬਾਪੂ ਜੀ, ਅੱਜ ਭਾਗਾਂ ਵਾਲਾ ਦਿਨ ਹੈ। ਮੇਰੇ ਵਿਆਹ ਨੂੰ ਦਸ ਸਾਲ ਹੋ ਗਏ, ਦਸ ਸਾਲਾਂ ਵਿਚ ਪਹਿਲੀ ਵਾਰ ਤੁਸੀਂ ਇਹ ਸ਼ਗਨ ਦਿਤੈ।" ਪੁੱਤ ਅਤੇ ਨੂੰਹ ਮੰਦ ਮੰਦ ਮੁਸਕਰਾ ਰਹੇ ਸਨ।

ਜੇਤੂ ਅੰਦਾਜ਼ ਵਿਚ ਬਜ਼ੁਰਗ ਪ੍ਰੀਤਮ ਸਿੰਘ ਆਪਣੀ ਨੂੰਹ ਪੁੱਤ ਨਾਲ ਘਰ ਜਾ ਰਿਹਾ ਸੀ।

# ਕਿੱਥੇ ਗੁਆਚੇ ਭਾਰਤ ਵਾਸੀਆਂ ਦੇ ਮਨੁੱਖੀ ਅਧਿਕਾਰ?

**ਮਨੁੱਖੀ ਅਧਿਕਾਰ ਦਿਵਸ 'ਤੇ ਵਿਸ਼ੇਸ਼**



**ਗੁਰਮੀਤ ਸਿੰਘ ਪਲਾਹੀ**
**ਫੋਨ: +91-98158-02070**

ਗੱਲ ਆਪਣੇ ਦੇਸ਼ ਤੋਂ ਹੀ ਕਰਨੀ ਬਣਦੀ ਹੈ। ਦੇਸ਼ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੇ ਹਾਲਾਤ ਕਿਹੋ ਜਿਹੇ ਹਨ? ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਅਕਤੂਬਰ 1993 'ਚ ਆਜ਼ਾਦੀ ਦੇ 46 ਸਾਲਾਂ ਬਾਅਦ ਹੋਂਦ 'ਚ ਆਇਆ। ਇਸਦਾ ਮੁੱਖ ਮੰਤਵ ਦੇਸ਼ ਵਿਚ ਹੋ ਰਹੇ ਮਨੁੱਖੀ ਹੱਕਾਂ ਦੇ ਘਾਣ ਨੂੰ ਰੋਕਣਾ ਸੀ, ਕਿਉਂਕਿ ਦੇਸ਼ ਵਿਚ ਘੱਟ ਗਿਣਤੀਆਂ ਮਹਿਫੂਜ਼ ਨਹੀਂ ਸਨ ਰਹੀਆਂ, ਔਰਤਾਂ ਨਾਲ ਧੱਕਾ ਵਧ ਰਿਹਾ ਸੀ। ਜਾਤ-ਪਾਤ, ਧਰਮ, ਫਿਰਕੇ ਦੇ ਨਾਂ ਉਤੇ ਵੰਡੀਆਂ ਪੈ ਰਹੀਆਂ ਸਨ। ਪਰ ਇਹ ਕਮਿਸ਼ਨ ਕਾਰਗਰ ਸਾਬਤ ਨਾ ਹੋ ਸਕਿਆ। ਕਿਸੇ ਵੀ ਕੇਂਦਰੀ ਸਰਕਾਰ ਨੇ ਭਾਵੇਂ ਉਹ ਕਾਂਗਰਸ ਦੀ ਸੀ ਜਾਂ ਕਿਸੇ ਹੋਰ ਵਿਰੋਧੀ ਧਿਰ ਦੀ, ਸਿਰਫ਼ ਆਪਣੀ ਕੁਰਸੀ ਦੀ ਸਲਾਮਤੀ ਲਈ ਯਤਨ ਕੀਤੇ, ਲੋਕਾਂ ਦੇ ਹੱਕਾਂ ਨੂੰ ਅੱਖੋ-ਪਰੋਖੇ ਕਰ ਕੇ, ਆਪਣੇ ਹਿੱਤ ਪੂਰਤੀ ਕੀਤੀ। ਇਹ ਕਮਿਸ਼ਨ ਕੋਈ ਸਾਰਥਕ ਭੂਮਿਕਾ ਨਾ ਨਿਭਾ ਸਕਿਆ।

ਸਿੱਟੇ ਵਜੋਂ ਅੱਜ ਦੇਸ਼ 'ਚ ਮਨੁੱਖੀ ਹੱਕਾਂ ਪ੍ਰਤੀ ਹਾਲਾਤ ਬੇਹੱਦ ਨਾਜ਼ੁਕ ਹਨ। ਆਪਣੇ ਮਨੁੱਖੀ ਹੱਕਾਂ ਲਈ ਬੋਲਣ-ਲਿਖਣ ਵਾਲੇ ਲੇਖਕਾਂ, ਬੁੱਧੀਜੀਵੀਆਂ ਜਾਂ ਚਿੰਤਕਾਂ ਨੂੰ ਜੇਲ੍ਹਾਂ 'ਚ ਡੱਕਿਆ ਗਿਆ ਹੈ, ਉਥੇ ਉਨ੍ਹਾਂ ਨਾਲ ਅਣਮਨੁੱਖੀ ਵਰਤਾਓ ਕੀਤਾ ਜਾਂਦਾ ਹੈ। ਬਿਨਾਂ ਮੁਕੱਦਮਾ ਚਲਾਇਆਂ ਉਨ੍ਹਾਂ ਨੂੰ ਸਾਲਾਂ ਬੱਧੀ ਜੇਲ੍ਹਾਂ 'ਚ ਹੀ ਰੱਖਿਆ ਜਾ ਰਿਹਾ ਹੈ।

ਔਰਤਾਂ ਉਤੇ ਜ਼ੁਲਮ ਵਧੇ ਹਨ। ਘੱਟ ਗਿਣਤੀਆਂ ਡਰ-ਸਹਿਮ 'ਚ ਹਨ। ਧਰਮ, ਜਾਤ ਦੇ ਨਾਂ 'ਤੇ ਹੋ ਰਹੀ ਰਾਜਨੀਤੀ ਨੇ ਦੇਸ਼ 'ਚ ਅਜਬ ਮਾਹੌਲ ਸਿਰਜਿਆ ਹੋਇਆ ਹੈ। ਬਹੁ-ਗਿਣਤੀ ਫਿਰਕਿਆਂ ਦੀ ਧੌਂਸ ਅਤੇ ਦਬਾਅ, ਮਨੁੱਖੀ ਹੱਕਾਂ ਦੇ ਘਾਣ ਦਾ ਧੁਰਾ ਹੈ ਅੱਜ ਦੇਸ਼ 'ਚ।

ਆਖ਼ਰ ਮਨੁੱਖ ਦਾ ਮੁੱਢਲਾ ਅਧਿਕਾਰ ਹੈ ਕੀ? ਮਨੁੱਖ ਦੀਆਂ ਮੁੱਢਲੀਆਂ ਲੋੜਾਂ ਕੁਲੀ, ਗੁਲੀ, ਜੁਲੀ ਅਰਥਾਤ ਮਕਾਨ, ਕੱਪੜਾ, ਰੋਟੀ ਹਨ। ਜੇਕਰ ਉਹ ਉਸਦੇ ਪੱਲੇ ਨਹੀਂ ਪੈਂਦੀਆਂ, ਇਨ੍ਹਾਂ ਪ੍ਰਤੀ ਉਨ੍ਹਾਂ ਨੂੰ ਹੱਕ ਨਹੀਂ ਮਿਲਦੇ ਤਾਂ ਫਿਰ ਉਸਦੇ ਪੱਲੇ ਆਖ਼ਰ ਰਹਿ ਕੀ ਜਾਂਦਾ ਹੈ?

ਵੇਖੋ ਅਜਬ ਗੱਲ, ਦੇਸ਼ ਭਾਰਤ ਮਹਾਨ ਦੀ 80 ਕਰੋੜ ਤੋਂ ਵੱਧ ਆਬਾਦੀ, ਅੱਜ ਸਰਕਾਰੀ ਰਹਿਮੋ-ਕਰਮ 'ਤੇ ਹੈ, ਪੰਜ ਕਿਲੋ ਪ੍ਰਤੀ ਜੀਅ ਪ੍ਰਤੀ ਮਹੀਨਾ ਸਰਕਾਰੀ ਅਨਾਜ 'ਤੇ ਨਿਰਭਰ ਹੈ। ਕਾਰਨ ਸਪੱਸ਼ਟ ਹੈ ਉਨ੍ਹਾਂ ਪੱਲੇ ਰੁਜ਼ਗਾਰ ਨਹੀਂ, ਰੋਟੀ ਲਈ ਦਰ-ਦਰ ਧੱਕੇ ਹਨ, ਰਹਿਣ ਵਸੇਰੇ ਦੀ ਤਾਂ ਗੱਲ ਹੀ ਛੱਡ ਦਿਓ, ਤਨ 'ਤੇ ਕੱਪੜੇ ਵੀ ਪੂਰੇ ਨਹੀਂ। ਤਾਂ ਫਿਰ ਅਸੀਂ ਕਿਹੜੀ ਬਰਾਬਰੀ ਦੀ ਗੱਲ ਕਰਦੇ ਹਾਂ? ਕਿਹੜੇ ਅਧਿਕਾਰਾਂ ਨੂੰ ਪੱਲੇ ਬੰਨ੍ਹ ਕੇ ਬੈਠੇ ਹਾਂ?

ਮਨੁੱਖ ਨੂੰ ਆਜ਼ਾਦੀ ਹੋਵੇ। ਨਸਲ, ਰੰਗ, ਲਿੰਗ, ਭਾਸ਼ਾ, ਧਰਮ, ਵਿਸ਼ਵਾਸ 'ਚ ਭੇਦ-ਭਾਵ ਨਾ ਹੋਵੇ। ਉਹ ਕਿਸੇ ਵੀ ਵਿਚਾਰਧਾਰਾ ਨੂੰ ਅਪਣਾਏ। ਕੋਈ ਬੰਦਸ਼ ਨਾ ਹੋਵੇ। ਉਹ ਇਸ ਧਰਤੀ 'ਤੇ ਵਿਚਰਦਿਆਂ ਸਮਾਜਿਕ ਸੁਰੱਖਿਆ ਦਾ ਹੱਕਦਾਰ ਬਣੇ। ਭੁੱਖ ਤੋਂ ਮੁਕਤੀ ਮਿਲੇ ਉਸਨੂੰ। ਸਿੱਖਿਆ, ਸਿਹਤ ਦੀਆਂ ਬਰਾਬਰ ਸਹੂਲਤਾਂ ਹੋਣ ਉਸਨੂੰ। ਕੰਮ ਦਾ ਅਧਿਕਾਰ ਉਸਨੂੰ ਮਿਲੇ। ਉਸ ਦੀ ਸ਼ਖ਼ਸੀਅਤ ਦਾ ਸਾਂਵਾਂ ਵਿਕਾਸ ਹੋਵੇ।

ਪਰ ਉਪਰੋਕਤ ਗੱਲਾਂ, ਅੱਜ ਦੇਸ਼ 'ਚ ਸਿਰਫ਼ ਨਾਂ ਦੀਆਂ ਹਨ। ਗ਼ਰੀਬੀ-ਅਮੀਰੀ ਦੇ ਪਾੜੇ ਨੇ ਦੇਸ਼ ਭਾਰਤ ਦਾ ਇਕ ਵੱਖਰਾ ਬਿੰਬ ਦੁਨੀਆ 'ਚ ਸਿਰਜ ਦਿੱਤਾ ਹੈ। ਅਸੀਂ ਮਨੁੱਖੀ ਅਧਿਕਾਰਾਂ ਦੀ ਰੱਖਿਆ, ਸੁਰੱਖਿਆ ਦੇ ਵੱਡੇ ਦਾਅਵੇ ਸੰਸਾਰ 'ਚ ਵਾਹ-ਵਾਹ ਖੱਟਣ ਲਈ ਕਰਦੇ ਹਾਂ, ਪਰ ਅਸਲ ਅਰਥਾਂ 'ਚ ਅਸੀਂ ਉਦੋਂ ਕੱਖੋਂ ਹੌਲੇ ਪੈ ਜਾਂਦੇ ਹਾਂ, ਜਦੋਂ ਮਨੀਪੁਰ 'ਚ ਮਨੁੱਖੀ ਅਧਿਕਾਰਾਂ ਦਾ ਹਨਨ ਹੁੰਦਾ ਹੈ, ਜਦੋਂ '84 ਵਾਪਰਦਾ ਹੈ, ਜਦੋਂ ਦਿੱਲੀ, ਗੁਜਰਾਤ 'ਚ ਦੰਗੇ ਹੁੰਦੇ ਹਨ। ਜਦੋਂ ਦੇਸ਼ 'ਚ ਕਾਨੂੰਨ ਨੂੰ ਸਹੀ ਅਰਥਾਂ 'ਚ ਲਾਗੂ ਕਰਨ ਦਾ ਯਤਨ ਹੀ ਨਹੀਂ ਹੁੰਦਾ। ਜਦੋਂ ਲੋਕਤੰਤਰ ਦੇ ਨਾਂ ਹੇਠ, ਲੋਕਤੰਤਰ ਦਾ ਜਨਾਜ਼ਾ ਕੱਢਿਆ ਜਾਂਦਾ ਹੈ। ਜਦੋਂ ਦੇਸ਼ 'ਚ ਧਰਮ ਦੇ ਨਾਂ 'ਤੇ ਦੰਗੇ ਫੈਲਦੇ ਹਨ, ਜਦੋਂ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ 'ਚ ਵਾਧਾ ਹੁੰਦਾ ਹੈ। ਜਦੋਂ ਧੱਕੜ ਲੋਕ, ਕਮਜ਼ੋਰ ਲੋਕਾਂ ਨੂੰ ਮਨੁੱਖ ਹੀ ਨਹੀਂ ਮੰਨਦੇ, ਸਿਰਫ਼ ਇਕ ਜੀਅ ਜੰਤੂ ਜਾਂ ਵੋਟ ਸਮਝ ਕੇ ਉਨ੍ਹਾਂ ਦੀ ਬੇਸ਼ਰਮੀ ਨਾਲ ਵਰਤੋਂ ਕਰਦੇ ਹਨ।

ਕੀ ਰੁਜ਼ਗਾਰ ਦੀ ਥਾਂ ਮੁਫ਼ਤ ਰਿਆਇਤਾਂ ਦੇਣ ਦੀ ਰਾਜਨੀਤੀ ਕਰਨਾ, ਮਨੁੱਖੀ ਅਧਿਕਾਰਾਂ ਦਾ ਹਨਨ ਨਹੀਂ? ਕੀ ਲਾਲਚ ਦੇ ਕੇ ਵੋਟਾਂ ਹਥਿਆਉਣਾ ਮਨੁੱਖੀ ਹੱਕ ਖੋਹਣ ਦੇ ਤੁਲ ਨਹੀਂ? ਜੇਕਰ ਹੈ ਤਾਂ ਸਭ ਤੋਂ ਵੱਡਾ ਮਨੁੱਖੀ ਹੱਕ ਦਾ ਘਾਣ ਕਰਨ ਵਾਲਾ ਦੇਸ਼, ਸਾਡਾ ਹੈ।

ਮਨੁੱਖੀ ਹੱਕ ਖੋਹਣ ਸਬੰਧੀ ਅੰਤਰਰਾਸ਼ਟਰੀ ਰਿਪੋਰਟਾਂ ਨਿਰਾਸ਼ਾਜਨਕ ਹਨ। ਸ਼ਾਂਤੀਪੂਰਨ ਅਸਹਿਮਤ ਲੋਕਾਂ ਉਤੇ ਕਾਰਵਾਈ ਵਧੀ ਹੈ। ਹਾਸ਼ੀਏ 'ਤੇ ਪਹੁੰਚੇ ਸਮੂਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬੁਲਡੋਜ਼ਰ ਨਾਲ ਘਰ ਢਾਹੁਣ ਵਾਲੀ ਕਾਰਵਾਈ ਆਖ਼ਿਰ ਕੀ ਹੈ? ਨਿਆਂ ਪ੍ਰਣਾਲੀ ਤੋਂ ਬਿਨਾਂ ਸਿੱਧੀ ਕਾਰਵਾਈ। ਮਨੁੱਖੀ ਹੱਕਾਂ ਦਾ ਸਿੱਧਾ ਘਾਣ। ਹਿਊਮਨ ਰਾਈਟਸ ਵਾਚ ਨੇ ਵਰਲਡ ਰਿਪੋਰਟ-2020 ਛਾਪੀ ਹੈ। ਉਸ 'ਚ ਕਿਹਾ ਗਿਆ ਕਿ 2019 ਵਿਚ ਜੰਮੂ-ਕਸ਼ਮੀਰ 'ਚ ਭਾਰਤ ਸਰਕਾਰ ਨੇ ਵੱਡੇ ਪੈਮਾਨੇ 'ਤੇ ਕਾਰਵਾਈ ਕਰ ਕੇ ਕਸ਼ਮੀਰੀ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਕੇਂਦਰ ਸਰਕਾਰ ਨੇ ਕਸ਼ਮੀਰ ਦਾ ਵਿਸ਼ੇਸ਼ ਸੰਵਾਧਾਨਕ ਦਰਜਾ ਰੱਦ ਕਰ ਕੇ ਉਸਨੂੰ ਦੋ ਵੱਖਰੇ-ਵੱਖਰੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ 'ਚ ਵੰਡ ਦਿੱਤਾ। ਵਿਰੋਧ ਕਰਨ ਵਾਲੇ ਕਸ਼ਮੀਰੀਆਂ ਨੂੰ ਦੰਡਿਤ ਕੀਤਾ ਗਿਆ। ਉਨ੍ਹਾਂ ਨੂੰ ਹਿਰਾਸਤ 'ਚ ਲਿਆ ਗਿਆ। ਇਸ ਰਿਪੋਰਟ ਅਨੁਸਾਰ ਦੇਸ਼ 'ਚ ਆਤੰਕੀ ਹਿੰਦੂ ਸੰਗਠਨਾਂ ਦੇ ਸਮੂਹ ਵਲੋਂ ਘੱਟ ਗਿਣਤੀਆਂ ਨਾਲ ਸਬੰਧਤ 50 ਲੋਕ ਮਾਰ ਦਿੱਤੇ ਅਤੇ 250 ਜ਼ਖ਼ਮੀ ਹੋਏ। ਉਨ੍ਹਾਂ ਨੂੰ ਹਿੰਦੂ ਨਾਹਰੇ ਲਾਉਣ ਲਈ ਮਜਬੂਰ ਕੀਤਾ ਗਿਆ।

ਭਾਰਤ ਸਰਕਾਰ ਨੇ ਸੰਯੁਕਤ ਰਾਸ਼ਟਰ ਵਲੋਂ ਜਾਰੀ 10 ਦਸੰਬਰ 1948 ਦੇ ਐਲਾਨਨਾਮੇ ਨੂੰ ਆਪਣੇ ਸੰਵਿਧਾਨ ਵਿਚ 1950 ਵਿਚ ਦਰਜ ਕੀਤਾ। ਸਿਵਲ ਅਧਿਕਾਰਾਂ, ਸਮਾਜਿਕ ਤੇ ਆਰਥਿਕ ਅਧਿਕਾਰਾਂ ਨੂੰ ਪੂਰੀ ਤਰਤੀਬ ਨਾਲ ਪ੍ਰਵਾਨ ਕੀਤਾ। ਭਾਰਤ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ, ਪਰ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਭਾਰਤ ਦੀ ਉੱਚ ਸ਼੍ਰੇਣੀ ਅਤੇ ਵੱਡੀਆਂ ਢੁੱਠਾਂ ਵਾਲੇ ਧਨ ਕੁਬੇਰਾਂ, ਜਿਹੜੇ ਸਿਆਸੀ ਆਗੂਆਂ ਨਾਲ ਇਕਜੁੱਟ ਹਨ, ਆਮ ਲੋਕਾਂ ਨੂੰ ਬਰਾਬਰ ਦੇ ਹੱਕ ਦਿੰਦੇ ਹਨ? ਆਜ਼ਾਦੀ ਘਟ ਰਹੀ ਹੈ, ਅਸਮਾਨਤਾ ਵਧ ਰਹੀ ਹੈ। ਮਨੁੱਖੀ ਹੱਕਾਂ ਉਤੇ ਲਗਾਤਾਰ ਵਾਰ ਹੋ ਰਹੇ ਹਨ ਅਤੇ ਲੋਕਾਂ ਨਾਲ ਜ਼ਿਆਦਤੀਆਂ ਅਤੇ ਅਨਿਆਂ ਲਗਾਤਾਰ ਵਧ ਰਿਹਾ ਹੈ।

ਔਰਤ, ਸਮਾਜ ਦਾ ਮਹੱਤਵਪੂਰਨ ਅੰਗ ਹੈ। ਪਰ ਦੇਸ਼ 'ਚ ਔਰਤਾਂ ਸਭ ਤੋਂ ਵੱਧ ਪੀੜਤ ਹਨ। ਕਿੱਥੇ ਗੁੰਮ ਜਾਂਦੇ ਹਨ, ਉਸ ਦੇ ਹੱਕ, ਜਦੋਂ ਉਹ ਕੁੱਖ 'ਚ ਹੀ ਮਾਰ ਦਿੱਤੀ ਜਾਂਦੀ ਹੈ, ਜਦੋਂ ਉਸ ਨਾਲ ਬਲਾਤਕਾਰ ਹੁੰਦਾ ਹੈ, ਜਦੋਂ ਉਹ ਦਾਜ ਦੀ ਬਲੀ ਚੜ੍ਹਦੀ ਹੈ।

ਔਰਤਾਂ ਖ਼ਿਲਾਫ਼ ਅਪਰਾਧ ਤਾਂ ਦੇਸ਼ 'ਚ ਇੰਨਾ ਵਧ ਗਿਆ ਹੈ ਕਿ ਰਾਸ਼ਟਰੀ ਅਪਰਾਧ ਬਿਊਰੋ (ਐਨ.ਸੀ.,ਆਰ.ਬੀ.) ਵਲੋਂ ਜਾਰੀ ਅੰਕੜਿਆਂ ਅਨੁਸਾਰ 2022 'ਚ ਔਰਤਾਂ ਖ਼ਿਲਾਫ਼ ਅਪਰਾਧ ਦੇ ਸਿਲਸਿਲੇ 'ਚ ਹਰ ਘੰਟੇ ਲਗਭਗ 51 ਐਫ ਆਈ ਆਰ ਦਰਜ ਕੀਤੀਆਂ ਗਈਆਂ। ਔਰਤਾਂ ਖ਼ਿਲਾਫ਼ ਅਪਰਾਧ ਮੁੱਖ ਤੌਰ 'ਤੇ ਉਨ੍ਹਾਂ ਦੇ ਪਤੀ ਜਾਂ ਰਿਸ਼ਤੇਦਾਰ ਕਰਦੇ ਹਨ। ਔਰਤਾਂ ਦਾ ਅਪਹਰਣ ਹੁੰਦਾ ਹੈ। ਉਨ੍ਹਾਂ ਨਾਲ ਬਲਾਤਕਾਰ ਹੁੰਦਾ ਹੈ। 2022 'ਚ ਔਰਤਾਂ ਖ਼ਿਲਾਫ਼ ਅਪਰਾਧ ਦੇ ਕੁੱਲ 4,45,256 ਮੁਕੱਦਮੇ ਦਰਜ ਹੋਏ।

2021 'ਚ ਇਨ੍ਹਾਂ ਦੀ ਗਿਣਤੀ, 4,28,270 ਸੀ ਜਦਕਿ 2020 'ਚ ਇਹ ਗਿਣਤੀ 3,71,503 ਸੀ। ਇਹ ਹੈਰਾਨੀਜਨਕ ਵਾਧਾ ਮਨੁੱਖੀ ਅਧਿਕਾਰਾਂ 'ਚ ਵਾਧੇ ਦੀ ਮੂੰਹ ਬੋਲਦੀ ਤਸਵੀਰ ਹੈ। ਹਾਲਾਂਕਿ ਇਹ ਗਿਣਤੀ ਲੱਖਾਂ 'ਚ ਹੈ, ਪਰ ਇਸ ਤੋਂ ਵੀ ਕਿਤੇ ਵੱਧ ਅਪਰਾਧ ਔਰਤਾਂ ਖ਼ਿਲਾਫ਼ ਹੁੰਦੇ ਹਨ, ਜਿਹੜੇ ਕਿਧਰੇ ਦਰਜ ਹੀ ਨਹੀਂ ਹੁੰਦੇ।

ਭਾਰਤੀ ਸਮਾਜ ਵਿਚ ਮਨੁੱਖੀ ਅਧਿਕਾਰਾਂ ਦੇ ਹਨਨ ਦਾ ਸ਼ਿਕਾਰ ਮੁੱਖ ਰੂਪ 'ਚ ਔਰਤਾਂ ਅਤੇ ਗਰੀਬ ਵਿਅਕਤੀ ਹਨ। ਪੁਲਿਸ ਵਿਭਾਗ ਨੂੰ ਮੁੱਖ ਤੌਰ 'ਤੇ ਮਨੁੱਖੀ ਅਧਿਕਾਰਾਂ ਦੇ ਹਨਨ ਦਾ ਦੋਸ਼ੀ ਮੰਨਿਆ ਜਾਂਦਾ ਹੈ। ਬੰਧੂਆ ਮਜ਼ਦੂਰੀ, ਬਾਲ ਮਜ਼ਦੂਰੀ, ਆਦਿਵਾਸੀਆਂ ਦਾ ਸ਼ੋਸ਼ਣ ਤਾਂ ਦੇਸ਼ 'ਚ ਆਮ ਮਿਲਦਾ ਹੈ। ਯੂਨੈਸਕੋ ਨੇ ਇਕ ਰਿਪੋਰਟ ਛਾਪੀ ਹੈ, ਜਿਸ ਅਨੁਸਾਰ ਭਾਰਤ ਵਿਚ 150 ਲੱਖ ਬੱਚੀਆਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਵਿਚੋਂ 25 ਫੀਸਦੀ ਦੀ ਮੌਤ 15 ਸਾਲ ਦੀ ਉਮਰ ਤੋਂ ਪਹਿਲਾਂ ਹੋ ਜਾਂਦੀ ਹੈ। ਸਪੱਸ਼ਟ ਹੈ ਕਿ ਔਰਤਾਂ ਆਪਣੇ ਹੱਕਾਂ ਦੇ ਨਾਲ-ਨਾਲ ਆਪਣੀ ਹੋਂਦ ਬਚਾਉਣ ਦੀ ਲੜਾਈ ਵੀ ਲੜ ਰਹੀਆਂ ਹਨ।

ਬਿਨਾਂ ਸ਼ੱਕ ਭਾਰਤੀ ਸੰਵਿਧਾਨ ਮਨੁੱਖੀ ਹੱਕਾਂ ਦੀ ਗਰੰਟੀ ਦਿੰਦਾ ਹੈ। ਪਰ ਇਹ ਗਰੰਟੀਆਂ ਸਿਰਫ਼ ਸ਼ਬਦਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ। ਅੱਜ ਵਿਕਾਸ ਦੇ ਨਾਂ ਉਤੇ ਦੇਸ਼ 'ਚ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਗਰੰਟੀਆਂ ਦੇ ਕੇ ਵੋਟਾਂ ਹਥਿਆਉਣ ਦਾ ਯਤਨ ਹੋ ਰਿਹਾ ਹੈ।

ਅੱਜ ਜਦੋਂ ਸਮਾਜ ਵਿਚੋਂ ਹਰ ਪ੍ਰਕਾਰ ਦਾ ਭੇਦਭਾਵ ਖ਼ਤਮ ਕਰਨ ਦੀ ਲੋੜ ਹੈ, ਉਸ ਸਮੇਂ ਸਿਆਸੀਤੰਤਰ ਇਸ ਰਾਸ਼ਟਰੀ ਮੰਤਵ ਨੂੰ ਪ੍ਰਾਪਤ ਕਰਨ 'ਚ ਕਾਮਯਾਬ ਨਹੀਂ ਹੋ ਰਿਹਾ। ਅਸਲ 'ਚ ਦੇਸ਼ 'ਚ ਮਨੁੱਖੀ ਅਧਿਕਾਰਾਂ ਦੇ ਦ੍ਰਿਸ਼ਟੀਗੋਚਰ ਹੋ ਰਹੀਆਂ ਸਮੱਸਿਆਵਾਂ, ਮੌਲਿਕ ਅਧਿਕਾਰਾਂ ਦੀ ਉਲੰਘਣਾ ਦੀ ਪੈਦਾਇਸ਼ ਹਨ।

ਬਿਨਾਂ ਸ਼ੱਕ ਦੇਸ਼ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਜਮਹੂਰੀਅਤ ਵਿਚ ਵਿਸ਼ਵਾਸ ਰੱਖਣ ਵਾਲੇ ਬੁੱਧੀਜੀਵੀ, ਪੱਤਰਕਾਰ, ਵਕੀਲ, ਟ੍ਰੇਡ ਯੂਨੀਅਨਾਂ, ਕਿਸਾਨ ਯੂਨੀਅਨਾਂ ਇਕੱਠਿਆਂ ਹੋ ਕੇ ਅਵਾਜ਼ ਬੁਲੰਦ ਕਰ ਰਹੇ ਹਨ, ਪਰ ਧਰਮ, ਜਾਤ, ਰੰਗ, ਲਿੰਗ ਭੇਦ ਦੇ ਨਾਂਅ ਉਤੇ ਵਧ ਰਹੇ ਪਾੜੇ ਕਾਰਨ ਇਹ ਆਵਾਜ਼ ਮੱਧਮ ਦਿਖਾਈ ਦਿੰਦੀ ਹੈ, ਕਿਉਂਕਿ ਦੇਸ਼ ਦੀ ਨੌਕਰਸ਼ਾਹੀ, ਹਾਕਮ ਧਿਰ ਨਾਲ ਰਲ ਕੇ ਇਹੋ ਜਿਹਾ ਬਿਰਤਾਂਤ ਸਿਰਜ ਰਹੀ ਹੈ, ਜਿਹੜਾ ਭਵਿੱਖ ਵਿਚ ਦੇਸ਼ ਲਈ ਸਾਜਗਾਰ ਨਹੀਂ ਰਹੇਗਾ।

---

# ਬਾਬਾ ਮਾਇਆ ਰਚਨਾ ਧੋਹੁ ॥



**ਡਾ. ਆਸਮਾ ਕਾਦਰੀ**

ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥1॥ ਰਹਾਉ ॥ (ਪੰਨਾ15, ਸਿਰੀਰਾਗੁ, ਮ: 1)

"ਰਚਨਾ ਹੈ ਸਿਰਜਣਾ, ਕਲਚਰ, ਆਰਟ। ਮਾਇਆ ਜੋ ਅਸਲ ਨਹੀਂ, ਫ਼ਰੇਬ, ਮੋਹ, ਧੋਖਾ ਤੇ ਦੌਲਤ ਵੀ। ਇਹ ਮੱਲ ਵਿਹਾਰ ਵੀ ਮਾਇਆ ਏ ਤੇ ਏਸ ਦਾ ਉਪਜਾਵਣ ਵੰਡਣ ਦਾ ਢੰਗ ਵੀ ਮਾਇਆ ਸਮਝੋ। ਮਾਇਆ ਦੀ ਰਚੀ ਹਰ ਰਚਨਾ ਧੋਖਾ ਹੈ। ਮਾਇਆ ਆਪ ਧੋਖਾ ਹੋਈ ਤੇ ਧੋਖੇ ਦੀ ਸਿਰਜਣਾ ਵੀ ਧੋਖਾ ਈ ਹੁੰਦੀ ਏ। ਮਾਇਆ ਰਚੀ ਰਚਨਾ ਵੇਖ ਕੇ ਭੁੱਲਣਹਾਰ ਅੱਖੀਆਂ ਠੱਗੀਆਂ ਜਾਂਦੀਆਂ ਹਨ। "ਇਹ ਤੇ ਉਹ" ਵਰਤੀਂਦਾ ਹੈ ਨੇੜ ਤੇ ਦੂਰ ਲਈ, ਯਾਂ ਫੇਰ ਅੱਜ ਤੇ ਭਲਕ ਲਈ। ਉਹ ਰਚਨਾ ਜਿਸਦਾ ਜੋੜ ਆਪਣੀ ਵਾਰ ਨਾਲ ਨਾ ਹੋਵੇ, ਜੋ ਕਰਨੀ ਆਪਣੇ ਲੰਘੇ ਕੱਲ੍ਹ ਵਿਚੋਂ ਆਪਣਾ ਅੱਜ ਤੇ ਆਉਂਦੀ ਭਲਕ ਨਾ ਖੋਲ ਵਿਖਾਵੇ, ਉਹ ਤਾਂ ਕੂੜ ਈ ਹੈ। ਵਾਰ ਦਾ ਲਫਜ਼ ਇਥੇ ਤਾਰੀਖ ਦੇ ਮਾਅਨਿਆਂ ਵਿਚ ਤੀਜਾ ਹੈ ਹਿਸਟਰੀ ਆਖ ਲਵੋ ਭਾਵੇਂ। ਸੱਚ ਵਿਚ ਤਾਂ "ਇਹ ਨਉਹ" ਦੀ ਵੰਡ ਹੁੰਦੀ ਕੋਈ ਨਹੀਂ। ਸੱਚ ਤਾਂ ਹਰ ਪਲ ਸੱਚ ਹੈ, ਲੰਘੇ ਕੱਲ੍ਹ ਵਿਚ, ਹਾਜ਼ਰ ਅੱਜ ਵਿਚ ਤੇ ਆਉਂਦੀ ਭਲਕ ਵਿਚ ਵੀ। ਸੱਚ ਤਾਂ ਹੈ ਈ ਉਹ ਸਿਰਜਣਾ, ਉਹ ਰਚਨਾ ਜੋ ਦਾਨ ਕਰਨ ਪਾਰੋਂ ਹੋਂਦ ਵਿਚ ਆਈ। ਮਾਇਆ ਰਚੀ ਰਚਨਾ "ਇਹ ਨ ਉਹ" ਦੀ ਦੂਈ ਫਾਤੀ ਹੈ। ਆਪਣੇ ਪੜ੍ਹਨਹਾਰ, ਵੇਖਣਹਾਰ, ਖਾਵਣਹਾਰ, ਸੁਣਨਹਾਰ, ਛੂਹਣਹਾਰ ਨੂੰ ਵੀ ਕੋਈ ਸੇਧ ਨਹੀਂ ਦਿੰਦੀ। ਮਾਇਆ ਤਾਂ ਆਪ ਬੇਸੁੱਧ ਹੈ ਉਹ ਸੇਧ ਦੇਵੇ ਕਿਵੇਂ? ਨਾਮ ਵਿਸਾਰਨ ਨਾਮ ਜਪਣ ਦਾ ਛੱਡਣ ਨਹੀਂ ਏ। ਨਾਮ ਤਾਂ ਸਾਂਝ ਪਛਾਣ ਹੈ ਕੁੱਲ ਹੋਂਦਾਂ ਦੀ। ਵੱਖੋ ਵੱਖ ਨਾਵਾਂ ਦੀ ਕੈਦੋਂ ਉਧਾਰ ਦਾ ਹੈ ਨਾਮ। ਜਦੋਂ ਸਭ ਨਾਵਾਂ ਦੀ ਇਕਾਈ ਦੀ ਸਿਆਣ ਹੋ ਜਾਵੇ ਤਾਂ ਹੀ ਨਾਮ ਜਪਿਆ ਜਾਂਦਾ ਏ। ਨਾਮ ਜਪਣ ਨਿਰਾ ਨਾਮ ਸਿਮਰਨ ਨਹੀਂ ਏ ਸਗੋਂ ਇਹ ਕਰਨੀ ਏ। ਜਿਵੇ:

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

ਇਕਾਈ ਦੀ ਸੋਚ ਕਰਨੀ ਬਣੇ ਤਾਂ ਹੀ ਰਾਹ ਦਿਸਦਾ ਏ। ਨਾਮ ਵਿਸਾਰਨ ਵਾਲੇ ਨੂੰ ਸ਼ਬਦ "ਅੰਨ੍ਹਾ" ਆਖਦਾ ਏ। ਇਹ ਉਹ ਅੰਨ੍ਹਾ ਨਹੀਂ ਏ ਜਿਸ ਨੂੰ ਅੱਖੋਂ ਦਿਸਦਾ ਨਹੀਂ ਸਗੋਂ ਇਹ ਉਹ ਅੰਨ੍ਹਾ ਏ ਜੋ ਕੁੱਲ ਜੀਵਨ ਦੀ ਇਕਾਈ ਨਾ ਵੇਖ ਸਕਦਾ ਏ ਤੇ ਨਾ ਈ ਮਾਣ ਸਕਦਾ ਏ। ਅਸਥਾਈ ਦੀ ਸਮਝ ਸੁਰਤ ਈ ਸ਼ਬਦ ਦੇ ਭੇਦ ਖੋਲ੍ਹਦੀ ਏ। ਚਲੋ ਵੇਖਣੇ ਹਾਂ ਅੰਤਰਿਆਂ ਵਿਚ ਗੱਲ ਖੁੱਲ੍ਹਦੀ ਹੋਵੇ ਮਤਾਂ ਅਸਥਾਈ ਦੀ। ਅੰਤਰਾ ਅਸਥਾਈ ਵੀ ਦੋ ਹੋ ਕੇ ਇੱਕ ਹੋਵਣ ਤਾਹੀਓਂ ਸੂਝ ਸਿਆਣ ਦਿੰਦੇ ਹਨ।

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥
ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥
ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥1॥

ਬਾਬਾ ਮਾਇਆ ਰਚਨਾ ਧੋਹੁ ॥ (ਪੰਨਾ 15, ਮ: 1)

ਅੰਤਰਾ ਟੁਰਿਆ ਹੈ ਲੇਖੇ ਤੋਂ। ਪਹਿਲੋਂ ਲੇਖੇ ਦਾ ਲੇਖਾ ਕਰ ਲਈਏ ਫੇਰ ਅੱਗੇ ਵੇਖਣੇ ਹਾਂ। ਲੇਖਾ ਬਣਿਆ ਏ ਲੇਖ ਤੋਂ। ਲੇਖ ਹੈ ਲਿਖਤ, ਤਖਲੀਕ, ਭਾਗ, ਨਸੀਬ। ਲੇਖਾ ਹੈ, ਹਿਸਾਬ, ਲੈਣ-ਦੇਣ, ਬਹੀ ਖਾਤਾ, ਹਾਲਤ, ਦਰਜਾ, ਤਕਦੀਰ, ਆਦਤ, ਸੁਭਾਅ, ਮਾਮਲਾ, ਵਰਤਾਰਾ, ਤਰੀਕਾ, ਦਸਤੂਰ। ਲੇਖੇ ਦਾ ਲੇਖਾ ਵੇਖੋ ਲਿਖਤ ਤੇ ਭਾਗ ਤੋਂ ਟੁਰਦਾ ਹਿਸਾਬ ਕਿਤਾਬ ਬਣ ਗਿਆ ਏ। ਦਰਜਾ ਤੇ ਸੁਭਾਅ ਤੋਂ ਹੁੰਦਾ ਦਸਤੂਰ ਤੇ ਤਰੀਕੇ ਤੀਕ ਪੁੱਜ ਗਿਆ ਏ। ਕਿਵੇਂ ਅੱਖਰਾਂ ਦੇ ਅਰਥ ਆਪਣੀ ਵਰਤੋਂ ਪਾਰੋਂ ਵੇਲੇ ਦੇ ਨਾਲ ਬਦਲਦੇ ਜਾਂਦੇ ਨੇਂ। ਲੇਖਾ ਤਾਂ ਲਿਖਤ ਹੈ। ਕੁਦਰਤ ਦੀ ਲਿਖਤ ਹੈ ਸਾਰੀ ਜੋ ਕੁੱਝ ਵੀ ਮੌਜੂਦ ਹੈ ਏਸ ਕੁੱਲ ਕਾਇਨਾਤ ਅੰਦਰ। ਬੰਦਾ ਵੀ ਲਿਖਤ ਈ ਹੋਇਆ ਕੁਦਰਤ ਦੀ। ਜਿਵੇਂ ਬੰਦਾ ਰੱਬ ਦੀ ਲਿਖਤ ਏ ਤਿਵੇਂ ਬੰਦੇ ਦੀ ਕਰਨੀ ਬੰਦੇ ਦੀ ਲਿਖਤ ਹੋਈ। ਬੰਦੇ ਦੀ ਕਰਨੀ ਕੁਦਰਤ ਦੀ ਕਰਨੀ ਨਾਲ ਜੁੜ ਕੇ ਬੰਦੇ ਦੇ ਲੇਖ ਬਣਦੀ ਹੈ। ਫਰੀਦ ਦਾ ਦੋਹੜਾ ਵੇਖੋ ਜੋ ਨਾਨਕ ਦੇ ਏਸ ਲੇਖੇ ਪਿੱਛੇ ਖੁੱਲ੍ਹਾ ਹੈ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥6॥(ਪੰਨਾ 1378, ਸੇਖ ਫਰੀਦ ਜੀ)

ਜੇ ਤੈਨੂੰ ਅਕਲ, ਸਮਝ, ਸੂਝ ਹੈ ਤਾਂ ਕਾਲੇ ਲੇਖ ਨਾ ਲਿਖ। ਕੀ ਹਨ ਕਾਲੇ ਲੇਖ? ਸ਼ਾਹੀ ਫ਼ੁਰਮਾਨ ਨਿਮਾਣਿਆਂ ਦੀ ਕਰਨੀ ਖੁੱਸਣ ਦੇ ਨਿੱਤ ਨਵੇਂ ਢੋਅ। ਮਾੜੇ ਨੂੰ ਦਬੱਲਣ ਤੇ ਵਗਾਰੀਂ ਜੋ ਪੂੰਨ ਦੇ ਹੁਕਮ ਅਹਿਕਾਮ, ਨਿਤਾਣਿਆਂ ਨੂੰ ਡਰਾਵਨ ਕਾਨ ਫੌਜਾਂ ਦੇ ਧਾਵੀਆਂ ਦੇ ਫੁਰਮਾਨ। ਕੀ ਇਹ ਸਭ ਕਾਲੇ ਲੇਖ ਈ ਨਹੀਂ? ਹਾਕਮ ਤਾਂ ਇਕੋ ਕੁਦਰਤ ਆਪ ਏ। ਫੇਰ ਜੀ ਉੱਪਰ ਜੀ ਦੀ ਹਾਕਮੀ ਕਿਉਂ? ਵਾਧੂ ਹਾਕਮੀ ਤੇ ਵਾਧੂ ਮੱਲ ਦੇ ਹਲਕਾ ਨੇ ਬੰਦਿਓਂ ਕੁਬੰਦਾ ਕੀਤਾ ਜੀਅ ਨੂੰ। ਏਹਾ ਫ਼ਰੀਦ ਚੇਤੇ ਕਰਵਾਇਆ ਜੋ ਆਪਣੇ ਅੰਦਰ ਝਾਤੀ ਮਾਰ ਤੇਰੇ ਤੋਂ ਵੱਖ ਕੁੱਝ ਵੀ ਨਹੀਂ ਏ। ਸਿਰ ਨਿਵਾ ਤੇ ਤੂੰ ਮਿੱਟੀ ਵੇਖ ਸੈਂ। ਮਿੱਟੀ ਦੀ ਸਿਆਣ ਈ ਤੈਨੂੰ ਆਪਣੀ ਤੇ ਆਪਣੇ ਚਲਾਏ ਵਰਤਾਏ ਹੁਕਮਾਂ ਦੀ ਸਿਆਣ ਕਰਵਾਸੀ। ਕਰਨਹਾਰ ਦੀ ਕਰਨੀ, ਕਰਨਹਾਰ ਤੋਂ ਖੁੱਸੀ ਗਈ ਤਾਂ ਕਰਨਹਾਰ ਦੇ ਲੇਖ ਮੱਲ ਵਿਹਾਰ ਦੇ ਲੇਖੇ ਲੱਗੇ। ਨਿਮਾਣਿਆਂ ਦੇ ਭਾਗ ਬੱਲਵਾਨਾਂ ਤੇ ਮੱਲਵਾਨਾਂ ਦੇ ਹੱਥ ਲਿਖਣ ਲੱਗੇ। ਮੱਲ ਬਣੀ ਤਾਂ ਵਹੀ ਖਾਤੇ ਖੁੱਲ੍ਹ ਗਏ। ਈਹਾ ਲੇਖੇ ਤੇ ਵਹੀ ਖਾਤੇ ਈ ਦਸਤੂਰ ਬਣ ਗਏ। ਵਾਧੂ ਜੁੜੇ ਦਾ ਹਿਸਾਬ ਵੀ ਖਾਤਿਆਂ ਵਿਚ ਈ ਜੋੜਿਆ ਜਾਂਦਾ ਏ। ਇਥੇ ਸ਼ਬਦ ਲੇਖਾ ਕਰਦਾ ਹੈ ਬੋਲਣ, ਖਾਵਣ, ਟੁਰਨ, ਸੁਣਨ, ਵੇਖਣ ਤੇ ਸਾਹ ਲੈਣ ਦਾ। ਬੋਲਣ ਗਿਣਿਆ ਮਿਥਿਆ ਵੇਲੇ ਸਿਰ, ਹਿਸਾਬ ਸਿਰ ਕਿਸ ਦਾ ਹੈ? ਉਨ੍ਹਾਂ ਦਾ ਜਿਨ੍ਹਾਂ ਨੇ ਆਪਣੇ ਬੋਲੇ ਬੋਲਾਂ ਦਾ ਮੁੱਲ ਲੈਣਾ ਹੈ ਧਨ ਮਾਲ ਨਾਲ। ਬੋਲ ਤਾਂ ਜੀਵਨ ਸਾਂਝ ਹਨ। ਇਹੀ ਬੋਲ ਜਦੋਂ ਮੰਡੀ ਵਿਚ ਵਿਕਣ ਲੱਗਣ ਤਾਂ ਮਾਇਆ ਲੇਖੇ ਲਗਦੇ ਨੇਂ। ਇਨ੍ਹਾਂ ਬੋਲਾਂ ਕੀ ਰਾਹ ਵਿਖਾਣਾ ਹੈ ਕਿਸੇ ਨੂੰ ਕਿਉਂਕਿ ਇਹ ਬੋਲ ਬੋਲਣਹਾਰ ਤਾਂ ਆਪ ਈ ਕੁਰਾਹੇ ਪਏ ਨੇਂ। ਕੁਦਰਤ ਦੀ ਦਿੱਤੀ ਬੋਲਣ ਸ਼ਕਤੀ ਜੀਵਨ ਸਾਂਝ ਬਣਾਉਣ ਕੀਤੇ ਹੈ। ਮਾਇਆ ਲੇਖੇ ਲੱਗੀ ਬੋਲੀ ਅਸਾਂਝ ਦਾ ਬੀ ਬੀਜਦੀ ਏ। ਜੀਅ ਨੂੰ ਜੀਅ ਕੋਲੋਂ ਵਜੋਗਦੀ ਏ। ਬੋਲੀ ਦੀ ਸਾਂਝ ਦੁੱਖ ਸੁੱਖ ਦੀ ਸਾਂਝ ਹੁੰਦੀ ਏ। ਬੋਲੀ ਦੀ ਅਸਾਂਝ ਈ ਜੀਵਨ ਵਿਰਾਨ ਕਰੇਂਦੀ ਏ।

ਖਾਵਣ ਮੁੱਢਲੀ ਲੋੜ ਹੋਈ ਜੀਵ ਜੰਤਰ ਦੀ। ਖਾਵਣ ਬਾਝ ਜੀਵਨ ਹੈ ਈ ਨਹੀਂ। ਖਾਵਣ ਦਾ ਲੇਖਾ ਕਰਦਾ ਏ ਸ਼ਬਦ। ਪੁੱਛ ਤਾਂ ਇਹ ਹੈ ਸ਼ਬਦ ਦੀ ਜੋ ਖਾਵਣ ਲੋੜ ਦਾ ਹੈ ਯਾਂ ਲੋੜੋਂ ਵੱਧ। ਖਾਵਣ ਲੇਖੇ ਲਿਖਣ ਵਾਲਿਆਂ ਦਾ ਹੋਰ ਤੇ ਲੇਖ ਲਖਾਉਣ ਵਾਲਿਆਂ ਦਾ ਹੋਰ ਹੋਇਆ। ਕਰਨਹਾਰ ਤਾਂ ਕਸ਼ਟ ਕੱਟ ਕੇ ਖਾਂਦਾ ਹੈ ਤੇ ਮਾਲਿਕ ਹਾਕਮ ਆਪਣਾ ਵਹੀ ਖਾਤਾ ਭਰ ਕੇ ਖਾਂਦਾ ਏ। ਜੀਅ ਦਾ ਢਿੱਡ ਤਾਂ ਲੋੜੀਂਦਾ ਖਾ ਕੇ ਭਰੀਜ ਜਾਂਦਾ ਹੈ ਪਰ ਵਹੀ ਖਾਤੇ ਦਾ ਢਿੱਡ ਕਦਾਈਂ ਨਹੀਂ ਭਰੀਂਦਾ। ਵਾਟ ਦਾ ਲੇਖਾ ਏ ਸ਼ਬਦ ਵਿਚ। ਵਾਟ ਰਾਹ ਹੈ, ਰਸਤਾ। ਮੱਲ ਵਿਹਾਰ ਦੀ ਮੰਜ਼ਿਲ ਇਕੋ ਹੈ ਲਾਹਾ, ਰਾਹ ਜੋ ਵੀ ਹੋਵੇ ਪੁੱਜਾਵੇ ਉਥਾਈਂ ਜਿੱਥੇ ਮੱਲ ਵਿਚ ਵਾਧਾ ਹੋਵੇ। ਮੱਲ ਮਾਰੀ ਦੀ ਵਾਟ ਵੱਖਰੀ ਏ। ਜੀਅ ਨੂੰ ਜੀਅ ਕੋਲੋਂ ਤਰੋੜ ਕੇ ਲਾਹਾ ਜੁੜਦਾ ਏ। ਮਨੁੱਖ ਦੀ ਹੋਂਦ ਅੰਦਰ ਬੇਹਿਸੀ ਜੰਮੇ ਤਾਂ ਈ ਉਹ ਆਪਣੇ ਵਰਗੇ ਜੀਆਂ ਕੰਨੋਂਵੱਖ ਰਹਿ ਸਕਦਾ ਹੈ। ਲਾਹਾ ਜੋੜਨ ਕੀਤੇ ਮਾਰਨ ਦਬੱਲਣ ਖੁਸਣ ਲਾਜ਼ਿਮ ਹੋਇਆ। ਇਹ ਸਾਰੇ ਕੰਮ ਅਹਿਸਾਸੋਂ ਵਾਂਝਾ ਜੀਅ ਹੀ ਕਰ ਸਕਦਾ ਹੈ। ਵਾਟ ਰਾਹ ਹੈ ਤੇ ਪੰਧ ਵੀ। ਜੀਵਨ ਪਾਂਧੀ ਮੱਲ ਜੋੜਨ ਦੇ ਪੰਧ ਪਿਆ ਹੈ। ਜਿਤਨਾ ਲਾਹਾ ਜੁੜਦਾ ਹੈ ਉਤਨੀ ਟੋਰ ਤਰਿਖੀ ਹੁੰਦੀ ਹੈ ਲੋਭ ਵਾਟ ਉਪਰ। ਜਦੋਂ ਬੋਲਣ, ਖਾਵਣ ਤੇ ਚੱਲਣ ਮਾਇਆ ਲੇਖੇ ਲੱਗ ਗਿਆ ਤਾਂ ਸੁਣਨ ਵੇਖਣ ਵੀ ਇਸੇ ਲੇਖੇ ਸਿਰ ਈ ਹੋਸੀ। ਮੋਹ ਭਰੀਆਂ ਅੱਖੀਆਂ ਨੂੰ ਮਾਇਆ ਤੋਂ ਵੱਖ ਦਿੱਸਦਾ ਈ ਨਹੀਂ ਕੁੱਝ। ਨਾ ਈ ਕੰਨ ਸੁਣ ਸਕਦੇ ਨੇਂ ਕੂਕ ਫ਼ਰਿਆਦ ਨਿਮਾਣਿਆਂ ਮਸਕੀਨਾਂ ਦੀ, ਜਿਹਨਾਂ ਦੀ ਕਰਨੀ ਖੁਸ ਕੇ ਲਾਹਾ ਪਿਆ ਜੁੜਦਾ ਹੈ। ਅੱਖੀਂ ਕਾਮਿਆਂ ਕਸਬਿਆਂ ਦੇ ਦੁੱਖ ਦਰਦ ਦੀ ਹਾਥ ਨਹੀਂ ਲੈਂਦੀਆਂ। ਜਦੋਂ ਹਿੱਕ ਹਿੱਕ ਸਾਹ ਲੇਖੇ ਲੱਗ ਵੰਜੇ ਮੱਲ ਵਾਣੀ ਦੇ ਤਾਂ ਆਪਣੀ ਹੋਂਦ ਮੁੱਕ ਵੇਂਹਦੀ ਏ। ਇਲਮ ਸਿਆਣੇ ਪੜ੍ਹ ਪੁਖਤੇ ਏਸ ਲੇਖੇ ਨੂੰ ਪਰਣਾਂਵਦੇ ਨੇਂ। ਇਲਮ ਵੀ ਹਾਕਮ ਮਾਲਿਕ ਦੀ ਮੱਲ ਜੋ ਹੋਇਆ। ਏਸ ਹਨੇਰ ਵਿਚ ਨਾਨਕ ਨੇ ਸ਼ਬਦ ਦਾ ਦੀਵਾ ਬਾਲ ਅਗੇਰੇ ਕੀਤਾ ਏ, ਸੰਗਤ 'ਚ ਜੁੜਿਆਂ ਨੂੰ ਸਾਵਧਾਨ ਕਰਨ ਕੀਤੇ। ਨਾਨਕ ਨਿਸ਼ਾਨ ਹੈ ਇਨਕਾਰ ਦਾ। ਮਾਇਆ ਦੇ ਲੇਖੇ ਲੱਗੀ ਕੁਦਰਤ ਸਕਤ ਨੂੰ ਵਿਹਾਰ ਬੱਝੇ ਲੇਖਿਓਂ ਬਾਹਰ ਕਰੇਂਦਾ ਹੈ ਬਾਬੇ ਦਾ ਇਹ ਸ਼ਬਦ ਆਜ਼ਾਦ ਕਰਾਉਂਦਾ ਏ ਸੁਰਤ ਸਾਰ ਨੂੰ। ਮਾਇਆ ਵਿਹਾਰ ਅੰਨਾ, ਗੂੰਗਾ, ਬੋਲਾ ਹੈ ਨਾਮ ਵਿਸਾਰ ਕੇ। ਨਾਮ ਨੂੰ ਚੇਤੇ ਰੱਖਦਾ ਤਾਂ ਏਸ ਦਾ ਬੋਲਣ, ਸੁਣਨ, ਕਰਨ, ਖਾਵਣ, ਚੱਲਣ ਤੇ ਚਲਾਉਣ, ਹਿੱਕ ਹੁੰਦਾ। ਮਾਇਆ ਦੀ ਸਾਰੀ ਰਚਨਾ ਠੱਗੀ ਹੈ, ਠੱਗੀ ਤੇ ਧਰੋਹ ਦੇ ਨਾਲ ਜੁੜਿਆ ਹੈ ਇਹ ਸਭ ਰੰਗ (ਡਰਾਮਾ)।

# ਦੇਸ਼ ਦਾ ਲਿਬਰਲ ਸਰੂਪ ਬਹਾਲ ਰੱਖਣ ਲਈ ਕਮਿਊਨਿਸਟਾਂ ਦਾ ਮਜ਼ਬੂਤ ਹੋਣਾ ਜ਼ਰੂਰੀ

ਭਾਰਤ ਅੰਦਰ ਕਮਿਊਨਿਸਟ ਲਹਿਰ ਦੇ ਕਮਜ਼ੋਰ ਹੁੰਦੇ ਜਾਣ ਨਾਲ ਜਿੱਥੇ ਕਿਰਤੀਆਂ ਤੇ ਜਮਹੂਰੀ ਸੋਚ ਨੂੰ ਪ੍ਰਣਾਏ ਲੋਕਾਂ ਦਾ ਵੱਡਾ ਹਿੱਸਾ ਫਿਕਰਮੰਦ ਹੈ, ਉਥੇ ਇਸ ਸਥਿਤੀ ਤੋਂ ਖੁਸ਼ ਹੋ ਕੇ ਕੱਛਾਂ ਵਜਾਉਣ ਵਾਲਿਆਂ ਦੀ ਵੀ ਕਮੀ ਨਹੀਂ ਹੈ। ਜਿਹੜੇ ਲੋਕ ਦੇਸ਼ ਦੇ ਧਰਮ ਨਿਰਪੱਖ, ਜਮਹੂਰੀ ਤੇ ਸੰਘਾਤਮਕ ਢਾਂਚੇ ਵਾਲੇ ਸਰੂਪ ਨੂੰ ਕਾਇਮ ਰੱਖਣ ਦੇ ਚਾਹਵਾਨ ਹਨ ਤੇ ਅੱਗੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾ ਕਰ ਕੇ ਬਰਾਬਰੀ, ਸਾਂਝੀਵਾਲਤਾ ਤੇ ਖੁਸ਼ਹਾਲੀ ਵਾਲਾ ਸਮਾਜ

**ਮੰਗਤ ਰਾਮ ਪਾਸਲਾ**
**ਫੋਨ: 98141-82998**

ਸਿਰਜਣ ਦੀ ਤਾਂਘ ਰੱਖਦੇ ਹਨ, ਉਹ ਆਪਣੇ ਉਕਤ ਨਿਸ਼ਾਨੇ ਦੀ ਪ੍ਰਾਪਤੀ ਲਈ ਖੱਬੀ ਲਹਿਰ ਦੀ ਮਜ਼ਬੂਤੀ ਨੂੰ ਇਕ ਮੂਲ ਕਾਰਕ ਸਮਝਦੇ ਹਨ।

ਸੰਸਾਰ ਭਰ 'ਚ ਲੁੱਟ-ਖਸੁੱਟ ਵਾਲੇ ਵੱਖੋ-ਵੱਖ ਰਾਜਕੀ ਢਾਂਚਿਆਂ ਦੀ ਕਾਇਮੀ ਦੀ ਬਦੌਲਤ ਹੋਏ ਸਮਾਜਿਕ ਵਿਕਾਸ ਦੀਆਂ ਵੱਖੋ-ਵੱਖ ਸਟੇਜਾਂ 'ਤੇ ਪੀੜਤ ਲੋਕਾਂ ਨੇ ਬਿਨਾਂ ਸ਼ੱਕ ਲਹੂ ਵੀਟਵੀਆਂ ਲੜਾਈਆਂ ਲੜੀਆਂ ਹਨ ਤੇ ਇਤਿਹਾਸ ਦਾ ਪਹੀਆ ਅਗਾਂਹ ਵੱਲ ਨੂੰ ਤੋਰਿਆ ਹੈ। ਪ੍ਰੰਤੂ ਸਾਰੇ ਯਤਨਾਂ ਦੇ ਬਾਵਜੂਦ ਭਾਰਤ ਅੰਦਰ ਜਮਾਤ ਰਹਿਤ ਤੇ ਜਾਤ ਰਹਿਤ ਸਮਾਜ ਦੀ ਸਥਾਪਨਾ ਨਹੀਂ ਹੋ ਸਕੀ। ਲਗਭਗ 150 ਸਾਲ ਪਹਿਲਾਂ ਕਮਿਊਨਿਸਟ ਲਹਿਰ ਦੇ ਹੋਂਦ 'ਚ ਆਉਣ ਤੋਂ ਬਾਅਦ ਦੁਨੀਆਂ ਦੇ ਕਿਰਤੀਆਂ ਅੰਦਰ ਰਾਜ ਸੱਤਾ ਦੀ ਕੁੰਜੀ ਆਪਣੇ ਹੱਥੀਂ ਲੈਣ ਦੀ ਉਮੰਗ ਜਾਗੀ ਸੀ। ਰੂਸ ਅੰਦਰ 1917 ਦਾ ਸਫਲ ਸਮਾਜਵਾਦੀ ਅਕਤੂਬਰ ਇਨਕਲਾਬ ਇਸ ਉਮੰਗ ਨੂੰ ਬੂਰ ਪੈਣ ਦੀ ਨਿੱਗਰ ਮਿਸਾਲ ਹੈ। ਭਾਰਤ ਦੇ ਕਮਿਊਨਿਸਟਾਂ ਨੇ ਜਿੱਥੇ ਆਜ਼ਾਦੀ ਸੰਗਰਾਮ 'ਚ ਮਿਸਾਲੀ ਕੁਰਬਾਨੀਆਂ ਕੀਤੀਆਂ ਹਨ ਉਥੇ 1947 ਤੋਂ ਬਾਅਦ ਆਜ਼ਾਦ ਭਾਰਤ 'ਚ ਮਿਹਨਤਕਸ਼ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਅਨੇਕਾਂ ਸ਼ਾਨਦਾਰ ਘੋਲ ਲੜੇ ਹਨ ਤੇ ਬੇਮਿਸਾਲ ਕੁਰਬਾਨੀਆਂ ਕਰਦਿਆਂ ਮਾਣਮੱਤਾ ਇਤਿਹਾਸ ਰਚਿਆ ਹੈ। ਆਜ਼ਾਦ ਭਾਰਤ 'ਚ ਦੇਸ਼ ਦੇ ਧਰਮ ਨਿਰਪੱਖ, ਜਮਹੂਰੀ ਤੇ ਸੰਘਾਤਮਕ ਢਾਂਚੇ ਦੀ ਰਾਖੀ ਤੇ ਮਜ਼ਬੂਤੀ ਲਈ, ਪਬਲਿਕ ਸੈਕਟਰ ਦੀ ਹੋਂਦ ਕਾਇਮ ਕਰਨ ਪੱਖੋਂ, ਕਿਰਤੀਆਂ ਦੇ ਹੱਕਾਂ ਦੀ ਰਾਖੀ ਲਈ ਕਾਨੂੰਨ ਬਣਵਾਉਣ ਤੇ ਲਾਗੂ ਕਰਵਾਉਣ ਅਤੇ ਹਲਵਾਹਕਾਂ ਨੂੰ ਮਾਲਕੀ ਦੇ ਹੱਕ ਦੁਆਉਣ 'ਚ ਹਾਸਲ ਕੀਤੀਆਂ ਸਫਲਤਾਵਾਂ ਦਾ ਸਿਹਰਾ ਮੁੱਖ ਤੌਰ 'ਤੇ ਕਮਿਊਨਿਸਟ ਧਿਰਾਂ ਸਿਰ ਹੀ ਬੱਝਦਾ ਹੈ। ਭਾਰਤ ਦੇ ਸਾਮਰਾਜ ਵਿਰੁੱਧ ਸਮਾਜਵਾਦੀ ਦੇਸ਼ਾਂ ਨਾਲ ਦੋਸਤੀ ਦਾ ਰਿਸ਼ਤਾ ਬਣਾਉਣ, ਕੌਮੀ ਮੁਕਤੀ ਦੇ ਘੋਲਾਂ ਦੀ ਡਟਵੀਂ, ਬੇਲਾਗ ਹਮਾਇਤ ਕਰਨ ਤੇ ਸਾਮਰਾਜ ਵਿਰੋਧੀ ਗੁੱਟ-ਨਿਰਲੇਪ ਲਹਿਰ 'ਚ ਅਹਿਮ ਭੂਮਿਕਾ ਨਿਭਾਉਣ 'ਚ ਵੀ ਕਮਿਊਨਿਸਟਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਜਦੋਂ ਵੀ ਕਦੀ ਦੇਸ਼ ਨੂੰ ਭਾਰਤ ਵਿਰੋਧੀ ਫੁੱਟਪਾਊ, ਵੰਡਵਾਦੀ ਤੇ ਫਿਰਕੂ ਤਾਕਤਾਂ ਨੇ ਕੋਈ ਚੁਣੌਤੀ ਪੇਸ਼ ਕੀਤੀ ਹੈ, ਤਾਂ ਸਮੁੱਚੀ ਖੱਬੀ ਲਹਿਰ ਨੇ ਅਗਲੀਆਂ ਕਤਾਰਾਂ 'ਚ ਖੜ੍ਹ ਕੇ ਇਨ੍ਹਾਂ ਦੇਸ਼ ਵਿਰੋਧੀ-ਲੋਕ ਦੋਖੀ ਤਾਕਤਾਂ ਦਾ ਟਾਕਰਾ ਕਰਨ 'ਚ ਆਗੂ ਰੋਲ ਅਦਾ ਕੀਤਾ ਹੈ। ਦੇਸ ਦੀਆਂ ਦੁਸ਼ਮਣ ਤਾਕਤਾਂ ਨਾਲ ਟੱਕਰਾਂ ਲੈਂਦਿਆਂ ਖੱਬੇ ਪੱਖੀ ਕਾਰਕੁਨਾਂ ਤੇ ਨੇਤਾਵਾਂ ਵਲੋਂ ਆਪਣੀਆਂ ਜਾਨਾਂ ਦੀ ਅਹੂਤੀ ਪਾਉਣ ਪੱਖੋਂ ਵੀ ਕਮਿਊਨਿਸਟ ਲਹਿਰ ਦਾ ਸ਼ਾਨਦਾਰ ਰਿਕਾਰਡ ਹੈ। ਪੰਜਾਬ ਅੰਦਰ ਅੱਤਵਾਦ-ਵੱਖਵਾਦ ਦੇ ਕਾਲੇ ਦੌਰ 'ਚ ਜਿਹੜੀ ਭੂਮਿਕਾ ਖੱਬੇ ਪੱਖੀ ਪਾਰਟੀਆਂ ਦੇ ਆਗੂਆਂ ਤੇ ਕਾਰਕੁਨਾਂ ਨੇ ਨਿਭਾਈ ਹੈ, ਉਹ ਵੀਰ ਗਾਥਾ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਨਾਲ ਉੱਕਰੀ ਹੋਈ ਹੈ। ਜਦੋਂ ਕਦੀ ਭਾਰਤ ਦੇ ਕਮਿਊਨਿਸਟਾਂ ਨੂੰ ਕਿਸੇ ਪ੍ਰਾਂਤ ਅੰਦਰ (ਜਿਵੇਂ ਪੱਛਮੀ ਬੰਗਾਲ, ਕੇਰਲਾ ਤੇ ਤਰੀਪੁਰਾ 'ਚ) ਮੌਜੂਦਾ ਸੰਵਿਧਾਨਕ ਬੰਦਿਸ਼ਾਂ 'ਚ ਰਹਿ ਕੇ ਪ੍ਰਾਂਤਕ ਸਰਕਾਰਾਂ ਚਲਾਉਂਦੇ ਹੋਏ ਲੋਕ ਹਿਤਾਂ ਲਈ ਕੁਝ ਕਰਨ ਦਾ ਅਵਸਰ ਮਿਲਿਆ ਹੈ ਤਾਂ ਇੱਥੇ ਵੀ ਖੱਬੇ ਪੱਖੀ ਧਿਰਾਂ ਨੇ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕਿਰਤੀ ਲੋਕਾਂ ਨੂੰ ਹਰ ਖੇਤਰ 'ਚ ਕੁਝ ਨਾ ਕੁਝ ਰਾਹਤਾਂ ਦੇਣ ਦਾ ਯਤਨ ਕੀਤਾ ਹੈ। ਹਾਲਾਂਕਿ ਮੌਜੂਦਾ ਸੰਵਿਧਾਨ ਦੀਆਂ ਸੀਮਾਵਾਂ ਅੰਦਰ ਰਹਿ ਕੇ ਕੀਤੇ ਜਾਣ ਵਾਲੇ ਅਜਿਹੇ ਯਤਨਾਂ ਦੀ ਇਕ ਲਕਸ਼ਮਣ ਰੇਖਾ ਹੈ, ਜਿਸ ਨੂੰ ਉਲੰਘਿਆ ਨਹੀਂ ਜਾ ਸਕਦਾ। ਜੇਕਰ ਕਿਸੇ ਰਾਜਸੀ ਧਿਰ ਨੇ ਰਾਜਨੀਤੀ ਨੂੰ ਲੋਕ ਸੇਵਾ ਦਾ ਮਾਧਿਅਮ ਸਮਝ ਕੇ, ਰਾਜਨੀਤਕ ਨੈਤਿਕਤਾ ਦੇ ਅਸੂਲਾਂ ਉਪਰ ਪਹਿਰਾ ਦਿੰਦਿਆਂ ਹੋਇਆਂ ਇਕ ਆਦਰਸ਼ਵਾਦੀ ਜੀਵਨ ਸ਼ੈਲੀ ਅਪਣਾਈ ਹੈ, ਤਾਂ ਇਹ ਸਨਮਾਨ ਵੀ ਦੇਸ਼ ਦੇ ਕਮਿਊਨਿਸਟਾਂ ਦੇ ਹੀ ਹਿੱਸੇ ਆਇਆ ਹੈ। ਰਾਜ-ਭਾਗ ਚਲਾਉਂਦਿਆਂ ਜਿਸ ਤਰ੍ਹਾਂ ਦੇ ਭ੍ਰਿਸ਼ਟਾਚਾਰ ਤੇ ਭਾਈ ਭਤੀਜਾਵਾਦ ਦਾ ਬੋਲਬਾਲਾ ਗੈਰ ਕਮਿਊਨਿਸਟ ਪਾਰਟੀਆਂ ਤੇ ਉਨ੍ਹਾਂ ਦੇ ਨੇਤਾਵਾਂ ਅੰਦਰ ਦੇਖਿਆ ਗਿਆ ਹੈ ਉਸ ਰੋਗ ਤੋਂ ਖੱਬੇ ਪੱਖੀ ਸੂਬਾਈ ਸਰਕਾਰਾਂ ਤੇ ਕਮਿਊਨਿਸਟ ਆਗੂ ਵੱਡੀ ਹੱਦ ਤੱਕ ਮੁਕਤ ਕਹੇ ਜਾ ਸਕਦੇ ਹਨ।

1990ਵਿਆਂ 'ਚ ਸੋਵੀਅਤ ਯੂਨੀਅਨ ਅੰਦਰ ਸਮਾਜਵਾਦੀ ਵਿਵਸਥਾ ਨੂੰ ਵੱਡੀ ਪਛਾੜ ਵੱਜਣ ਨਾਲ ਸੰਸਾਰ ਪੱਧਰ 'ਤੇ ਸਰਮਾਏਦਾਰੀ ਦੇਸ਼ਾਂ ਦਾ ਬੋਲਬਾਲਾ ਹੋ ਜਾਣ ਤੋਂ ਬਾਅਦ ਭਾਰਤ ਸਮੇਤ ਹਰ ਦੇਸ਼ 'ਚ ਕਮਿਊਨਿਸਟ ਪਾਰਟੀਆਂ ਨੂੰ ਬਹੁਤ ਹੀ ਅਣਸੁਖਾਵੀਆਂ ਹਾਲਤਾਂ 'ਚ ਕੰਮ ਕਰਨਾ ਪੈ ਰਿਹਾ ਹੈ। ਉਂਝ ਸਾਰੀਆਂ ਘਾਟਾਂ-ਕਮਜ਼ੋਰੀਆਂ ਦੇ ਬਾਵਜੂਦ ਜੇਕਰ ਕੋਈ ਰਾਜਸੀ ਧਿਰ ਕੇਂਦਰ ਦੀ ਮੌਜੂਦਾ ਸਰਕਾਰ ਤੇ ਸੂਬਾਈ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਅਤੇ ਮਜ਼ਦੂਰਾਂ, ਕਿਸਾਨਾਂ, ਮੱਧ ਵਰਗੀ ਲੋਕਾਂ, ਨੌਜਵਾਨਾਂ ਤੇ ਛੋਟੇ ਕਾਰੋਬਾਰੀਆਂ ਦੇ ਹੱਕ 'ਚ ਦਮਦਾਰ ਆਵਾਜ਼ ਉਠਾ ਰਹੀ ਹੈ ਤਾਂ ਉਹ ਬਿਨਾਂ ਸ਼ੱਕ ਦੇਸ਼ ਦੀ ਖੱਬੀ ਧਿਰ ਹੀ ਹੈ। ਇਕ ਸਾਲ ਤੋਂ ਜ਼ਿਆਦਾ ਸਮੇਂ ਤੱਕ ਦਿੱਲੀ ਦੀਆਂ ਬਰੂਹਾਂ 'ਤੇ ਮੋਰਚੇ ਮੱਲ ਕੇ ਲੜੇ ਗਏ ਇਤਿਹਾਸ ਸਿਰਜਣ ਵਾਲੇ, ਪੁਰ ਅਮਨ ਤੇ ਬਾਜ਼ਾਬਤਾ ਕਿਸਾਨ ਅੰਦੋਲਨ 'ਚ ਵੀ ਖੱਬੀਆਂ ਸ਼ਕਤੀਆਂ ਦੀ ਜ਼ਿੰਮੇਵਾਰਾਨਾ, ਭਰੋਸੇਯੋਗ ਤੇ ਅਗਵਾਨੂੰ ਭੂਮਿਕਾ ਸਪਸ਼ਟ ਦੇਖੀ ਜਾ ਸਕਦੀ ਹੈ। ਮੌਜੂਦਾ ਨਵੀਆਂ ਪ੍ਰਸਥਿਤੀਆਂ ਅੰਦਰ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੇ ਨਾਮ 'ਤੇ ਸਾਰਾ ਕੁਝ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਕੇ ਸਰਕਰੀ ਖੇਤਰ ਦਾ ਭੋਗ ਪਾਇਆ ਜਾ ਰਿਹਾ ਹੈ ਤੇ ਗਰੀਬ ਦੇਸ਼ਾਂ ਨੂੰ ਬੇਕਿਰਕ ਲੁੱਟ-ਖਸੁੱਟ ਲਈ ਸਾਮਰਾਜੀ ਬਘਿਆੜਾਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ ਹੈ। ਇਸੇ ਦਿਸ਼ਾ 'ਚ ਮੋਦੀ ਸਰਕਾਰ ਵਲੋਂ ਭਾਰਤ ਨੂੰ ਸਾਮਰਾਜੀ ਕਰਜ਼ ਜਾਲ 'ਚ ਫਸਾ ਕੇ, ਇੱਥੋਂ ਦੇ ਕੁਦਰਤੀ ਤੇ ਮਾਨਵੀ ਸਰੋਤਾਂ 'ਤੇ ਦੇਸ਼ੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਕਰਵਾਉਣ ਰਾਹੀਂ ਲੋਕਾਂ ਨੂੰ ਇਕਸਾਰ ਤੇ ਮਿਆਰੀ ਜਨਤਕ ਸਿੱਖਿਆ ਤੇ ਸਿਹਤ ਸਹੂਲਤਾਂ ਤੋਂ ਵਾਂਝੇ ਕਰ ਕੇ ਭੁੱਖਮਰੀ, ਗਰੀਬੀ ਤੇ ਬੇਰੁਜ਼ਗਾਰੀ ਦੇ ਕੁੰਭੀ ਨਰਕ 'ਚ ਸੁੱਟ ਦਿੱਤਾ ਗਿਆ ਹੈ। ਕਿਰਤੀਆਂ ਨੂੰ ਪੱਕੇ ਰੁਜ਼ਗਾਰ ਦੀ ਗਰੰਟੀ, ਪੈਨਸ਼ਨ ਤੇ ਹੋਰ ਸਮਾਜਿਕ ਸੁਰੱਖਿਆ ਸਹੂਲਤਾਂ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਮਜ਼ਦੂਰ ਵਰਗ ਦੀ ਥਾਂ ਧਨਵਾਨ ਤੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਦਾ ਜ਼ਿੰਮਾ ਨਿਭਾਉਣ ਲਈ ਲਹੂ ਵੀਟਵੇਂ ਘੋਲਾਂ ਰਾਹੀਂ ਸੈਂਕੜੇ ਸਾਲਾਂ 'ਚ ਬਣਵਾਏ ਗਏ 44 ਕਿਰਤ ਕਾਨੂੰਨ ਖਤਮ ਕਰ ਕੇ 'ਚਾਰ ਲੇਬਰ ਕੋਡਾਂ' 'ਚ ਸਮੇਟ ਦਿੱਤੇ ਗਏ ਹਨ। ਪੂੰਜੀਵਾਦੀ ਸੰਕਟ ਨੂੰ ਹੱਲ ਕਰਨ ਲਈ ਕਿਰਤੀਆਂ ਦੇ ਕੰਮ ਘੰਟੇ ਵਧਾ ਕੇ ਤੇ ਪਹਿਲਾਂ ਦਿੱਤੀਆਂ ਸਹੂਲਤਾਂ ਵਾਪਸ ਲੈ ਕੇ ਕਾਰਪੋਰੇਟ ਸੈਕਟਰ ਆਪਣੇ ਮੁਨਾਫ਼ਿਆਂ ਨੂੰ ਵਧਦਾ-ਫੁਲਦਾ ਦੇਖਣ ਲਈ ਮਜ਼ਦੂਰ ਵਰਗ ਦਾ ਕਚੂਮਰ ਕੱਢ ਰਿਹਾ ਹੈ। ਭਾਰਤ ਅੰਦਰ ਧਰਮ ਨਿਰਪੱਖਤਾ, ਜਮਹੂਰੀਅਤ ਤੇ ਸੰਘਾਤਮਕ ਢਾਂਚੇ ਨੂੰ ਤਬਾਹ ਕਰ ਕੇ ਇਕ ਧਰਮ ਆਧਾਰਤ ਗੈਰ ਜਮਹੂਰੀ ਦੇਸ਼ ਬਣਾਉਣ ਲਈ ਜਿੱਥੇ ਸੰਘ ਪਰਿਵਾਰ ਤੇ ਭਾਜਪਾ ਵਲੋਂ ਸਮੁੱਚੀਆਂ ਵਿਰੋਧੀ ਰਾਜਸੀ ਧਿਰਾਂ 'ਤੇ ਈ.ਡੀ., ਸੀ.ਬੀ.ਆਈ. ਆਦਿ ਵਰਗੀਆਂ ਏਜੰਸੀਆਂ ਰਾਹੀਂ ਹਮਲਾ ਤੇਜ਼ ਕਰ ਦਿੱਤਾ ਗਿਆ ਹੈ, ਉਥੇ ਨਾਲ ਹੀ ਉਨ੍ਹਾਂ ਵਲੋਂ ਖੱਬੀ ਸੋਚ ਨੂੰ ਪ੍ਰਣਾਏ ਅਗਾਂਹਵਧੂ ਲੇਖਕਾਂ, ਬੁੱਧੀਜੀਵੀਆਂ ਤੇ ਕਾਰਕੁਨਾਂ ਵਿਰੁੱਧ ਉਚੇਚੇ ਤੌਰ 'ਤੇ ਨਫਰਤੀ ਪ੍ਰਚਾਰ ਰਾਹੀਂ ਧਾਵਾ ਬੋਲ ਦਿੱਤਾ ਗਿਆ ਹੈ।

ਇਨ੍ਹਾਂ ਬਾਹਰਮੁਖੀ ਵਿਪਰੀਤ ਸਥਿਤੀਆਂ ਦੇ ਨਾਲ-ਨਾਲ ਕਮਿਊਨਿਸਟਾਂ ਤੇ ਖੱਬੀਆਂ ਧਿਰਾਂ ਦੀਆਂ ਅੰਦਰੂਨੀ ਜਥੇਬੰਦਕ ਅਵਸਥਾਵਾਂ ਤੇ ਸੌੜੀਆਂ ਸੋਚਾਂ ਵੀ ਇਸਦੀ ਮੌਜੂਦਾ ਕਮਜ਼ੋਰੀ ਦਾ ਵੱਡਾ ਸਬੱਬ ਹਨ। ਕਮਿਊਨਿਸਟਾਂ ਨੇ ਆਮ ਤੌਰ 'ਤੇ ਮਾਰਕਸਵਾਦੀ ਫਲਸਫੇ ਨੂੰ ਇਕ ਸੇਧ ਦੇਣ ਵਾਲੇ ਵਿਗਿਆਨ ਵਜੋਂ ਲੈਣ ਦੀ ਥਾਂ ਇਸ ਦੀ ਮਕਾਨਕੀ (ਤਕਨੀਕੀ) ਢੰਗ ਨਾਲ ਰਟਨ ਮੰਤਰ ਵਾਂਗੂ ਵਰਤੋਂ ਕੀਤੀ ਹੈ ਜੋ ਦੇਸ਼ ਦੀਆਂ ਠੋਸ ਆਰਥਿਕ, ਸਮਾਜਿਕ, ਰਾਜਨੀਤਕ ਤੇ ਸਭਿਆਚਾਰਕ ਹਾਲਤਾਂ ਨਾਲ ਮੇਚਵੀਂ ਨਹੀਂ ਸੀ। ਕਮਿਊਨਿਸਟ ਲਹਿਰ 'ਚ ਪਈ ਫੁੱਟ ਦਰ ਫੁੱਟ ਵੀ ਇਸ ਦੀ ਕਮਜ਼ੋਰੀ ਦਾ ਵੱਡਾ ਕਾਰਨ ਹੈ। ਬਹੁਤੀ ਵਾਰੀ ਇਸ ਫੁੱਟ ਦਾ ਕਾਰਨ, ਜਾਇਜ਼ ਮੱਤਭੇਦਾਂ ਤੋਂ ਵਧੇਰੇ ਨਿੱਜੀ ਹਉਮੈ ਤੇ ਆਪਣੇ ਆਪ ਨੂੰ ਸਹੀ ਸਿੱਧ ਕਰਨ ਦੀ ਆਦਤ ਹੈ। ਪਾਰਟੀਆਂ ਅੰਦਰਲੀ ਅੰਤਰ ਪਾਰਟੀ ਜਮਹੂਰੀਅਤ ਨੂੰ ਛਾਂਗ ਕੇ ਨੁਕਤਾਚੀਨੀ ਤੇ ਸਵੈ ਨੁਕਤਾਚੀਨੀ ਦੇ ਕਾਰਗਾਰ ਹਥਿਆਰ ਦੀ ਇਕ ਪਾਸੜ ਦੁਰਵਰਤੋਂ ਅਤੇ ਆਪੋ-ਆਪਣੇ ਸੰਗਠਨ ਦੇ ਸੀਮਤ ਘੇਰੇ 'ਚ ਰਹਿ ਕੇ ਆਪਣੀਆਂ ਨਪੀਆਂ-ਤੁਲੀਆਂ ਸਰਗਰਮੀਆਂ 'ਤੇ ਹੀ ਤਸੱਲੀ ਦਾ ਪ੍ਰਗਟਾਵਾ ਕਰੀ ਜਾਣ ਵੀ ਇਸ 'ਅਸਾਧ ਰੋਗ' ਲਈ ਜ਼ਿੰਮੇਵਾਰ ਪ੍ਰਮੁੱਖ ਕਾਰਕ ਹੈ। ਸਾਰੀਆਂ ਹੀ ਖੱਬੇ ਪੱਖੀ ਧਿਰਾਂ ਦੀ ਸੋਚਣੀ ਤੇ ਕਰਨੀ 'ਚ ਸਫਲਤਾ ਤੇ ਅਸਫਲਤਾਵਾਂ ਦੋਨੋਂ ਛੁਪੀਆਂ ਹੋਈਆਂ ਹਨ। ਪ੍ਰੰਤੂ ਇਹ ਵੀ ਸੱਚ ਹੈ ਕਿ ਮਿਹਨਤਕਸ਼ ਲੋਕਾਂ ਦੇ ਹਿਤਾਂ ਪ੍ਰਤੀ ਅਮੁੱਕ ਤੇ ਅਡੋਲ ਵਫਾਦਾਰੀ ਸਾਰੀਆਂ ਖੱਬੀਆਂ ਧਿਰਾਂ ਦਾ ਸਾਂਝਾ, ਨਿਰਵਿਵਾਦ ਗੁਣ ਹੈ। ਆਪਸੀ ਸੰਵਾਦ ਰਚਾਉਣ ਨਾਲ, ਜਿੱਥੇ ਗੈਰ ਜ਼ਰੂਰੀ ਮਤਭੇਦਾਂ ਨੂੰ ਸੁਲਝਾਉਣ 'ਚ ਮਦਦ ਮਿਲੇਗੀ, ਉਥੇ ਮਤਭੇਦ ਹੁੰਦਿਆਂ ਹੋਇਆਂ ਘੱਟੋ-ਘੱਟ ਸਾਂਝੇ ਪ੍ਰਵਾਨਤ ਪ੍ਰੋਗਰਾਮ 'ਤੇ ਆਧਾਰਿਤ ਝੱਜਵੇਂ ਘੋਲਾਂ ਦੀ ਰੂਪਰੇਖਾ ਦਾ ਮੁੱਢ ਵੀ ਬੰਨ੍ਹਿਆ ਜਾ ਸਕਦਾ ਹੈ।

ਕਮਿਊਨਿਸਟਾਂ ਧਿਰਾਂ ਨੇ ਅਗਾਂਹਵਧੂ ਤੇ ਮਾਨਵੀ ਸਰੋਕਾਰਾਂ ਨਾਲ ਭਰਪੂਰ ਭਾਰਤੀ ਇਤਿਹਾਸ ਤੋਂ ਪ੍ਰੇਰਣਾ ਲੈਣ ਦੀ ਵੱਡੀ ਪੱਧਰ 'ਤੇ ਅਣਦੇਖੀ ਕੀਤੀ ਹੈ। ਜਾਤ-ਪਾਤ ਤੋਂ ਪੀੜਤ, ਵੱਖ ਵੱਖ ਸਭਿਆਚਾਰਾਂ, ਬੋਲੀਆਂ, ਕੌਮੀਅਤਾਂ ਤੇ ਧਰਮਾਂ ਦੇ ਅਨੁਆਈ ਲੋਕਾਂ ਨੂੰ ਉਨ੍ਹਾਂ ਦੇ ਨਰੋਏ ਪਿਛੋਕੜ ਤੇ ਅਮਲੀ ਜ਼ਿੰਦਗੀ ਦੇ ਅਮੀਰ ਅਨੁਭਵਾਂ ਨਾਲੋਂ ਤੋੜ ਕੇ ਸਮਾਜਕ ਬਦਲਾਅ ਦੀ ਲਹਿਰ 'ਚ ਇਕਜੁੱਟ ਨਹੀਂ ਕੀਤਾ ਜਾ ਸਕਦਾ। ਨਾ ਹੀ ਇਨ੍ਹਾਂ ਤਬਕਿਆਂ ਨੂੰ ਦਰਪੇਸ਼ ਜ਼ਮੀਨੀ ਪੱਧਰ ਦੀਆਂ ਸਮੱਸਿਆਵਾਂ ਦੀ ਠੋਸ ਜਾਣਕਾਰੀ ਹਾਸਲ ਕਰਨ ਤੋਂ ਬਿਨਾਂ ਉਨ੍ਹਾਂ ਦੇ ਹੱਲ ਲਈ ਕੋਈ ਠੋਸ ਯੋਗਦਾਨ ਪਾਇਆ ਜਾ ਸਕਦਾ ਹੈ। ਸਮਾਜਿਕ ਤਬਦੀਲੀ ਦਾ ਨਿਸ਼ਾਨਾ ਵਿਗਿਆਨਕ ਨਜ਼ਰੀਆ ਸਾਹਮਣੇ ਰੱਖਦੇ ਹੋਏ ਸੰਬੰਧਤ ਲੋਕਾਂ ਤੇ ਉਨ੍ਹਾਂ ਦੀ ਜੀਵਨ ਸ਼ੈਲੀ, ਆਦਤਾਂ ਤੇ ਇਤਿਹਾਸਕ ਵਿਰਾਸਤ ਦੇ ਹਕੀਕੀ ਧਰਾਤਲ ਦੀ ਪੂਰਨ ਜਾਣਕਾਰੀ ਹਾਸਲ ਕਰ ਕੇ ਹੀ ਸਿਰੇ ਚਾੜ੍ਹਿਆ ਜਾ ਸਕਦਾ ਹੈ।

ਅੱਜ ਜਦੋਂ ਦੇਸ਼ ਨੂੰ ਸਾਮਰਾਜੀ ਸ਼ਹਿ ਪ੍ਰਾਪਤ ਫਿਰਕੂ-ਫਾਸ਼ੀ ਸ਼ਕਤੀਆਂ, ਜੋ ਦੇਸ਼ ਦੇ ਮੌਜੂਦਾ ਸੰਵਿਧਾਨਕ ਸਰੂਪ ਨੂੰ ਬਦਲ ਕੇ ਇਕ ਗੈਰ ਜਮਹੂਰੀ, ਧਰਮ ਆਧਾਰਤ ਤਾਨਾਸ਼ਾਹੀ ਰਾਜ ਦੀ ਸਥਾਪਨਾ ਲਈ ਦ੍ਰਿੜ੍ਹ ਸੰਕਲਪ ਹਨ, ਤੋਂ ਵੱਡਾ ਖਤਰਾ ਪੈਦਾ ਹੋ ਗਿਆ ਹੈ ਤਾਂ ਉਸ ਸਮੇਂ ਦੇਸ਼ ਅੰਦਰ ਕਮਿਊਨਿਸਟ ਲਹਿਰ ਦੀ ਮਜ਼ਬੂਤੀ ਸਿਰਫ ਕਮਿਊਨਿਸਟਾਂ ਤੇ ਅਗਾਂਹਵਧੂ ਲੋਕਾਂ ਲਈ ਹੀ ਜ਼ਰੂਰੀ ਨਹੀਂ, ਬਲਕਿ ਦੇਸ਼ ਦੇ 140 ਕਰੋੜ ਲੋਕਾਂ ਦੀ ਭਲਾਈ, ਆਪਸੀ ਧਾਰਮਿਕ ਇਕਸੁਰਤਾ ਦੀ ਮਜ਼ਬੂਤੀ, ਭਾਈਚਾਰਿਆਂ ਦਰਮਿਆਨ ਮੇਲ-ਜੋਲ, ਆਪੋ-ਆਪਣੇ ਧਰਮਾਂ ਨੂੰ ਮੰਨਣ ਦੀ ਪੂਰਨ ਆਜ਼ਾਦੀ ਮਾਣਦੇ ਹੋਏ ਸਮਾਜ ਅੰਦਰ ਅਮਨ-ਸ਼ਾਂਤੀ ਅਤੇ ਸੁਹਿਰਦਤਾ ਦੀ ਹੋਂਦ ਬਰਕਰਾਰ ਰੱਖਣ ਲਈ ਵੀ ਅਤਿਅੰਤ ਜ਼ਰੂਰੀ ਹੈ। ਜੇਕਰ ਦੇਸ਼ ਅੰਦਰ ਬਹੁਲਤਾ ਵਾਲੇ ਧਰਮ ਦੇ ਅਨੁਆਈਆਂ, ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਔਰਤਾਂ, ਵਿਗਿਆਨਕ ਨਜ਼ਰੀਏ ਵਾਲੇ ਬੁੱਧੀਜੀਵੀਆਂ, ਰਾਜਨੀਤਕ ਤੇ ਸਮਾਜਿਕ ਕਾਰਕੁਨਾਂ ਨੇ ਲਿਖਣ-ਬੋਲਣ ਤੇ ਜਨਤਕ ਸਰਗਰਮੀਆਂ ਕਰਨ ਦੀ ਪੂਰਨ ਆਜ਼ਾਦੀ ਤੇ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਦਾ ਵਿਰੋਧ ਕਰਨ ਦੇ ਮੌਲਿਕ ਅਧਿਕਾਰ ਦੀ ਰਾਖੀ ਕਰਨੀ ਹੈ, ਤਾਂ ਬਿਨਾਂ ਸ਼ੱਕ ਦੇਸ਼ ਦੀਆਂ ਕਮਿਊਨਿਸਟ ਧਿਰਾਂ ਤੇ ਖੱਬੀਆਂ ਤਾਕਤਾਂ ਦੀ ਮਜ਼ਬੂਤ ਹੋਂਦ ਅਤਿ ਲੋੜੀਂਦੀ ਹੈ। ਮਜ਼ਬੂਤ ਖੱਬੀ ਲਹਿਰ ਹੀ ਦੇਸ਼ ਦੇ ਸਮੂਹ ਕਿਰਤੀ ਲੋਕਾਂ ਦੇ ਹਿਤਾਂ ਦੀ ਜ਼ਾਮਨੀ ਕਰਦੀ ਹੋਈ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਖਾਤਮਾ ਕਰ ਕੇ ਭੁੱਖ, ਨੰਗ, ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਤੇ ਮਹਿੰਗਾਈ ਵਰਗੇ ਮਾਰੂ ਰੋਗਾਂ ਤੋਂ ਮੁਕਤ ਸਾਂਝੀਵਾਲਤਾ ਤੇ ਬਰਾਬਰੀ 'ਤੇ ਆਧਾਰਿਤ ਸਮਾਜਿਕ ਤੇ ਆਰਥਿਕ ਵਿਵਸਥਾ ਨੂੰ ਕਾਇਮ ਕਰਨ ਲਈ ਆਪਣੀ ਆਗੂ ਭੂਮਿਕਾ ਅਦਾ ਕਰ ਸਕਦੀ ਹੈ।

# ਬਰੇਕਾਂ ਵਾਲਾ ਬਾਬਾ

ਬਰੇਕਾਂ ਮੋਟਰ-ਗੱਡੀਆਂ, ਸਾਈਕਲਾਂ, ਟਰੇਨਾਂ, ਪਲੇਨਾਂ, ਸਕੂਟਰਾਂ, ਬਾਈਕਾਂ ਦੀਆਂ ਹੁੰਦੀਆਂ ਹਨ। ਘੋੜਿਆਂ, ਬਲਦਾਂ ਜਾਂ ਭਾਰ ਢੋਣ ਵਾਲੇ ਹੋਰ ਜਾਨਵਰਾਂ ਨੂੰ ਨਕੇਲ ਪਾ ਕੇ ਜਾਂ ਹੋਰ ਢੰਗ ਤਰੀਕੇ ਵਰਤ ਕੇ ਉਨ੍ਹਾਂ ਨੂੰ ਰੋਕਣ ਲਈ ਵੀ ਵੱਖਰੀ ਵੰਨਗੀ ਦੀਆਂ 'ਬਰੇਕਾਂ' ਦੀ ਵਰਤੋਂ ਕੀਤੀ ਜਾਂਦੀ ਹੈ।

ਪਰ ਕਦੀ ਸੁਣਿਐ ਕਿ ਬੰਦਿਆਂ ਦੀਆਂ ਵੀ ਬਰੇਕਾਂ ਹੁੰਦੀਆਂ ਹਨ। ਅਸੀਂ ਸੁਣਿਐ ਤੇ ਦੇਖਿਐ। ਲਓ ਤੁਸੀਂ ਵੀ ਸੁਣੋ।



ਗੱਲ ਕਾਫੀ ਪੁਰਾਣੀ ਹੈ, ਪਿਛਲੀ ਸਦੀ ਦੇ ਪਿਛਲੇ ਪਹਿਰ ਦੀ। ਮੈਂ ਉਦੋਂ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਆਪਣੇ ਜੱਦੀ ਪਿੰਡ ਰਹਿੰਦਾ ਸੀ। ਸਾਡੇ ਘਰ ਕੋਲ ਇਕ ਤ੍ਰਿਵੇਣੀ ਹੁੰਦੀ ਸੀ, ਭਾਵ ਬੋਹੜ, ਪਿੱਪਲ ਅਤੇ ਨਿੰਮ ਤਿੰਨੋਂ ਬਿਰਖ ਇਕੋ ਥਾਂ 'ਤੇ। ਘਰ ਤੋਂ ਮਸਾਂ 100 ਫੁੱਟ ਦੀ ਦੂਰੀ ਸੀ। ਵਿਚਾਲੇ ਅਜੇ ਕੋਈ ਇਮਾਰਤ ਨਹੀਂ ਸੀ ਬਣੀ (ਹੁਣ ਵਿਚਾਲੇ ਸਹਿਕਾਰੀ ਬੈਂਕ ਹੈ)।

ਗਰਮੀਆਂ ਦੀ ਤਪਦੀ ਦੁਪਹਿਰ ਇਸ ਤ੍ਰਿਵੇਣੀ ਹੇਠ ਹੀ ਬਿਤਾਈ ਦੀ ਸੀ। ਖੇਡ ਵੀ ਲਈਦਾ ਸੀ ਤੇ ਘਰੋਂ ਮੰਜਾ ਲਿਆ ਕੇ, ਡਾਹ ਕੇ ਲੇਟ ਕੇ ਆਰਾਮ ਵੀ ਕਰ ਲਈਦਾ ਸੀ। ਹੋਰ ਤਾਂ ਹੋਰ, ਲਾਗੇ ਮੱਝਾਂ ਵੀ ਬੰਨ੍ਹ ਲਈਦੀਆਂ ਸਨ ਤਾਂ ਕਿ ਉਹ ਵੀ ਗਰਮੀ ਤੋਂ ਬਚ ਸਕਣ (ਚਮੜੀ ਮੋਟੀ ਹੋਣ ਕਾਰਨ ਮਹਿਰੂਆਂ ਨੂੰ ਗੋਕਿਆਂ ਨਾਲੋਂ ਗਰਮੀ ਵਧੇਰੇ ਲਗਦੀ ਹੈ)।

ਓਸੇ ਹੀ ਤ੍ਰਿਵੇਣੀ ਹੇਠਾਂ ਇਕ ਲਾਗਲੇ ਇਲਾਕੇ ਤੋਂ ਆਇਆ ਬੰਦਾ ਵੀ ਆ ਬੈਠਦਾ ਸੀ। ਸਰੀਰੋਂ ਬੜਾ ਹੱਟਾ-ਕੱਟਾ, ਕੱਦ-ਕਾਠੋਂ ਲੰਮ ਸਲੰਮਾਂ ਅਤੇ ਗੱਲ-ਬਾਤੋਂ ਵੀ ਕੋਈ ਮਾੜਾ ਨਹੀਂ ਸੀ। ਹਾਂ, ਮਨ ਮੌਜੀ ਸੀ, ਕਈ ਵਾਰ ਮੌਨ ਧਾਰਨ ਕਰ ਲੈਂਦਾ ਸੀ। ਹਰ ਵੇਲੇ ਕੋਲ ਇਕ ਪੋਟਲੀ ਰੱਖਦਾ ਸੀ ਜਿਸ ਨੂੰ ਕਿਸੇ ਨੂੰ ਵੀ ਹੱਥ ਨਹੀਂ ਸੀ ਲਾਉਣ ਦਿੰਦਾ।

ਸਾਰੇ ਉਸ ਨੂੰ 'ਬਰੇਕਾਂ ਵਾਲਾ ਬਾਬਾ' ਸੱਦਦੇ ਸਨ। ਉਸ ਦਾ ਅਸਲੀ ਨਾਮ ਕਿਸੇ ਨੂੰ ਨਹੀਂ ਸੀ ਪਤਾ। ਪੁੱਛਣ 'ਤੇ ਵੀ ਉਹ ਵੱਖ ਵੱਖ ਨਾਮ ਦੱਸਦਾ। ਸੋ, ਪਿੰਡ ਵਾਲਿਆਂ ਆਪ ਹੀ ਉਸ ਦਾ ਇਹ ਨਾਮਕਰਣ ਕੀਤਾ ਸੀ।

ਪਰ ਇਹ ਉਵੇਂ ਹੀ ਨਹੀਂ ਸੀ ਕੀਤਾ। ਇਸ ਦਾ ਇਕ ਕਾਰਨ ਸੀ ਤੇ ਕਾਰਨ ਵੀ ਬੜਾ ਅਜੀਬੋ-ਗਰੀਬ। ਉਹ ਸਾਰੀ ਦਿਹਾੜੀ ਤ੍ਰਿਵੇਣੀ ਹੇਠ ਬੈਠਾ ਰਹਿੰਦਾ। ਆਂਢ-ਗੁਆਂਢ ਦੇ ਘਰਾਂ ਤੋਂ ਮਾਈਆਂ-ਬੀਬੀਆਂ ਉਸ ਨੂੰ ਪ੍ਰਸ਼ਾਦਾ-ਪਾਣੀ, ਚਾਹ-ਲੱਸੀ ਦੇ ਜਾਂਦੀਆਂ ਤੇ ਉਹ ਖਾ-ਪੀ ਲੈਂਦਾ। ਕਈ ਵਾਰ ਖਾਂਦਾ ਨਾ ਪਰ ਨਾਲ ਲੈ ਜਾਂਦਾ, ਪਤਾ ਨਹੀਂ ਆਪਣੇ ਵਾਸਤੇ ਜਾਂ ਕਿਸੇ ਹੋਰ ਵਾਸਤੇ, ਇਹ ਤਾਂ ਉਹ ਹੀ ਜਾਣੇ ਤੇ ਜਾਂ ਫਿਰ 'ਉਹ ਜਾਣੇ'।

ਜਦੋਂ ਸ਼ਾਮ ਨੂੰ ਉਹ ਵਾਪਿਸ ਆਪਣੇ ਗਰਾਂ ਜਾਣ ਲਗਦਾ ਤਾਂ ਇਕ ਖਾਸ ਪੁਜ਼ੀਸ਼ਨ ਬਣਾ ਕੇ ਖੜ੍ਹ ਜਾਂਦਾ। ਇਹ ਖੜ੍ਹਨ-ਢੰਗ ਇੰਜ ਦਾ ਹੁੰਦਾ ਜਿਵੇਂ ਦੌੜਾਂ ਵਿਚ ਭਾਗ ਲੈਣ ਵਾਲੇ ਦੌੜਾਕ ਸੀਟੀ ਵੱਜਣ ਤੋਂ ਪਹਿਲਾਂ ਹੇਠਾਂ ਵੱਲ ਨੂੰ ਝੁਕ ਕੇ ਪਰ ਦੌੜਨ ਦੀ ਤਿਆਰੀ ਵਿਚ ਖੜ੍ਹਦੇ ਹਨ।

ਫਿਰ ਉਹ ਜ਼ੋਰ ਜ਼ੋਰ ਦੀ ਆਵਾਜ਼ਾਂ ਮਾਰਨ ਲਗਦਾ ਤੇ ਕਹਿੰਦਾ-'ਮੇਰੀਆਂ ਬਰੇਕਾਂ ਲੱਗ ਗਈਆਂ ਹਨ, ਕੋਈ ਜਣਾ ਆ ਕੇ ਇਨ੍ਹਾਂ ਨੂੰ ਖੋਲ੍ਹੋ'! ਜੇ ਜ਼ਰਾ ਦੇਰ ਹੋ ਜਾਂਦੀ ਤਾਂ ਉਸ ਦੀ ਆਵਾਜ਼ ਪਹਿਲਾਂ ਦਰਦੀਲੀ ਤੇ ਫਿਰ ਰੋਣੀਲੀ ਹੋ ਜਾਂਦੀ। ਜ਼ਿਆਦਾ ਦੇਰੀ ਵੇਲੇ ਉਹ ਚੀਕਾਂ ਮਾਰ ਮਾਰ ਪੁਕਾਰ ਕਰਦਾ।

ਕਿਉਂਕਿ ਸਭ ਤੋਂ ਲਾਗੇ ਘਰ ਸਾਡਾ ਹੀ ਸੀ ਅਤੇ ਮੈਂ ਘਰ 'ਚ ਸਭ ਤੋਂ ਵੱਡਾ ਸੀ, ਇਸ ਲਈ ਮਾਂ ਮੈਨੂੰ ਬਾਬੇ ਦੀਆਂ ਬਰੇਕਾਂ ਖੋਲ੍ਹਣ ਲਈ ਭੇਜਦੀ। ਉਸ ਦਾ ਇਕ ਪੈਰ ਅੱਗੇ ਵਲ ਹੁੰਦਾ ਜਿਵੇਂ ਕਿਸੇ ਅਣਵਾਹੀ ਲਕੀਰ ਉਪਰ ਰੱਖਿਆ ਹੋਵੇ ਅਤੇ ਦੂਸਰਾ ਪੈਰ ਪਿਛਾਂਹ ਵੱਲ ਪਸਾਰੀ ਲੱਤ ਸਮੇਤ ਪਿੱਛੇ ਹੁੰਦਾ, ਜਿਵੇਂ ਇਸ਼ਾਰੇ ਦੀ ਉਡੀਕ ਵਿਚ ਹੋਵੇ।

ਉਸ ਦਾ ਬਰੇਕਾਂ ਖੁਲ੍ਹਵਾਉਣ ਦਾ ਢੰਗ ਵੀ ਬੜਾ ਅਜੀਬ ਸੀ। ਉਹ ਮੈਨੂੰ ਕਹਿੰਦਾ ਕਿ ਮੈਂ ਉਸ ਦੀ ਪਿੱਠ ਉਪਰ ਜ਼ੋਰ ਦੀ ਆਪਣੀ ਲੱਤ ਮਾਰਾਂ। ਮੈਂ ਪਹਿਲਾਂ ਪਹਿਲਾਂ ਬੜਾ ਝਿਜਕਦਾ ਕਿ ਕਿਧਰੇ ਸੱਟ-ਫੇਟ ਹੀ ਨਾ ਲੱਗ ਜਾਏ, ਜਾਂ ਫਿਰ ਜ਼ੋਰ ਦੀ ਲੱਤ ਲੱਗਣ ਕਾਰਨ 'ਬਾਬਾ' ਗਲ ਹੀ ਨਾ ਪੈ ਜਾਵੇ। ਪਰ ਬਾਅਦ ਵਿਚ ਪਤਾ ਲੱਗ ਗਿਆ ਕਿ ਲੱਤ ਤਾਂ ਮਾਰਨੀ ਹੀ ਪੈਣੀ ਹੈ ਤੇ ਉਹ ਵੀ ਜ਼ਰਾ ਕੱਸ ਕੇ। ਜੇ ਲੱਤ ਢਿੱਲੀ ਵੱਜਣੀ ਤਾਂ ਉਸ ਨੇ ਥੋੜ੍ਹਾ ਜਿਹਾ ਅਗਾਂਹ ਵੱਲ ਹੋ ਕੇ ਪਿਛਾਂਹ ਮੁੜ ਆਉਣਾ ਤੇ ਫਿਰ ਪਹਿਲੀ ਅਵਸਥਾ ਵਿਚ ਖੜ੍ਹ ਕੇ ਕਹਿਣਾ ਕਿ 'ਬਰੇਕਾਂ ਅਜੇ ਨਹੀਂ ਖੁੱਲ੍ਹੀਆਂ, ਹੋਰ ਜ਼ੋਰ ਦੀ ਲੱਤ ਮਾਰ'। ਮੇਰੇ ਜ਼ੋਰ ਦੀ ਲੱਤ ਮਾਰਨ ਮਗਰੋਂ ਉਸ ਨੇ ਦੁੜੰਗੇ-ਦੁੜਕੀ ਜਿਹੇ ਲਾਉਂਦਿਆਂ ਚੱਲਣਾ ਸ਼ੁਰੂ ਕਰ ਦੇਣਾ!

ਕਈ ਵਾਰ ਉਸ ਦੀਆਂ ਰਾਹ ਵਿਚ ਫਿਰ ਬਰੇਕਾਂ ਲੱਗ ਜਾਣੀਆਂ। ਉਸ ਨੇ ਦੁਬਾਰਾ ਉਸ ਪੁਜ਼ੀਸ਼ਨ ਵਿਚ ਆ ਜਾਣਾ ਤੇ ਕਿਸੇ ਰਾਹਗੀਰ ਨੂੰ ਬਰੇਕਾਂ ਖੋਲ੍ਹਣ ਦੀ ਗੁਹਾਰ ਲਾਉਣੀ।

ਉਸ ਨਾਲ ਕਈ ਵਾਰ ਗੱਲਾਂ ਕਰਨ ਦਾ ਮੌਕਾ ਮਿਲਿਆ। ਉਹ ਕਮਲਾ ਤਾਂ ਨਹੀਂ ਸੀ ਲੱਗਦਾ। ਪਤਾ ਨਹੀਂ -"ਬਨਾ ਕਰ ਫਕੀਰੋਂ ਕਾ ਹਮ ਭੇਸ 'ਗਾਲਿਬ'/ਤਮਾਸ਼ਾ-ਏ-ਅਹਿਲੇ ਕਰਮ ਦੇਖਤੇ ਹੈਂ" ਵਾਲੀ ਗੱਲ ਸੀ ਜਾਂ ਕੋਈ ਹੋਰ। ਕਈ ਵਾਰ ਬੜੀਆਂ ਸਿਆਣੀਆਂ ਗੱਲਾਂ ਕਰਦਾ। ਸਾਨੂੰ ਉਸ ਦੀਆਂ ਇਹ ਗੱਲਾਂ ਸੁਣ ਕੇ ਵਿਲੀਅਮ ਸ਼ੇਕਸਪੀਅਰ ਦੇ ਨਾਟਕ 'ਐਜ਼ ਯੂ ਲਾਈਕ ਇਟ' ਦੇ ਇਕ 'ਮੂਰਖ' ਪਾਤਰ 'ਜੈਕੁਈਜ਼' ਦੀ ਉਹ ਸਤਰ ਯਾਦ ਆ ਜਾਂਦੀ ਜੋ ਇਕ ਕੋਟ ਬਣ ਚੁੱਕੀ ਹੈ-'ਜਿੰਨਾ ਚਿਰ ਸੁਰਗ ਨੇ ਮੈਨੂੰ ਚੰਗੀ ਕਿਸਮਤ (ਮਾਲ) ਬਖਸ਼ੀ/ਬਖਸ਼ਿਆ ਹੈ, ਮੈਨੂੰ ਮੂਰਖ ਮਤ ਕਹੋ''।

ਉਸ ਨੂੰ ਕੋਈ ਮਾਨਸਿਕ ਰੋਗ ਤਾਂ ਜ਼ਰੂਰ ਹੋਊ, ਪਰ ਇਸ ਬਾਰੇ ਤਾਂ ਮਨੋ-ਰੋਗਾਂ ਦੇ ਮਾਹਿਰ ਡਾਕਟਰ ਹੀ ਦੱਸ ਸਕਦੇ ਹਨ। ਸਾਡੇ 'ਚੋਂ ਉਦੋਂ ਕਿਸੇ ਨੇ ਇਹ ਉਪਰਾਲਾ ਕਰਨ ਦੀ ਹਿੰਮਤ ਨਾ ਕੀਤੀ ਕਿ ਉਸ ਨੂੰ ਕਿਸੇ ਅਜਿਹੇ ਮਾਹਿਰ ਕੋਲੋਂ ਚੈੱਕ ਕਰਵਾ ਲੈਂਦੇ। ਇਕ ਤਾਂ ਉਸ ਵੇਲੇ ਐਨੀ ਸੋਝੀ ਨਹੀਂ ਸੀ, ਸਾਧਨ ਵੀ ਨਹੀਂ ਸਨ ਅਤੇ ਮਾਹਿਰ ਡਾਕਟਰ ਵੀ। ਮਨੋਰੋਗਾਂ ਦੇ ਡਾਕਟਰਾਂ ਦੀ ਤਾਂ ਗੱਲ ਹੀ ਛੱਡੋ, ਸਾਡੇ ਤਾਂ ਲਾਗਲੇ ਸ਼ਹਿਰ ਵਿਚ ਵੀ 3-4 ਆਮ ਰੋਗਾਂ ਦੇ ਡਾਕਟਰ ਸਨ, ਪਿੰਡ ਵਿਚ ਤਾਂ ਘਰੇਲੂ ਓਹੜ-ਪੋਹੜ ਹੀ ਕੰਮ ਆਉਂਦੇ ਸਨ- ਖੇਤੀ ਦਾ ਕੰਮ ਕਰਦਿਆਂ ਕਦੀ ਕਹੀ ਵੱਜ ਜਾਣੀ ਜਾਂ ਪੱਠੇ ਵਢਦਿਆਂ ਦਾਤੀ ਤਾਂ ਜਾਂ ਤਾਂ ਮਿੱਟੀ ਪਾ ਕੇ ਸਾਰ ਲਈਦਾ ਸੀ ਤੇ ਜਾਂ ਕਰੂਰਾ ਕਰਕੇ। ਉਨ੍ਹੀਂ ਦਿਨੀਂ ਸ਼ਹਿਰ ਤਾਂ ਤਦ ਹੀ ਲੈ ਕੇ ਜਾਂਦੇ ਸਨ ਜਦ ਕੋਈ ਮਰਨ ਵਾਲਾ ਹੁੰਦਾ!

ਬਰੇਕਾਂ ਵਾਲਾ ਬਾਬਾ ਕਈ ਵਾਰ ਆਪਣੇ ਪਰਿਵਾਰ ਬਾਰੇ ਵੀ ਦੱਸਦਾ। ਪਤਾ ਨਹੀਂ ਸੱਚ ਸੀ ਜਾਂ ਉਸ ਨੇ ਦਿਲਜੋਈ ਲਈ ਕਹਾਣੀ ਘੜੀ ਸੀ ਤੇ ਜਾਂ ਫਿਰ ਹੁੰਦਿਆਂ-ਸੁੰਦਿਆਂ ਕੋਈ ਨਹੀਂ ਸੀ!


ਕਈ ਵਾਰ ਉਹ ਹੱਸਦਾ ਵੀ। ਪਤਾ ਨਹੀਂ ਆਪਣੇ ਆਪ 'ਤੇ, ਸਾਡੇ 'ਤੇ ਜਾਂ ਬਾਕੀ ਦੁਨੀਆਂ 'ਤੇ? ਉਦੋਂ ਇਉਂ ਲਗਦਾ ਜਿਵੇਂ ਉਸ ਦੀ ਅਵਸਥਾ ਇਹ ਆਖ ਰਹੀ ਹੋਵੇ-"ਬਿਹਤਰ ਹੈ ਕਿ ਦਿਲ ਕੇ ਪਾਸ ਰਹੇ ਪਾਸਬਾਨੇ-ਅਕਲ/ਲੇਕਿਨ ਕਭੀ ਕਭੀ ਇਸੇ ਤਨਹਾ ਭੀ ਛੋੜ ਦੇ"!

ਅਤੇ ਫਿਰ ਉਹ ਅਚਾਨਕ ਹੀ ਆਉਣੋਂ ਹਟ ਗਿਆ। ਕੁਝ ਦੇਰ ਬਾਅਦ ਪਤਾ ਲੱਗਾ ਕਿ 'ਬਰੇਕਾਂ ਵਾਲੇ ਬਾਬੇ' ਦੀਆਂ ਸਦਾ ਲਈ 'ਬਰੇਕਾਂ' ਲੱਗ ਗਈਆਂ ਸਨ! ਤੇ ਜਾਂ ਫਿਰ ਬਰੇਕਾਂ 'ਫੇਲ੍ਹ' ਹੋ ਗਈਆਂ ਸਨ ਅਤੇ ਸਰੀਰ ਰੂਪੀ ਉਸ ਦੀ ਗੱਡੀ ਭਵਸਾਗਰ ਵਿਚ ਸਮਾ ਗਈ ਸੀ!

# ਮਛੇਰਿਆਂ ਦੀ ਦਾਸਤਾਨ 'ਅਗੇਂਸਟ ਦਿ ਟਾਈਡ'

## ਸਮੁੰਦਰ ਦਾ ਸੰਘਰਸ਼ ਅਤੇ ਸਰਵਨਿਕ ਕੌਰ ਦੀ ਦਸਤਾਵੇਜ਼ੀ ਫਿਲਮ








*ਸਰਵਨਿਕ ਕੌਰ ਦੀ ਦਸਤਾਵੇਜ਼ੀ ਫਿਲਮ 'ਅਗੇਂਸਟ ਦਿ ਟਾਈਡ' ਦਾ ਪੋਸਟਰ, ਫਿਲਮ ਦੇ ਦੋ ਦ੍ਰਿਸ਼ ਅਤੇ (ਐਨ ਸੱਜੇ) ਸਰਵਨਿਕ ਕੌਰ।*

***ਨੈਸ਼ਨਲ ਐਵਾਰਡ ਜੇਤੂ ਫਿਲਮਸਾਜ਼ ਸਰਵਨਿਕ ਕੌਰ ਦੀ ਦਸਤਾਵੇਜ਼ੀ ਫਿਲਮ 'ਅਗੇਂਸਟ ਦਿ ਟਾਈਡ' ਨੇ ਸਨਡਾਂਸ ਫਿਲਮ ਮੇਲੇ 'ਚ 7 ਇਨਾਮ ਹਾਸਲ ਕੀਤੇ। ਇਸ ਦਾ ਦੱਖਣੀ ਏਸ਼ੀਆ ਪ੍ਰੀਮੀਅਰ ਬੰਬਈ ਵਿਚ ਜੀਓ 'ਮਾਮੀ' (ਮੁੰਬਈ ਅਕੈਡਮੀ ਆਫ ਮੂਵਿੰਗ ਇਮੇਜ) ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ ਹੋਇਆ ਜਿਸ ਵਿਚ ਇਸ ਫਿਲਮ ਨੇ ਗੋਲਡਨ ਗੇਟਵੇਅ ਐਵਾਰਡ (ਸਰਵੋਤਮ ਫਿਲਮ ਪੁਰਸਕਾਰ) ਹਾਸਲ ਕੀਤਾ। ਇਸ ਨੇ ਏਸ਼ੀਆ ਪੈਸਿਫਿਕ ਸਕਰੀਨ ਐਵਾਰਡਜ਼ 2023 ਲਈ ਸਰਵੋਤਮ ਦਸਤਾਵੇਜ਼ੀ ਫਿਲਮ ਪੁਰਸਕਾਰ ਵੀ ਹਾਸਲ ਕੀਤਾ। ਇਹ ਫਿਲਮ ਸਰਵਨਿਕ ਕੌਰ ਅਤੇ ਕੋਵਿਲ ਭਾਟੀਆ ਨੇ ਬਣਾਈ ਹੈ। ਮਹਾਰਾਸ਼ਟਰ ਦੇ ਕੋਲੀ ਮਛੇਰਿਆਂ ਦੇ ਜੀਵਨ 'ਤੇ ਆਧਾਰਿਤ ਇਸ ਦਸਤਾਵੇਜ਼ੀ ਰਾਹੀਂ ਸਰਵਨਿਕ ਕੌਰ ਨੇ ਕਾਰਪੋਰੇਟ ਸੰਸਾਰ, ਵਿਕਾਸ, ਧਨ ਪ੍ਰਾਪਤੀ ਲਈ ਲੱਗੀ ਦੌੜ ਅਤੇ ਸਫਲਤਾ ਦੇ ਮਾਪਦੰਡਾਂ ਬਾਰੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਅੰਸ਼:***



ਦਵੀ ਦਵਿੰਦਰ ਕੌਰ
ਫੋਨ: +91-98760-82982

**ਸਵਾਲ:** ਤੁਹਾਡੀ ਪਹਿਲੀ ਫਿਲਮ ਕਸ਼ਮੀਰ ਉੱਤੇ 'ਸੋਜ਼: ਏ ਬੈਲੇਡ ਆਫ ਮੈਲੋਡੀਜ਼' ਸੀ। ਫਿਰ ਮਹਾਰਾਸ਼ਟਰ ਦੇ ਮਛੇਰਿਆਂ 'ਤੇ ਇਹ ਦਸਤਾਵੇਜ਼ੀ ਬਣਾਉਣ ਦਾ ਖਿਆਲ ਕਿਵੇਂ ਆਇਆ?

**ਜਵਾਬ:** 'ਸੋਜ਼: ਏ ਬੈਲੇਡ ਆਫ ਮੈਲੋਡੀਜ਼' ਦਾ ਵਿਸ਼ਾ ਲੋਕਾਂ ਦੇ ਦਰਦ ਤੇ ਦੁੱਖਾਂ ਨੂੰ ਸੰਗੀਤ ਤੇ ਕਵਿਤਾ ਵਿਚ ਬੰਨ੍ਹਣ ਦੀ ਕਹਾਣੀ ਹੈ। ਉੱਥੇ ਬੈਠਿਆਂ ਹੀ ਮੈਨੂੰ ਤੱਟੀ ਸੜਕ ਬਣਨ ਕਾਰਨ ਮੁੰਬਈ ਦੇ ਨੇੜਲੇ ਪਿੰਡਾਂ ਦੇ ਲੋਕਾਂ ਦੇ ਪੁਸ਼ਤੈਨੀ ਘਰਾਂ ਦੇ ਖੁੱਸਣ ਦੀ ਜਾਣਕਾਰੀ ਮਿਲੀ। ਮੈਨੂੰ ਲੱਗਿਆ, ਕਸ਼ਮੀਰ 'ਚ ਰਾਸ਼ਟਰਵਾਦ ਤੇ ਗੜਬੜ ਵਾਲੇ ਇਲਾਕੇ ਦੇ ਨਾਮ ਉੱਤੇ ਅਤੇ ਮੁੰਬਈ ਵਿਚ ਵਿਕਾਸ ਦੇ ਨਾਮ ਉੱਤੇ ਆਮ ਆਦਮੀ ਨੂੰ ਜ਼ਮੀਨ ਤੋਂ ਬੇਦਖਲ ਕੀਤਾ ਜਾ ਰਿਹਾ ਹੈ। ਇਹ ਰਾਸ਼ਟਰਵਾਦ ਤੇ ਵਿਕਾਸ ਜਿਹੇ ਸ਼ਬਦ ਆਪਸ ਵਿਚ ਥਾਂ ਬਦਲਦੇ ਰਹਿੰਦੇ ਹਨ ਤੇ ਇਤਿਹਾਸ ਵਿਚ ਵਿਅਕਤੀਗਤ ਕਹਾਣੀਆਂ ਦਾ ਕੋਈ ਸਥਾਨ ਨਹੀਂ ਹੁੰਦਾ।

**ਸਵਾਲ:** ਭਾਵ, ਮਨੁੱਖੀ ਉਜਾੜਾ ਕਿਤੇ ਨਾ ਕਿਤੇ ਤੁਹਾਡੇ ਮਨ ਨੂੰ ਠੇਸ ਪਹੁੰਚਾਉਂਦਾ ਹੈ?

**ਜਵਾਬ:** 1947 ਵਿਚ ਦੇਸ਼ ਦੀ ਵੰਡ ਵੇਲੇ ਮੇਰੇ ਦਾਦਾ ਜੀ ਉੱਧਰੋਂ ਉੱਜੜ ਕੇ ਦਿੱਲੀ ਆ ਵੱਸੇ ਸਨ। ਮੇਰਾ ਜਨਮ 1983 ਵਿਚ ਹੋਇਆ ਤੇ 1984 ਵਿਚ ਦਿੱਲੀ ਦੇ ਹਰੀਨਗਰ ਵਿਚ ਸਾਡਾ ਘਰ ਸਾੜ ਦਿੱਤਾ ਗਿਆ। ਮੇਰਾ ਪਾਲਣ-ਪੋਸ਼ਣ ਉਜਾੜੇ ਤੇ ਘਰ ਨਾ ਹੋਣ ਦੀਆਂ ਕਹਾਣੀਆਂ ਸੁਣਦਿਆਂ ਹੋਇਆ। ਸਾਨੂੰ ਪਾਲਿਆ ਪੋਸਿਆ ਤਾਂ ਸਬਰ-ਸੰਤੋਖ ਤੇ ਸਰਬੱਤ ਦਾ ਭਲਾ ਮੰਗਣ ਦੇ ਵਿਚਾਰ ਨਾਲ ਸੀ ਪਰ ਦੁਨੀਆ ਬਿਲਕੁਲ ਉਲਟ ਸੀ। ਸੋ, ਮੇਰਾ ਆਪਣੇ ਆਪ ਵਿਚੋਂ ਯਕੀਨ ਮੁੱਕ ਚੁੱਕਿਆ ਸੀ ਤੇ ਜਿਊਣ ਦਾ ਚਾਅ ਵੀ ਨਹੀਂ ਸੀ ਬਚਿਆ। ਮੈਂ ਆਪਣਾ ਕੈਮਰਾ ਚੁੱਕ ਕੇ ਕੋਲੀ ਮਛੇਰਾ ਔਰਤਾਂ ਦੇ ਇੱਕ ਗਰੁੱਪ ਕੋਲ ਜਾਣ ਲੱਗ ਪਈ। ਇਹ ਔਰਤਾਂ 175 ਸਾਲ ਪੁਰਾਣੀ ਇੱਕ ਮੰਡੀ ਵਿਚ ਰਾਤ ਨੂੰ ਮੱਛੀ ਵੇਚਦੀਆਂ ਸਨ ਪਰ ਇਸ ਮੰਡੀ 'ਤੇ ਬੀ.ਐੱਮ.ਸੀ. ਦੀ ਕਾਲੀ ਨਜ਼ਰ ਪੈ ਗਈ ਤੇ ਉਨ੍ਹਾਂ ਨੇ ਇੱਥੇ ਮਾੱਲ ਬਣਾਉਣ ਦਾ ਫੈਸਲਾ ਕਰ ਲਿਆ। ਮੁੰਬਈ ਵਿਚ ਪਲੀਆਂ ਔਰਤਾਂ ਜਾਣਦੀਆਂ ਸਨ ਕਿ ਇੱਕ ਵਾਰ ਉਨ੍ਹਾਂ ਤੋਂ ਇਹ ਟਿਕਾਣਾ ਖੁੱਸ ਗਿਆ ਤਾਂ ਮੁੜ ਕੇ ਇੱਥੇ ਉਨ੍ਹਾਂ ਨੂੰ ਕੁਝ ਨਹੀਂ ਮਿਲਣਾ। ਸੋ, ਉਨ੍ਹਾਂ ਵਿਰੋਧ ਕਰਨਾ ਸ਼ੁਰੂ ਕੀਤਾ ਤੇ ਮੈਂ ਉਨ੍ਹਾਂ ਦੀਆਂ ਛੋਟੀਆਂ-ਛੋਟੀਆਂ ਵੀਡੀਓਜ਼ ਬਣਾਉਣ ਲੱਗ ਪਈ ਤਾਂ ਕਿ ਸ਼ਹਿਰ ਦੇ ਲੋਕਾਂ ਨੂੰ ਇਨ੍ਹਾਂ ਦੀ ਸਮੱਸਿਆ ਤੋਂ ਜਾਣੂ ਕਰਵਾਇਆ ਜਾ ਸਕੇ। ਉਦੋਂ ਹੀ ਮੈਨੂੰ ਭਾਨੂੰ ਕੋਲੀ ਨਾਮ ਦੀ ਔਰਤ ਨੇ ਖਾਣੇ ਲਈ ਘਰ ਬੁਲਾਇਆ। ਰਾਕੇਸ਼ (ਫਿਲਮ ਦਾ ਮੁੱਖ ਪਾਤਰ) ਮੈਨੂੰ ਉੱਥੇ ਮਿਲਿਆ। ਮੈਂ ਉਸ ਨਾਲ ਮੱਛੀਆਂ ਫੜਨ ਜਾਣ ਲੱਗੀ ਤੇ ਮੇਰੇ ਮਨ ਵਿਚ ਫਿਲਮ ਬਣਾਉਣ ਦਾ ਖਿਆਲ ਆਉਣ ਲੱਗਿਆ।

**ਸਵਾਲ:** ਤੁਸੀਂ ਫਿਲਮ ਦੇ ਦੂਜੇ ਅਹਿਮ ਪਾਤਰ ਗਣੇਸ਼ ਨੂੰ ਕਿਵੇਂ ਮਿਲੇ?

**ਜਵਾਬ:** ਮੈਂ ਰਾਜੇਸ਼ ਤੋਂ ਉਸ ਦੇ ਸੋਚਣ ਢੰਗ ਤੋਂ ਬਹੁਤ ਪ੍ਰਭਾਵਿਤ ਹੋਈ ਸੀ ਤੇ ਹੁਣ ਵੀ ਹਾਂ। ਫਿਰ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ ਸੁਪਨ ਪ੍ਰੋਜੈਕਟ ਸਾਗਰ ਮਾਲਾ ਵਿਰੁੱਧ ਮਛੇਰਿਆਂ ਵਿਚ ਰੋਹ ਉੱਠਿਆ। ਮੰਤਰੀ ਦਾ ਮਨਸ਼ਾ ਸਾਰੀਆਂ ਬੰਦਰਗਾਹਾਂ ਨੂੰ ਜੋੜ ਕੇ ਮੱਛੀ ਫੜਨ ਦੇ ਕੰਮ ਦਾ ਸਨਅਤੀਕਰਨ ਕਰਨਾ ਸੀ। ਮਛੇਰਿਆਂ ਨੂੰ ਭਾਵੇਂ ਰੋਸ ਪ੍ਰਦਰਸ਼ਨ ਕਰਨ ਤੋਂ ਰੋਕ ਦਿੱਤਾ ਗਿਆ ਪਰ ਉੱਥੇ ਮੈਨੂੰ ਗਣੇਸ਼ ਨਖਵਾ ਮਿਲਿਆ ਜੋ ਹੋਰ ਮਛੇਰਿਆਂ ਦੇ ਉਲਟ ਸਮੁੰਦਰੀ ਮੀਲਾਂ 'ਤੇ ਪ੍ਰਦੂਸ਼ਣ ਦੀ ਗੱਲ ਕਰ ਰਿਹਾ ਸੀ। ਉਹ ਸਕਾਟਲੈਂਡ ਤੋਂ ਫਾਇਨਾਂਸ ਵਿਚ ਮਾਸਟਰਜ਼ ਕਰ ਕੇ ਬੈਂਕ ਦੀ ਚੰਗੀ ਨੌਕਰੀ ਛੱਡ ਕੇ ਪਿਤਾ ਪੁਰਖੀ, ਮੱਛੀਆਂ ਫੜਨ ਦਾ ਕੰਮ ਕਰਨ ਲਈ ਪਰਤ ਆਇਆ ਸੀ।

**ਸਵਾਲ:** ਕੀ ਫਿਲਮ ਦਾ ਅਸਲ ਸਰੂਪ ਅਤੇ ਵਿਸ਼ਾ ਤੁਹਾਨੂੰ ਪਹਿਲਾਂ ਹੀ ਸਪਸ਼ਟ ਸਨ?

**ਜਵਾਬ:** ਨਹੀਂ! ਮੈਨੂੰ ਚਾਰ ਸਾਲ ਤਾਂ ਖੋਜ ਕਾਰਜ ਵਿਚ ਲੱਗੇ। ਦੋ ਸਾਲ ਮੈਂ ਪਹਿਲਾਂ ਹੀ ਲਾ ਚੁੱਕੀ ਸੀ ਤੇ ਰਹਿੰਦੇ ਸਮੇਂ ਦੌਰਾਨ ਮੈਂ ਮਛੇਰਿਆਂ ਦੇ ਪਰਿਵਾਰਾਂ ਵਿਚ ਰਹਿ ਕੇ ਸਾਰਾ ਕੁਝ ਵਾਪਰਦਾ ਦੇਖਿਆ। ਕੋਲੀ ਮਛੇਰਿਆਂ ਨੂੰ ਆਪਣੀ ਰੋਟੀ-ਰੋਜ਼ੀ 'ਤੇ ਬਹੁਤ ਭਰੋਸਾ ਹੈ। ਮੈਂ ਗਣੇਸ਼ ਨਾਲ ਸਮੂਨ ਬੰਦਰਗਾਹ 'ਤੇ ਜਾ ਕੇ ਕਾਰੋਬਾਰ ਨੂੰ ਸਮਝਣ ਦਾ ਯਤਨ ਕੀਤਾ। ਫਿਰ ਇੱਕ ਦਿਨ ਮੈਂ ਇਨ੍ਹਾਂ ਦੋਵਾਂ ਨੂੰ ਇਕੱਠੇ ਬੈਠ ਕੇ ਮੱਛੀ ਖਾਂਦੇ ਤੇ ਵਿਸਕੀ ਪੀਂਦੇ ਗੱਲਾਂ ਕਰਦੇ ਦੇਖਿਆ। ਮੇਰੀ ਫਿਲਮ ਨੇ ਅਗਲੀ ਪੁਲਾਂਘ ਪੁੱਟੀ। ਮੈਂ ਦੋਵਾਂ ਦੇ ਘਰਾਂ ਵਿਚ ਕੈਮਰਾ ਲਾ ਦਿੰਦੀ। ਘੰਟਿਆਂ ਬੱਧੀ ਰਿਕਾਰਡਿੰਗ ਕੀਤੀ।

**ਸਵਾਲ:** ਦੋਹਾਂ ਪਾਤਰਾਂ 'ਚ ਤੁਹਾਨੂੰ ਕੀ ਫ਼ਰਕ ਲੱਗਿਆ?

**ਜਵਾਬ:** ਦੋਵੇਂ ਭਾਵੇਂ ਗੱਲਾਂ ਕਰਦੇ ਲੜਦੇ ਝਗੜਦੇ ਤੇ ਰੁੱਸ ਜਾਂਦੇ ਪਰ ਫਿਰ ਇਕੱਠੇ ਹੋ ਜਾਂਦੇ। ਉਹ ਭਿੰਨ ਦਿਸਦੇ ਵੀ ਅੰਦਰੋਂ ਇੱਕ ਸਨ। ਦੋਵਾਂ ਨੂੰ ਸਮੁੰਦਰ ਅਤੇ ਮੱਛੀਆਂ ਫੜਨ ਨਾਲ ਪਿਆਰ ਹੈ। ਬਸ ਫ਼ਰਕ ਇਹ ਸੀ ਕਿ ਰਾਕੇਸ਼ ਛੋਟੀ ਕਿਸ਼ਤੀ ਨਾਲ ਘੱਟ ਡੂੰਘੇ ਪਾਣੀ ਵਿਚ ਅਤੇ ਗਣੇਸ਼ ਮੋਟਰ ਬੋਟ ਨਾਲ ਡੂੰਘੇ ਪਾਣੀ ਵਿਚ ਜਾਂਦਾ ਸੀ। ਦੋਵਾਂ ਨੂੰ ਦੁਨੀਆ ਦੇ ਦੋਹਰੇਪਣ ਦਾ ਇਲਮ ਸੀ। ਰਾਕੇਸ਼ ਕਦੇ ਵੀ ਕੁਦਰਤ ਦੇ ਨਾ ਖ਼ਿਲਾਫ਼ ਸੀ ਤੇ ਨਾ ਉਸ ਨੂੰ ਕਦੇ ਗਿਲਾ ਹੁੰਦਾ। ਸਮੁੰਦਰ ਵਿਚ ਕਿਸ਼ਤੀ ਠੱਲ੍ਹਦਿਆਂ ਹੀ ਉਸ ਦੀ ਦੇਹ ਵਿਚ ਤਰਲ ਜਿਹੀ ਲਚਕ ਆ ਜਾਂਦੀ ਤੇ ਉਹ ਲਹਿਰਾਂ ਨਾਲ ਲਹਿਰ ਹੋ ਜਾਂਦਾ। ਉਸ ਨੂੰ ਸਮੁੰਦਰ ਵਿਚੋਂ ਮੱਛੀਆਂ ਨਾਲ ਮਿਲਦੇ ਬਹੁਤ ਸਾਰੇ ਪਲਾਸਟਿਕ ਬਾਰੇ ਵੀ ਆਸ ਸੀ ਕਿ ਅੱਜ ਇਹ ਹੈ, ਭਲਕੇ ਨਹੀਂ ਰਹੇਗਾ। ਇਹ 'ਭਲਕ' ਭਾਵੇਂ ਉਸ ਦੇ ਜਿਊਂਦੇ ਜੀਅ ਆਵੇ ਜਾਂ ਨਾ। ਦੂਜੇ ਪਾਸੇ ਗਣੇਸ਼ ਨੂੰ ਪੈਸੇ ਕਮਾਉਣ ਦੀ ਵੱਡੀ ਚਾਹ ਸੀ ਪਰ ਸਮੁੰਦਰ ਨਾਲ ਮੁਹੱਬਤ ਦੋਵਾਂ ਨੂੰ ਸੀ ਤੇ ਦੋਵਾਂ ਨਾਲ ਜਾ ਕੇ ਮੈਂ ਦੇਖਿਆ ਕਿ ਸਮੁੰਦਰ ਸੱਚਮੁਚ ਬਿਮਾਰ ਹੈ। ਵਿਗਿਆਨੀਆਂ ਮੁਤਾਬਕ ਅਰਬ ਸਾਗਰ ਜਲਦੀ ਹੀ ਮਰ (ਖ਼ਤਮ) ਜਾਵੇਗਾ। ਸਮੁੰਦਰ ਦੇ ਮਰਨ ਦਾ ਅਸਰ ਦੋਵਾਂ ਦੇ ਪਰਿਵਾਰਾਂ 'ਤੇ, ਵਿੱਤੀ ਹਾਲਾਤ ਉੱਤੇ ਪ੍ਰਤੱਖ ਦਿਸਦਾ ਹੈ।

**ਸਵਾਲ:** ਇਹ ਫਿਲਮ ਬਣਾ ਕੇ ਤੁਸੀਂ ਕੀ ਮਹਿਸੂਸ ਕੀਤਾ?

**ਜਵਾਬ:** ਰਾਕੇਸ਼ ਨਾਲ ਕੰਮ ਕਰਨ ਮਗਰੋਂ ਸਮਝ ਆਇਆ ਕਿ ਛੋਟੇ ਕਿਸਾਨ ਤੇ ਮਛੇਰੇ (ਘੱਟ ਡੂੰਘੇ ਪਾਣੀ ਵਿਚ ਜਾਣ ਵਾਲੇ) 70 ਫੀਸਦੀ ਆਬਾਦੀ ਦਾ ਢਿੱਡ ਭਰਦੇ ਹਨ ਜਦਕਿ ਇੰਡਸਟ੍ਰੀਅਲ ਫਾਰਮਿੰਗ ਤੇ ਫਿਸ਼ਿੰਗ ਤੇਜ਼ੀ ਨਾਲ ਸਾਧਨਾਂ ਦਾ ਉਜਾੜਾ ਕਰ ਰਹੀ ਹੈ। ਛੋਟੇ ਉਤਪਾਦਕਾਂ ਦੀ ਵਿਕਾਸ ਦੇ ਨਾਮ 'ਤੇ ਕਾਰਪੋਰੇਟਾਂ ਵੱਲੋਂ ਬਾਂਹ ਮਰੋੜੀ ਜਾ ਰਹੀ ਹੈ। ਉਹ ਆਪਣੀ ਸਾਰੀ ਪਿਤਾ ਪੁਰਖੀ ਸਿਆਣਪ ਸੂਝਬੂਝ ਦੇ ਬਾਵਜੂਦ ਥੁੜ੍ਹਾਂ ਵਿਚ ਹਨ। ਸਿਆਸੀ ਤੌਰ 'ਤੇ ਵਿਰੋਧ ਕਰਨਾ ਮੁਹਾਲ ਕਰ ਦਿੱਤਾ ਗਿਆ ਹੈ ਕਿਉਂਕਿ ਝੱਟ ਹੀ ਰਾਸ਼ਟਰ ਵਿਰੋਧੀ ਹੋਣ ਦਾ ਲਕਬ ਦੇ ਦਿੱਤਾ ਜਾਂਦਾ ਹੈ। ਬਹੁਤੇ ਲੋਕਾਂ ਵਿਚ ਬੇਗਾਨੇਪਣ ਦਾ ਅਹਿਸਾਸ ਹੋ ਰਿਹਾ ਹੈ।

**ਸਵਾਲ:** ਤੁਹਾਨੂੰ ਫਿਲਮ ਬਣਾਉਣ ਮਗਰੋਂ ਲੰਮਾ ਸਮਾਂ ਇਨ੍ਹਾਂ ਲੋਕਾਂ ਵਿਚ ਰਹਿਣ ਮਗਰੋਂ ਇਸ ਸਾਰੇ ਕੁਝ ਦਾ ਕੀ ਹੱਲ ਜਾਪਦਾ ਹੈ?

**ਜਵਾਬ:** ਮਨੁੱਖ ਅਸਲ ਵਿਚ ਬਹੁਤ ਭੋਲਾ ਤੇ ਸਿੱਧਾ ਪ੍ਰਾਣੀ ਹੈ ਪਰ ਅਸੀਂ ਸੰਵਾਦ ਬੰਦ ਕਰ ਦਿੱਤਾ ਹੈ। ਰਾਕੇਸ਼ ਅਤੇ ਗਣੇਸ਼ ਆਪਸੀ ਸੰਵਾਦ ਦੀ ਬਦੌਲਤ ਸਭ ਦੁੱਖਾਂ-ਸੰਕਟਾਂ ਵਿਚ ਵੀ ਡਟੇ ਹੋਏ ਹਨ। ਅਸੀਂ ਘਰਾਂ ਵਿਚੋਂ ਬਾਹਰ ਨਿਕਲਣਾ ਬੰਦ ਕਰ ਦਿੱਤਾ ਹੈ ਤੇ ਕੰਪਿਊਟਰ, ਰੇਡੀਓ, ਟੀ.ਵੀ., ਅਖ਼ਬਾਰ ਰੋਜ਼ ਸਾਨੂੰ ਝੂਠ ਦੱਸਦੇ ਹਨ। ਮੇਰਾ ਜ਼ਿੰਦਗੀ ਵਿਚੋਂ ਭਰੋਸਾ ਉੱਠ ਗਿਆ ਸੀ, ਮੈਂ ਤਾਂ ਇਹ ਫਿਲਮ ਬਣਾਉਣੀ ਸ਼ੁਰੂ ਕੀਤੀ ਸੀ। ਮੈਂ ਘਰੋਂ ਨਿਕਲੀ ਤਾਂ ਮੈਨੂੰ ਰਾਕੇਸ਼ ਮਿਲਿਆ, ਗਣੇਸ਼ ਮਿਲਿਆ, ਦੋਵਾਂ ਦੇ ਟੱਬਰਾਂ ਨੇ ਮੇਰੇ ਅੱਗੇ ਘਰ ਤੇ ਦਿਲ ਖੋਲ੍ਹ ਦਿੱਤੇ ਤੇ ਤਮਾਮ ਕਹਾਣੀਆਂ ਸੁਣਾਈਆਂ। ਅਸੀਂ ਸਵਾਲ ਕਰਨੇ ਛੱਡ ਦਿੱਤੇ। ਸਕੂਲਾਂ ਕਾਲਜਾਂ ਨੇ ਸਾਨੂੰ ਬੇਵਕੂਫ, ਵਰਕਲੋਅ ਤੇ ਰੋਬੋਟ ਬਣਾ ਧਾਰਿਆ ਹੈ। ਮੈਂ ਗਣੇਸ਼ ਨਾਲ ਡੂੰਘੇ ਪਾਣੀਆਂ ਵਿਚ ਜਾ ਕੇ ਦੇਖਿਆ। ਸਮੁੰਦਰ ਵਿਚ ਜੈਲੀਫਿਸ਼, ਪਲਾਸਟਿਕ, ਕਚਰੇ ਤੇ ਕੰਡੋਮਾਂ ਦੀਆਂ ਲਹਿਰਾਂ ਹਨ। ਪਾਣੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਮੱਛੀਆਂ ਬਹੁਤ ਹੇਠਾਂ ਠੰਢੇ ਪਾਣੀ 'ਚ ਚਲੀਆਂ ਜਾਂਦੀਆਂ। ਸਮੁੰਦਰ ਵਿਚ ਡੂੰਘੇ ਪਾਣੀਆਂ ਵਿਚ ਧੁਰ ਅੰਦਰ ਇੱਕ ਵਾਰ ਜਾਣ ਲਈ 3000 ਲਿਟਰ ਡੀਜ਼ਲ ਲੱਗਦਾ ਹੈ।

**ਸਵਾਲ:** ਕੀ ਸ਼ੂਟਿੰਗ ਦੌਰਾਨ ਕੋਈ ਦਿਲ ਦੁਖਾਊ ਘਟਨਾ ਵਾਪਰੀ ਹੋਵੇ?

**ਜਵਾਬ:** ਕਚਰਾ ਤੇ ਪਲਾਸਟਿਕ, ਜੈਲੀਫਿਸ਼ ਦੇਖ ਕੇ ਮੱਛੀਆਂ ਦੀ ਘਟਦੀ ਗਿਣਤੀ ਦੇਖ ਕੇ ਦੁੱਖ ਹੁੰਦਾ: ਉਂਝ ਬਹੁਤ ਭਾਵੁਕ ਪਲ ਉਹ ਸਨ ਜਦੋਂ ਗਣੇਸ਼ ਨਾਲ ਮੈਂ ਆਪਣੀ ਪੂਰੀ ਟੀਮ ਲੈ ਕੇ ਸਮੁੰਦਰ ਦੇ ਧੁਰ ਅੰਦਰ ਬਹੁਤ ਦੂਰ ਗਏ ਪਰ ਮੱਛੀਆਂ ਬਿਲਕੁਲ ਨਾ ਮਿਲੀਆਂ। ਗਣੇਸ਼ ਲਗਾਤਾਰ ਘਾਟੇ ਵਿਚ ਜਾ ਰਿਹਾ ਸੀ ਤੇ ਐਤਕੀਂ ਉਸ ਨੇ ਆਖਰੀ ਵਾਰ ਕਰਜ਼ਾ ਲੈ ਕੇ ਵੱਡਾ ਦਾਅ ਖੇਡਿਆ ਸੀ ਪਰ ਟੈਕਨਾਲੋਜੀ ਦਾ ਕੀ ਕਰੋਗੇ ਜੇ ਮੱਛੀਆਂ ਹੀ ਨਹੀਂ ਮਿਲ ਰਹੀਆਂ। ਮੇਰਾ ਉਦੋਂ ਕੈਮਰਾ ਲਾਉਣ ਨੂੰ ਦਿਲ ਨਾ ਕਰੇ ਜਦੋਂ ਮੈਨੂੰ ਪਤਾ ਲੱਗਿਆ ਕਿ ਗਣੇਸ਼ ਕੈਬਿਨ ਵਿਚ ਜਾ ਕੇ ਇਕੱਲਾ, ਕੁਝ ਮਿੰਟ ਅੰਦਰ ਵੜ ਕੇ ਰੋਇਆ।

# ਰਾਣੀ ਮੁਖਰਜੀ ਦਾ ਝੋਰਾ

ਕੁਦਰਤ ਕੌਰ

ਰਾਣੀ ਮੁਖਰਜੀ ਲੰਮੇ ਸਮੇਂ ਤੋਂ ਭਾਰਤੀ ਫਿਲਮ ਸਨਅਤ ਵਿਚ ਕੰਮ ਕਰ ਰਹੀ ਹੈ। ਉਸ ਨੇ ਰੋਮਾਂਟਿਕ ਫਿਲਮ 'ਹਮ ਤੁਮ' ਤੋਂ ਲੈ ਕੇ ਪੁਲਿਸ ਅਫਸਰ ਦੇ ਕਿਰਦਾਰ ਵਾਲੀ 'ਮਰਦਾਨੀ' ਵਰਗੀਆਂ ਫਿਲਮਾਂ ਵਿਚ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ ਹੈ। ਰਾਣੀ ਮੁਖਰਜੀ ਨੇ ਗੋਆ 'ਚ 54ਵੇਂ ਭਾਰਤੀ ਕੌਮਾਂਤਰੀ ਫਿਲਮ ਮੇਲੇ ਵਿਚ ਕਰਵਾਏ ਇੱਕ ਸੈਸ਼ਨ ਦੌਰਾਨ ਖੁਲਾਸਾ ਕੀਤਾ ਕਿ ਉਹ ਇਸ ਨੂੰ ਆਪਣੀ ਬਦਕਿਸਮਤੀ ਸਮਝਦੀ ਹੈ ਕਿ ਉਹ ਆਮਿਰ ਖਾਨ ਦੀ ਫਿਲਮ 'ਲਗਾਨ' ਦਾ ਹਿੱਸਾ ਨਹੀਂ ਬਣ ਸਕੀ। ਰਾਣੀ ਨੇ ਦੱਸਿਆ, "ਆਮਿਰ ਨੇ ਇਸ ਫਿਲਮ ਲਈ ਮੈਨੂੰ ਫੋਨ ਕੀਤਾ ਸੀ ਤੇ ਕਿਹਾ ਸੀ ਕਿ ਇਸ ਫਿਲਮ ਦਾ ਨਿਰਮਾਣ ਉਹ ਆਪਣੇ ਤਰੀਕੇ ਨਾਲ ਕਰਨਾ ਚਾਹੁੰਦਾ ਹੈ ਅਤੇ ਉਸ ਨੂੰ 6 ਮਹੀਨੇ ਲਈ ਸਾਰੇ ਅਦਾਕਾਰ ਇੱਕੋ ਥਾਂ 'ਤੇ ਚਾਹੀਦੇ ਹਨ।" ਰਾਣੀ ਨੇ ਅਫਸੋਸ ਪ੍ਰਗਟ ਕੀਤਾ ਕਿ 'ਲਗਾਨ' ਬਾਰੇ ਫੋਨ ਆਉਣ ਤੋਂ ਪਹਿਲਾਂ ਉਹ ਹੋਰ ਫਿਲਮ ਲਈ ਹਾਮੀ



ਭਰ ਚੁੱਕੀ ਸੀ ਤੇ ਉਸ ਦੇ ਨਿਰਮਾਤਾ ਨੇ ਉਸ ਨੂੰ ਬੇਨਤੀ ਕਰਨ ਦੇ ਬਾਵਜੂਦ ਫਿਲਮ ਛੱਡਣ ਦੀ ਇਜਾਜ਼ਤ ਨਹੀਂ ਦਿੱਤੀ ਸੀ। ਆਸ਼ੂਤੋਸ਼ ਗੋਵਾਰੀਕਰ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਲਗਾਨ' ਵੱਡੀ ਹਿੱਟ ਸਾਬਿਤ ਹੋਈ ਸੀ।

21 ਮਾਰਚ 1978 ਨੂੰ ਜਨਮੀ ਰਾਣੀ ਮੁਖਰਜੀ ਨੇ ਅੱਲੜ ਉਮਰ ਵਿਚ ਹੀ ਅਦਾਕਾਰੀ ਦੇ ਖੇਤਰ ਵਿਚ ਪੈਰ ਪਾ ਲਿਆ ਸੀ। ਸ਼ੁਰੂਆਤ ਉਹਨੇ ਆਪਣੇ ਪਿਤਾ ਰਾਮ ਮੁਖਰਜੀ ਦੀਆਂ ਫਿਲਮਾਂ ਤੋਂ ਕੀਤੀ। ਇਨ੍ਹਾਂ ਫਿਲਮਾਂ ਦੇ ਨਾਂ 'ਬਿਯਰ ਫੂਲ' (ਬੰਗਲਾ) ਅਤੇ 'ਰਾਜਾ ਕੀ ਆਏਗੀ ਬਾਰਾਤ' (ਹਿੰਦੀ) ਸੀ। ਇਹ ਦੋਵੇਂ ਫਿਲਮਾਂ ਸਾਲ 1996 ਵਿਚ ਆਈਆਂ ਸਨ। 1998 ਵਿਚ ਆਈ 'ਗੁਲਾਮ' ਵਿਚ ਉਸ ਦਾ ਲੀਡ ਰੋਲ ਸੀ। ਇਹ ਫਿਲਮ ਖ਼ੂਬ ਕਾਮਯਾਬ ਹੋਈ। ਇਸੇ ਸਾਲ ਆਈ ਫਿਲਮ 'ਕੁਛ ਕੁਛ ਹੋਤਾ ਹੈ' ਨਾਲ ਫਿਲਮੀ ਦੁਨੀਆ ਵਿਚ ਉਸ ਦਾ ਡੰਕਾ ਵੱਜ ਗਿਆ। ਫਿਰ ਤਾਂ ਚੱਲ ਸੋ ਚੱਲ! ਫਿਰ ਉਸ ਨੂੰ 'ਹੈਲੋ ਬ੍ਰਦਰ', 'ਹੇ ਰਾਮ', 'ਬਿੱਛੂ', 'ਹਰ ਦਿਲ ਜੋ ਪਿਆਰ ਕਰੇਗਾ', 'ਕਹੀਂ ਪਿਆਰ ਨਾ ਹੋ ਜਾਏ', 'ਚੋਰੀ ਚੋਰੀ ਚੁਪਕੇ ਚੁਪਕੇ', 'ਬਸ ਇਤਨਾ ਸਾ ਖ਼ੁਆਬ ਹੈ', 'ਮੁਝਸੇ ਦੋਸਤੀ ਕਰੋਗੇ', 'ਕਲਕੱਤਾ ਮੇਲ', 'ਐਲ.ਓ.ਸੀ.: ਕਾਰਗਿਲ', 'ਵੀਰ-ਜ਼ਾਰਾ', 'ਬਲੈਕ', 'ਪਹੇਲੀ', 'ਮੰਗਲ ਪਾਂਡੇ', 'ਨੋ ਵੰਨ ਕਿਲਡ ਜੈਸਿਕਾ' ਵਰਗੀਆਂ ਫਿਲਮਾਂ ਮਿਲੀਆਂ।

# ਸਫ਼ਰ-ਏ-ਸ਼ਹਾਦਤ



**ਸਾਹਿਬ ਏ ਕਮਾਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖਤ-ਏ-ਜਿਗਰ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਕੋਟਨਿ-ਕੋਟ ਪ੍ਰਣਾਮ**

**ਸਿੱਖ ਟੈਂਪਲ ਓਕ ਕਰੀਕ ਵਿਖੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ**

**ਵਿਸ਼ੇਸ਼ ਗੁਰਬਾਣੀ ਕਥਾ ਅਤੇ ਕੀਰਤਨ ਸਮਾਗਮ**

**23 ਦਸੰਬਰ ਤੋਂ 28 ਦਸੰਬਰ ਤੱਕ**

**ਸ਼ਾਮ 5:30 ਤੋਂ 8:00 ਵਜੇ ਤਕ ਹੋਣਗੇ।**





ਕਥਾਵਾਚਕ ਗਿਆਨੀ ਜਗਜੀਤ ਸਿੰਘ ਨਲਵੀ ਕਥਾ ਰਾਹੀਂ ਅਤੇ ਭਾਈ ਗੁਰਮੇਲ ਸਿੰਘ ਜੀ ਹੈੱਡ ਗ੍ਰੰਥੀ, ਭਾਈ ਸੁਰਜੀਤ ਸਿੰਘ ਜੀ ਬੰਬੇ ਵਾਲੇ ਅਤੇ ਭਾਈ ਰਜਿੰਦਰ ਸਿੰਘ ਜੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।

**ਗੁਰੂ ਰੂਪ ਸੰਗਤ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਗੁਰਬਾਣੀ, ਸ਼ਬਦ ਕੀਰਤਨ, ਸਿਮਰਨ ਅਤੇ ਸੇਵਾ ਦਾ ਲਾਹਾ ਲੈ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

**ਵਿਸ਼ੇਸ਼ ਨੋਟ:** ਹਰ ਮਹੀਨੇ ਦੇ ਤੀਜੇ ਐਤਵਾਰ ਨੂੰ ਡਾ. ਜਸਪਾਲ ਅਰੋੜਾ ਐਮ.ਡੀ. ਵਲੋਂ ਸਿੱਖ ਟੈਂਪਲ ਵਿਖੇ ਮੁਫਤ ਮੈਡੀਕਲ ਚੈਕਅੱਪ ਕੀਤਾ ਜਾਂਦਾ ਹੈ। ਲੋੜਵੰਦ ਵਿਅਕਤੀ ਇਸ ਸੇਵਾ ਦਾ ਲਾਹਾ ਲੈ ਸਕਦੇ ਹਨ।



**ਸ. ਪਰਮਿੰਦਰ ਸਿੰਘ ਗੋਲਡੀ ਵਲੋਂ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਪ੍ਰਣਾਮ।**

**ਫੋਨ: 414-736-6580/414-764-7454**